**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
***Refinance Now***
@ZERO COST
Call Sukhi Gill:510-207-9067
CA DRE Lic.#01180969

*Jassi Gill*
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Thirteenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 34, August 25, 2012 20451 N Plum Grove Rd. Palatine, IL 60074 Ph:847-359-0746, Fax:847-705-9388

# ਬਹੁ-ਕਰੋੜੀ ਘੁਟਾਲਿਆਂ ਨੇ ਹਿਲਾਈ ਭਾਰਤ ਸਰਕਾਰ

## ਕੈਗ ਰਿਪੋਰਟਾਂ ਅੱਗੇ ਬੇਵੱਸ ਹੋਏ ਮਨਮੋਹਨ ਸਿੰਘ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉੱਘੇ ਅਰਥਸ਼ਾਸਤਰੀ ਤੇ ਦੇਸ਼ ਦੇ ਇਮਾਨਦਾਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਲਈ ਭ੍ਰਿਸ਼ਟਾਚਾਰ ਤੇ ਮਹਿੰਗਾਈ ਵੱਡੀ ਵੰਗਾਰ ਬਣੇ ਹੋਏ ਹਨ। ਦੇਸ਼ ਦੀ ਜਨਤਾ ਇਨ੍ਹਾਂ ਦੋਵਾਂ ਸਮੱਸਿਆਵਾਂ ਦੇ ਹੱਲ ਲਈ ਡਾ. ਮਨਮੋਹਨ ਸਿੰਘ ਵੱਲ ਝਾਕ ਰਹੀ ਹੈ ਪਰ ਉਹ ਬੇਵੱਸ ਨਜ਼ਰ ਆ ਰਹੇ ਹਨ। ਇਸੇ ਲਈ ਸਾਂਝਾ ਪ੍ਰਗਤੀਸ਼ੀਲ ਗੱਠਜੋੜ (ਯੂ.ਪੀ.ਏ.) ਦੀ ਦੂਜੀ ਪਾਰੀ ਡਾ. ਸਿੰਘ ਲਈ ਕੰਡਿਆਂ ਦਾ ਤਾਜ ਸਾਬਤ ਹੋ ਰਹੀ ਹੈ। ਉਹ ਪਿਛਲੇ ਚਾਰ ਸਾਲਾਂ 'ਚ ਨਾ ਤਾਂ ਮਹਿੰਗਾਈ ਨੂੰ ਨੱਥ ਪਾ ਸਕੇ ਤੇ ਨਾ ਹੀ ਭ੍ਰਿਸ਼ਟਾਚਾਰ ਖ਼ਿਲਾਫ਼ ਕੋਈ ਸਖ਼ਤ ਕਾਨੂੰਨ ਬਣਾ ਸਕੇ ਹਨ। ਕਾਂਗਰਸ ਵੱਲੋਂ ਅਗਲੀਆਂ ਲੋਕ ਸਭਾ ਚੋਣਾਂ ਵਿਚ ਕਮਾਨ ਉਨ੍ਹਾਂ ਦੇ ਹੱਥ ਨਾ ਦੇਣ ਦੀਆਂ ਕਿਆਸ-ਆਰਾਈਆਂ ਵੀ ਚੱਲ ਰਹੀਆਂ ਹਨ।

ਹੁਣ ਯੂ.ਪੀ.ਏ. ਸਰਕਾਰ ਦੀਆਂ ਮੁਸ਼ਕਲਾਂ ਵਿਚ ਵਾਧਾ ਉਸ ਵੇਲੇ ਹੋ ਗਿਆ ਜਦੋਂ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀਆਂ ਕੋਲੇ, ਬਿਜਲੀ ਤੇ ਦਿੱਲੀ ਹਵਾਈ ਅੱਡੇ ਬਾਰੇ ਰਿਪੋਰਟਾਂ ਸੰਸਦ ਵਿਚ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਰਿਪੋਰਟਾਂ ਤੋਂ ਜੱਗ-ਜ਼ਾਹਿਰ ਹੋਏ ਘਪਲਿਆਂ ਨੇ ਕੇਂਦਰ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਇਨ੍ਹਾਂ



ਵਿਚੋਂ ਕੋਲਾ ਘੁਟਾਲਾ, ਪਹਿਲਾਂ ਸਾਹਮਣੇ ਆਏ 2-ਜੀ ਸਪੈਕਟਰਮ ਘੁਟਾਲੇ ਨਾਲੋਂ ਵੀ ਵੱਡਾ ਦੱਸਿਆ ਗਿਆ ਹੈ। ਕੋਲਾ ਘੁਟਾਲੇ ਵਿਚ ਸਰਕਾਰ ਨੂੰ 1.86 ਲੱਖ ਕਰੋੜ ਰੁਪਏ ਦਾ ਨੁਕਸਾਨ ਅਤੇ ਪ੍ਰਾਈਵੇਟ ਕੰਪਨੀਆਂ ਨੂੰ ਇੰਨਾ ਹੀ ਨਾਜਾਇਜ਼ ਫ਼ਾਇਦਾ ਹੋਇਆ ਹੈ। ਵਿਰੋਧੀ ਪਾਰਟੀਆਂ ਨੇ ਇਸ ਘੁਟਾਲੇ ਨੂੰ ਲੈ ਕੇ ਕੇਂਦਰ ਨੂੰ ਜ਼ੋਰਦਾਰ ਰਗੜੇ ਲਾਉਂਦਿਆਂ ਪ੍ਰਧਾਨ ਮੰਤਰੀ ਤੋਂ ਅਸਤੀਫਾ ਮੰਗਿਆ ਹੈ। ਦੂਜੇ ਪਾਸੇ, ਕੇਂਦਰ ਸਰਕਾਰ ਨੇ ਕੈਗ ਰਿਪੋਰਟਾਂ ਨਾਲ ਅਸਹਿਮਤੀ ਜ਼ਾਹਿਰ ਕੀਤੀ ਹੈ। ਕੋਲਾ ਮੰਤਰੀ ਸ੍ਰੀਪ੍ਰਕਾਸ਼ ਜੈਸਵਾਲ ਨੇ ਤਾਂ ਦਾਅਵਾ ਕੀਤਾ ਹੈ ਕਿ ਰਾਜ ਸਰਕਾਰਾਂ ਦੇ ਵਿਰੋਧ ਕਾਰਨ ਨਿਲਾਮੀ ਨਹੀਂ ਸੀ ਕੀਤੀ ਗਈ।

ਕੋਲੇ ਬਾਰੇ ਕੈਗ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੇ ਸਰਕਾਰ ਕੋਲੇ ਦੇ ਬਲਾਕ ਅਲਾਟ ਕਰਨ ਦੀ ਥਾਂ ਇਨ੍ਹਾਂ ਨੂੰ ਨਿਲਾਮੀ ਰਾਹੀਂ ਵੇਚਦੀ ਤਾਂ ਸਰਕਾਰ ਨੂੰ 1.86 ਲੱਖ ਕਰੋੜ ਰੁਪਏ ਦਾ ਫਾਇਦਾ ਹੋਣਾ ਸੀ, ਪਰ ਨਿਲਾਮੀ ਨਾ ਕਰ ਕੇ ਉਲਟਾ ਪ੍ਰਾਈਵੇਟ ਕੰਪਨੀਆਂ ਨੂੰ ਨਾਜਾਇਜ਼ ਫ਼ਾਇਦਾ ਪਹੁੰਚਾਇਆ ਗਿਆ ਹੈ। ਕੈਗ ਨੇ ਆਪਣੀ ਰਿਪੋਰਟ ਵਿਚ ਸਬੰਧਤ 25 ਕੰਪਨੀਆਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਵਿਚ ਐਸਾਰ ਪਾਵਰ, ਹਿੰਡਾਲਕੋ, ਟਾਟਾ ਸਟੀਲ, ਟਾਟਾ ਪਾਵਰ, ਜਿੰਦਲ ਸਟੀਲ ਤੇ ਪਾਵਰ ਆਦਿ ਸ਼ਾਮਲ ਹਨ ਜਿਨ੍ਹਾਂ ਨੂੰ ਸਿੱਧਾ ਫਾਇਦਾ ਪਹੁੰਚਾਇਆ ਗਿਆ ਹੈ।

ਰਿਪੋਰਟ ਮੁਤਾਬਕ ਜੇ ਸਰਕਾਰ ਨੇ ਕਾਨੂੰਨ ਮੰਤਰਾਲੇ ਦੀ ਸਾਲ 2006 ਵਿਚ ਦਿਤੀ ਰਾਏ

*(ਬਾਕੀ ਸਫਾ 6 'ਤੇ)*

## ਪੰਜਾਬੀ ਸਾਹਿਤਕ ਕਾਨਫਰੰਸ 25 ਤੋਂ

**ਫਰੀਮਾਂਟ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ ਆਪਣੀ 11ਵੀਂ ਪੰਜਾਬੀ ਸਾਹਿਤਕ ਕਾਨਫਰੰਸ ਆਉਂਦੀ 25 ਅਤੇ 26 ਅਗਸਤ ਨੂੰ ਇਥੇ ਸਟਾਰਟਅਪ ਫਾਰਮਜ਼ ਇੰਕ (45680 ਨਾਰਥਪੋਰਟ ਲੂਪ ਈਸਟ) ਵਿਚ ਕਰਵਾਈ ਜਾ ਰਹੀ ਹੈ।

*(ਬਾਕੀ ਸਫਾ 4 'ਤੇ)*

## ਮਨਪ੍ਰੀਤ ਬਾਦਲ ਦਾ ਤਖਤ ਡਾਵਾਂਡੋਲ

### ਬੀਰਦਵਿੰਦਰ ਸਿੰਘ ਵੱਲੋਂ ਬੁਲਾਰੇ ਦੇ ਅਹੁਦੇ ਤੋਂ ਅਸਤੀਫਾ

**ਚੰਡੀਗੜ੍ਹ:** ਨਿਜ਼ਾਮ ਬਦਲਣ ਦਾ ਸੁਫਨਾ ਲੈ ਕੇ ਤੁਰੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਹੁਣ 'ਆਪਣਿਆਂ' ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਧਾਨ ਸਭਾ ਚੋਣਾਂ 'ਚ ਬਹੁਤੀ ਚੰਗੀ ਕਾਰਗੁਜ਼ਾਰੀ ਨਾ ਦਿਖਾ ਸਕਣ ਤੋਂ ਬਾਅਦ ਪਾਰਟੀ 'ਚ ਪੈਦਾ ਹੋਏ ਨਿਰਾਸ਼ਾ ਦੇ ਆਲਮ ਨੂੰ ਦੂਰ ਕਰਨ 'ਚ ਸ. ਮਨਪ੍ਰੀਤ ਬਾਦਲ ਫਿਲਹਾਲ ਨਾਕਾਮ ਰਹੇ ਹਨ। ਉਹ ਵੇਲੇ ਸਿਰ ਪਾਰਟੀ ਦਾ ਜਥੇਬੰਦਕ ਢਾਂਚਾ ਵੀ ਕਾਇਮ ਨਾ ਕਰ ਸਕੇ। ਉਨ੍ਹਾਂ ਦੇ ਕੰਮ ਕਰਨ ਦੇ ਢੰਗ ਤੋਂ ਖ਼ਫਾ ਹੋਏ ਚੋਟੀ ਦੇ ਕਈ ਆਗੂ ਪਹਿਲਾਂ ਹੀ ਪਾਰਟੀ ਛੱਡ ਚੁੱਕੇ ਹਨ ਅਤੇ ਹੁਣ ਹੋਰ ਸੀਨੀਅਰ ਆਗੂ ਉਨ੍ਹਾਂ ਦੀ ਕਾਰਜਸ਼ੈਲੀ 'ਤੇ ਸਵਾਲ ਖੜ੍ਹੇ ਕਰ ਰਹੇ ਹਨ।



*ਮਨਪ੍ਰੀਤ ਸਿੰਘ ਬਾਦਲ*

ਪਾਰਟੀ ਦੇ ਸਰਪ੍ਰਸਤ ਸਰਦਾਰਾ ਸਿੰਘ ਜੌਹਲ ਨੇ ਸ. ਮਨਪ੍ਰੀਤ ਬਾਦਲ ਨੂੰ ਆਪਣਾ ਰਵੱਈਆ ਦਰੁਸਤ ਕਰਨ ਲਈ ਚਿੱਠੀ ਲਿਖੀ ਹੈ ਤੇ ਮੁੱਖ ਬੁਲਾਰੇ ਬੀਰਦਵਿੰਦਰ ਸਿੰਘ ਨੇ ਵੀ ਖੁੱਲ੍ਹੇਆਮ ਵਿਰੋਧ ਕਰਦਿਆਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸ. ਬੀਰਦਵਿੰਦਰ ਸਿੰਘ ਨੇ ਖੁੱਲ੍ਹ ਕੇ ਸਾਹਮਣੇ ਆਉਂਦਿਆਂ ਆਪਣੇ ਅਸਤੀਫੇ ਵਿਚ ਕਿਹਾ ਹੈ ਕਿ ਸ. ਮਨਪ੍ਰੀਤ ਸਿੰਘ ਬਾਦਲ ਕਈ-ਕਈ

*(ਬਾਕੀ ਸਫਾ 6 'ਤੇ)*

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

**Law Office of**
**Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fastest possible solution
- 100% confidential
- Prevent wage garnishments and bank levies

We work in USA & Canada

**Resolve your IRS Tax Debt / Problems**

**100% SATISFACTION GUARANTEED**

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org



# Real Estate

**For Sale & Purchase of Residential, Commercial Property**

**Modesto, Turlock, Delhi, Livingston, Atwater, Merced in Central Valley**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਨੂੰ ਯਾਦ ਰੱਖੋ



Navi Sablok
Dre # 01909463

ਫੋਰਕਲੋਜ਼ਰ ਤੋਂ ਬਚੋ
ਸ਼ਾਰਟ ਸੇਲ ਬਿਹਤਰ ਤਰੀਕਾ ਹੈ

**For Quick Short Sale**

**Navi Sablok**

Realty Executives
189 W. El Portal Drive
Merced, CA 95340
Ph: 209-201-5919
Navisablok@gmail.com

**Ph: 209-201-5919**



## New Medical Breakthrough Procedure In Neuropathy!!!

ਕੀ ਤੁਹਾਡੀਆਂ ਲੱਤਾਂ ਦਰਦ ਕਰਦੀਆਂ ਹਨ, ਪੈਰਾਂ ਵਿਚ ਸੋਜ਼ਿਸ਼ ਹੈ, ਰੰਗ ਬਦਲ ਗਿਆ ਹੈ, ਪੈਰਾਂ ਵਿਚੋਂ ਸੇਕ ਨਿਕਲਦਾ ਹੈ, ਪੈਰ ਸੌਂਦੇ ਹਨ?

ਕਾਰਨ ਸੁਕੜੇਵਾਂ, ਚੂਲੇ ਦਾ ਦਰਦ, ਹਰਨੀਆ ਡਿਸਕ ਅਤੇ ਇਥੋਂ ਤੱਕ ਕਿ ਸ਼ੂਗਰ ਰੋਗ ਵੀ ਹੋ ਸਕਦਾ ਹੈ

# ਡਾਕਟਰੀ ਇਲਾਜ ਵਿਚ ਨਵਾਂ ਮਾਅਰਕਾ...

## ਇਹ ਇਲਾਜ ਮੈਡੀਕੇਅਰ ਅਤੇ ਮੈਡੀਕੇਡ ਸਮੇਤ ਸਾਰੀਆਂ ਇੰਸ਼ੋਰੈਂਸਾਂ ਕਵਰ ਕਰਦੀਆਂ ਹਨ

ਸ਼ੁਰੂ ਵਿਚ ਇਹ ਕਦੇ ਕਦਾਈਂ ਦੀ ਹਲਕੀ ਜਿਹੀ ਝੁਣਝੁਣੀ ਹੋ ਸਕਦੀ ਹੈ...ਜੋ ਤੁਹਾਡੀ ਨੀਂਦ ਉਖੇੜ ਦਿੰਦੀ ਹੈ...ਬਾਂਹ ਜਾਂ ਲੱਤ ਨੂੰ ਬੇਜਾਨ ਜਿਹਾ ਬਣਾ ਦਿੰਦੀ ਹੈ। ਹੋ ਸਕਦਾ ਹੈ ਤੁਸੀਂ ਹੋਰ ਡਾਕਟਰਾਂ ਕੋਲ ਜਾ ਆਏ ਹੋ ਜਿਨ੍ਹਾਂ ਤੁਹਾਨੂੰ ਦੱਸਿਆ ਹੋਵੇ ਕਿ ਤੁਹਾਡੇ ਟੈਸਟ ਠੀਕ ਹਨ ਅਤੇ ਕੋਈ ਫਿਕਰ ਵਾਲੀ ਗੱਲ ਨਹੀਂ।

### ਹੋਰ ਗੋਲੀਆਂ ਖਾਣਾ ਇਲਾਜ ਨਹੀਂ

ਨਾੜੀਆਂ ਨਾਲ ਸਬੰਧਤ ਸਮੱਸਿਆਵਾਂ ਦਾ ਆਮ ਵਰਤਿਆ ਜਾਂਦਾ ਇਲਾਜ ਦਵਾਈਆਂ ਅਤੇ ਟੀਕੇ ਹੀ ਹਨ। ਜਦੋਂਕਿ ਸਖਤ ਦਰਦ ਤੋਂ ਆਰਜੀ ਛੁਟਕਾਰੇ ਲਈ ਇਹ ਜ਼ਰੂਰੀ ਹੋ ਸਕਦੀਆਂ ਹਨ ਪਰ ਇਨ੍ਹਾਂ ਦੀ ਲੰਮੇ ਸਮੇਂ ਤੱਕ ਵਰਤੋਂ ਚੰਗੀ ਨਹੀਂ। ਜੋ ਦਵਾਈਆਂ ਆਮ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ 'ਚ ਦਰਦ ਨਿਵਾਰਕ ਗੋਲੀਆਂ, ਦੌਰੇ ਰੋਕਣ ਦੀਆਂ ਦਵਾਈਆਂ ਅਤੇ ਐਂਟੀ ਡਿਪਰੈਸ਼ਨ ਦਵਾਈਆਂ ਸ਼ਾਮਲ ਹਨ-ਪਰ ਇਹ ਸਭ ਸਮੱਸਿਆ ਦਾ ਸਹੀ ਹੱਲ ਨਹੀਂ।



### ਤੁਹਾਡੀ ਦਰਦ ਦਾ ਸੰਭਾਵੀ ਕਾਰਨ

ਨਿਊਰੋਪੈਥੀ ਦਾ ਇਕ ਆਮ ਕਾਰਨ ਸੁੰਗੜੀਆਂ ਡਿਸਕਾਂ (ਚੱਪਣੀਆਂ) ਹਨ ਜੋ ਨਾੜਾਂ ਦੀਆਂ ਜੜ੍ਹਾਂ ਨੂੰ ਦਬਾਉਣ ਲਗਦੀਆਂ ਹਨ। ਇਹ ਕੰਗਰੋੜ ਦੇ ਮਣਕਿਆਂ ਵਿਚ ਕਿਧਰੇ ਵੀ ਹੋ ਸਕਦੀ ਹੈ-ਉਪਰ ਧੌਣ ਤੋਂ ਲੈ ਕੇ ਹੇਠਾਂ ਪੂਛ ਵਾਲੀ ਹੱਡੀ ਤੱਕ। ਤੰਤੂ ਰੋਗ ਯਾਨਿ ਨਿਊਰੋਪੈਥੀ ਦਾ ਕਾਰਨ ਕੁਝ ਵੀ ਹੋ ਸਕਦਾ ਹੈ ਜਿਵੇਂ ਕਾਰਪਲ ਟਨਲ ਸਿੰਡਰੋਮ ਜਿਸ ਨਾਲ ਹੱਥਾਂ 'ਤੇ ਅਸਰ ਪੈਂਦਾ ਹੈ। ਝਰਨਾਟਾਂ ਛੱਡਦੀ ਪੀੜ ਅਤੇ ਸਿਥਲਤਾ ਕਰਕੇ ਲੱਤਾਂ ਅਤੇ ਪੈਰਾਂ ਵਿਚ ਖੂਨ ਦਾ ਦੌਰਾ ਘਟ ਜਾਂਦਾ ਹੈ ਜਿਸ ਨਾਲ ਲੱਤਾਂ ਬੇਜਾਨ ਹੋਈਆਂ ਲੱਗਦੀਆਂ ਹਨ।

**ਨਾੜੀ ਰੋਗ ਦੇ ਬਹੁਤੇ ਮਰੀਜ ਅਸਹਿ ਪੀੜ, ਝੁਣਝੁਣੀ, ਛੁਰੀਆਂ ਵੱਜਣ ਜਿਹੀ ਦਰਦ, ਬਾਹਾਂ, ਲੱਤਾਂ, ਪੈਰਾਂ ਜਾਂ ਹੱਥਾਂ ਦੇ ਸੁੰਨ ਹੋਣ, ਬਿਜਲੀ ਦੇ ਕਰੰਟ ਜਿਹੇ ਦਰਦ ਤੇ ਕਈ ਵਾਰ ਪੈਰਾਂ 'ਚ ਜਲਣ ਹੋਣ ਦੇ ਸਤਾਏ ਹੁੰਦੇ ਹਨ।**

ਖੁਸ਼ਖਬਰੀ ਇਹ ਹੈ ਕਿ ਡਾ. ਵਿਲੀਅਮ ਪੌਅਰੀਅਰ, ਐਫ ਏ ਸੀ ਐਸ ਪਾਸ ਸਰਜਰੀ ਰਹਿਤ ਇਲਾਜ਼ ਹੈ। ਉਨ੍ਹਾਂ ਦੇ ਇਸ ਵਿਸ਼ੇਸ਼ ਤਰੀਕੇ ਦੇ ਇਲਾਜ ਨਾਲ ਰੀੜ੍ਹ ਦੀ ਹੱਡੀ ਦੇ ਮਣਕਿਆਂ ਉਤੇ ਦਬਾਓ ਅਤੇ ਨਾੜੀਆਂ ਦੀਆਂ ਜੜ੍ਹਾਂ 'ਤੇ ਪੈਂਦੇ ਦਬਾਓ ਕਰਕੇ ਹੁੰਦੀ ਸਖਤ ਦਰਦ ਤੋਂ ਛੁਟਕਾਰਾ ਦੁਆਉਣ ਵਿਚ ਕਾਫੀ ਹੱਦ ਤੱਕ ਮਦਦ ਮਿਲੀ ਹੈ।

ਇਸ ਤਰ੍ਹਾਂ ਨੁਕਸ ਵਾਲੇ ਮਣਕਿਆਂ, ਨਾੜੀਆਂ ਅਤੇ ਤੰਤੂਆਂ ਨੂੰ ਰਾਜੀ ਕਰਨ ਲਈ ਰਾਹ ਪੱਧਰਾ ਹੋ ਜਾਂਦਾ ਹੈ। ਕਈ ਕੇਸਾਂ ਵਿਚ ਤੰਤੂ ਰੋਗ ਅਤੇ ਨਾੜੀਆਂ ਦੀ ਦਰਦ ਦਾ ਕਾਰਨ ਸ਼ੂਗਰ ਰੋਗ, ਵਿਟਾਮਿਨਾਂ ਦੀ ਕਮੀ ਜਾਂ ਕੌਲੈਸਟਰੋਲ ਉਤੇ ਕੰਟਰੋਲ ਕਰਨ ਲਈ ਵਰਤੀਆਂ ਜਾਂਦੀਆਂ ਦਵਾਈਆਂ ਵੀ ਹੋ ਸਕਦੀਆਂ ਹਨ। ਸਖਤ ਦਰਦ ਦੇ ਸਤਾਏ, ਟਾਈਪ-2 ਡਾਇਬਟੀਜ਼ ਅਤੇ ਹੋਰ ਕਈ ਤਰ੍ਹਾਂ ਦੇ ਰੋਗਾਂ ਦੇ ਮਰੀਜਾਂ ਪ੍ਰਤੀ ਇਸ ਕੁਦਰਤੀ ਅਤੇ ਦਵਾ ਰਹਿਤ ਪਹੁੰਚ ਅਤੇ ਵਿਸ਼ੇਸ਼ ਇਲਾਜ ਤਕਨਾਲੋਜੀ ਨਾਲ ਉਨ੍ਹਾਂ ਨੂੰ ਦਰਦ ਤੋਂ ਛੁਟਕਾਰਾ ਮਿਲਿਆ ਹੈ, ਬਲੱਡ ਸ਼ੂਗਰ ਘਟੀ ਹੈ, ਹੱਡ ਤੇ ਜੋੜ ਮਜ਼ਬੂਤ ਹੋਏ ਹਨ ਜਿਸ ਨਾਲ ਸਿਹਤ ਬਿਹਤਰ ਹੋ ਕੇ ਜ਼ਿੰਦਗੀ ਦੀ ਕੁਆਲਿਟੀ ਵਿਚ ਸੁਧਾਰ ਆਇਆ ਹੈ।

ਇਸ ਸਭ ਦਾ ਮਤਲਬ ਹੈ ਕਿ ਜਾਨ ਕੱਢਦੀ ਦਰਦ, ਸਿਥਲਤਾ, ਝੁਣਝੁਣੀ ਅਤੇ ਨਾੜਾਂ ਨਾਲ ਸਬੰਧਤ ਸਮੱਸਿਆਵਾਂ ਤੋਂ ਖਹਿੜਾ ਛੁਡਾ ਕੇ ਜ਼ਿੰਦਗੀ ਦਾ ਅਨੰਦ ਮਾਣਿਆ ਜਾ ਸਕਦਾ ਹੈ। ਇਹ ਉਹ ਹੱਲ ਹੋ ਸਕਦਾ ਹੈ ਜਿਸ ਦੀ ਤੁਸੀਂ ਭਾਲ ਵਿਚ ਸਉ।

### ਸਹੀ ਅਤੇ ਤਸੱਲੀਬਖਸ਼ ਇਲਾਜ਼

**ਅਸੀਂ ਮਹੀਨੇ ਵਿਚ ਸਿਰਫ਼ 15 ਮਰੀਜ਼ ਲੈਂਦੇ ਹਾਂ, ਸੋ ਤੁਰੰਤ ਕਾਲ ਕਰੋ**

**916-564-5551 ਜਾਂ 209-464-7738**

We accept all insurances. Medicare, Medical and most other insurances. We only except 15 patients a month so please call and reserve your spot.

**Dr. William Poirier MD, FACS**
1600 Sacramento Inn Way Suite116
(Next to Arden Fair Mall)
Sacramento, California

**Dr. Jagjit Sihota DC**
2531 North California St.,
Stockton, CA 95204
Ph:209-464-7738

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਹਾੜਾ ਸਮਾਗਮ
## 2 ਸਤੰਬਰ, 2012





ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥

ਆਪ ਸਮੂਹ ਸੰਗਤਾਂ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਕਰਵਾਇਆ ਸੀ, ਦਾ ਦਿਹਾੜਾ ਗੁਰਦੁਆਰਾ ਸੈਨ ਹੋਜ਼ੇ (ਕੈਲੀਫੋਰਨੀਆ) ਦੀਆਂ ਸੰਗਤਾਂ ਵਲੋਂ 2 ਸਤੰਬਰ 2012 ਨੂੰ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸਮਾਗਮ 22 ਅਗਸਤ ਤੋਂ ਅਰੰਭ ਹੋ ਜਾਣਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਮੌਕੇ ਹਾਜ਼ਰੀਆਂ ਭਰ ਕੇ ਜਨਮ ਸਫਲੇ ਕਰੋ ਜੀ।

## ਪ੍ਰੋਗਰਾਮ

22 ਅਗਸਤ ਤੋਂ 1 ਸਤੰਬਰ ਤੱਕ ਪ੍ਰਭਾਤ ਫੇਰੀ: ਸਵੇਰੇ 4:30 ਤੋ 5:30 ਤੱਕ

25 ਅਗਸਤ ਸਨਿਚਰਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਵਿਸ਼ੇਸ਼ ਕਾਨਫਰੰਸ ਹੋਵੇਗੀ ਜਿਸ ਵਿਚ ਸਿੱਖ ਵਿਦਵਾਨ ਡਾ. ਜਸਵੰਤ ਸਿੰਘ ਨੇਕੀ, ਡਾ. ਆਈ ਜੇ ਸਿੰਘ ਨਿਊ ਯਾਰਕ, ਡਾ ਜਨਮੇਜ਼ਾ ਸਿੰਘ, ਡਾ. ਸਤਪਾਲ ਸਿੰਘ, ਡਾ. ਰਣਬੀਰ ਸਿੰਘ ਸੰਧੂ, ਡਾ. ਗੁਨਿੰਦਰ ਕੌਰ, ਡਾ. ਨਿਰਵਿਕਾਰ ਸਿੰਘ, ਡਾ. ਇੰਦਰਜੀਤ ਨੀਲੂ ਕੌਰ, ਡਾ. ਇੰਦਰਮੋਹਨ ਸਿੰਘ, ਸਰਦਾਰਨੀ ਜੱਸੀ ਕੌਰ ਅਤੇ ਜਗਮੋਹਨ ਸਿੰਘ ਸਾਹਨੀ ਹਿੱਸਾ ਲੈਣਗੇ।

26 ਅਗਸਤ ਨੂੰ ਸਿੱਖ ਵਿਦਵਾਨ ਦੀਵਾਨ ਹਾਲ ਵਿਚ ਸੰਗਤ ਨੂੰ ਸੰਬੋਧਨ ਕਰਨਗੇ।

1 ਸਤੰਬਰ ਸਨਿਚਰਵਾਰ ਨੂੰ ਕੀਰਤਨ ਦਰਬਾਰ: ਸ਼ਾਮ 5:30 ਤੋਂ 10:00 ਰਾਤ ਤੱਕ

ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਭਾਈ ਗੁਰਚਰਨ ਸਿੰਘ, ਭਾਈ ਤਾਜਵਿੰਦਰ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਦੇ ਜਥੇ, ਬੰਗਲਾ ਸਾਹਿਬ ਦਿੱਲੀ ਦੇ ਹਜੂਰੀ ਰਾਗੀ ਭਾਈ ਜਤਿੰਦਰ ਸਿੰਘ, ਭਾਈ ਨਤਿੰਦਰ ਸਿੰਘ ਬੰਬੇਵਾਲੇ, ਭਾਈ ਰਛਪਾਲ ਸਿੰਘ ਅਤੇ ਭਾਈ ਗੁਰਜੀਤ ਸਿੰਘ ਦੇਹਰਾਦੂਨ ਵਾਲਿਆਂ ਦੇ ਜਥੇ ਸ਼ਬਦ ਕੀਰਤਨ ਕਰਨਗੇ।

ਇਸ ਤੋਂ ਇਲਾਵਾ ਭਾਈ ਕਮਲਜੀਤ ਸਿੰਘ ਬਿਲਗੇਵਾਲਿਆਂ ਦਾ ਢਾਡੀ ਜਥਾ ਅਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਤਜਿੰਦਰ ਸਿੰਘ ਲੁਧਿਆਣਾ ਵਾਲੇ ਵੀ ਹਾਜ਼ਰੀਆਂ ਭਰਨਗੇ।

2 ਸਤੰਬਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਦੀ ਪਰਿਕਰਮਾ ਵਿਚ ਨਗਰ ਕੀਰਤਨ ਹੋਵੇਗਾ। ਸਮਾਂ ਬਾਅਦ ਦੁਪਹਿਰ 12:00 ਤੋ 2:00 ਵਜੇ ਤੱਕ

2 ਸਤੰਬਰ ਨੂੰ ਪਾਠ ਬੋਧ ਅਤੇ ਗੁਰਬਾਣੀ ਸੰਥਿਆ ਜੋ ਨਾਰਥ ਹਾਲ ਵਿਚ ਸ਼ੁਰੂ ਕੀਤੀ ਜਾਵੇਗੀ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ*

**ਡਾ. ਗੁਰਿੰਦਰਪਾਲ ਸਿੰਘ, ਫੋਨ: 408-679-9302 ਜਾਂ ਭਾਈ ਸੁਖਦੇਵ ਸਿੰਘ ਬੈਣੀਵਾਲ, ਫੋਨ: 408-421-9463**

## ਜਾਰੀ ਕਰਤਾ: ਸਮੂਹ ਕਮੇਟੀ ਮੈਂਬਰ ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

# *Sikh Gurdwara San Jose, CA*

**3636 Murillo Ave, San Jose, CA 95148 (408.274.9373). 408-274-9373**

## ਸਚਲੀਨ ਸੰਧੂ ਨੇ ਰੋਬੋਟ ਬਣਾਉਣ ‘ਚ ਪਹਿਲਾ ਇਨਾਮ ਜਿੱਤਿਆ

**ਸੈਨ ਹੋਜ਼ੇ (ਦੁਪਾਲਪੁਰੀ):** ਫਰੈਂਕਲਿਨ ਹਾਈ ਸਕੂਲ ਐਲਕ ਗਰੂਵ (ਸੈਕਰਾਮੈਂਟੋ) ਵਿਚ ਪੜ੍ਹਦੇ ਦਸਵੀਂ ਕਲਾਸ ਦੇ ਹੋਣਹਾਰ ਵਿਦਿਆਰਥੀ ਸਚਲੀਨ ਸੰਧੂ ਨੇ ਰੋਬੋਟ ਬਣਾਉਣ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਚਲੀਨ ਨੇ ਯੂਨੀਵਰਸਿਟੀ ਆਫ ਕੈਲੀਫੋਰਨੀਆ, ਮਰਸਿਡ ਵਿਖੇ ਹੋਏ ਸਾਇੰਸ ਓਲੰਪੀਆ ਦੇ ਸਟੇਟ ਫਾਈਨਲ ਮੁਕਾਬਲਿਆਂ ਵਿਚ



*ਸਚਲੀਨ ਸੰਧੂ ਆਪਣੇ ਬਣਾਏ ਰੋਬੋਟ ਨਾਲ*

ਤਿੰਨ ਵੱਖ-ਵੱਖ ਵਰਗਾਂ-ਰੋਬੋਟ, ਸਕਰੈਂਬਲਰ ਅਤੇ ਬੂਮ-ਲੀਵਰ ਬਣਾਉਣ ਵਿਚ ਭਾਗ ਲਿਆ।

ਸਚਲੀਨ ਸੰਧੂ ਨੇ 7 ਵੋਲਟ ਦੀ ਬੈਟਰੀ ਨਾਲ ਚੱਲਣ ਵਾਲਾ ਅਤੇ ਸਿਰਫ ਇਕ ਘਣ ਫੁੱਟ ਦੇ ਬਕਸੇ ਵਿਚ ਫਿੱਟ ਹੋਣ ਵਾਲਾ ਰੋਬੋਟ ਤਿਆਰ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰੀਖਿਅਕਾਂ ਵਲੋਂ ਲਾਈਆਂ ਗਈਆਂ ਅਤਿ ਬਰੀਕੀ ਵਾਲੀਆਂ ਟੈਕਨੀਕਲ ਸ਼ਰਤਾਂ ਪੂਰੀਆਂ ਕਰਦੇ ਹੋਏ ਉਸਨੇ ਰੋਬੋਟ ਵਿਚ ਪਹਿਲਾ ਅਤੇ ਸਕਰੈਂਬਲਰ ਬਣਾਉਣ ਵਿਚ ਤੀਸਰਾ ਸਥਾਨ ਪ੍ਰਾਪਤ ਕੀਤਾ। ਉਹ ਸਿੰਘ ਸਭਾ ਇੰਟਰਨੈਸ਼ਨਲ ਦੇ ਪ੍ਰਸਿੱਧ ਲੇਖਕ ਸ. ਸਰਬਜੀਤ ਸਿੰਘ ਸੰਧੂ ਦਾ ਬੇਟਾ ਹੈ। ਸਿਰਫ 16 ਸਾਲ ਦੀ ਉਮਰ ਵਾਲੇ ਇਸ ਬੱਚੇ ਵਲੋਂ ਕੀਤੀ ਗਈ ਸ਼ਾਨਦਾਰ ਪ੍ਰਾਪਤੀ ਉਤੇ ਭਾਈਚਾਰੇ ਵਲੋਂ ਉਸ ਦੀ ਭਰਪੂਰ ਹੌਸਲਾ ਅਫਜ਼ਾਈ ਵੀ ਕੀਤੀ ਜਾ ਰਹੀ ਹੈ ਅਤੇ ਮਾਂ-ਬਾਪ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

## ਬਲਵੰਤ ਸਿੰਘ ਖੇੜਾ ਯੂ ਐਨ ਓ ‘ਚ ਭਾਰਤੀ ਸਫੀਰ ਪੁਰੀ ਨੂੰ ਮਿਲੇ

**ਨਿਊ ਯਾਰਕ (ਬਿਊਰੋ):** ਸੋਸ਼ਲਿਸਟ ਪਾਰਟੀ ਪੰਜਾਬ ਦੇ ਆਗੂ ਅਤੇ ਮਾਲਟਾ ਦੁਰਘਟਨਾ ਜਾਂਚ ਕਮਿਸ਼ਨ ਦੇ ਚੇਅਰਮੈਨ ਸ. ਬਲਵੰਤ ਸਿੰਘ ਖੇੜਾ ਨੇ ਇਥੇ ਯੂ ਐਨ ਹੈਡ ਕੁਆਰਟਰ ਵਿਖੇ ਭਾਰਤ ਦੇ ਸਥਾਈ ਰਾਜਦੂਤ ਹਰਦੀਪ ਸਿੰਘ ਪੁਰੀ ਨੂੰ ਮਿਲ ਕੇ ਮਾਲਟਾ ਦੁਰਘਟਨਾ ਬਾਰੇ ਕਾਰਵਾਈ ਰਿਪੋਰਟ ਪੇਸ਼ ਕੀਤੀ। ਸ੍ਰੀ ਪੁਰੀ ਨੇ 1996 ਵਿਚ ਇਟਲੀ ਵਿਚ ਮਾਲਟਾ



*ਬਲਵੰਤ ਸਿੰਘ ਖੇੜਾ ਸ੍ਰੀ ਪੁਰੀ ਨਾਲ*

ਲਾਗੇ ਕੌਮਾਂਤਰੀ ਸਮੁੰਦਰ ਵਿਚ ਡੁੱਬੇ ਭਾਰਤ, ਪਾਕਿਸਤਾਨ, ਸ੍ਰੀਲੰਕਾ ਅਤੇ ਹੋਰ ਦੇਸ਼ਾਂ ਦੇ ਨੌਜਵਾਨਾਂ ਸਬੰਧੀ ਮਿਸ਼ਨ ਵਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ।

ਸ. ਖੇੜਾ ਨੇ ਸ੍ਰੀ ਪੁਰੀ ਨੂੰ ਦੱਸਿਆ ਕਿ ਇਟਲੀ ਸੁਪਰੀਮ ਕੋਰਟ ਨੇ ਇਸ ਦੁਰਘਟਨਾ ਦੇ ਤਿੰਨ ਮੁੱਖ ਦੋਸ਼ੀਆਂ ਨੂੰ ਤੀਹ ਤੀਹ ਸਾਲ ਕੈਦ ਦੀ ਸਜ਼ਾ ਬਹਾਲ ਰੱਖੀ ਹੈ। ਮਿਸ਼ਨ ਦੇ ਅਹੁਦੇਦਾਰਾਂ ਨੇ ਸਬੂਤ ਇਕੱਠੇ ਕਰਨ ਲਈ ਤਿੰਨ ਵਾਰ ਯੂਰਪ ਦਾ ਦੌਰਾ ਕੀਤਾ। ਮਿਸ਼ਨ ਵਲੋਂ ਮਾਰੇ ਗਏ ਇਨ੍ਹਾਂ ਯੁਵਕਾਂ ਦੀ ਯਾਦ ਵਿਚ ਹੁਸ਼ਿਆਰਪੁਰ ‘ਚ ਇਕ ਅਜਾਇਬਘਰ ਕਾਇਮ ਕੀਤਾ ਗਿਆ ਹੈ। ਇਟਲੀ ਵਿਚ ਵੀ ਉਨ੍ਹਾਂ ਦੀ ਯਾਦਗਾਰ ਕਾਇਮ ਕਰਨ ਦੇ ਉਪਰਾਲੇ ਕੀਤੀ ਜਾ ਰਹੇ ਹਨ।

# ਇੰਡਸ ਵੈਲੀ ਚੈਂਬਰ ਨੇ ਮਨਾਈ ਪਿਕਨਿਕ

**ਸੈਕਰਾਮੈਂਟੋ (ਬਿਊਰੋ):** ਸਥਾਨਕ ਵਪਾਰਕ ਸੰਸਥਾ ਇੰਡਸ ਵੈਲੀ ਚੈਂਬਰ ਆਫ ਕਾਮਰਸ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿਕਨਿਕ ਮਨਾਈ ਗਈ ਜਿਸ ਵਿਚ ਖਾਣ-ਪੀਣ ਅਤੇ ਗੱਪ-ਸ਼ੱਪ ਤੋਂ ਇਲਾਵਾ ਵਾਲੀਬਾਲ ਮੈਚ ਵੀ ਕਰਵਾਏ ਗਏ। ਇਸ ਮੌਕੇ ਭਾਰਤੀ ਭਾਈਚਾਰੇ ਤੋਂ ਇਲਾਵਾ ਅਸੰਬਲੀਮੈਨ ਡਿਕ ਰੋਜ਼ਰ ਅਤੇ ਰਿਕੀ ਗਿੱਲ ਵੀ ਪਹੁੰਚੇ ਹੋਏ ਸਨ। ਮੁਖ ਮਹਿਮਾਨ ਸਟੇਟ ਕੰਟਰੋਲਰ ਜੌਹਨ ਸ਼ਿੰਗ ਸਨ।

ਸਭ ਤੋਂ ਪਹਿਲਾਂ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਇਕ ਜਨੂਨੀ ਵਲੋਂ ਚਲਾਈ ਗਈ ਗੋਲੀ ਵਿਚ ਮਾਰੇ ਗਏ ਸਿੱਖ ਸ਼ਰਧਾਲੂਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸੈਨੇਟਰ ਡਾਇਨ ਫਾਈਨਸਟਾਈਨ ਵਲੋਂ ਲਿਖਿਆ ਪੱਤਰ ਸਵਰਗੀ ਲਾਹੌਰੀ ਰਾਮ ਦੀ ਪਤਨੀ ਸ੍ਰੀਮਤੀ ਪ੍ਰੀਤਮ ਨੂੰ ਭੇਟ ਕੀਤਾ ਗਿਆ। ਡਿੱਕ ਰੋਜ਼ਰ ਨੇ ਚੈਂਬਰ ਵਲੋਂ ਪਲੈਕ ਭੇਟ ਕੀਤੀ। ਗੁਰਦੁਆਰਾ ਰਿਓਲਿੰਡਾ ਦੀ ਕਮੇਟੀ ਦੇ ਮੈਂਬਰਾਂ ਦਲਬੀਰ ਸਿੰਘ, ਰਮੇਸ਼ ਕੁਮਾਰ, ਸਤੀਸ਼ ਰੱਲ ਨੇ ਵੀ ਪਲੈਕ ਭੇਟ ਕੀਤੀ। ਇਹ ਪਿਕਨਿਕ ਸਵਰਗੀ ਲਾਹੌਰੀ ਰਾਮ ਕਮਿਸ਼ਨਰ ਨੂੰ ਸਮਰਪਿਤ ਸੀ। ਇਸ ਮੌਕੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਜੈਕ ਰਾਮ ਤੇ ਜੈਪਾਲ ਰਾਮ ਵੀ ਹਾਜ਼ਰ ਸਨ। ਡਾ. ਹਰਮੇਸ਼ ਨੇ ਇਸ ਉਪਰਾਲੇ ਲਈ ਸਭ ਦਾ ਧੰਨਵਾਦ ਕੀਤਾ।

ਗੀਤ-ਸੰਗੀਤ ਦਾ ਦੌਰ ਚਲਾਉਂਦਿਆਂ ਮਰਹੂਮ ਲੋਕ ਗਾਇਕ ਲਾਲ ਚੰਦ ਯਮਲਾ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ “ਤੂੰ ਮੇਰੀ ਮੈਂ ਤੇਰਾ ਛਡ ਨਾ ਜਾਵੀਂ ਵੇ, ਅੱਖੀਆਂ ਵਸਦੀਆਂ ਰੂਹਾਂ ਤਰਸਦੀਆਂ ਅਤੇ ਰੋਡਵੇਜ਼ ਦੀ ਲਾਰੀ” ਗੀਤ ਗਾ ਕੇ ਰੌਣਕ ਲਾਈ। ਪੰਮੀ ਮਾਨ ਅਤੇ ਪੂਨਮ ਮਲਹੋਤਰਾ ਨੇ ਵੀ ਦੋ ਦੋ ਗੀਤ ਗਾ ਕੇ ਵਾਹ-ਵਾਹ ਖੱਟੀ। ਮਿਊਜ਼ੀਕਲ ਚੇਅਰ ਰੇਸ ਵਿਚ ਬੰਦਿਆਂ ‘ਚੋਂ ਨਵਦੀਪ ਸਿੱਧੂ ਅਤੇ ਬੀਬੀਆਂ ‘ਚੋਂ ਰੋਜ਼ੀ ਮਾਨ ਜੇਤੂ ਰਹੇ। ਵਾਲੀਬਾਲ ਦੇ ਮੈਚ ਵੀ ਹੋਏ ਜਿਸ ਵਿਚ ਨੌਰਕਾਲ ਦੀ ਟੀਮ ਪਹਿਲੇ ਅਤੇ ਲਿਵਿੰਗਸਟਨ-ਫੇਅਰਫੀਲਡ ਦੀ ਟੀਮ ਦੂਜੇ ਥਾਂ ਰਹੀ। ਕਲਾਕਾਰਾਂ ਅਤੇ ਖਿਡਾਰੀਆਂ ਨੂੰ ਇਨਾਮ ਸੁਖਚੈਨ ਸਿੰਘ, ਡਾ. ਇਕਬਾਲ ਬਡਵਾਲ, ਸੁਰਿੰਦਰ ਬਿੰਦਰਾ, ਮਨਜੀਤ ਸਿਬੀਆ ਅਤੇ ਕਮਲ ਜੱਜ ਦੇ ਹੱਥੀਂ ਦਿਤੇ ਗਏ। ਲੀਫ ਕਰੀ ਰੈਸਟੋਰੈਂਟ ਵਲੋਂ ਖਾਣ-ਪੀਣ ਦਾ ਚੰਗਾ ਪ੍ਰਬੰਧ ਕੀਤਾ ਗਿਆ। ਪਿਕਨਿਕ ਦਾ ਪ੍ਰਬੰਧ ਮੇਜਰ ਰੰਧਾਵਾ, ਪਵਿੱਤਰ ਨਾਹਲ ਅਤੇ ਪੀਟਰ ਦੁਸਾਂਝ ਦੇ ਉਦਮ ਨਾਲ ਨੇਪਰੇ ਚੜ੍ਹਿਆ।

## ਸ਼ਿਵ ਦੀ ਲੂਣਾ ਦੀ ਹੱਥ ਲਿਖਤ ਵੈਬਸਾਈਟ ‘ਤੇ

**ਸਟਾਕਟਨ (ਬਿਊਰੋ):** ਮਹਾਨ ਪੰਜਾਬੀ ਸ਼ਾਇਰ ਮਰਹੂਮ ਸ਼ਿਵ ਕੁਮਾਰ ਬਟਾਲਵੀ ਦੇ ਕਾਵਿ ਨਾਟਕ ‘ਲੂਣਾ’ ਦਾ ਹਥ ਲਿਖਤ ਖਰੜਾ ਪੰਜਾਬੀ ਸਫਰਨਾਮਿਆਂ ਦੇ ਉਘੇ ਲੇਖਕ ਕੁਲਦੀਪ ਸਿੰਘ ਤੱਖਰ ਦੀ ਮਿਹਨਤ ਸਦਕਾ ਵੈਬਸਾਈਟ ’ਤੇ ਪਾ ਦਿੱਤਾ ਗਿਆ ਹੈ ਜੋ ਫੇਸ ਬੁੱਕ ’ਤੇ www.facebook.com/shivmanuscript ਕਲਿਕ ਕਰਕੇ ਦੇਖਿਆ ਜਾ ਸਕਦਾ ਹੈ। 200 ਤੋਂ ਵੱਧ ਇਨ੍ਹਾਂ ਪੰਨਿਆਂ ਦੀ ਫੋਟੋਗ੍ਰਾਫੀ ਦਾ ਕੰਮ ਡਾ. ਹਰਭਜਨ ਸਿੰਘ ਸ਼ੇਰਗਿੱਲ ਨੇ ਕੀਤਾ ਹੈ ਅਤੇ ਉਸ ਤੋਂ ਅਗਲਾ ਕੰਮ ਕੰਪਿਊਟਰ ਇੰਜੀਨੀਅਰ ਗੁਰਪ੍ਰੀਤ ਸਿੰਘ ਪੰਧੇਰ ਵਲੋਂ ਕੀਤਾ ਗਿਆ ਹੈ।

ਇਸ ਵੈਬਸਾਈਟ ਦਾ ਉਦਘਾਟਨ ਪੰਜਾਬੀ ਸਾਹਿਤ ਸਭਾ ਸਟਾਕਟਨ ਦੀ ਇਕ ਮੀਟਿੰਗ ਦੌਰਾਨ ਕੀਤਾ ਗਿਆ। ਸਭਾ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੇ ਇਸ ਕੰਮ ਲਈ ਕੀਤੀ ਗਈ ਮਿਹਨਤ ਦੀ ਸਰਾਹਨਾ ਕਰਦਿਆਂ ਇਸ ਉਦਮ ਨੂੰ ਪੰਜਾਬੀ ਸਾਹਿਤ ਜਗਤ ਲਈ ਇਕ ਅਹਿਮ ਘਟਨਾ ਦੱਸਿਆ।

ਪੰਜਾਬੀ ਸਾਹਿਤ ਸਭਾ ਦੀ ਇਹ ਮੀਟਿੰਗ ਸ਼ਿਵ ਦੇ ਨਾਂ ਕਰਦਿਆਂ ਪ੍ਰੀਤਮ ਸਿੰਘ ਸੋਹੀ ਨੇ ਸ਼ਿਵ ਦਾ ਗੀਤ ਛੋਹਿਆ, ‘ਜਾਚ ਮੈਨੂੰ ਆ ਗਈ ਗਮ ਖਾਣ ਦੀ, ਹੌਲੀ ਹੌਲੀ ਰੋ ਕੇ ਦਿਲ ਪਰਚਾਣ ਦੀ।’ ਇਸ ਗੀਤ ਨੇ ਮਾਹੌਲ ਨੂੰ ਕੁਝ ਵੱਖਰਾ ਹੀ ਰੰਗ ਦੇ ਦਿੱਤਾ। ਕੁਲਦੀਪ ਤੱਖਰ ਨੇ ਇੰਗਲੈਂਡ ਵਿਚ ਰਹਿੰਦਿਆਂ ਸ਼ਿਵ ਨਾਲ ਬਿਤਾਏ ਪਲਾਂ ਦੀ ਯਾਦ ਸਾਂਝੀ ਕੀਤੀ। ਪੰਜਾਬੀ ਸੱਥ ਲਾਂਬੜਾ ਦੀ ਕੈਲੀਫੋਰਨੀਆ ਇਕਾਈ ਦੀ ਪ੍ਰਤੀਨਿਧ ਰਾਜਬੀਰ ਕੌਰ ਸੇਖੋਂ ਯੂਬਾ ਸਿਟੀ ਤੋਂ ਉਚੇਚੇ ਤੌਰ ’ਤੇ ਪਹੁੰਚੀ ਅਤੇ ਉਸ ਨੇ ਸੁਰਜੀਤ ਪਾਤਰ ਦੇ ਬੋਲ ‘ਹਰ ਮੋੜ ’ਤੇ ਸਲੀਬਾਂ, ਹਰ ਪੈਰ ’ਤੇ ਹਨੇਰਾ, ਸਾਡਾ ਵੀ ਵੇਖ ਜੇਰਾ’ ਸੁਣਾ ਕੇ ਵਾਹ ਵਾਹ ਖੱਟੀ। ਵਿੱਕੀ ਹੀਰ ਨੇ ਕੁਝ ਗਜ਼ਲਾਂ ਤੇ ਆਪਣੇ ਪਸੰਦੀਦਾ ਸ਼ੇਅਰ ਕਹੇ। ਹਰਨੇਕ ਸਿੰਘ ਗਰੇਵਾਲ ਨੇ ਬਾਹਰਲੇ ਮੁਲਕਾਂ ਵਿਚ ਬੁਢਾਪੇ ਦੀ ਤ੍ਰਾਸਦੀ ਨੂੰ ਬਿਆਨਦੀ ਕਹਾਣੀ ‘ਫੈਸਲਾ’ ਪੜ੍ਹ ਕੇ ਸੁਣਾਈ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਮਨਜੀਤ ਕੌਰ ਸੰਧੂ, ਮ੍ਰਿਗਇੰਦਰ ਕੌਰ ਪੰਧੇਰ ਅਤੇ ਲਖਬੀਰ ਸਿੰਘ ਨਡਾਲੋਂ ਵੀ ਹਾਜ਼ਰ ਹੋਏ।

## ਪੰਜਾਬੀ ਸਾਹਿਤਕ ਕਾਨਫਰੰਸ 25 ਅਗਸਤ ਤੋਂ

*(ਸਫਾ ਇਕ ਦੀ ਬਾਕੀ)*

ਕਾਨਫਰੰਸ ਦਾ ਉਦਘਾਟਨ ਸਵੇਰੇ 10:30 ਵਜੇ ਹੋਵੇਗਾ ਅਤੇ ਇਹ ਸ਼ਾਮ 5 ਵਜੇ ਤੱਕ ਚੱਲੇਗੀ।

ਕਾਨਫਰੰਸ ਦੇ ਪਹਿਲੇ ਦਿਨ ਸਵਾਗਤੀ ਸ਼ਬਦਾਂ ਤੋਂ ਬਾਅਦ ਸਾਲਾਨਾ ਰਿਪੋਰਟ ਪੜ੍ਹੀ ਜਾਵੇਗੀ। ਉਪਰੰਤ ਸਾਹਿਤਕ ਗੋਸ਼ਟੀ ਹੋਵੇਗੀ ਜਿਸ ਦੌਰਾਨ ਵੱਖ ਵੱਖ ਵਿਸ਼ਿਆਂ ‘ਤੇ ਵਿਦਵਾਨਾਂ ਵਲੋਂ ਪਰਚੇ ਪੜ੍ਹੇ ਜਾਣਗੇ ਅਤੇ ਇਨ੍ਹਾਂ ਪਰਚਿਆਂ ਉਪਰ ਬਹਿਸ ਮੁਬਾਹਿਸਾ ਹੋਵੇਗਾ। ਇਕ ਕਹਾਣੀ ਦਰਬਾਰ ਵੀ ਹੋਵੇਗਾ ਜਿਸ ਵਿਚ ਸਥਾਨਕ ਤੇ ਬਾਹਰੋਂ ਆਏ ਕਹਾਣੀਕਾਰ ਕਹਾਣੀਆਂ ਪੜ੍ਹਨਗੇ। ਇਸ ਕਾਨਫਰੰਸ ਦੇ ਵਿਸ਼ੇਸ਼ ਮਹਿਮਾਨ ਡਾ. ਸੁਰਜੀਤ ਪਾਤਰ, ਡਾ. ਵਰਿਆਮ ਸਿੰਘ ਸੰਧੂ, ਡਾ. ਗੁਰਭਜਨ ਗਿੱਲ, ਪਰਮਿੰਦਰਜੀਤ, ਡਾ. ਤੇਜਵੰਤ ਗਿੱਲ, ਸੁਖਵਿੰਦਰ ਅੰਮ੍ਰਿਤ, ਅਜਮੇਰ ਸਿੱਧੂ, ਜਿੰਦਰ, ਸੁਰਜੀਤ ਕਲਸੀ, ਡਾ. ਗੁਰਮਿੰਦਰ ਸਿੱਧੂ, ਸਾਧੂ ਬਿਨਿੰਗ ਅਤੇ ਰਾਜਿੰਦਰਜੀਤ ਹੋਣਗੇ।

ਕਾਨਫਰੰਸ ਦੇ ਦੂਜੇ ਦਿਨ ਐਤਵਾਰ 26 ਅਗਸਤ ਨੂੰ ਪੰਜਾਬੀ ਮੀਡੀਏ ਬਾਰੇ ਚਰਚਾ ਹੋਵੇਗੀ। ਇਸ ਚਰਚਾ ਦੌਰਾਨ ਅਮਰੀਕਾ, ਕੈਨੇਡਾ ਵਿਚ ਬੜੀ ਤੇਜ਼ੀ ਨਾਲ ਉਭਰ ਰਹੇ ਪੰਜਾਬੀ ਮੀਡੀਏ ਦਾ ਲੇਖਾ ਜੋਖਾ ਕੀਤਾ ਜਾਏਗਾ। ਕਿਤਾਬ ਰਿਲੀਜ਼ ਸਮਾਗਮ ਹੋਵੇਗਾ ਅਤੇ ਵੱਖ ਵੱਖ ਸ਼ਖਸੀਅਤਾਂ ਦਾ ਸਨਮਾਨ ਹੋਵੇਗਾ। ਇਕ ਕਵੀ ਦਰਬਾਰ ਵੀ ਹੋਵੇਗਾ ਜਿਸ ਵਿਚ ਕਵੀ ਆਪਣੀਆਂ ਰਚਨਾਵਾਂ ਪੜ੍ਹਨਗੇ।

ਹੋਰ ਜਾਣਕਾਰੀ ਲਈ ਸੁਖਵਿੰਦਰ ਕੰਬੋਜ ਫੋਨ 209-417-7960, ਕੁਲਵਿੰਦਰ 510-367-2090 ਜਾਂ ਸੁਰਿੰਦਰ ਸੀਰਤ ਫੋਨ 510-847-1698 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਪਰਮਿੰਦਰ ਵਾਲੀਆ ਨੂੰ ਸਦਮਾ, ਮਾਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸਭਿਆਚਾਰਕ ਅਤੇ ਸਮਾਜਕ ਹਲਕਿਆਂ ਵਿਚ ਸਰਗਰਮ ਸ਼ਖਸੀਅਤ ਅਤੇ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕੱਲਬ ਸ਼ਿਕਾਗੋ ਦੇ ਸਾਬਕਾ



ਪ੍ਰਧਾਨ ਸ੍ਰੀ ਪਰਮਿੰਦਰ ਸਿੰਘ ਵਾਲੀਆ ਨੂੰ ਉਦੋਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਰਾਜਿੰਦਰ ਕੌਰ ਵਾਲੀਆ ਸੁਪਤਨੀ ਸਵਰਗੀ ਹਰਬੰਸ ਸਿੰਘ ਵਾਲੀਆ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ ਅਤੇ ਹਸਪਤਾਲ ਦਾਖਲ ਸਨ। ਉਹ 81 ਵਰ੍ਹਿਆਂ ਦੇ ਸਨ। ਉਹ ਆਪਣੇ ਪਿਛੇ ਦੋ ਪੁੱਤਰ-ਪਰਮਿੰਦਰ ਵਾਲੀਆ ਤੇ ਤੇਜਿੰਦਰ ਵਾਲੀਆ ਤੋਂ ਇਲਾਵਾ 5 ਪੋਤੇ-ਪੋਤਰੀਆਂ ਛੱਡ ਗਏ ਹਨ।

ਬੀਬੀ ਰਾਜਿੰਦਰ ਕੌਰ ਦਾ ਸਸਕਾਰ ਲੰਘੀ 11 ਅਗਸਤ ਨੂੰ ਕਰ ਦਿੱਤਾ ਗਿਆ। ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿਤ ਅਖੰਡ ਪਾਠ ਦੇ ਭੋਗ ਅਤੇ ਅਰਦਾਸ ਮੌਕੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਵੱਖ ਵੱਖ ਸੰਸਥਾਵਾਂ ਦੇ ਮੈਂਬਰ ਹਾਜ਼ਰ ਸਨ।

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਨੇ ਇਕ ਵਿਸ਼ੇਸ਼ ਮੀਟਿੰਗ ਵਿਚ ਸ਼ੋਕ ਮਤਾ ਪਾਸ ਕਰਕੇ ਮਾਤਾ ਰਾਜਿੰਦਰ ਕੌਰ ਵਾਲੀਆ ਦੇ ਚਲਾਣੇ ‘ਤੇ ਅਫਸੋਸ ਜਾਹਰ ਕੀਤਾ ਹੈ ਅਤੇ ਵਾਲੀਆ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਸ਼ਿਕਾਗੋ, ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡਿਆਨਾ ਅਤੇ ਹੋਰ ਸੰਸਥਾਵਾਂ ਨੇ ਵਾਲੀਆ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਹਮਦਰਦੀ ਜਤਾਈ ਹੈ।

ਵਾਲੀਆ ਪਰਿਵਾਰ ਨਾਲ ਸੰਪਰਕ ਫੋਨ 847-477-1613 ਰਾਹੀਂ ਕੀਤਾ ਜਾ ਸਕਦਾ ਹੈ।

## ਅਸਾਮ ‘ਚ ਜਗ ਰਹੀ ਹੈ 484 ਸਾਲਾਂ ਤੋਂ ਜੋਤ

**ਜੋਰਹਟ:** ਇੱਥੋਂ ਦੇ ਇਕ ਮੰਦਰ ਵਿਚ ਪਿਛਲੇ 484 ਸਾਲਾਂ ਤੋਂ ਲਗਾਤਾਰ ਜਗ ਰਹੀ ਜੋਤ ਨੂੰ ਏਸ਼ੀਆ ਬੁੱਕ ਆਫ ਰਿਕਾਰਡਜ਼ ਵਿਚ ਦਰਜ ਕਰ ਲਿਆ ਗਿਆ ਹੈ।

ਧੋਕੀਆਖੋਵਾ ਬੋਰ ਨਾਮਘਰ (ਮੰਦਰ) ਵਿਚ ਇਹ ਸਭ ਤੋਂ ਪਹਿਲਾਂ 1528 ਵਿਚ ਜਗਾਈ ਗਈ ਸੀ ਤੇ ਇਹ ਉਦੋਂ ਤੋਂ ਜਗ ਰਹੀ ਹੈ। ਇਹ ਆਪਣੀ ਤਰ੍ਹਾਂ ਦਾ ਅਨੋਖਾ ਰਿਕਾਰਡ ਹੈ ਤੇ ਇਸ ਨੂੰ ਏਸ਼ੀਆ ਬੁੱਕ ਆਫ ਰਿਕਾਰਡਜ਼ ਵਿਚ ਦਰਜ ਕਰ ਲਿਆ ਗਿਆ ਹੈ।




# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ ਦਾ ਗਦਰੀ ਮੇਲਾ 13 ਅਕਤੂਬਰ ਨੂੰ

**ਸੈਕਰਾਮੈਂਟੋ:** ਸੈਕਰਾਮੈਂਟੋ ਵਿਚ 'ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ' ਵੱਲੋਂ ਹਰ ਸਾਲ ਦੀ ਤਰ੍ਹਾਂ ਗਦਰੀ ਬਾਬਿਆਂ ਦਾ ਮੇਲਾ ਐਤਕੀਂ 13 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਤਸਵੀਰਾਂ ਦੀ ਨੁਮਾਇਸ਼ ਲਾਈ ਜਾਵੇਗੀ ਅਤੇ ਨਾਲ ਹੀ ਦੇਸ਼ ਖਾਤਰ ਕੁਰਬਾਨੀ ਦੇਣ ਵਾਲੇ ਗਦਰੀ ਬਾਬਿਆਂ ਦੇ ਪਰਿਵਾਰਾਂ ਨੂੰ ਲੋਕਾਂ ਦੇ ਰੂ-ਬਰੂ ਕੀਤਾ ਜਾਵੇਗਾ। ਮੇਲੇ ਵਿਚ ਗਦਰੀ ਬਾਬਿਆਂ ਦੇ ਇਤਿਹਾਸ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਜਾਵੇਗੀ।

ਸੰਸਥਾ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਬਿੰਦਰਾ ਅਤੇ ਸਰਗਰਮ ਕਾਰਕੁਨ ਸ. ਗਿਆਨ ਸਿੰਘ ਬਿਲਗਾ ਨੇ ਦੱਸਿਆ ਕਿ ਮੇਲੇ ਦੀ ਸਫ਼ਲਤਾ ਲਈ ਜਥੇਬੰਦੀ ਦੇ ਕਾਮਿਆਂ ਨੇ ਜ਼ੋਰ-ਸ਼ੋਰ ਨਾਲ ਤਿਆਰੀਆਂ ਅਰੰਭ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਹਿੰਦੋਸਤਾਨ ਦੀ ਆਜ਼ਾਦੀ ਦੇ ਇਤਿਹਾਸ ਵਿਚ, ਅਮਰੀਕਾ ਤੋਂ ਉਠੀ ਗ਼ਦਰ ਲਹਿਰ ਦਾ ਬਹੁਤ ਉਚਾ ਅਤੇ ਸੁੱਚਾ ਮੁਕਾਮ ਹੈ। ਗਦਰੀਆਂ ਨੇ ਗਦਰ ਪਾਰਟੀ ਦੇ ਝੰਡੇ ਹੇਠ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ। ਇਹ ਸੂਰਮੇ ਫਾਂਸੀ ਚੜ੍ਹੇ, ਉਮਰ ਕੈਦਾਂ ਕੱਟੀਆਂ, ਜਾਇਦਾਦਾਂ ਜ਼ਬਤ ਕਰਵਾਈਆਂ ਅਤੇ ਕਾਲੇ ਪਾਣੀ ਦਾ ਨਰਕ ਹੱਡੀਂ ਹੰਢਾਇਆ; ਪਰ ਸਿਰੜ ਨਹੀਂ ਹਾਰਿਆ ਤਾਂ ਕਿ ਭਾਰਤ ਵਾਸੀਆਂ ਦੇ ਗਲੋਂ ਗੁਲਾਮੀ ਦਾ ਜੂਲਾ ਲਹਿ ਜਾਏ। ਦੇਸ਼ 1947 ਵਿਚ ਆਜ਼ਾਦ ਹੋ ਗਿਆ ਪਰ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਦਿੱਤਾ ਗਿਆ। ਉਨ੍ਹਾਂ ਦੀਆਂ ਕਰਨੀਆਂ ਵਕਤ ਦੀ ਧੂੜ ਹੇਠ ਦੱਬ ਕੇ ਰਹਿ ਗਈਆਂ। ਇਸ ਮੇਲੇ ਦਾ ਮਨੋਰਥ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਹੈ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਅੱਜ ਜਦੋਂ ਗਦਰ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ ਤਾਂ ਕੁਝ ਅਖੌਤੀ ਬੁੱਧੀਜੀਵੀ ਗਦਰ ਪਾਰਟੀ ਦੇ ਮੋਢੀ ਆਗੂਆਂ ਉਪਰ ਚਿੱਕੜ ਉਛਾਲ ਰਹੇ ਹਨ। ਇਹ ਸਭ ਕੁਝ ਘਿਨੌਣੀ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ। ਅਜਿਹੇ ਲੋਕਾਂ ਦਾ ਪਰਦਾ ਵੀ ਇਸ ਮੇਲੇ ਵਿਚ ਫਾਸ਼ ਕੀਤਾ ਜਾਵੇਗਾ।

## ਪਾਕਿ ਜੇਲ੍ਹਾਂ 'ਚ 74 ਭਾਰਤੀ ਫ਼ੌਜੀ ਬੰਦ

**ਨਵੀਂ ਦਿੱਲੀ:** ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਲੋਕ ਸਭਾ 'ਚ ਦੱਸਿਆ ਕਿ ਦੇਸ਼ ਦੇ 74 ਲਾਪਤਾ ਫੌਜੀ ਜਿਨ੍ਹਾਂ ਵਿਚ 54 ਜੰਗੀ ਕੈਦੀ ਵੀ ਸ਼ਾਮਲ ਹਨ, 41 ਸਾਲਾਂ ਤੋਂ ਪਾਕਿਸਤਾਨ ਦੀਆਂ ਜੇਲ੍ਹਾਂ 'ਚ ਬੰਦ ਹਨ। ਸਰਕਾਰ ਨੇ ਇਨ੍ਹਾਂ ਕੈਦੀਆਂ ਨੂੰ ਰਿਹਾ ਕਰਾਉਣ ਲਈ ਕਈ ਵਾਰ ਪਾਕਿ ਸਰਕਾਰ ਨਾਲ ਸੰਪਰਕ ਕੀਤਾ ਹੈ ਪਰ ਕੋਈ ਹੁੰਗਾਰਾ ਨਹੀਂ ਮਿਲਿਆ।

# ਸੈਕਰਾਮੈਂਟੋ 'ਚ ਪੰਜਾਬੀ ਸੱਥ ਦਾ ਸਨਮਾਨ ਸਮਾਗਮ 25 ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸੱਥ, ਕੈਲੀਫੋਰਨੀਆ ਵਲੋਂ ਇਕ ਸਾਹਿਤਕ ਅਤੇ ਸਨਮਾਨ ਸਮਾਗਮ ਆਉਂਦੀ 25 ਅਗਸਤ, ਸਨਿਚਰਵਾਰ ਨੂੰ ਇਥੇ ਗੁਰਦੁਆਰਾ ਰੋਜ਼ਵਿਲ (1090 ਮੇਨ ਸਟਰੀਟ-ਰੋਜ਼ਵਿਲ) ਦੀ ਪੰਜਾਬੀ ਲਾਇਬ੍ਰੇਰੀ ਵਿਚ ਬਾਅਦ ਦੁਪਹਿਰ 3 ਵਜੇ ਕੀਤਾ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬੀ ਸੱਥ ਕੈਲੀਫੋਰਨੀਆ ਦੀ ਪ੍ਰਤੀਨਿਧ ਬੀਬੀ ਰਾਜਵੀਰ ਕੌਰ ਸੇਖੋਂ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਪੱਤਰਕਾਰ ਸ. ਜਗਜੀਤ ਸਿੰਘ ਥਿੰਦ, ਸ. ਅਮੋਲਕ ਸਿੰਘ ਜੰਮੂ, ਅਤੇ ਕਹਾਣੀਕਾਰ ਬੀਬੀ ਮਨਜੀਤ ਕੌਰ ਸੇਖੋਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਸਮਾਗਮ ਵਿਚ ਪੰਜਾਬੀ ਸੱਥ ਲਾਂਬੜਾ ਦੇ ਰੂਹੇ ਰਵਾਂ ਡਾ. ਨਿਰਮਲ ਸਿੰਘ ਲਾਂਬੜਾ ਉਚੇਚੇ ਪਹੁੰਚ ਰਹੇ ਹਨ। ਪਿਛਲੇ 23 ਵਰ੍ਹਿਆਂ ਤੋਂ ਦੇਸ-ਵਿਦੇਸ਼ 'ਚ ਮਾਂ ਬੋਲੀ ਪੰਜਾਬੀ ਦੀ ਸੇਵਾ 'ਚ ਜੁਟੀ ਪੰਜਾਬੀ ਸੱਥ ਲਾਂਬੜਾ ਜਲੰਧਰ ਵੱਲੋਂ ਕੈਲੀਫੋਰਨੀਆ ਵਿਚ ਸਥਾਪਤ ਇਕਾਈ ਦਾ ਇਹ ਦੂਜਾ ਸਨਮਾਨ ਸਮਾਗਮ ਹੈ।

ਬੀਬੀ ਸੇਖੋਂ ਨੇ ਦੱਸਿਆ ਕਿ ਇਸ ਮੌਕੇ ਪੰਜਾਬੀ ਸੱਥ ਵੱਲੋਂ ਛਪੀਆਂ ਚਾਰ ਕਿਤਾਬਾਂ-ਡੋਗਰੀ ਲੋਕ ਗੀਤ (ਬੀਬੀ ਬਬਲੀ ਅਰੋੜਾ), ਕੇਸਰ ਦੀ ਮਹਿਕ, ਸਾਨੂੰ ਕਿਹੜੀ ਜੂਨੇ ਪਾਇਆ (ਡਾ. ਕੇਸਰ ਸਿੰਘ) ਅਤੇ ਮਰਦ ਗੁਰੂ ਕਾ ਚੇਲਾ (ਬਲਿਹਾਰ ਸਿੰਘ ਰੰਧਾਵਾ) ਰਿਲੀਜ਼ ਕੀਤੀਆਂ ਜਾਣਗੀਆਂ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਇਸ ਸਮਾਗਮ ਵਿਚ ਪੁੱਜਣ ਦਾ ਖੁੱਲ੍ਹਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸੱਥ ਧੜਿਆਂ, ਦੇਸਾਂ, ਧਰਮਾਂ, ਸਿਆਸਤਾਂ ਅਤੇ ਜਨੂਨਾਂ ਤੋਂ ਪਾਸੇ ਰਹਿੰਦਿਆਂ ਭਾਈਚਾਰਕ ਸਾਂਝਾਂ ਮਜਬੂਤ ਕਰਨ ਅਤੇ ਆਪਣੀ ਬੋਲੀ, ਵਿਰਾਸਤ, ਸਭਿਆਚਾਰ ਲਈ ਨਿਰੰਤਰ ਕਾਰਜਸ਼ੀਲ ਸੰਸਥਾ ਹੈ। ਦੁਨੀਆਂ ਭਰ ਵਿਚ ਇਸ ਦੀਆਂ 26 ਇਕਾਈਆਂ ਸਰਗਰਮ ਭੂਮਿਕਾ ਨਿਭਾ ਰਹੀਆਂ ਹਨ। ਹੋਰ ਜਾਣਕਾਰੀ ਲਈ ਬੀਬੀ ਰਾਜਬੀਰ ਕੌਰ ਸੇਖੋਂ ਨਾਲ ਫੋਨ 530-312-0772 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਦੂਸ਼ਿਤ ਹਵਾ ਦੇ ਨੁਕਸਾਨ ਤੋਂ ਬਚਾਉਂਦਾ ਹੈ ਵਿਟਾਮਿਨ ਸੀ

**ਨਿਊ ਯਾਰਕ:** ਵਿਟਾਮਿਨ ਸੀ ਭਰਪੂਰ ਖੁਰਾਕ ਸਾਹ ਪ੍ਰਣਾਲੀ ਦੇ ਗੰਭੀਰ ਰੋਗਾਂ ਤੋਂ ਪੀੜਤ ਵਿਅਕਤੀਆਂ ਲਈ ਲਾਭਕਾਰੀ ਸਾਬਤ ਹੁੰਦੀ ਹੈ ਕਿਉਂਕਿ ਇਹ ਉਨ੍ਹਾਂ ਨੂੰ ਦੂਸ਼ਿਤ ਹਵਾ ਦੇ ਨੁਕਸਾਨਦੇਹ ਪ੍ਰਭਾਵਾਂ ਤੋਂ ਬਚਾਉਂਦੀ ਹੈ।

ਹਾਲ ਹੀ ਵਿਚ ਕੀਤੀ ਗਈ ਨਵੀਂ ਖੋਜ ਵਿਚ ਇਹ ਖੁਲਾਸਾ ਕੀਤਾ ਗਿਆ ਹੈ। ਲੰਡਨ ਦੇ ਇੰਪੀਰੀਅਲ ਕਾਲਜ ਦੇ ਖੋਜਕਾਰਾਂ ਨੇ ਅਸਥਮਾ ਤੇ ਸਾਹ ਦੇ ਰੋਗਾਂ ਨਾਲ ਪੀੜਤ ਮਰੀਜ਼ਾਂ 'ਤੇ ਕੀਤੀ ਖੋਜ ਦੌਰਾਨ ਦੇਖਿਆ ਕਿ ਜਿਨ੍ਹਾਂ ਮਰੀਜ਼ਾਂ ਵਿਚ ਵਿਟਾਮਿਨ ਸੀ ਦਾ ਪੱਧਰ ਘੱਟ ਸੀ, ਉਨ੍ਹਾਂ ਨੂੰ ਦੂਸ਼ਣ ਕਾਰਨ ਸਾਹ ਲੈਣ ਵਿਚ ਜ਼ਿਆਦਾ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਹੈਰਾਨੀਜਨਕ ਸੀ ਕਿ ਅਜਿਹੇ ਮਾਮਲਿਆਂ ਵਿਚ ਸਿਗਰਟਨੋਸ਼ੀ ਕਰਨ ਵਾਲਿਆਂ ਤੇ ਵਡੇਰੀ ਉਮਰ ਦੇ ਲੋਕਾਂ ਵਿਚ ਵੀ ਵਿਟਾਮਿਨ ਸੀ ਦਾ ਸੁਰੱਖਿਆਤਮਕ ਪ੍ਰਭਾਵ ਮੌਜੂਦ ਦੇਖਿਆ ਗਿਆ। ਖੋਜ ਮੁਤਾਬਕ ਵਿਟਾਮਿਨ ਸੀ ਵਰਗੇ ਐਂਟੀਆਕਸੀਡੈਂਟ ਸੈੱਲਾਂ ਨੂੰ ਖਤਮ ਕਰਨ ਵਾਲੇ ਹਾਨੀਕਾਰਕ ਫਰੀ ਰੈਡੀਕਲ ਤੱਤਾਂ ਤੋਂ ਸਰੀਰ ਦੀ ਰੱਖਿਆ ਕਰਦੇ ਹਨ। ਇਹ ਫਰੀ ਰੈਡੀਕਲ ਤੱਤ ਉਦੋਂ ਪੈਦਾ ਹੁੰਦੇ ਹਨ ਜਦੋਂ ਗੰਦੀ ਹਵਾ ਫੇਫੜਿਆਂ ਵਿਚ ਦਾਖਲ ਹੁੰਦੀ ਹੈ। ਇਹ ਤੱਤ ਦਿਲ ਦੇ ਰੋਗਾਂ, ਸਾਹ ਪ੍ਰਣਾਲੀ ਦੀਆਂ ਬੀਮਾਰੀਆਂ ਤੇ ਇੱਥੋਂ ਤਕ ਕਿ ਕੈਂਸਰ ਤਕ ਦਾ ਕਾਰਨ ਬਣ ਸਕਦੇ ਹਨ।

ਐਂਟੀਆਕਸੀਡੈਂਟਸ ਇਨ੍ਹਾਂ ਤੱਤਾਂ ਨੂੰ ਸੈੱਲਾਂ ਦਾ ਨੁਕਸਾਨ ਨਹੀਂ ਕਰਨ ਦਿੰਦੇ। ਇਸ ਖੋਜ ਦੌਰਾਨ 200 ਮਰੀਜ਼ਾਂ 'ਤੇ ਇਹ ਅਧਿਐਨ ਕੀਤਾ ਗਿਆ। ਇਨ੍ਹਾਂ ਵਿਚ 54 ਤੋਂ 74 ਸਾਲ ਤਕ ਦੇ ਅਤੇ ਕੁਝ 18 ਸਾਲ ਦੀ ਉਮਰ ਦੇ ਮਰੀਜ਼ ਵੀ ਸ਼ਾਮਲ ਸਨ।


Mortgage Underwater?

Doesn't mean you have to drown!
Finally…. A Solution!

IF YOU …Owe more than your house is worth and want to keep your home



ਤੁਹਾਡੇ ਸਿਰ ਮਕਾਨ ਦਾ $417,000 ਜਾਂ ਵਧ ਦਾ ਕਰਜ਼ਾ ਹੈ, ਆਪਣਾ ਕਰੈਡਿਟ ਬਚਾਉਣਾ ਚਾਹੁੰਦੇ ਹੋ, ਕਰਜਾ ਕਾਫੀ ਘੱਟ ਕਰਨਾ ਚਾਹੁੰਦੇ ਹੋ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਇਹ ਸ਼ਾਰਟ ਸੇਲ ਜਾਂ ਲੋਨ ਮੋਡੀਫਿਕੇਸ਼ਨ ਨਹੀਂ ਹੈ

Permanently reduce your loan amount and create positive equity!
You don't have to walk away from your investment, I can help you!

ਇਸ ਸੇਵਾ ਲਈ ਮੈਂ ਕੋਈ ਫੀਸ ਨਹੀਂ ਚਾਰਜ ਕਰਦੀ

ਅੱਜ ਹੀ ਕਾਲ ਕਰੋ, ਬਲਵਿੰਦਰ (ਪੌਪੀ) ਜੌਹਲ

Call us Today: 925-400-8096

I pay $500 - $1,000 for every referral that closes successfully.



Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill, Esq.
Attorney at Law
(Admitted in CA)

Call for initial consultation
Attorney Bhupinder Gill, Esq.
Attorney George Heridis, Esq.

(408) 940-6065, (408) 736-5203

Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085



KAUR eye institute

Putting Patient Care First



Dr. Harrup Kaur, MD, FACS
Eye Surgeon

CATARACT SPECIALIST, San Jose, CA

- Top 10% of eye surgeons in the U.S.
- Trained at the prestigious Mayo Clinc
- Board Certified: American Board of Ophthalmology
- Fellow, American College of Surgeons

ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ

Cataract surgery continues to evolve. Trust your eyes to a surgeon who has been trained in and uses the most advanced surgical techniques.
*Dr. Kaur has been successfully helping patients see without glasses for the past 8 years.*

MICRO-INCISION SURGERY • NO STITCHES • PREMIUM LENSES

*We accept all major health insurances, including Medicare.*

CALL TODAY TO SCHEDULE YOUR SURGERY CONSULTATION
888-940-3940 • 408-940-3940

Kaur Eye Institute • 555 Knowles Dr., Suite 117 • Los Gatos, CA 95032
www.KaurEye.com



Buy or Sell House, Liquor Store, Gas Station etc.

In Bay Area & Central Valley

- For Quick Short Sale
- Home Loans & SBA Loans
- Refinance @ Zero Cost
- Free Loan Approval Letter



Raj Singh
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
510-452-7370

www.singhraj.bayeastweb.com
Fax: 510-490-9703

MISSIONPEAK BROKERS, INC.

46560 Fremont Blvd., Suite#111, Fremont, CA 94538

**Punjab Times**
**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਨਪ੍ਰੀਤ ਬਾਦਲ ਦਾ ਤਖਤ ਡਾਵਾਂਡੋਲ, ਬੀਰਦਵਿੰਦਰ ਵੱਲੋਂ ਅਸਤੀਫਾ

*(ਸਫਾ ਇਕ ਦੀ ਬਾਕੀ)*

ਦਿਨ ਉਨ੍ਹਾਂ ਦਾ ਫੋਨ ਤੱਕ ਨਹੀਂ ਸੁਣਦੇ ਤੇ ਉਨ੍ਹਾਂ ਦੇ ਨਿੱਜੀ ਸਟਾਫ ਵੱਲੋਂ ਗੱਲ ਕਰਾਉਣ ਦਾ ਵਾਅਦਾ ਕਰਕੇ ਵੀ ਕਦੇ ਫੋਨ 'ਤੇ ਗੱਲ ਨਹੀਂ ਕਰਵਾਈ ਜਾਂਦੀ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ (ਮਨਪ੍ਰੀਤ ਬਾਦਲ) ਦੀ ਕਠਪੁਤਲੀ ਨਹੀਂ ਹਨ। ਅਜਿਹੀ ਤੁਗਲਕੀ ਰਾਜਨੀਤੀ ਹੁਣ ਹੋਰ ਨਹੀਂ ਚੱਲ ਸਕਦੀ। ਉਨ੍ਹਾਂ ਕਿਹਾ ਹੈ ਕਿ ਪਾਰਟੀ ਪ੍ਰਧਾਨ ਪਾਰਟੀ ਦੀ ਸਾਰੀ ਲੀਡਰਸ਼ਿਪ ਨੂੰ ਅੱਖੋਂ ਪਰੋਖੇ ਕਰ ਕੇ ਦਿੱਲੀ ਵਿਚ ਕਾਂਗਰਸੀਆਂ ਦੀ ਪਰਿਕਰਮਾ ਕਰ ਰਹੇ ਹਨ।

ਅਸਲ 'ਚ ਇਹ ਮਾਮਲਾ ਉਸ ਵੇਲੇ ਭਖਿਆ ਜਦੋਂ ਮਨਪ੍ਰੀਤ ਬਾਦਲ ਨੇ ਪਾਰਟੀ ਦੀ ਪਹਿਲੀ ਕਤਾਰ ਦੇ ਨੇਤਾਵਾਂ ਸਮੇਤ ਜ਼ਿਲ੍ਹਾ ਪ੍ਰਧਾਨਾਂ ਦੀ 20 ਅਗਸਤ ਨੂੰ ਚੰਡੀਗੜ੍ਹ ਵਿਖੇ ਰੱਖੀ ਮੀਟਿੰਗ ਦਾ ਸਥਾਨ ਅਚਾਨਕ ਬਦਲ ਦਿੱਤਾ। ਸੂਤਰਾਂ ਅਨੁਸਾਰ ਪਾਰਟੀ ਦਫਤਰ ਵੱਲੋਂ ਸਾਰਿਆਂ ਨੂੰ ਮੀਟਿੰਗ ਦੇ ਸੁਨੇਹੇ ਲਾ ਦਿੱਤੇ ਗਏ ਸਨ ਪਰ ਅਚਾਨਕ ਹੀ ਮੀਟਿੰਗ ਦਾ ਸਥਾਨ ਤਬਦੀਲ ਕਰ ਕੇ ਸਭ ਨੂੰ ਬਰਨਾਲਾ ਪੁੱਜਣ ਲਈ ਕਹਿ ਦਿੱਤਾ ਗਿਆ। ਇਸ 'ਤੇ ਸ. ਬੀਰਦਵਿੰਦਰ ਸਿੰਘ ਭੜਕ ਉਠੇ ਅਤੇ ਮੀਟਿੰਗ ਵਿਚ ਸ਼ਾਮਲ ਨਾ ਹੋਣ ਦਾ ਫੈਸਲਾ ਕਰ ਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਪਾਰਟੀ ਪ੍ਰਧਾਨ ਨੂੰ ਇਉਂ ਆਪਣੀ ਮਰਜ਼ੀ ਨਾਲ ਮੀਟਿੰਗ ਦੀ ਥਾਂ ਅਤੇ ਏਜੰਡਾ ਬਦਲਣ ਦਾ ਅਧਿਕਾਰ ਨਹੀਂ ਹੈ।

ਸ. ਬੀਰਦਵਿੰਦਰ ਸਿੰਘ ਨੂੰ ਇਸ ਗੱਲ ਦਾ ਵੀ ਗੁੱਸਾ ਹੈ ਕਿ ਪੀਪਲਜ਼ ਪਾਰਟੀ ਦੀ ਮੀਟਿੰਗ ਸਾਂਝੇ ਮੋਰਚੇ ਦੇ ਸਰਪ੍ਰਸਤ ਸੁਰਜੀਤ ਸਿੰਘ ਬਰਨਾਲਾ ਦੇ ਘਰ ਰੱਖੀ ਗਈ। ਉਨ੍ਹਾਂ ਕਿਹਾ ਕਿ ਸ. ਮਨਪ੍ਰੀਤ ਬਾਦਲ ਨੇ ਅਜਿਹਾ ਜਾਣਬੁੱਝ ਕੇ ਪਾਰਟੀ ਦੇ ਅਹੁਦੇਦਾਰਾਂ ਦੀਆਂ ਖਰੀਆਂ-ਖੋਟੀਆਂ ਸੁਣਨ ਤੋਂ ਬਚਣ ਲਈ ਕੀਤਾ ਹੈ। ਉਨ੍ਹਾਂ ਪਾਰਟੀ ਵਿਚਾਰਧਾਰਾ ਦੀ ਵੀ ਅਲੋਚਨਾ ਕੀਤੀ। ਉਨ੍ਹਾਂ ਕਿਹਾ, "ਪਾਰਟੀ ਕੇਵਲ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਲੋਕਾਂ ਨੂੰ ਨਾਲ ਨਹੀਂ ਜੋੜ ਸਕਦੀ।"

## ਪਾਰਟੀ ਸਰਪ੍ਰਸਤ ਸਰਦਾਰਾ ਸਿੰਘ ਜੌਹਲ ਕਾਰਜਸ਼ੈਲੀ ਤੋਂ ਨਾਰਾਜ਼

ਉਧਰ, ਪਾਰਟੀ ਦੇ ਸਰਪ੍ਰਸਤ ਸਰਦਾਰਾ ਸਿੰਘ ਜੌਹਲ ਨੇ ਪਾਰਟੀ ਦੀ ਬਿਹਤਰੀ ਲਈ ਸ. ਮਨਪ੍ਰੀਤ ਸਿੰਘ ਬਾਦਲ ਨੂੰ ਠਰ੍ਹੰਮੇ ਤੋਂ ਕੰਮ ਲੈਣ ਦੀ ਸਲਾਹ ਦਿੱਤੀ ਹੈ। ਸ. ਬਾਦਲ ਤੇ ਸ. ਪਾਰਟੀ ਛੱਡ ਕੇ ਜਾਣ ਵਾਲੇ ਹੁਣ ਜ਼ੀਰੋ ਹੋਏ ਪਏ ਹਨ। ਉਨ੍ਹਾਂ ਨੇ ਭਾਵਕ ਹੋ ਕੇ ਕਿਹਾ ਕਿ ਉਨ੍ਹਾਂ ਆਪਣੀ ਜ਼ਿੰਦਗੀ ਦੀ ਸਾਰੀ ਕਮਾਈ ਪੀਪਲਜ਼ ਪਾਰਟੀ 'ਤੇ ਲਾ ਦਿੱਤੀ ਹੈ, ਇਸ ਕਰ ਕੇ ਹੁਣ



**ਬੀਰਦਵਿੰਦਰ ਸਿੰਘ**



**ਸਰਦਾਰਾ ਸਿੰਘ ਜੌਹਲ**

ਬੀਰਦਵਿੰਦਰ ਵਿਚਾਲੇ ਛਿੜੀ ਸ਼ਬਦੀ ਜੰਗ ਬਾਰੇ ਉਨ੍ਹਾਂ ਕਿਹਾ ਹੈ ਕਿ ਦੋਵਾਂ ਨੇ ਹੀ ਸਿਆਣਪ ਤੋਂ ਕੰਮ ਨਹੀਂ ਲਿਆ। ਉਨ੍ਹਾਂ ਨੇ ਦੋਵਾਂ ਸੀਨੀਅਰ ਆਗੂਆਂ ਨੂੰ ਆਪਸ ਵਿਚ ਬੈਠ ਕੇ ਮਸਲਾ ਹੱਲ ਕਰਨ ਦੀ ਸਲਾਹ ਦਿੱਤੀ। ਉਜ, ਨਾਲ ਹੀ ਉਨ੍ਹਾਂ ਕਿਹਾ ਕਿ ਕਈ ਆਗੂਆਂ ਦੇ ਛੱਡ ਜਾਣ ਨਾਲ ਪਾਰਟੀ ਦਾ ਲੱਕ ਟੁੱਟਿਆ ਪਿਆ ਹੈ। ਕਈ ਆਗੂਆਂ ਨੂੰ ਪਾਰਟੀ ਸੰਭਾਲ ਨਾ ਸਕੀ ਤੇ ਕਈ ਪਾਰਟੀ ਨਾਲ ਧੋਖਾ ਕਰ ਗਏ। ਉਨ੍ਹਾਂ ਮੰਨਿਆ ਕਿ ਚਰਨਜੀਤ ਸਿੰਘ ਬਰਾੜ, ਜਗਬੀਰ ਸਿੰਘ ਤੇ ਕੁਸ਼ਲਦੀਪ ਸਿੰਘ ਦੇ ਪਾਰਟੀ ਨੂੰ ਛੱਡਣ ਨਾਲ ਵੱਡਾ ਧੱਕਾ ਲੱਗਾ ਹੈ। ਇਹ ਵੱਖਰੀ ਗੱਲ ਹੈ ਕਿ ਪਾਰਟੀ ਦੇ ਮੰਜ਼ਿਲ ਤੋਂ ਲਾਂਭੇ ਜਾਣ ਨਾਲ ਮਨ ਨੂੰ ਦੁੱਖ ਪੁੱਜਦਾ ਹੈ।

ਸ. ਜੌਹਲ ਨੇ ਕਿਹਾ ਕਿ ਪੀਪਲਜ਼ ਪਾਰਟੀ ਲਈ ਵਿਧਾਨ ਸਭਾ ਚੋਣਾਂ ਵੇਲੇ ਸਾਂਝੇ ਮੋਰਚੇ ਦਾ ਗਠਨ ਘਾਟੇ ਦਾ ਸੌਦਾ ਸਾਬਤ ਹੋਇਆ ਹੈ। ਪੀਪਲਜ਼ ਪਾਰਟੀ ਨੂੰ ਆਪਣੇ ਤੌਰ 'ਤੇ ਚੋਣ ਲੜਨੀ ਚਾਹੀਦੀ ਸੀ। ਪੀਪਲਜ਼ ਪਾਰਟੀ ਮੋਰਚੇ ਵਿਚ ਸ਼ਾਮਲ ਹਮਖਿਆਲ ਪਾਰਟੀਆਂ ਨਾਲ ਸੀਟਾਂ ਦਾ ਲੈਣ-ਦੇਣ ਕਰ ਲੈਂਦੀ ਤਾਂ ਚੋਣਾਂ ਵਿਚ ਇੰਨਾ ਮਾੜਾ ਹਾਲ ਨਾ ਹੁੰਦਾ। ਪਾਰਟੀ ਦੀ ਇਕ ਭੁੱਲ ਇਹ ਵੀ ਰਹੀ ਕਿ ਪਾਰਟੀ ਲੋਕਾਂ ਦੀਆਂ ਭਾਵਨਾਵਾਂ ਦੇ ਮਗਰ ਲੱਗ ਤੁਰੀ ਪਰ ਕਿਸੇ ਨੇ 'ਜੋਸ਼' ਨੂੰ ਸੰਭਾਲਣ ਦੀ ਲੋੜ ਨਾ ਸਮਝੀ। ਇਸ ਤੋਂ ਅੱਗੇ ਜਥੇਬੰਦਕ ਢਾਂਚੇ ਦੀ ਅਣਹੋਂਦ ਵਿਚ ਪਾਰਟੀ ਰਹਿੰਦੀ-ਖੂੰਹਦੀ ਮਾਰ ਵੀ ਖਾ ਗਈ ਹੈ। ਉਨ੍ਹਾਂ ਕਿਹਾ ਹੈ ਕਿ ਉਹ ਦਿਲੋਂ ਪਾਰਟੀ ਨਾਲ ਖੜ੍ਹੇ ਹਨ ਤੇ ਭਵਿੱਖ ਵਿਚ ਵੀ ਪਾਰਟੀ ਦੇ ਨਾਲ ਹੀ ਰਹਿਣਗੇ।

ਬੀਰਦਵਿੰਦਰ ਵੱਲੋਂ ਬੁਲਾਰੇ ਦੇ ਅਹੁਦੇ ਤੋਂ ਅਸਤੀਫਾ: ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਮੁੱਖ ਬੁਲਾਰੇ ਬੀਰਦਵਿੰਦਰ ਸਿੰਘ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਆਪਣੇ ਅਸਤੀਫੇ ਦੀ ਕਾਪੀ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ ਭੇਜ ਦਿੱਤੀ ਹੈ। ਸ. ਬੀਰਦਵਿੰਦਰ ਨੇ ਆਪਣੇ ਅਸਤੀਫੇ ਵਿਚ ਪਾਰਟੀ ਪ੍ਰਧਾਨ ਵੱਲੋਂ ਦਿੱਤੇ ਇਸ ਬਿਆਨ ਦਾ ਸਖਤ ਨੋਟਿਸ ਲਿਆ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਬੀਰਦਵਿੰਦਰ ਕਿਸੇ ਵੀ ਪਾਰਟੀ ਵਿਚ ਛੇ ਮਹੀਨੇ ਤੋਂ ਵੱਧ ਸਮੇਂ ਲਈ ਟਿਕ ਕੇ ਨਹੀਂ ਰਹਿ ਸਕੇ।

ਆਪਣੇ ਅਸਤੀਫੇ ਵਿਚ ਬੀਰਦਵਿੰਦਰ ਸਿੰਘ ਨੇ ਸ. ਮਨਪ੍ਰੀਤ ਬਾਦਲ ਨੂੰ ਕਿਸੇ ਅਜਿਹੇ ਸ਼ਖਸ ਨੂੰ ਮੁੱਖ ਬੁਲਾਰਾ ਨਿਯੁਕਤ ਕਰਨ ਦੀ ਸਲਾਹ ਦਿੱਤੀ ਹੈ ਜਿਹੜਾ ਪਾਰਟੀ ਪ੍ਰਧਾਨ ਦੇ ਇਸ਼ਾਰਿਆਂ ਉਤੇ 'ਨੱਚ' ਸਕੇ। ਉਨ੍ਹਾਂ ਪਾਰਟੀ ਪ੍ਰਧਾਨ ਨੂੰ 20 ਨਵੰਬਰ 2010 ਦੀ ਯਾਦ ਵੀ ਦਿਵਾਈ ਜਿਸ ਦਿਨ ਉਹ ਸਹਿਯੋਗ ਲਈ ਉਨ੍ਹਾਂ ਦੇ ਘਰ ਚੱਲ ਕੇ ਆਏ ਸਨ। ਉਨ੍ਹਾਂ ਸ. ਬਾਦਲ ਨੂੰ ਇਹ ਵੀ ਚੇਤਾ ਕਰਾਇਆ ਹੈ ਕਿ ਉਨ੍ਹਾਂ 'ਜਾਗੋ ਪੰਜਾਬ' ਯਾਤਰਾ ਨੂੰ ਸੰਬੋਧਨ ਕਰਨ ਲਈ ਕਿਹਾ ਸੀ ਤੇ ਉਹ ਤੁਰੰਤ ਨਾਲ ਤੁਰ ਪਏ ਸਨ।

ਉਨ੍ਹਾਂ ਕਿਹਾ ਕਿ 2 ਮਾਰਚ 2011 ਨੂੰ ਉਨ੍ਹਾਂ ਨੇ 'ਜਾਗੋ ਪੰਜਾਬ' ਯਾਤਰਾ ਤੇ ਦੂਜੀਆਂ ਸਰਗਰਮੀਆਂ ਤੋਂ ਆਪਣੇ ਆਪ ਨੂੰ ਅਲੱਗ ਕਰ ਲਿਆ ਸੀ, ਪਰ 10 ਮਹੀਨੇ ਬਾਅਦ 7 ਜਨਵਰੀ 2012 ਨੂੰ ਪੀਪਲਜ਼ ਪਾਰਟੀ ਵੱਲੋਂ ਮੁਹਾਲੀ ਤੋਂ ਚੋਣ ਲੜਨ ਦੀ ਪੇਸ਼ਕਸ਼ ਵੀ ਸ. ਬਾਦਲ ਵੱਲੋਂ ਕੀਤੀ ਗਈ। ਉਹ ਚੋਣ ਲੜਨ ਦੀ ਇੱਛਾ ਨਹੀਂ ਸਨ ਰੱਖਦੇ, ਪਰ ਪਾਰਟੀ ਦੇ ਦਬਾਅ ਅੱਗੇ ਝੁਕਣਾ ਪਿਆ ਸੀ। ਬਾਵਜੂਦ ਇਸ ਦੇ ਪਾਰਟੀ ਨੇ ਚੋਣ ਦੌਰਾਨ ਉਨ੍ਹਾਂ ਦੀ ਕਿਸੇ ਤਰ੍ਹਾਂ ਦੀ ਵੀ ਮੱਦਦ ਨਹੀਂ ਕੀਤੀ।

## ਅਮਰੀਕਾ ਵੱਲੋਂ ਅਸਾਂਜ ਨੂੰ ਕੂਟਨੀਤਕ ਸ਼ਰਨ ਦੇਣ ਤੋਂ ਇਨਕਾਰ

**ਵਾਸ਼ਿੰਗਟਨ:** ਇਕੁਆਡੋਰ ਵੱਲੋਂ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੂੰ ਲੰਡਨ 'ਚ ਆਪਣੇ ਸਫ਼ਾਰਤਖਾਨੇ 'ਚ ਰਹਿਣ ਦੀ ਇਜਾਜ਼ਤ ਦੇਣ ਮਗਰੋਂ ਅਮਰੀਕਾ ਨੇ ਕਿਹਾ ਹੈ ਕਿ ਉਹ 'ਕੂਟਨੀਤਕ ਸ਼ਰਨ' ਦੇ ਸੰਕਲਪ ਨੂੰ ਮਾਨਤਾ ਨਹੀਂ ਦਿੰਦਾ। ਅਮਰੀਕਾ ਨੇ ਅਸਾਂਜ ਦੇ ਮੁੱਦੇ 'ਤੇ ਵਿਚਾਰ ਲਈ 'ਪਰਮਾਨੈਂਟ ਕੌਂਸਲ ਆਫ ਆਰਗੇਨਾਈਜ਼ੇਸ਼ਨ ਆਫ ਅਮਰੀਕਨ ਸਟੇਟਸ' ਦੀ ਮੀਟਿੰਗ ਸੱਦਣ ਦੀ ਕਾਰਵਾਈ ਦੀ ਵੀ ਨੁਕਤਾਚੀਨੀ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਕੂਟਨੀਤਕ ਸ਼ਰਨ ਬਾਰੇ 1954 ਦੀ ਕਨਵੈਨਸ਼ਨ 'ਚ ਅਮਰੀਕਾ ਧਿਰ ਨਹੀਂ ਸੀ ਤੇ ਇਸ ਲਈ ਕੌਮਾਂਤਰੀ ਕਾਨੂੰਨ ਦਾ ਮੁੱਦਾ ਹੋਣ ਕਾਰਨ ਉਹ ਕੂਟਨੀਤਕ ਸ਼ਰਨ ਦੇ ਸੰਕਲਪ ਨੂੰ ਮਾਨਤਾ ਨਹੀਂ ਦਿੰਦਾ। ਇਕੁਆਡੋਰ ਅਸਾਂਜ ਨੂੰ ਲੰਡਨ 'ਚ ਆਪਣੇ ਸਫ਼ਾਰਤਖਾਨੇ ਵਿਚ ਅਣਮਿੱਥੇ ਸਮੇਂ ਤੱਕ ਰੱਖਣ ਦੀ ਪੇਸ਼ਕਸ਼ ਕੀਤੀ ਸੀ। ਇਕੁਆਡੋਰ ਨੇ ਵੀ 'ਅਮਰੀਕਨ ਸਟੇਟਸ ਆਰਗੇਨਾਈਜ਼ੇਸ਼ਨ' ਕੋਲ ਪਹੁੰਚ ਕਰਕੇ ਅਸਾਂਜ ਲਈ ਸ਼ਰਨ ਦੀ ਪੇਸ਼ਕਸ਼ ਦਾ ਸਮਰਥਨ ਕਰਨ ਲਈ ਕਿਹਾ ਸੀ। ਇਸ ਦੌਰਾਨ ਜੂਲੀਅਨ ਅਸਾਂਜ ਦੇ ਜੱਦੀ ਮੁਲਕ ਆਸਟਰੇਲੀਆ ਨੇ ਕਿਹਾ ਹੈ ਕਿ ਵਾਸ਼ਿੰਗਟਨ 'ਚ ਸਥਿਤ ਉਸ ਦਾ ਸਫ਼ਾਰਤਖਾਨਾ ਅਸਾਂਜ ਦੀ ਅਮਰੀਕਾ ਨੂੰ ਸੰਭਾਵਤ ਹਵਾਲਗੀ ਦੀ ਕੋਸ਼ਿਸ਼ ਕਰ ਰਿਹਾ ਹੈ। ਵਪਾਰ ਮੰਤਰੀ ਕਰੇਗ ਐਮਰਸਨ ਨੇ ਕਿਹਾ ਕਿ ਸਫਾਰਤਖਾਨਾ ਹਵਾਲਗੀ ਲਈ ਤਿਆਰ ਹੈ।

# ਬਹੁ-ਕਰੋੜੀ ਘੁਟਾਲਿਆਂ ਨੇ ਹਿਲਾਈ ਮਨਮੋਹਨ ਸਿੰਘ ਸਰਕਾਰ

*(ਸਫਾ ਇਕ ਦੀ ਬਾਕੀ)*

ਮੰਨ ਲਈ ਹੁੰਦੀ ਤਾਂ ਇਸ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੋਲਾ ਮੰਤਰਾਲੇ ਨੇ ਸਾਲ 2004 ਦੇ ਅਖੀਰ ਵਿਚ ਕਿਹਾ ਸੀ ਕਿ ਕੋਲੇ ਦੇ ਬਲਾਕ ਨਿਲਾਮੀ ਰਾਹੀਂ ਅਲਾਟ ਕੀਤੇ ਜਾਣ। ਇਸ ਦੇ ਬਾਵਜੂਦ ਬਲਾਕ ਅਲਾਟ ਕਰਨ ਦੀ ਫਾਈਲ ਪ੍ਰਧਾਨ ਮੰਤਰੀ ਦੇ ਦਫਤਰ ਦੇ ਗੇੜੇ ਕੱਟਦੀ ਰਹੀ ਤੇ ਬਲਾਕ ਨਿਲਾਮ ਕਰਨ ਦੀ ਥਾਂ ਪੁਰਾਣੀ ਨੀਤੀ ਤਹਿਤ ਹੀ ਦਿੱਤੇ ਜਾਂਦੇ ਰਹੇ। ਇਹੀ ਨਹੀਂ, ਸਾਲ 2004 ਤੋਂ 2006 ਤਕ 142 ਬਲਾਕ, ਸਰਕਾਰੀ ਤੇ ਪ੍ਰਾਈਵੇਟ ਕੰਪਨੀਆਂ ਨੂੰ ਅਲਾਟ ਕੀਤੇ ਗਏ। ਕੁਝ ਪ੍ਰਾਈਵੇਟ ਕੰਪਨੀਆਂ ਨੇ ਮਿਥੇ ਸਮੇਂ ਵਿਚ ਕੋਲਾ ਕੱਢਣਾ ਸ਼ੁਰੂ ਨਹੀਂ ਕੀਤਾ। ਸਰਕਾਰ ਇਨ੍ਹਾਂ ਦੀ ਬੈਂਕ ਗਾਰੰਟੀ ਜ਼ਬਤ ਕਰ ਸਕਦੀ ਸੀ ਪਰ ਇਸ ਮਾਮਲੇ ਵਿਚ ਵੀ ਢਿੱਲ ਵਰਤੀ ਗਈ ਹੈ। ਇਸ ਤਰ੍ਹਾਂ ਸਰਕਾਰ ਨੂੰ ਹੋਰ ਨੁਕਸਾਨ ਹੋਇਆ।

ਭਾਰਤੀ ਜਨਤਾ ਪਾਰਟੀ ਦੇ ਆਗੂਆਂ ਸੁਸ਼ਮਾ ਸਵਰਾਜ, ਅਰੁਣ ਜੇਤਲੀ, ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਲੀਡਰ ਸੀਤਾ ਰਾਮ ਯੇਚੁਰੀ ਸਮੇਤ ਕਈ ਹੋਰ ਪਾਰਟੀਆਂ ਦੇ ਆਗੂਆਂ ਨੇ ਕੋਲਾ ਘੁਟਾਲੇ ਸਬੰਧੀ ਸਰਕਾਰ ਦੀ ਜ਼ੋਰਦਾਰ ਖਿਚਾਈ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਜਵਾਬ ਮੰਗਿਆ ਹੈ ਤੇ ਉਨ੍ਹਾਂ ਨੂੰ ਇਖਲਾਕੀ ਆਧਾਰ 'ਤੇ ਅਸਤੀਫਾ ਦੇਣ ਲਈ ਕਿਹਾ ਹੈ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਯੂ.ਪੀ.ਏ. ਸਰਕਾਰ ਘੁਟਾਲਿਆਂ ਦੀ ਸਰਕਾਰ ਬਣ ਕੇ ਰਹਿ ਗਈ ਹੈ।

ਕੈਗ ਨੇ ਆਪਣੀ ਇਕ ਹੋਰ ਰਿਪੋਰਟ ਵਿਚ ਕਿਹਾ ਹੈ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਨੇ ਜੀ.ਐਮ.ਆਰ. ਗਰੁੱਪ ਦੀ ਡਾਇਲ ਕੰਪਨੀ ਨੂੰ ਦਿੱਲੀ ਹਵਾਈ ਅੱਡੇ ਦੀ ਵਰਤੋਂ ਲਈ ਮੁਸਾਫਿਰਾਂ ਕੋਲੋਂ ਵਿਕਾਸ ਫੀਸ ਵਸੂਲਣ ਦੀ ਖੁੱਲ੍ਹ ਦੇ ਕੇ ਨਿਲਾਮੀ ਸ਼ਰਤਾਂ ਦਾ ਉਲੰਘਣ ਕੀਤਾ ਹੈ। ਇਸ ਨਾਲ ਕੰਪਨੀ ਨੂੰ 3415 ਕਰੋੜ ਰੁਪਏ ਦਾ ਨਾਜਾਇਜ਼ ਫਾਇਦਾ ਹੋਣ ਦਾ ਅੰਦਾਜ਼ਾ ਹੈ। ਕੈਗ ਦੀ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਬਾਰੇ ਰਿਪੋਰਟ ਵੀ ਸੰਸਦ ਵਿਚ ਪੇਸ਼ ਕੀਤੀ ਗਈ ਜਿਸ ਵਿਚ ਕਿਹਾ ਗਿਆ ਹੈ ਕਿ ਡਾਇਲ ਦਾ ਕੌਮਾਂਤਰੀ ਹਵਾਈ ਅੱਡੇ ਵਿਚ 54 ਫੀਸਦੀ ਹਿੱਸਾ ਹੈ। ਕੈਗ ਮੁਤਾਬਕ ਕੰਪਨੀ ਪ੍ਰਾਜੈਕਟ ਦੀ 19 ਫੀਸਦੀ ਰਕਮ ਆਪਣੇ ਸਾਧਨਾਂ ਤੋਂ ਤੇ 42 ਫੀਸਦੀ ਕਰਜ਼ੇ ਤੋਂ ਖਰਚ ਕਰ ਰਹੀ ਹੈ ਤੇ ਬਾਕੀ ਰਕਮ ਜ਼ਮਾਨਤੀ ਰਾਸ਼ੀ ਤੇ ਵਿਕਾਸ ਫੀਸ ਵਿਚੋਂ ਵਰਤ ਰਹੀ ਹੈ। ਜਦੋਂ ਵੀ ਪੈਸੇ ਦੀ ਵਰਤੋਂ ਦਾ ਮਾਮਲਾ ਉਠਿਆ ਤਾਂ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਤੇ ਏ.ਏ.ਆਈ. ਨੇ ਸਰਕਾਰ ਦੀ ਥਾਂ ਪ੍ਰਾਈਵੇਟ ਕੰਪਨੀ ਦਾ ਪੱਖ ਪੂਰਿਆ ਹੈ। ਇਸ ਵੇਲੇ ਘਰੇਲੂ ਉਡਾਣਾਂ ਲਈ ਪ੍ਰਤੀ ਵਿਅਕਤੀ 220 ਤੋਂ 520 ਰੁਪਏ ਤੇ ਕੌਮਾਂਤਰੀ ਉਡਾਣਾਂ ਲਈ 490 ਤੋਂ 1200 ਰੁਪਏ ਫ਼ੀਸ ਵਸੂਲੀ ਜਾਂਦੀ ਹੈ।

### ਰਿਲਾਇੰਸ ਨੂੰ 29 ਹਜ਼ਾਰ ਕਰੋੜ ਦਾ ਫਾਇਦਾ

ਕੈਗ ਨੇ ਆਪਣੀ ਤੀਜੀ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਅਨਿਲ ਅੰਬਾਨੀ ਦੀ ਰਿਲਾਇੰਸ ਪਾਵਰ ਕੰਪਨੀ ਦੇ ਸਾਸਨ ਪਾਵਰ ਪ੍ਰਾਜੈਕਟ ਨੂੰ ਕੋਲੇ ਦੇ ਬਲਾਕ ਅਲਾਟ ਕੀਤੇ ਗਏ ਤੇ ਇਨ੍ਹਾਂ ਦਾ ਵਾਧੂ ਕੋਲਾ ਹੋਰ ਪਲਾਂਟਾਂ ਵਿਚ ਵਰਤਣ ਦੀ ਇਜਾਜ਼ਤ ਦੇ ਕੇ ਕੰਪਨੀ ਨੂੰ 29033 ਕਰੋੜ ਰੁਪਏ ਦਾ ਨਾਜਾਇਜ਼ ਲਾਭ ਦਿੱਤਾ ਗਿਆ ਹੈ।

ਕੈਗ ਰਿਪੋਰਟ ਮੁਤਾਬਕ 4,000 ਮੈਗਾਵਾਟ ਦੇ ਸਾਸਾਨ ਅਲਟਰਾ ਮੈਗਾ ਪਾਵਰ ਪ੍ਰਾਜੈਕਟ ਲਈ ਕੋਲੇ ਦੀਆਂ ਤਿੰਨ ਖਾਣਾਂ ਦਾ ਕੋਲਾ ਵਰਤਣ ਦੀ ਆਗਿਆ ਦਿੱਤੀ ਗਈ ਸੀ ਪਰ ਇਨ੍ਹਾਂ ਦਾ ਵਾਧੂ ਕੋਲਾ ਇਸੇ ਗਰੁੱਪ ਦੇ ਮੱਧ ਪ੍ਰਦੇਸ਼ ਵਿਚਲੇ ਚਿਤਰੰਗੀ ਪ੍ਰਾਜੈਕਟ ਲਈ ਦੇਣ ਦੀ ਆਗਿਆ ਦਿੱਤੀ ਗਈ ਜਿਸ ਨਾਲ ਗਰੁੱਪ ਨੂੰ ਵੱਡਾ ਲਾਹਾ ਮਿਲੇਗਾ। ਕੰਪਨੀ ਨੂੰ ਵਾਧੂ ਕੋਲਾ ਵਰਤਣ ਦੀ ਆਗਿਆ ਨਿਲਾਮੀ ਤੋਂ ਬਾਅਦ ਦਿੱਤੀ ਗਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਬਰਸੀ ਮਨਾਈ

**ਮਨਟੀਕਾ (ਬਿਊਰੋ):** ਗੁਰਦੁਆਰਾ ਗੁਰਮਤਿ ਪ੍ਰਕਾਸ਼, ਮਨਟੀਕਾ ਵਿਖੇ ਦਮਦਮੀ



ਟਕਸਾਲ ਦੇ 13ਵੇਂ ਮੁੱਖੀ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸਲਾਨਾ ਬਰਸੀ ਸਮੂਹ ਸੰਗਤ ਵੱਲੋਂ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਗਈ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ ਜਿਸ ਵਿਚ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਪੋਤਰੇ ਅਤੇ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਦੇ ਸਪੁੱਤਰ ਭਾਈ ਤਰਲੋਚਨ ਸਿੰਘ ਵਿਸ਼ੇਸ਼ ਤੌਰ ਸ਼ਾਮਿਲ ਹੋਏ। ਉਨ੍ਹਾਂ ਸੰਤਾਂ ਦੇ ਜੀਵਨ ਦੀਆਂ ਕੁਝ ਝਲਕੀਆਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ ਅਤੇ ਸੰਗਤਾਂ ਨੂੰ ਅੰਮ੍ਰਿਤਧਾਰੀ ਹੋਣ ਅਤੇ ਬਾਣੀ ਤੇ ਬਾਣੇ ਨਾਲ ਜੁੜਨ ਦੀ ਅਪੀਲ ਵੀ ਕੀਤੀ।

ਪੰਜ ਘੰਟੇ ਚੱਲੇ ਇਸ ਦੀਵਾਨ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਹਰਪਾਲ ਸਿੰਘ ਦੇ ਰਾਗੀ ਜਥੇ ਨੇ ਰਸਭਿੰਨੇ ਕੀਰਤਨ ਅਤੇ ਗਿਆਨੀ ਭਾਈ ਅਮਰਬੀਰ ਸਿੰਘ ਦਮਦਮੀ ਟਕਸਾਲ, ਗਿਆਨੀ ਭਾਈ ਸਤਨਾਮ ਸਿੰਘ ਇਟਲੀ ਵਾਲਿਆਂ, ਗਿਆਨੀ ਭਾਈ ਗੁਰਪ੍ਰੀਤ ਸਿੰਘ ਐਲ. ਏ. ਵਾਲਿਆਂ ਨੇ ਸੰਤਾਂ ਦੇ ਜੀਵਨ ਬਾਰੇ ਕਥਾ-ਵਿਚਾਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਰਣਜੀਤ ਸਿੰਘ, ਭਾਈ ਸੁਲੱਖਣ ਸਿੰਘ, ਭਾਈ ਮੱਖਣ ਸਿੰਘ, ਭਾਈ ਗੁਰਮੀਤ ਸਿੰਘ ਵਾਲੀਆ, ਭਾਈ ਰੁਪਿੰਦਰ ਸਿੰਘ, ਭਾਈ ਜੋਗਿੰਦਰ ਸਿੰਘ, ਭਾਈ ਸਾਹਿਬ ਸਿੰਘ, ਭਾਈ ਜਰਨੈਲ ਸਿੰਘ ਆਦਿ ਹੋਰ ਕਈ ਸਿੰਘਾਂ ਨੇ ਵੱਖ ਵੱਖ ਸੇਵਾ ਨਿਭਾਈ।





# ਪੰਜ ਸਾਲਾਂ ’ਚ ਪੰਜਾਬ ਦੀ ਕਾਇਆ ਪਲਟੀ ਹੋਵੇਗੀ:ਸੇਖਵਾਂ

**ਸਿਆਟਲ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਕਿਹਾ ਹੈ ਕਿ ਪੰਜਾਬ ਵਿਚ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਵਿਕਾਸ ਸਕੀਮਾਂ ਦੇ ਨਤੀਜੇ ਵਜੋਂ ਆਉਣ ਵਾਲੇ ਪੰਜ ਸਾਲਾਂ ਅੰਦਰ ਪੰਜਾਬ ਦਾ ਜੋ ਸਰੂਪ ਹੋਵੇਗਾ, ਉਸ ‘ਤੇ ਪੰਜਾਬੀ ਮਾਣ ਕਰਨਗੇ। ਪੰਜਾਬ ਹਰ ਪੱਖੋਂ ਇਕ ਖੁਸ਼ਹਾਲ ਸੂਬਾ ਹੋਵੇਗਾ। ਉਹ ਇਥੇ ਆਪਣੇ ਸਵਾਗਤ ਵਿਚ ਕੀਤੇ ਗਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਜਥੇਦਾਰ ਸੇਖਵਾਂ ਇਨ੍ਹੀਂ ਦਿਨੀਂ ਕੈਨੇਡਾ, ਅਮਰੀਕਾ ਦੇ ਦੌਰੇ ‘ਤੇ ਹਨ।

ਸਮਾਗਮ ਵਿਚ ਪਹੁੰਚੇ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਗੁਰਦੀਪ ਸਿੰਘ ਸਿੱਧੂ ਨੇ ਕਿਹਾ ਕਿ ਜਥੇਦਾਰ ਸੇਖਵਾਂ ਇਕੱਲੇ ਨਹੀਂ ਸਗੋਂ ਪੰਜਾਬ ਨਾਲ ਜੁੜੀਆਂ ਬਹੁਤ ਸਾਰੀਆਂ ਯਾਦਾਂ ਲੈ ਕੇ ਇਥੇ ਆਏ ਹਨ। ਸਕੱਤਰ ਸਿੰਘ ਸੰਧੂ, ਬੌਬੀ ਵਿਰਕ, ਰਘਬੀਰ ਸਿੰਘ ਜਖਮੀ ਅਤੇ ਜਥੇਦਾਰ ਸੇਖਵਾਂ ਦੇ ਜਮਾਤੀ ਮਾਸਟਰ ਦਲਬੀਰ ਸਿੰਘ ਨੇ ਸੇਖਵਾਂ ਪਰਿਵਾਰ ਦੀ ਸਿੱਖ ਪੰਥ ਅਤੇ ਪੰਜਾਬ ਲਈ ਵਡਮੁੱਲੀ ਦੇਣ ਦਾ ਜ਼ਿਕਰ ਕੀਤਾ ਅਤੇ ਨਾਲ ਹੀ ਵਿਦੇਸ਼ਾਂ ਵਿਚ ਪਰਵਾਸੀ ਪੰਜਾਬੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ. ਹਰਚੰਦ ਸਿੰਘ, ਕਰਨਲ ਹਰਦਿਆਲ ਸਿੰਘ ਵਿਰਕ, ਲੱਖਾ ਸਿੰਘ ਸੰਧੂ, ਬਾਬਾ ਬੁੱਢਾ ਐਸੋਸੀਏਸ਼ਨ ਦੇ ਪ੍ਰਧਾਨ ਸਤਵਿੰਦਰ ਸਿੰਘ ਸੰਧੂ, ਅਮਰਪਾਲ ਸਿੰਘ ਕਾਹਲੋਂ, ਜਸਬੀਰ ਸਿੰਘ ਰੰਧਾਵਾ, ਗੁਰਚਰਨ ਸਿੰਘ ਸਮਰਾ, ਕੇਵਲ ਸਿੰਘ ਭੰਡਾਲ, ਇੰਦਰਜੀਤ ਸਿੰਘ, ਵੀਰ ਸਿੰਘ, ਭਜਨ ਸਿੰਘ ਗਿੱਲ, ਜਗਦੇਵ ਸਿੰਘ ਧਾਲੀਵਾਲ, ਪਰਮਜੀਤ ਸਿੰਘ, ਜੱਸ ਧਾਲੀਵਾਲ, ਮਨਮੋਹਨ ਸਿੰਘ ਧਾਲੀਵਾਲ, ਪੰਜਾਬ ਸਪੋਰਟਸ ਕਲੱਬ ਦੇ ਸਰਪ੍ਰਸਤ ਦਿਆਬੀਰ ਸਿੰਘ ਬਾਠ, ਮਨਜੀਤ ਸਿੰਘ ਚਾਹਲ, ਮੋਹਣ ਯੋਧਾ, ਧਰਮ ਸਿੰਘ, ਅਵਤਾਰ ਸਿੰਘ ਪੁਰੇਵਾਲ, ਗੁਰਦੇਵ ਸਿੰਘ ਪੁਰੇਵਾਲ, ਗਿਆਨ ਸਿੰਘ ਬਾਜਵਾ, ਭਜਨ ਸਿੰਘ ਸੰਧੂ ਅਤੇ ਤਰਮੰਗਲ ਸਿੰਘ ਹਾਜ਼ਰ ਸਨ।

# ਸੜਕ ਹਾਦਸਿਆਂ ਵਿਚ 1.36 ਲੱਖ ਮੌਤਾਂ

ਚੰਡੀਗੜ੍ਹ: ਸਾਲ 2011 ਦੌਰਾਨ ਦੇਸ਼ ਵਿਚ ਸੜਕ ਹਾਦਸਿਆਂ ਦੌਰਾਨ 1,36,834 ਜਾਨਾਂ ਜਾਂਦੀਆਂ ਰਹੀਆਂ। ਕੌਮੀ ਆਵਾਜਾਈ ਯੋਜਨਾਬੰਦੀ ਤੇ ਖੋਜ ਕੇਂਦਰ ਵੱਲੋਂ ਦਿੱਤੇ ਇਨ੍ਹਾਂ ਵੇਰਵਿਆਂ ਮੁਤਾਬਕ ਇਨ੍ਹਾਂ ਵਿਚੋਂ ਸਭ ਤੋਂ ਵੱਧ 15422 ਮੌਤਾਂ ਤਾਮਿਲਨਾਡੂ ਵਿਚ ਹੋਈਆਂ। ਆਂਧਰਾ ਪ੍ਰਦੇਸ਼ ਸੜਕ ਹਾਦਸਿਆਂ ਵਿਚ ਮੌਤਾਂ ਦੇ ਲਿਹਾਜ਼ ਨਾਲ ਦੂਜੇ ਨੰਬਰ ਉੱਤੇ ਰਿਹਾ ਜਿੱਥੇ 15158 ਲੋਕ ਮਾਰੇ ਗਏ ਤੇ ਉੱਤਰ ਪ੍ਰਦੇਸ਼ 14996 ਮੌਤਾਂ ਨਾਲ ਤੀਜੇ ਤੇ ਮਹਾਰਾਸ਼ਟਰ 13680 ਮੌਤਾਂ ਨਾਲ ਚੌਥੇ ਨੰਬਰ ‘ਤੇ ਰਿਹਾ।

ਇਸ ਅਰਸੇ ਦੌਰਾਨ ਦੇਸ਼ ਵਿਚ ਕੁੱਲ 4,40,123 ਸੜਕ ਹਾਦਸੇ ਹੋਏ। ਇਨ੍ਹਾਂ ਵਿਚੋਂ ਸਭ ਤੋਂ ਵੱਧ 65873 ਹਾਦਸੇ ਤਾਮਿਲਨਾਡੂ ਵਿਚ ਹੋਏ ਜਦੋਂਕਿ 47120 ਹਾਦਸਿਆਂ ਸਾਲ ਮਹਾਰਾਸ਼ਟਰ ਦੂਜੇ, 44696 ਹਾਦਸਿਆਂ ਨਾਲ ਕਰਨਾਟਕ ਤੀਜੇ ਤੇ 41066 ਹਾਦਸਿਆਂ ਨਾਲ ਆਂਧਰਾ ਪ੍ਰਦੇਸ਼ ਚੌਥੇ ਨੰਬਰ ‘ਤੇ ਰਿਹਾ।

ਕੇਂਦਰੀ ਖੇਤਰਾਂ ਵਿੱਚੋਂ ਦਿੱਲੀ ਵਿਚ ਸਭ ਤੋਂ ਵੱਧ 7280 ਹਾਦਸਿਆਂ ਵਿਚ 2107 ਵਿਅਕਤੀ ਮਾਰੇ ਗਏ। ਦੂਜੇ ਪਾਸੇ ਕੇਂਦਰੀ ਖੇਤਰ ਲਕਸ਼ਦੀਪ ਟਾਪੂਆਂ ਵਿਚ ਇਕ ਵੀ ਸੜਕ ਹਾਦਸਾ ਨਹੀਂ ਹੋਇਆ। ਇਸੇ ਤਰ੍ਹਾਂ ਨਾਗਲੈਂਡ ਵਿਚ ਮੌਤਾਂ ਤੇ ਹਾਦਸਿਆਂ ਦੀ ਗਿਣਤੀ ਸਭ ਤੋਂ ਘੱਟ ਰਹੀ। ਉਥੇ ਕੁੱਲ 32 ਸੜਕ ਹਾਦਸੇ ਦਰਜ ਹੋਏ ਜਿਨ੍ਹਾਂ ਵਿਚ 36 ਜਾਨਾਂ ਗਈਆਂ।

ਰਿਪੋਰਟ ਮੁਤਾਬਕ ਦੁਨੀਆਂ ਭਰ ਵਿਚ ਹਰ ਸਾਲ ਕਰੀਬ 13 ਲੱਖ ਲੋਕ ਸੜਕ ਹਾਦਸਿਆਂ ਵਿਚ ਮਾਰੇ ਜਾਂਦੇ ਹਨ ਤੇ 5 ਕਰੋੜ ਜ਼ਖ਼ਮੀ ਹੁੰਦੇ ਹਨ। ਬਹੁਤੇ ਵਿਕਸਤ ਮੁਲਕਾਂ ਵਿਚ 2009 ਦੌਰਾਨ ਸੜਕ ਹਾਦਸਿਆਂ ਵਿਚ ਕਾਬਿਲੇ ਜ਼ਿਕਰ ਕਮੀ ਆਈ ਹੈ। ਅਮਰੀਕਾ ਵਿਚ ਇਸ ਸਾਲ ਸੜਕ ਹਾਦਸਿਆਂ ਸਬੰਧੀ ਮੌਤ ਦਰ ਬੀਤੇ 50 ਸਾਲਾਂ ਵਿਚ ਸਭ ਤੋਂ ਘੱਟ ਦਰਜ ਕੀਤੀ ਗਈ।

Short Sale Specialist

We Can Sell Your Home in Short Sale at No Cost to You

For Buying & Selling Residential Property And For Loans

Call: Sohanpreet ‘Sam’ Chahal

@916-612-5773

Serving from Bay Area to Sacramento

Call for free listing of Reo-Bankowned Properties

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



Yarra, Kharazi & Associates

Phone: (888) 97YARRA (92772)

Bankruptcy & Criminal Law

Offices in Bakersfield, Fresno and Merced

Bring this ad in and receive a free consultation

ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ ’ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com



# ਬਾਬੇ ਭਰਪੂਰ ਨੇ ਅੱਖੀਂ ਤੱਕਿਆ ਜਲ੍ਹਿਆਂਵਾਲੇ ਬਾਗ਼ ਦਾ ਸਾਕਾ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਪੁਲਿਸ ਦੇ ਸੀ.ਆਈ.ਡੀ. ਵਿਭਾਗ ਦੇ ਮੁਲਾਜ਼ਮ ਰਹੇ ਤੇ ਇਸ ਵੇਲੇ ਆਸਟਰੇਲੀਆਂ ਰਹਿ ਰਹੇ 97 ਸਾਲਾ ਭਰਪੂਰ ਸਿੰਘ ਨੇ 13 ਅਪਰੈਲ 1919 ਨੂੰ ਵਾਪਰੇ ਜਲ੍ਹਿਆਂਵਾਲਾ ਬਾਗ ਸਾਕੇ ਦਾ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਉਹ ਚਾਰ ਵਰ੍ਹਿਆਂ ਦੇ ਸਨ। ਭਰਪੂਰ ਸਿੰਘ ਅੱਜ ਕੱਲ੍ਹ ਇਥੇ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਏ ਹਨ।

**ਕੰਧ ਟੱਪ ਕੇ ਬਚਾਈ ਸੀ ਜਾਨ**



97 ਸਾਲਾਂ ਦੀ ਉਮਰ ਵਿਚ ਉਹ ਪੂਰੀ ਤਰ੍ਹਾਂ ਤੰਦਰੁਸਤ ਹਨ ਤੇ ਬੀਤੇ ਦੀਆਂ ਗੱਲਾਂ ਵੀ ਉਨ੍ਹਾਂ ਨੂੰ ਪੂਰੀ ਤਰ੍ਹਾਂ ਯਾਦ ਹਨ। ਉਨ੍ਹਾਂ ਦੱਸਿਆ ਕਿ ਉਹ ਇਥੇ ਪੁਲਿਸ ਦੇ ਸੀ.ਆਈ.ਡੀ. ਵਿਭਾਗ ਵਿਚ ਨੌਕਰੀ ਕਰਦੇ ਰਹੇ ਹਨ। ਉਸ ਵੇਲੇ ਉਨ੍ਹਾਂ ਦਾ ਜੱਦੀ ਘਰ ਜਲ੍ਹਿਆਂਵਾਲਾ ਬਾਗ ਨੇੜੇ ਜੜਾਊ ਗਲੀ ਵਿਚ ਸੀ ਜਿੱਥੇ ਵਧੇਰੇ ਮਾਰਵਾੜੀ ਲੋਕ ਰਹਿੰਦੇ ਸਨ। 13 ਅਪਰੈਲ 1919 ਨੂੰ ਉਹ, ਉਸਦੇ ਦਾਦਾ ਜੀ ਤੇ ਇਕ ਚਾਚਾ ਜਲ੍ਹਿਆਂਵਾਲਾ ਬਾਗ ਵਿਚ ਹੋ ਰਹੇ ਜਲਸੇ ਵਿਚ ਮੌਜੂਦ ਸਨ।

ਇਸ ਜਲਸੇ 'ਤੇ ਅੰਗਰੇਜ਼ੀ ਹਕੂਮਤ ਨੇ ਰੋਕ ਲਾ ਦਿੱਤੀ ਸੀ। ਜਲਸੇ ਮੌਕੇ ਅੰਗਰੇਜ਼ ਅਧਿਕਾਰੀ ਜਨਰਲ ਡਾਇਰ ਫੌਜਾ ਸਮੇਤ ਆਇਆ ਤੇ ਉਸ ਨੇ ਜਲ੍ਹਿਆਂਵਾਲਾ ਬਾਗ ਦਾ ਮੁੱਖ ਰਸਤਾ ਬੰਦ ਕਰ ਦਿੱਤਾ। ਜਨਰਲ ਡਾਇਰ ਨੇ ਫੌਜੀਆਂ ਨੂੰ ਨਿਹੱਥੇ ਲੋਕਾਂ 'ਤੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਬੱਚਾ ਹੋਣ ਕਾਰਨ ਉਸ ਨੂੰ ਇਸ ਸਭ ਬਾਰੇ ਪਤਾ ਨਹੀਂ ਸੀ ਕਿ ਇਹ ਕੀ ਹੋ ਰਿਹਾ ਹੈ। ਲੋਕਾਂ ਦਾ ਚੀਕ ਚਿਹਾੜਾ ਮਚ ਗਿਆ ਤੇ ਸਾਰੇ ਇੱਧਰ ਉਧਰ ਭੱਜ ਰਹੇ ਸਨ।

ਉਸੇ ਵੇਲੇ ਉਨ੍ਹਾਂ ਦੇ ਦਾਦੇ ਨੇ ਉਨ੍ਹਾਂ ਨੂੰ ਚੁੱਕਿਆ ਤੇ ਬਾਗ ਦੇ ਦੱਖਣੀ ਹਿੱਸੇ ਵੱਲ ਭੱਜੇ ਜਿਥੋਂ ਉਹ ਕੰਧ ਟੱਪ ਕੇ ਸੁਰੱਖਿਅਤ ਆਪਣੇ ਘਰ ਪੁੱਜ ਗਏ ਸਨ। ਇਸ ਭੱਜ ਦੌੜ ਵਿਚ ਕੰਧ ਟੱਪਣ ਸਮੇਂ ਉਸ ਦੇ ਚਾਚੇ ਦੀ ਡਿੱਗਣ ਕਾਰਨ ਬਾਂਹ ਟੁੱਟ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਚਾਚੇ ਨੇ ਬਾਂਹ ਟੁੱਟਣ ਦਾ ਕਿਸੇ ਹਸਪਤਾਲ ਤੋਂ ਇਲਾਜ ਨਹੀਂ ਕਰਵਾਇਆ ਸੀ ਕਿਉਂਕਿ ਉਸ ਵੇਲੇ ਅੰਗਰੇਜ਼ੀ ਫ਼ੌਜੀ ਹਸਪਤਾਲਾਂ ਵਿਚੋਂ ਜ਼ਖ਼ਮੀਆਂ ਦੀ ਭਾਲ ਕਰ ਰਹੇ ਸਨ। ਭਰਪੂਰ ਸਿੰਘ ਨੂੰ ਇਸ ਘਟਨਾ ਤੋਂ ਇਲਾਵਾ 1947 ਵਿਚ ਦੇਸ਼ ਦੀ ਵੰਡ ਦੇ ਖ਼ੂਨੀ ਦ੍ਰਿਸ਼ ਵੀ ਯਾਦ ਹਨ। ਉਨ੍ਹਾਂ ਦੱਸਿਆ ਕਿ ਦੇਸ਼ ਵੰਡ ਤੋਂ ਕੁਝ ਦਿਨ ਪਹਿਲਾਂ ਉਹ ਲਾਹੌਰ ਸਨ ਤੇ ਵੰਡ ਤੋਂ ਬਾਅਦ ਅੰਮ੍ਰਿਤਸਰ ਆ ਗਏ ਸਨ।

ਇਸ ਦੌਰਾਨ ਉਨ੍ਹਾਂ ਦੋਵੇਂ ਪਾਸੇ ਵਾਪਰੇ ਖ਼ੂਨੀ ਕਾਂਡ ਦੇਖੇ ਜੋ ਅੱਜ ਵੀ ਉਨ੍ਹਾਂ ਨੂੰ ਯਾਦ ਹਨ। ਦੱਸਣਯੋਗ ਹੈ ਕਿ ਇਕ ਹੋਰ ਬਜ਼ੁਰਗ ਸ਼ਿੰਗਾਰਾ ਸਿੰਘ ਜਿਨ੍ਹਾਂ ਦਾ ਕੁਝ ਵਰ੍ਹੇ ਪਹਿਲਾਂ ਦੇਹਾਂਤ ਹੋ ਗਿਆ ਸੀ, ਨੇ ਵੀ ਜਲ੍ਹਿਆਂਵਾਲਾ ਬਾਗ ਕਤਲੇਆਮ ਦਾ ਚਸ਼ਮਦੀਦ ਗਵਾਹ ਹੋਣ ਦਾ ਦਾਅਵਾ ਕੀਤਾ ਸੀ।

ਇਸੇ ਤਰ੍ਹਾਂ ਹਰਿਆਣਾ ਵਾਸੀ ਇਕ ਹੋਰ ਬਜ਼ੁਰਗ ਵੱਲੋਂ ਵੀ ਇਸ ਘਟਨਾ ਦਾ ਗਵਾਹ ਹੋਣ ਦਾ ਦਾਅਵਾ ਕੀਤਾ ਜਾ ਚੁੱਕਾ ਹੈ। ਜਲ੍ਹਿਆਂਵਾਲਾ ਬਾਗ ਕਤਲੇਆਮ ਵਿਚ ਕਿੰਨੇ ਲੋਕ ਮਾਰੇ ਗਏ ਸਨ, ਇਸ ਦੀ ਸਹੀ ਪੁਸ਼ਟੀ ਹੁਣ ਤੱਕ ਨਹੀਂ ਹੋ ਸਕੀ ਹੈ। ਇਸ ਬਾਰੇ ਜ਼ਿਲ੍ਹਾ ਪ੍ਰਸ਼ਾਸਨ, ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ, ਜਲ੍ਹਿਆਂਵਾਲਾ ਬਾਗ ਸ਼ਹੀਦ ਸਮਾਰਕ ਸਮਿਤੀ ਕੋਲ ਮਰਨ ਵਾਲਿਆਂ ਦੀਆਂ ਵੱਖ-ਵੱਖ ਸੂਚੀਆਂ ਹਨ।

# ਸ਼ਹੀਦ ਸੁਖਦੇਵ ਦੀ ਜਨਮ ਤਾਰੀਖ਼ 14 ਫਰਵਰੀ!

**ਚੰਡੀਗੜ੍ਹ:** ਸ਼ਹੀਦ ਸੁਖਦੇਵ ਦੀ ਜਨਮ ਤਾਰੀਖ਼ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਪੰਜਾਬ ਸਰਕਾਰ ਦੇ ਫਰੀਡਮ ਫਾਈਟਰ ਮਾਮਲੇ ਵਿਭਾਗ ਚੰਡੀਗੜ੍ਹ ਦੇ ਪ੍ਰਮੁੱਖ ਸਕੱਤਰ ਨੂੰ ਲਿਖੇ ਬੇਨਤੀ ਪੱਤਰ 'ਚ ਸ਼ਹੀਦ ਸੁਖਦੇਵ ਯਾਦਗਾਰੀ ਕਮੇਟੀ ਦੇ ਕਨਵੀਨਰ ਡਾ. ਹਰਦੀਪ ਸਿੰਘ ਨੇ ਕਿਹਾ ਹੈ ਕਿ ਸ਼ਹੀਦ ਭਗਤ ਸਿੰਘ ਦੇ ਸਾਥੀ ਆਜ਼ਾਦੀ ਘੁਲਾਟੀਏ ਸ਼ਹੀਦ ਸੁਖਦੇਵ ਦੀ ਜਨਮ ਮਿਤੀ 15 ਮਈ, 1907 ਦੀ ਬਜਾਏ 14 ਫਰਵਰੀ, 1907 ਮੰਨੀ ਜਾਵੇ।



ਡਾ. ਹਰਦੀਪ ਸਿੰਘ ਵੱਲੋਂ ਬੇਨਤੀ ਪੱਤਰ ਵਿਚ ਦਰਜ ਸਬੂਤਾਂ ਅਨੁਸਾਰ ਕਿਹਾ ਕਿ ਸ਼ਹੀਦ ਸੁਖਦੇਵ ਜਿਨ੍ਹਾਂ ਨੂੰ ਅੰਗਰੇਜ਼ ਹਕੂਮਤ ਵੱਲੋਂ 23 ਮਾਰਚ, 1931 ਨੂੰ ਫਾਂਸੀ ਚੜ੍ਹਾ ਦਿੱਤਾ ਗਿਆ, ਸਾਲ 2004 ਤੱਕ ਉਨ੍ਹਾਂ ਦਾ ਜਨਮ ਸਥਾਨ ਤੇ ਸਮੂਹ ਪਰਿਵਾਰ ਗੁੰਮਨਾਮੀ 'ਚ ਰਿਹਾ। ਸ਼ਹੀਦ ਸੁਖਦੇਵ ਯਾਦਗਾਰ ਕਮੇਟੀ, ਲੁਧਿਆਣਾ ਦੇ ਯਤਨਾਂ ਸਦਕਾ ਸ਼ਹੀਦ ਸੁਖਦੇਵ ਦਾ ਜਨਮ ਸਥਾਨ ਤੇ ਯਾਦਗਾਰ ਤੇ ਪਰਿਵਾਰ ਨੂੰ ਪੰਜਾਬ ਸਰਕਾਰ ਦੇ ਧਿਆਨ 'ਚ ਲਿਆਂਦਾ ਗਿਆ ਹੈ।

ਇਸ ਕਮੇਟੀ ਕੋਲ ਸ਼ਹੀਦ ਸੁਖਦੇਵ ਦੀ ਜਨਮ ਤਾਰੀਖ਼ ਬਾਰੇ ਉਸ ਸਮੇਂ ਕੋਈ ਦਸਤਾਵੇਜ਼ੀ ਸਬੂਤ ਵੀ ਮੁਹੱਈਆ ਨਹੀਂ ਸਨ। ਇਸ ਲਈ ਸ਼ਹੀਦ ਸੁਖਦੇਵ ਦੇ ਪਰਿਵਾਰਕ ਸੂਤਰਾਂ ਦੇ ਆਧਾਰ 'ਤੇ ਹੀ ਇਸ ਕਮੇਟੀ ਵੱਲੋਂ ਸ਼ਹੀਦ ਸੁਖਦੇਵ ਦੀ ਜਨਮ ਤਾਰੀਖ਼ 15 ਮਈ, 1907 ਮੰਨ ਲਈ ਗਈ। ਇਸ ਕਮੇਟੀ ਦੀਆਂ ਸਾਰੀਆਂ ਪਬਲੀਕੇਸ਼ਨਾਂ ਵਿਚ ਹੁਣ ਤੱਕ ਸ਼ਹੀਦ ਸੁਖਦੇਵ ਦਾ ਜਨਮ ਦਿਹਾੜਾ 15 ਮਈ, 1907 ਹੀ ਦਰਸਾਇਆ ਗਿਆ ਪਰ ਹੁਣ ਦੇਸ਼ ਭਗਤਾਂ ਦੇ ਨਾਮਵਾਰ ਇਤਿਹਾਸਕਾਰ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੀ ਨਵੀਂ ਇਤਿਹਾਸਕ ਖੋਜ ਮੁਤਾਬਕ ਸ਼ਹੀਦ ਸੁਖਦੇਵ ਦੀ ਜਨਮ ਤਾਰੀਖ਼ 15 ਮਈ, 1907 ਦੀ ਬਜਾਏ 14 ਫਰਵਰੀ 1907 ਬਣਦੀ ਹੈ। ਜ਼ਿਕਰਯੋਗ ਹੈ ਕਿ ਸ਼ਹੀਦ ਸੁਖਦੇਵ ਨੇ 1922 ਵਿਚ 'ਸਨਾਤਨ ਧਰਮ ਹਾਈ ਸਕੂਲ, ਲਾਇਲਪੁਰ ਤੋਂ ਮੈਟ੍ਰਿਕ ਪਾਸ ਕੀਤੀ ਸੀ।

ਪ੍ਰੋ. ਵੜੈਚ ਨੇ ਖੋਜ ਤੇ ਪੜਤਾਲ ਕਰ ਕੇ 'ਪੰਜਾਬ ਯੂਨੀਵਰਸਿਟੀ, ਲਾਹੌਰ ਦੇ ਨਤੀਜੇ ਗਜ਼ਟ-ਮੈਟ੍ਰਿਕੁਲੇਸ਼ਨ ਤੇ ਸਕੂਲ ਲੀਵਿੰਗ ਐਗਜ਼ਾਮੀਨੇਸ਼ਨ 1922, ਸਨਾਤਨ ਧਰਮ ਹਾਈ ਸਕੂਲ, ਲਾਇਲਪੁਰ (ਹੁਣ ਪਾਕਿਸਤਾਨ) ਦੇ ਦਸਤਾਵੇਜ਼ ਪ੍ਰਾਪਤ ਕੀਤੇ ਹਨ। ਇਸ ਦਸਤਾਵੇਜ਼ ਵਿਚ ਸੁਖਦੇਵ ਦੀ ਜਨਮ ਤਾਰੀਖ 14 ਫਰਵਰੀ, 1907 ਦਰਜ ਹੈ। ਇਸੇ ਆਧਾਰ 'ਤੇ ਪ੍ਰੋ. ਵੜੈਚ ਨੇ ਪੱਤਰ ਰਾਹੀਂ ਸ਼ਹੀਦ ਸੁਖਦੇਵ ਯਾਦਗਾਰ ਕਮੇਟੀ ਲੁਧਿਆਣਾ ਨੂੰ ਇਹ ਜਨਮ ਤਾਰੀਖ 15 ਮਈ, 1907 ਦੀ ਬਜਾਏ 14 ਫਰਵਰੀ, 1907 ਕਰਨ ਦੀ ਬੇਨਤੀ ਕੀਤੀ ਹੈ।

## ਅਫ਼ਗਾਨ ਸਿੱਖਾਂ ਦਾ ਵਫ਼ਦ ਮੰਤਰੀ ਨੂੰ ਮਿਲਿਆ

**ਨਵੀਂ ਦਿੱਲੀ:** ਅਫ਼ਗਾਨਿਸਤਾਨ ਤੋਂ ਆਏ ਸਿੱਖਾਂ ਦਾ ਵਫ਼ਦ ਕੇਂਦਰੀ ਗ੍ਰਹਿ ਰਾਜ ਮੰਤਰੀ ਐਮ.ਪੀ. ਰਾਮਾਚੰਦਰਨ ਨੂੰ ਮਿਲਿਆ ਤੇ ਉਨ੍ਹਾਂ ਨੂੰ ਅਫ਼ਗਾਨਿਸਤਾਨ ਦੇ ਸਿੱਖਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਉਂਦਿਆਂ ਇਨ੍ਹਾਂ ਦੇ ਹੱਲ ਲਈ ਮਦਦ ਦੀ ਮੰਗ ਕੀਤੀ।

ਵਫਦ ਨੇ ਦੱਸਿਆ ਕਿ ਘੱਟ ਗਿਣਤੀ ਹੋਣ ਕਾਰਨ ਉਹਨਾਂ ਨੂੰ ਕਈ ਸਮੱਸਿਆਵਾਂ ਨਾਲ ਦਾ ਸਾਹਮਣਾ ਕਾਰਨਾ ਪੈ ਰਿਹਾ ਹੈ। ਕੇਂਦਰੀ ਮੰਤਰੀ ਨੇ ਵਫ਼ਦ ਨੂੰ ਮੰਗਾਂ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਵਫ਼ਦ ਵਿਚ ਅਫ਼ਗਾਨਿਸਤਾਨ ਦੇ ਸਿੱਖ ਨੇਤਾ ਹਰਨਾਮ ਸਿੰਘ, ਖਜਿੰਦਰ ਸਿੰਘ, ਹਰਪਾਲ ਸਿੰਘ ਲਾਂਬਾ, ਬਲਵੰਤ ਸਿੰਘ, ਕੁਲਭੂਸ਼ਨ ਚੱਢਾ ਤੇ ਐਸ.ਐਸ. ਘਈ ਸ਼ਾਮਲ ਸਨ।

# ਭਾਰਤ ਸਰਕਾਰ ਭਗਤ ਸਿੰਘ ਨੂੰ ਸ਼ਹੀਦ ਮੰਨਣ ਤੋਂ ਇਨਕਾਰੀ!

**ਚੰਡੀਗੜ੍ਹ:** ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹੱਸ ਕੇ ਫਾਂਸੀ ਦਾ ਰੱਸਾ ਚੁੰਮਣ ਵਾਲੇ ਆਜ਼ਾਦੀ ਦੇ ਪਰਵਾਨਿਆਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਭਾਰਤ ਸਰਕਾਰ ਸ਼ਹੀਦ ਹੀ ਨਹੀਂ ਮੰਨਦੀ। ਇਨ੍ਹਾਂ ਸ਼ਹੀਦਾਂ ਨੂੰ ਭਾਵੇਂ ਦੇਸ਼ ਵਾਸੀ ਸ਼ਹੀਦ ਜਾਂ ਇਸ ਤੋਂ ਵੀ ਵਧ ਕੇ ਸ਼ਹੀਦ-ਏ-ਆਜ਼ਮ ਕਹਿੰਦੇ ਹਨ ਪਰ ਕਿਸੇ ਸਰਕਾਰੀ ਫਾਈਲ ਵਿਚ ਇਨ੍ਹਾਂ ਨੂੰ ਸ਼ਹੀਦ ਨਹੀਂ ਐਲਾਨਿਆ ਗਿਆ। ਇਸ ਕਾਰਨ ਇਨ੍ਹਾਂ ਸ਼ਹੀਦਾਂ ਬਾਰੇ ਸਰਕਾਰੀ ਫਾਈਲਾਂ ਵੀ ਉਲਝਣ ਵਿਚ ਹਨ। ਇਸ ਹੈਰਾਨ ਕਰਨ ਵਾਲੇ ਤੱਥ ਦਾ ਖੁਲਾਸਾ ਸੂਚਨਾ ਅਧਿਕਾਰ ਤਹਿਤ ਮੰਗੀ ਗਈ ਜਾਣਕਾਰੀ ਵਿਚ ਹੋਇਆ ਹੈ।

ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਤੂਰਾਂ ਦੇ ਗਗਨਦੀਪ ਸਿੰਘ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਸੂਚਨਾ ਅਧਿਕਾਰ ਤਹਿਤ ਜਾਣਕਾਰੀ ਮੰਗੀ ਸੀ ਕਿ ਕੀ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਆਪਣੀ ਜਾਨ ਵਾਰ ਚੁੱਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਭਾਰਤ ਸਰਕਾਰ ਸ਼ਹੀਦ ਮੰਨਦੀ ਹੈ? ਜਵਾਬ ਵਿਚ ਫਰੀਡਮ ਫਾਈਟਰ (ਆਜ਼ਾਦੀ ਘੁਲਾਟੀਏ) ਵਿੰਗ ਦੇ ਡਾਇਰੈਕਟਰ ਆਰਸੀ ਨਾਇਕ ਨੇ ਉਨ੍ਹਾਂ ਨੂੰ ਅੰਗਰੇਜ਼ੀ ਭਾਸ਼ਾ 'ਚ ਬੜਾ ਅਜੀਬ ਤੇ ਗੋਲਮੋਲ ਜਵਾਬ ਦਿੱਤਾ ਗਿਆ ਜੋ ਅਸਲੀ ਮੁੱਦੇ ਨਾਲ ਮੇਲ ਨਹੀਂ ਖਾਂਦਾ। ਵਿਭਾਗ ਵੱਲੋਂ ਭੇਜੇ ਪੱਤਰ ਨੰਬਰ 5/42/2012 ਐਫਐਫ (ਪੀ) ਵਿਚ ਮੰਗੀ ਜਾਣਕਾਰੀ ਦੇਣ ਦੀ ਬਜਾਏ ਹੋਰ ਹੀ ਜਾਣਕਾਰੀ ਭੇਜ ਦਿੱਤੀ ਜੋ ਬਿਨੈਕਾਰ ਨੇ ਮੰਗੀ ਹੀ ਨਹੀਂ। ਪੱਤਰ ਵਿਚ ਲਿਖਿਆ ਗਿਆ ਕਿ ਵਿਭਾਗ ਸੁਤੰਤਰਤਾ ਸੈਨਿਕ ਸਨਮਾਨ ਪੈਨਸ਼ਨ ਸਕੀਮ 1980 ਤਹਿਤ ਉਨ੍ਹਾਂ ਵਿਅਕਤੀਆਂ ਨੂੰ ਪੈਨਸ਼ਨ ਭੇਜਦੀ ਹੈ ਜਿਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ ਹੈ ਤੇ ਇਸ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਉਨ੍ਹਾਂ ਕਿਹਾ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਸ਼ਹੀਦ ਹਨ ਜਾਂ ਨਹੀਂ, ਇਹ ਇਤਿਹਾਸਕ ਗੱਲ ਹੈ। ਇਸ ਦੇ ਨਾਲ ਹੀ ਲਿਖਿਆ ਕਿ ਜੇ ਉੱਤਰ ਨਾਲ ਸਹਿਮਤ ਨਹੀਂ ਹੋ ਤਾਂ ਐਫ.ਐਫ.ਆਰ. ਦੇ ਜੁਆਇੰਟ ਸੈਕਟਰੀ ਆਰ.ਆਰ. ਝਾਅ ਕੋਲ ਅਪੀਲ ਕਰ ਸਕਦੇ ਹੋ।



ਗਗਨਦੀਪ ਸਿੰਘ ਨੇ ਸਹੀ ਤੱਥ ਜਾਨਣ ਲਈ ਸ੍ਰੀ ਝਾਅ ਕੋਲ ਅਪੀਲ ਕੀਤੀ ਕਿ ਜਿਹੜੀ ਉਨ੍ਹਾਂ ਨੇ ਜਾਣਕਾਰੀ ਮੰਗੀ ਹੈ, ਉਹੋ ਦਿੱਤੀ ਜਾਵੇ। ਉਨ੍ਹਾਂ ਨੂੰ ਦੱਸਿਆ ਜਾਵੇ ਕਿ ਕੀ ਭਾਰਤ ਸਰਕਾਰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਹੀਦ ਮੰਨਦੀ ਹੈ ਜਾਂ ਨਹੀਂ। ਉਨ੍ਹਾਂ ਨੂੰ 'ਹਾਂ' ਜਾਂ 'ਨਾਂਹ' ਵਿਚ ਸਪੱਸ਼ਟ ਜਵਾਬ ਦਿੱਤਾ ਜਾਵੇ। ਸ੍ਰੀ ਝਾਅ ਨੇ ਜਵਾਬ ਵਿਚ ਇਹੋ ਕਿਹਾ ਹੈ ਕਿ ਆਪ ਨੂੰ ਇਸ ਬਾਰੇ ਪਹਿਲਾਂ ਹੀ ਜਾਣਕਾਰੀ ਭੇਜੀ ਜਾ ਚੁੱਕੀ ਹੈ।

ਇਸ ਤਰ੍ਹਾਂ ਦੇ ਜ਼ਿੰਮੇਵਾਰ ਅਧਿਕਾਰੀਆਂ ਵੱਲੋਂ ਦੇਸ਼ ਦੇ ਸ਼ਹੀਦਾਂ ਬਾਰੇ ਜਾਣਕਾਰੀ ਦਾ ਸਾਫ਼ ਜਵਾਬ ਨਾ ਦੇਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਫਰੀਡਮ ਫਾਈਟਰ ਵਿੰਗ ਕੋਲ ਵੀ ਇਸ ਮਾਮਲੇ ਦੀ ਸਹੀ ਜਾਣਕਾਰੀ ਮੁਹੱਈਆ ਹੀ ਨਹੀਂ ਹੈ। ਗਗਨਦੀਪ ਨੇ ਦੱਸਿਆ ਕਿ ਉਸ ਨੇ ਮੰਗੀ ਗਈ ਸੂਚਨਾ ਹਿੰਦੀ ਵਿਚ ਦੇਣ ਲਈ ਲਿਖਿਆ ਸੀ ਪਰ ਉਸ ਨੂੰ ਹਰ ਵਾਰ ਅੰਗਰੇਜ਼ੀ ਵਿਚ ਉੱਤਰ ਦਿੱਤਾ ਗਿਆ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਭਾਵੇਂ ਦੇਸ਼ ਨੂੰ ਆਜ਼ਾਦ ਹੋਇਆਂ 65 ਸਾਲ ਬੀਤ ਚੁੱਕੇ ਹਨ ਪਰ ਹਾਲੇ ਤੱਕ ਦੇਸ਼ ਦੇ ਅਸਲੀ ਨਾਇਕਾਂ ਨੂੰ ਸਰਕਾਰੀ ਰਿਕਾਰਡ 'ਚ ਸ਼ਹੀਦ ਦਾ ਦਰਜਾ ਨਹੀਂ ਮਿਲਿਆ ਹੈ।

# ਸ਼ਹੀਦ ਊਧਮ ਸਿੰਘ ਨੇ ਕਰਵਾਇਆ ਸੀ ਲੰਡਨ ਵਿਚ ਵਿਆਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੰਡਨ ਵਿਚ ਜਨਰਲ ਡਾਇਰ ਨੂੰ ਮਾਰ ਕੇ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦਾ ਬਦਲਾ ਲੈਣ ਤੇ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਊਧਮ ਸਿੰਘ ਨੇ ਵਿਦੇਸ਼ ਪਰਵਾਸ ਦੌਰਾਨ ਵਿਆਹ ਕਰਵਾਇਆ ਸੀ ਤੇ ਉਸ ਦੇ ਦੋ ਬੇਟੇ ਵੀ ਹਨ। ਇਹ ਖੁਲਾਸਾ ਸ਼ਹੀਦ ਊਧਮ ਸਿੰਘ ਬਾਰੇ ਖੋਜ ਕਰ ਰਹੇ ਵਿਦਵਾਨ ਸਿਕੰਦਰ ਸਿੰਘ ਨੇ ਕੀਤਾ ਹੈ।

ਇਸ ਦੌਰਾਨ ਸੈਂਟਰਲ ਖਾਲਸਾ ਯਤੀਮਖਾਨਾ ਜਿਥੇ ਊਧਮ ਸਿੰਘ 12 ਸਾਲ ਰਿਹਾ, ਨੂੰ 1927 'ਚ ਅੰਮ੍ਰਿਤਸਰ ਦੇ ਏ ਡਵੀਜ਼ਨ ਥਾਣੇ 'ਚ ਉਸ ਖ਼ਿਲਾਫ਼ ਦਰਜ ਹੋਏ ਪੁਲਿਸ ਕੇਸ ਨਾਲ ਸਬੰਧਤ ਦਸਤਾਵੇਜ਼ ਪ੍ਰਾਪਤ ਹੋਏ ਹਨ। ਅਜਿਹੇ ਅਹਿਮ ਦਸਤਾਵੇਜ਼ਾਂ ਤੇ ਹੋਰ ਯਾਦਾਂ ਨੂੰ ਸੰਸਥਾ ਵੱਲੋਂ ਉਸ ਦੇ ਕਮਰੇ ਵਿਚ ਸਜਾਉਣ ਦੀ ਯੋਜਨਾ ਹੈ। ਪਟਿਆਲਾ ਜ਼ਿਲ੍ਹੇ ਦੇ ਪਾਤੜਾਂ ਸ਼ਹਿਰ ਦੇ ਸਰਕਾਰੀ ਕਾਲਜ ਦੇ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਸਿਕੰਦਰ ਸਿੰਘ ਨੇ ਸ਼ਹੀਦ ਊਧਮ ਸਿੰਘ 'ਤੇ ਪੀ.ਐਚ.ਡੀ. ਕੀਤੀ ਹੈ।

ਇਸ ਖੋਜ ਤੋਂ ਬਾਅਦ ਉਨ੍ਹਾਂ 1998 ਵਿਚ ਇਸ ਬਾਰੇ ਇਕ ਪੁਸਤਕ ਵੀ ਲਿਖੀ ਜਿਸ ਵਿਚ ਉਨ੍ਹਾਂ ਊਧਮ ਸਿੰਘ ਬਾਰੇ ਲੰਡਨ ਵਿਖੇ ਕਈ ਦਹਾਕਿਆਂ ਤੋਂ ਫਾਈਲਾਂ 'ਚ ਦੱਬੇ ਅਹਿਮ ਭੇਤ ਉਜਾਗਰ ਕਰਨ ਦਾ ਦਾਅਵਾ ਕੀਤਾ ਹੈ। ਇਸ ਪੁਸਤਕ ਵਿਚ ਉਨ੍ਹਾਂ ਲਿਖਿਆ ਕਿ ਤਕਰੀਬਨ 10 ਸਾਲ ਦੇ ਯਤਨਾਂ ਤੋਂ ਬਾਅਦ ਇਹ ਪੁਸਤਕ ਤਿਆਰ ਹੋਈ ਹੈ। ਉਨ੍ਹਾਂ 1988 'ਚ ਖੋਜ ਕਾਰਜ ਸ਼ੁਰੂ ਕਰਦਿਆਂ ਨੈਸ਼ਨਲ ਆਰਕਾਈਵਸ ਦਿੱਲੀ ਨਾਲ ਸੰਪਰਕ ਬਣਾਉਣਾ ਸ਼ੁਰੂ ਕੀਤਾ ਸੀ ਤੇ 1992 ਵਿਚ ਇਸ ਮਾਮਲੇ ਨਾਲ ਸਬੰਧਤ ਚਾਰ ਫਾਈਲਾਂ ਦੇਖਣ ਦੀ ਉਸ ਨੂੰ ਆਗਿਆ ਮਿਲੀ।

ਇਸ ਦੌਰਾਨ ਇਸ ਖੋਜਕਾਰ ਨੇ ਪਬਲਿਕ ਰਿਕਾਰਡ ਆਫਿਸ ਲੰਦਨ, ਫੋਰਨ ਐਂਡ ਕਾਮਨਵੈਲਥ ਆਫਿਸ ਲੰਦਨ ਤੇ ਪੈਂਟਨ ਵਿਲਾ ਜੇਲ੍ਹ ਦੇ ਗਵਰਨਰ ਤੇ ਹੋਰਾਂ ਨਾਲ ਵੀ ਸੰਪਰਕ ਸਥਾਪਤ ਕੀਤਾ। ਉਨ੍ਹਾਂ ਦੱਸਿਆ ਕਿ ਖੋਜ ਦੌਰਾਨ ਪਤਾ ਲੱਗਾ ਹੈ ਕਿ ਊਧਮ ਸਿੰਘ ਨੇ ਆਪਣੇ ਲੰਦਨ ਠਹਿਰਾਅ ਦੌਰਾਨ ਉਥੇ ਇਕ ਅਮਰੀਕੀ ਕ੍ਰਾਂਤੀਕਾਰੀ ਔਰਤ ਨਾਲ ਵਿਆਹ ਕਰਵਾ ਲਿਆ ਸੀ ਜਿਸ ਤੋਂ ਉਨ੍ਹਾਂ ਦੇ ਦੋ ਬੇਟੇ ਪੈਦਾ ਹੋਏ ਜੋ ਇਸ ਵੇਲੇ ਅਮਰੀਕਾ ਵਿਚ ਹੀ ਰਹਿ ਰਹੇ ਹਨ।

ਉਹ ਹੁਣ ਸ਼ਹੀਦ ਦੇ ਬੇਟਿਆਂ ਨਾਲ ਸੰਪਰਕ ਬਣਾਉਣ ਲਈ ਯਤਨਸ਼ੀਲ ਹਨ ਤੇ ਇਸ ਸਬੰਧੀ ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਨੇ ਊਧਮ ਸਿੰਘ ਬਾਰੇ ਲੰਦਨ ਤੋਂ ਕਈ ਫਾਈਲਾਂ ਪ੍ਰਾਪਤ ਕੀਤੀਆਂ ਹਨ ਜਿਨ੍ਹਾਂ 'ਚ ਉਸ ਬਾਰੇ ਕਈ ਅਹਿਮ ਗੱਲਾਂ ਦਰਜ ਹਨ ਜੋ ਹੁਣ ਤੱਕ ਕਦੇ ਵੀ ਲੋਕਾਂ ਦੇ ਸਾਹਮਣੇ ਨਹੀਂ ਆਈਆਂ ਹਨ। ਸ. ਸਿਕੰਦਰ ਸਿੰਘ ਨੇ ਆਪਣੀ ਪੁਸਤਕ ਵਿਚ ਇਹ ਵੀ ਖੁਲਾਸਾ ਕੀਤਾ ਹੈ ਕਿ 13 ਅਪਰੈਲ, 1919 ਨੂੰ ਵਾਪਰੇ ਜਲ੍ਹਿਆਂਵਾਲਾ ਬਾਗ ਕਤਲੇਆਮ ਸਮੇਂ ਊਧਮ ਸਿੰਘ ਘਟਨਾ ਵਾਲੀ ਥਾਂ 'ਤੇ ਸੀ ਤੇ ਉਹ ਲੋਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਿਹਾ ਸੀ।

**ਅਮਰੀਕਾ ਵਿਚ ਰਹਿ ਰਹੇ ਨੇ ਦੋ ਬੇਟੇ**



ਇਸ ਘਟਨਾ ਦੌਰਾਨ ਉਸ ਦੇ ਹੱਥ 'ਤੇ ਗੋਲੀ ਵੀ ਲੱਗੀ ਸੀ। ਇਹ ਖੁਲਾਸਾ ਉਸ ਦੇ ਦੋਸਤਾਂ ਮਨਜੀਤ ਸਿੰਘ ਖੁਰਸ਼ੀਦ, ਰਾਮਜੀ ਦਾਸ ਸੁਨਾਮੀ ਤੇ ਤਾਰਾ ਸਿੰਘ ਸੁਨਾਮੀ ਨੇ ਕੀਤਾ ਸੀ। 30 ਅਗਸਤ, 1927 ਨੂੰ ਦਰਜ ਹੋਈ ਐਫਆਈਆਰ 'ਚ ਉਸ ਨੇ ਆਪਣੇ ਬਿਆਨ ਦੌਰਾਨ ਜਲ੍ਹਿਆਂਵਾਲਾ ਬਾਗ ਘਟਨਾ ਵਿਚ ਗੋਲੀ ਲੱਗਣ ਦਾ ਕੋਈ ਖੁਲਾਸਾ ਨਹੀਂ ਕੀਤਾ। ਚੀਫ਼ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਚੱਲ ਰਹੇ ਸੈਂਟਰ ਖਾਲਸਾ ਯਤੀਮਖਾਨਾ ਜਿਥੇ ਊਧਮ ਸਿੰਘ ਨੇ ਆਪਣੇ ਬਚਪਨ ਦੇ 12 ਸਾਲ ਬਿਤਾਏ ਸਨ, ਨੂੰ ਸਿਕੰਦਰ ਸਿੰਘ ਨੇ ਕੁਝ ਅਹਿਮ ਦਸਤਾਵੇਜ਼ ਸੌਂਪੇ ਹਨ ਜਿਨ੍ਹਾਂ ਵਿਚ ਊਧਮ ਸਿੰਘ ਦੇ ਖ਼ਿਲਾਫ਼ 30.8.1927 ਨੂੰ ਦਰਜ ਹੋਈ ਐਫ.ਆਈ.ਆਰ. ਦੀ ਕਾਪੀ ਵੀ ਹੈ। ਉਰਦੂ 'ਚ ਲਿਖੀ ਇਸ ਐਫ.ਆਈ.ਆਰ. ਦੇ ਚਾਰ ਸਫ਼ੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਅੰਮ੍ਰਿਤਸਰ ਦੇ ਕੱਟੜਾ ਸ਼ੇਰ ਸਿੰਘ ਵਿਖੇ 30 ਅਗਸਤ,1927 ਨੂੰ ਸ਼ਾਮ 7 ਵਜੇ ਊਧਮ ਸਿੰਘ ਨੂੰ ਪੁਲਿਸ ਨੇ ਫੜਿਆ ਸੀ, ਉਸ ਵੇਲੇ ਉਸ ਨੇ ਨਾਭੀ ਰੰਗ ਦੀ ਦਸਤਾਰ ਸਜਾਈ ਹੋਈ ਸੀ। ਪੁਲਿਸ ਨੇ ਉਸ ਦੀ ਜੇਬ ਵਿਚੋਂ ਇਕ ਰਿਵਾਲਵਰ ਜਿਸ ਵਿਚ ਪੰਜ ਗੋਲੀਆਂ ਸਨ ਤੇ ਇਕ ਸੂਟਕੇਸ ਸਮੇਤ ਉਸ ਦਾ ਬਟੂਆ ਜਿਸ ਵਿਚ ਉਸ ਦੀਆਂ ਛੇ ਫੋਟੋਆਂ ਸਨ, ਬਰਾਮਦ ਕੀਤਾ ਸੀ। ਉਸ ਖ਼ਿਲਾਫ਼ ਅਸਲਾ ਐਕਟ ਹੇਠ ਕੇਸ ਦਰਜ ਕੀਤਾ ਗਿਆ ਸੀ। ਦਸਤਾਵੇਜ਼ ਦੇ ਇਕ ਹਿੱਸੇ 'ਚ ਦੋ ਅਕਤੂਬਰ 1927 ਨੂੰ ਉਸ ਵੇਲੇ ਦੇ ਐਸ.ਡੀ.ਐਮ. ਬਿਸ਼ਨ ਸਿੰਘ ਦੀ ਅਦਾਲਤ ਵੱਲੋਂ ਪੰਜ ਸਾਲ ਦੀ ਸੁਣਾਈ ਗਈ ਸਜ਼ਾ ਦਾ ਜ਼ਿਕਰ ਵੀ ਸ਼ਾਮਲ ਹੈ।

ਯਤੀਮਖਾਨੇ ਦੇ ਸੁਪਰਡੈਂਟ ਬਲਬੀਰ ਸਿੰਘ ਸੈਣੀ ਨੇ ਦੱਸਿਆ ਕਿ ਸੰਸਥਾ ਵੱਲੋਂ ਸ਼ਹੀਦ ਊਧਮ ਸਿੰਘ ਨਾਲ ਸਬੰਧਤ ਯਾਦਾਂ ਨੂੰ ਇਕੱਠਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਸ਼ਹੀਦ ਦੀਆਂ ਵੱਖ-ਵੱਖ ਸਮਿਆਂ ਦੀਆਂ ਤਸਵੀਰਾਂ ਵੀ ਪ੍ਰਾਪਤ ਕੀਤੀਆਂ ਹਨ। ਇਹ ਸਾਰੀਆਂ ਯਾਦਾਂ ਉਸ ਕਮਰੇ ਵਿਚ ਸਥਾਪਿਤ ਕੀਤੀਆਂ ਜਾਣਗੀਆਂ, ਜਿਥੇ ਕਦੇ ਊਧਮ ਸਿੰਘ ਰਹਿੰਦਾ ਹੁੰਦਾ ਸੀ। ਊਧਮ ਸਿੰਘ ਨੂੰ 24 ਅਗਸਤ 1907 ਵਿਚ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਸ਼ੇਰ ਸਿੰਘ ਦੇ ਨਾਂ ਨਾਲ ਦਾਖਲ ਕਰਵਾਇਆ ਗਿਆ ਸੀ। ਉਸ ਨੂੰ ਦਾਖਲ ਕਰਨ ਲਈ ਜਿਸ ਰਜਿਸਟਰ 'ਤੇ ਇਹ ਐਂਟਰੀਆਂ ਦਰਜ ਕੀਤੀਆਂ ਗਈਆਂ ਸਨ, ਉਹ ਰਜਿਸਟਰ ਇਥੇ ਅੱਜ ਵੀ ਮੌਜੂਦ ਹੈ। ਉਹ 1919 ਤੱਕ ਇਸ ਸੰਸਥਾ ਵਿਚ ਰਿਹਾ ਤੇ ਜਲ੍ਹਿਆਂਵਾਲਾ ਬਾਗ ਕਤਲੇਆਮ ਤੋਂ ਬਾਅਦ ਇਥੋਂ ਚਲਿਆ ਗਿਆ ਸੀ। 1933 ਤੱਕ ਉਹ ਅੰਮ੍ਰਿਤਸਰ 'ਚ ਹੀ ਰਿਹਾ।

## Matrimonials

### ਵਰ ਦੀ ਲੋੜ ਹੈ

ਅਮਰੀਕੀ ਸਿਟੀਜ਼ਨ ਓਹਾਇਓ ਵਸਨੀਕ, ਹਾਈ ਸਕੂਲ ਪਾਸ ਜੱਟ ਸਿੱਖ ਲੜਕੀ ਉਮਰ 25 ਸਾਲ, 5'-3" ਲਈ ਅਮਰੀਕਾ ਵਸਦੇ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਫੋਟੋ ਤੇ ਵੇਰਵੇ ਸਹਿਤ ਸੰਪਰਕ ਕਰੋ: partapbajwa@hotmail.com

---

US citizen/green card holder match sought for US citizen Jatt Sikh divorcee girl, no issues, 34 years, 5'-8". California residents only. Please contact: Email: hkbrar1951@yahoo.com

### ਕੰਨਿਆ ਦੀ ਲੋੜ ਹੈ

Wanted suitable professional match for US citizen Jatt Sikh boy, 39, 5'-7" MD, good practice, innocent divorcee, issueless. Respectable family. Email bio-data & recent photo @ ssg77429@gmail.com

---

ਇੰਡੀਆ ਵਿਚ ਰਹਿੰਦੇ ਸੋਹਣੇ-ਸੁਨੱਖੇ ਦੋ ਜੱਟ ਸਿੱਖ ਸਕੇ ਭਰਾਵਾਂ ਉਮਰ 29 ਸਾਲ, ਕੱਦ 6'-1" ਤੇ ਉਮਰ 28 ਸਾਲ, ਕੱਦ 6 ਫੁੱਟ ਵਾਸਤੇ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀਆਂ ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਲੜਕਿਆਂ ਦਾ ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲ ਹੈ। ਵਿਆਹ ਜਲਦ ਤੇ ਵਿਆਹ ਦਾ ਖਰਚਾ ਲੜਕਾ ਪਰਿਵਾਰ ਵਲੋਂ। ਲੜਕਿਆਂ ਦਾ ਪਰਿਵਾਰ ਅਕਤੂਬਰ ਮਹੀਨੇ ਇੰਡੀਆ ਜਾ ਰਿਹਾ ਹੈ। ਪੇਪਰ ਮੈਰਿਜ ਅਤੇ ਵੱਟੇ ਦੇ ਸਾਕ ਵਾਲੇ ਸੰਪਰਕ ਨਾ ਕਰਨ। ਸੰਪਰਕ ਕਰੋ: ਫੋਨ, 510-861-5851, ਈ-ਮੇਲ: gentlemandhillon@yahoo.com or gentlemandhillon@gmail.com

---

US/Canada citizen/green card holder girl wanted for Ph. D (agriculture) student, Saini Sikh boy, 28, 5'-9". Cast no bar. Contact, Ph: 575-520-4725 or e-mail: sssaini8@gmail.com

*To Advertise with*
***Punjab Times***
***Call: 847-359-0746***
***Fax:847-705-9388***

# ਮੇਅਰ ਦੀ ਚੋਣ ਲਈ ਉਮੀਦਵਾਰ ਸੰਨੀ ਧਾਲੀਵਾਲ ਲਈ ਫੰਡ ਰੇਜ਼ਰ

**ਟਰੇਸੀ, ਕੈਲੀਫੋਰਨੀਆ (ਬਿਊਰੋ):** ਪੰਜਾਬੀ ਅਮੈਰਿਕਨ ਐਸੋਸੀਏਸ਼ਨ ਮਨਟੀਕਾ ਵਲੋਂ ਨਵੰਬਰ ਮਹੀਨੇ ਹੋ ਰਹੀਆਂ ਚੋਣਾਂ ਵਿਚ ਲੈਥਰਪ ਸ਼ਹਿਰ ਦੇ ਮੇਅਰ ਦੀ ਵੱਕਾਰੀ ਚੋਣ ਲਈ ਉਮੀਦਵਾਰ ਸ੍ਰੀ ਸੰਨੀ ਧਾਲੀਵਾਲ ਦੀ ਹਮਾਇਤ ਲਈ ਇਥੇ ਸੰਸਾਰ ਰੈਸਟੋਰੈਂਟ ਵਿਚ ਇਕ ਫੰਡ ਰੇਜ਼ਰ ਕੀਤਾ ਗਿਆ ਜਿਸ 'ਚ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਅਤੇ ਉਘੇ ਪਤਵੰਤੇ ਸ਼ਾਮਲ ਹੋਏ।



ਫੰਡ ਰੇਜ਼ਰ ਸਮਾਗਮ 'ਚ ਹਾਜ਼ਰ ਲੋਕ

ਫੰਡ ਰੇਜ਼ਰ ਸਮਾਗਮ ਨੂੰ ਸੰਬੋਧਨ ਕਰਦਿਆਂ ਲੈਥਰਪ ਦੇ ਮੌਜੂਦਾ ਕੌਂਸਲ ਮੈਂਬਰ ਅਤੇ ਸਾਬਕਾ ਵਾਈਸ ਮੇਅਰ ਸ੍ਰੀ ਸੰਨੀ ਧਾਲੀਵਾਲ ਨੇ ਜਥੇਬੰਦੀ ਦਾ ਹਮਾਇਤ ਲਈ ਧੰਨਵਾਦ ਕਰਦਿਆਂ ਆਖਿਆ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਮੁੱਚਾ ਪੰਜਾਬੀ ਭਾਈਚਾਰਾ ਇਸ ਚੋਣ ਮੁਹਿੰਮ ਵਿਚ ਉਨ੍ਹਾਂ ਦੇ ਨਾਲ ਖੜ੍ਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ ਲੈਥਰਪ ਸ਼ਹਿਰ ਦੇ ਬਹੁਪੱਖੀ ਵਿਕਾਸ ਦੇ ਮੁੱਦੇ ਨੂੰ ਲੈ ਕੇ ਚੋਣ ਲੜ ਰਹੇ ਹਨ ਜਿਸ ਲਈ ਲੋਕ ਰਾਇ ਨੂੰ ਮੁੱਖ ਰੱਖਦਿਆਂ ਸ਼ਹਿਰ ਦੀ ਸਮੁੱਚੀ ਲੀਡਰਸ਼ਿਪ ਨੂੰ ਨਾਲ ਲੈ ਕੇ ਚੱਲਣ ਨੂੰ ਉਹ ਪਹਿਲ ਦੇਣਗੇ।

ਇਸ ਫੰਡ ਰੇਜ਼ਰ ਨੂੰ ਹੋਰਨਾਂ ਤੋਂ ਇਲਾਵਾ ਸੈਨ ਵਾਕਿਨ ਕਾਊਂਟੀ ਦੇ ਬੋਰਡ ਆਫ ਸੁਪਰਵਾਈਜ਼ਰਜ਼ ਦੇ ਚੇਅਰਮੈਨ ਸਟੀਵ ਬੈਸਟੋਲਾਰੀਦੇਜ਼, ਹਰਮਿੰਦਰ ਸਮਾਣਾ, ਮਨਦੀਪ ਭੁੱਲਰ, ਪਰਮਿੰਦਰ ਸਿੰਘ ਸਾਹੀ, ਤਰਨਜੀਤ ਸੰਧੂ, ਕੁਲਜੀਤ ਨਿੱਜਰ, ਅਜੀਤ ਸਿੰਘ ਸੰਧੂ, ਗੁਰਬਚਨ ਸਿੰਘ ਨਿੱਜਰ, ਜੱਗ ਸਹੋਤਾ, ਬਰਿੰਦਰ ਸਿੰਘ ਖਾਲਸਾ, ਸਰਵਣ ਸਿੰਘ, ਸੰਤੋਖ ਸਿੰਘ ਜੱਜ ਅਤੇ ਟੋਨੀ ਧਾਲੀਵਾਲ ਨੇ ਸੰਬੋਧਨ ਕੀਤਾ।

**MRP TRAVEL**
*Lowest International and Domestic Fares*
A·R·C **FLY ANY AIRLINE OF YOUR CHOICE** IATA
***Providing the lowest Air-fare, Cruise and Travel Packages to Asia, Africa, Europe, the Middle East and North America***
**408-929-8005**
**E-mail:mrptravel@gmail.com**
**2123 Port Way, San Jose, CA 95133**
***CST: 2097308-40***
*Passport & Visa services also available*



***India Vacation tour package also available.***
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

**SUPER TRAVEL**
**847-676-9090, 773-465-5566**
*E-mail: supertravel2003@yahoo.com*
***Lowest Fares With Excellent Service***
***AMERICAN AIR, CONTINENTAL AIR***
***JET AIRWAYS DELTA, AIR INDIA, KLM, LUFTHANSA.***



***For Emergency Call anytime at 847-673-3825***
***EARLY BIRD SALE!!!!***
**India $545**
**London $250**

**Prince's Barber Shop**
**37477 Fremont Blvd, suite C, Fremont, CA 94536**
***Men & Children's Hair Cut***
*Threading *Custom Text
*Men's Facials *Hair Coler
*Custom Designing *Shave &
*Line-ups *Head Massage
*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Friday 9am to 8pm**
**Sat- Sunday- 8am to 8pm**
**(Tuesday 9am to 4pm)**



***Cell: (510)-677-9942***
***Shop: (510)-505-9605***

**ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ**
Radio Chann Pardesi
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

**OKKJI Transfer LLC.**
***Specialized in Trucking***
**15238 Radiance Dr., Noblesville, IN, 46060**
**Wanted Drivers and Owner Operators**
** Local and long distance*
** Dry & Refer Loads*



ਕਾਗਜ਼ ਦਿਓ ਤੇ ਪੈਸੇ ਲਓ
**ਸੰਪਰਕ ਕਰੋ:**
**Toll Free: 1-855-966-5554**
**Manny Sandhu: 317-603-1000, Sam Bhullar: 732-486-9045**
**Fax: 317-774-9665**

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
***Auto *Home *Life *Umbrella**
***Business Work Comp.**
**Duabba Insurance Agency**
2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ‘ਬਾਗੀ ਦੀ ਧੀ’ ਵੱਲੋਂ ਸਨਮਾਨ ਲੈਣ ਤੋਂ ਇਨਕਾਰ



**ਸੰਗਰੂਰ:** ਆਜ਼ਾਦੀ ਦਿਵਸ ਸਮਾਗਮ ਦੌਰਾਨ ਆਜ਼ਾਦੀ ਘੁਲਾਟੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਨਮਾਨਤ ਕਰਨ ਮੌਕੇ ਉੱਘੇ ਦੇਸ਼ ਭਗਤ ਭਗਵਾਨ ਸਿੰਘ ਲੌਂਗੋਵਾਲ ਦੀ ਧੀ ਤੇ ਰਿਆਸਤੀ ਪਰਜਾ ਮੰਡਲ ਫਰੀਡਮ ਫਾਈਟਰਜ਼ ਕਮੇਟੀ ਪੰਜਾਬ ਦੀ ਪ੍ਰਧਾਨ ਬੀਬੀ ਸ਼ਮਿੰਦਰ ਕੌਰ ਗਿੱਲ ਨੇ ਸਨਮਾਨ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮੁੱਖ ਮਹਿਮਾਨ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਮਦਨ ਮੋਹਨ ਮਿੱਤਲ ਜਿਉਂ ਹੀ ਸਿਰੋਪਾਓ ਦੇ ਰੂਪ ਵਿਚ ਇਕ ਲੋਈ ਬੀਬੀ ਗਿੱਲ ਨੂੰ ਸਨਮਾਨ ਵਜੋਂ ਦੇਣ ਲੱਗੇ ਤਾਂ ਉਨ੍ਹਾਂ ਇਹ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਉਨ੍ਹਾਂ ਕੋਲ ਆਪਣੇ ਮਨ ਦੀ ਭੜਾਸ ਕੱਢੀ।

ਭਾਵੇਂ ਅਧਿਕਾਰੀਆਂ ਨੇ ਬੀਬੀ ਗਿੱਲ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਬੀਬੀ ਆਪਣੇ ਫੈਸਲੇ 'ਤੇ ਦ੍ਰਿੜ੍ਹ ਰਹੀ। ਬੀਬੀ ਸ਼ਮਿੰਦਰ ਕੌਰ ਗਿੱਲ ਇਸ ਕਾਰਨ ਖ਼ਫ਼ਾ ਹੈ ਕਿ ਉਸ ਦੇ ਪੁੱਤਰ ਜਸਵੀਰ ਸਿੰਘ ਉਰਫ ਗੋਰਾ 'ਤੇ ਕਾਤਲਾਨਾ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰਨ ਦੀ ਘਟਨਾ ਨੂੰ ਕਰੀਬ ਸਵਾ ਮਹੀਨਾ ਬੀਤ ਚੁੱਕਿਆ ਹੈ ਪਰ ਅਜੇ ਤੱਕ ਇਸ ਮਾਮਲੇ ’ਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ। ਹਮਲਾਵਰਾਂ ਖ਼ਿਲਾਫ਼ ਇਰਾਦਾ ਕਤਲ ਦਾ ਮਾਮਲਾ ਵੀ ਥਾਣਾ ਲੌਂਗੋਵਾਲ ਵਿਖੇ ਦਰਜ ਹੋ ਚੁੱਕਿਆ ਹੈ।

ਬੀਬੀ ਗਿੱਲ ਦਾ ਕਹਿਣਾ ਹੈ ਕਿ ਜਦੋਂ ਇਕ ਦੇਸ਼ ਭਗਤ ਦਾ ਪਰਿਵਾਰ ਸੁਰੱਖਿਅਤ ਹੀ ਨਹੀਂ ਹੈ, ਦੇਸ਼ ਭਗਤ ਪਰਿਵਾਰ 'ਤੇ ਹਮਲਾ ਕਰਨ ਵਾਲਿਆਂ ਨੂੰ ਸਵਾ ਮਹੀਨਾ ਬੀਤ ਜਾਣ ਦੇ ਬਾਵਜੂਦ ਪੁਲਿਸ ਗ੍ਰਿਫ਼ਤਾਰ ਨਹੀਂ ਕਰ ਰਹੀ ਤੇ ਇਨਸਾਫ਼ ਲਈ ਸਾਨੂੰ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਤਾਂ ਅਜਿਹਾ ਸਨਮਾਨ ਪਰਿਵਾਰ ਲਈ ਕੋਈ ਮਾਅਨੇ ਨਹੀਂ ਰੱਖਦਾ।

# ਪਿਛਲੀ ਸਦੀ ਦੌਰਾਨ ਪੰਜਾਬ 23 ਵਾਰੀ ਸੋਕੇ ਦਾ ਸ਼ਿਕਾਰ

**ਲੁਧਿਆਣਾ:** ਪੰਜਾਬ ਵਿਚ ਪਿਛਲੇ 111 ਸਾਲਾਂ (1901-2011) ਦੌਰਾਨ 23 ਸਾਲ ਸੋਕੇ ਵਾਲੇ ਲੰਘੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮੌਸਮ ਵਿਭਾਗ ਦੇ ਵਿਗਿਆਨੀਆਂ ਨੇ ਦੱਸਿਆ ਕਿ ਪੰਜਾਬ ਦੀ ਔਸਤਨ ਵਰਖਾ 500 ਮਿਲੀਮੀਟਰ ਹੈ। ਇਸ ਵਿਚੋਂ ਜੇਕਰ ਵਰਖਾ 119 ਫੀਸਦੀ ਤੋਂ ਘਟ ਜਾਵੇ ਤਾਂ ਸੋਕਾਗ੍ਰਸਤ ਸਾਲ ਮੰਨਿਆ ਜਾਂਦਾ ਹੈ।

ਉਂਜ ਇਸ ਅਰਸੇ ਦੌਰਾਨ ਸਭ ਤੋਂ ਘੱਟ ਮੀਂਹ 1987 ਵਿਚ ਪਿਆ ਸੀ ਜੋ ਔਸਤਨ ਨਾਲੋਂ 68% ਘੱਟ ਸੀ। ਇਸ ਤੋਂ ਬਾਅਦ 1918 ਵਿਚ ਸੋਕੇ ਦੀ ਮਾਰ ਪਈ ਸੀ ਜਦੋਂ ਸਿਰਫ 49% ਵਰਖਾ ਹੋਈ ਸੀ। ਸਭ ਤੋਂ ਵੱਧ ਵਰਖਾ ਵਾਲਾ ਸਾਲ 1988 ਸੀ ਜਦੋਂ ਆਮ ਨਾਲੋਂ 19% ਵੱਧ ਵਰਖਾ ਹੋਈ ਸੀ ਤੇ ਪੰਜਾਬ ਹੜ੍ਹਾਂ ਦੀ ਲਪੇਟ ਵਿਚ ਆ ਗਿਆ ਸੀ। ਦੂਜਾ ਵੱਧ ਵਰਖਾ ਵਾਲਾ ਸਾਲ 1950 ਸੀ ਜਦੋਂ 91% ਵੱਧ ਵਰਖਾ ਹੋਈ ਸੀ।

ਮੌਸਮ ਵਿਗਿਆਨੀਆਂ ਅਨੁਸਾਰ ਹਰ ਸਾਲ ਮੌਨਸੂਨ ਵਿਚ ਭਿੰਨਤਾ ਦੇਖੀ ਜਾਂਦੀ ਹੈ ਜੋ ਸਮੁੰਦਰ ਦੇ ਤਾਪਮਾਨ, ਗਲੇਸ਼ੀਅਰਾਂ ਦੇ ਪਿਘਲਣ ਜਾਂ ਫਿਰ ਧਰਤੀ ਵਿਚਲੇ ਪਾਣੀ 'ਤੇ ਨਿਰਭਰ ਕਰਦੀ ਹੈ। ਇਸ ਤੋਂ ਇਲਾਵਾ ਕੁਝ ਅਜਿਹੇ ਤੱਤ ਵੀ ਹਨ ਜਿਨ੍ਹਾਂ ਨੂੰ ਘੋਖਿਆ ਨਹੀਂ ਜਾ ਸਕਦਾ ਜਿਸ ਕਰਕੇ ਲੰਮਾ ਸਮਾਂ ਪਹਿਲਾਂ ਕੀਤੀਆਂ ਮੌਨਸੂਨ ਬਾਰੇ ਭਵਿੱਖਬਾਣੀਆਂ ਡੋਲ ਜਾਂਦੀਆਂ ਹਨ। ਇਨ੍ਹਾਂ ਵਿਗਿਆਨੀਆਂ ਨੇ ਰਿਪੋਰਟ ਵਿਚ ਕਿਹਾ ਹੈ ਕਿ ਸਾਲ 2004 ਵਿਚ ਸੋਕਾ ਪਿਆ ਜਿਸ ਵਿਚ ਵਰਖਾ 44% ਆਮ ਨਾਲੋਂ ਘੱਟ ਸੀ।

ਪਿਛਲੇ ਤੋਂ ਪਿਛਲੇ ਸਾਲ 2009 ਵਿਚ ਵਰਖਾ 35 ਫੀਸਦੀ ਹੋਈ ਸੀ ਤਾਂ ਪੰਜਾਬ ਨੂੰ ਸੋਕਾਗ੍ਰਸਤ ਐਲਾਨਿਆ ਗਿਆ ਸੀ। ਜ਼ਿਕਰਯੋਗ ਹੈ ਕਿ ਪਿਛਲੇ 10 ਸਾਲਾਂ ਦੌਰਾਨ ਹੀ ਚਾਰ ਸਾਲ ਘੱਟ ਵਰਖਾ ਵਾਲੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚ 2004-06-07 ਅੰਤ 09 ਹਨ।

# ਪਾਵਨ ਸਰੂਪਾਂ ਦੀ ਬੇਅਦਬੀ ਰੋਕਣ ਲਈ ਰਣਨੀਤੀ ਉਲੀਕੀ

**ਅੰਮ੍ਰਿਤਸਰ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪਾਂ ਦੇ ਅਗਨ ਭੇਟ ਹੋਣ ਤੇ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਪੰਜ ਸਿੰਘ ਸਾਹਿਬਾਨ ਨੇ ਨਵੀਂ ਰਣਨੀਤੀ ਤਹਿਤ ਸਰੂਪ ਪ੍ਰਾਪਤ ਕਰਨ ਦੀ ਪ੍ਰਕਿਰਿਆ ਸਖ਼ਤ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਨੇ ਹਦਾਇਤ ਕੀਤੀ ਹੈ ਕਿ ਪੰਜ ਤਖ਼ਤਾਂ ‘ਤੇ ਪਾਵਨ ਸਰੂਪ ਪ੍ਰਾਪਤ ਕਰਨ ਲਈ ਵਿਸ਼ੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਬਣਾਏ ਜਾਣ।

ਇਹ ਫੈਸਲਾ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਕੀਤਾ ਗਿਆ ਜਿਸ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਜਗਤਾਰ ਸਿੰਘ ਸ਼ਾਮਲ ਹੋਏ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਵਿਚਾਰ-ਚਰਚਾ ਕੀਤੀ ਗਈ ਜਿਸ ਤਹਿਤ ਪੰਜਾਂ ਤਖ਼ਤਾਂ ‘ਤੇ ਵਿਸ਼ੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਬਣਾਏ ਜਾਣਗੇ ਜਿਥੋਂ ਉਸ ਇਲਾਕੇ ਦੀਆਂ ਸਿੱਖ ਸੰਗਤਾਂ ਨੂੰ ਪਾਵਨ ਸਰੂਪ ਮਿਲ ਸਕਣਗੇ। ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਹੈ ਕਿ ਉਹ ਪੰਜਾਂ ਹੀ ਤਖ਼ਤਾਂ ‘ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਬਣਾਏ। ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੇਣ ਤੋਂ ਪਹਿਲਾਂ ਇਸ ਦੀ ਵਿਸ਼ੇਸ਼ ਪੜਤਾਲ ਕਰਵਾਈ ਜਾਵੇ।

ਪੜਤਾਲ ਦੀ ਰਿਪੋਰਟ ਮਗਰੋਂ ਲੋੜ ਤੇ ਸਤਿਕਾਰ ਨੂੰ ਮੁੱਖ ਰੱਖਦਿਆਂ ਹੀ ਸਰੂਪ ਦਿੱਤੇ ਜਾਣ। ਸਰੂਪ ਪ੍ਰਾਪਤ ਕਰਨ ਵਾਲਿਆਂ ਕੋਲੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ, ਸਤਿਕਾਰ ਤੇ ਮਾਣ-ਮਰਿਆਦਾ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਲਿਖਤੀ ਰੂਪ ਵਿਚ ਲਈ ਜਾਵੇ। ਉਨ੍ਹਾਂ ਸੰਗਤਾਂ ਨੂੰ ਆਦੇਸ਼ ਕੀਤਾ ਕਿ ਹਿਮਾਚਲ ਪ੍ਰਦੇਸ਼ ਦੀਆਂ ਸੰਗਤਾਂ ਪਾਵਨ ਸਰੂਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਤੋਂ, ਹਰਿਆਣਾ ਤੇ ਰਾਜਸਥਾਨ ਦੀਆਂ ਸਿੱਖ ਸੰਗਤਾਂ ਪਾਵਨ ਸਰੂਪ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਪ੍ਰਾਪਤ ਕਰਨਗੀਆਂ।

ਇਸੇ ਤਰ੍ਹਾਂ ਉਨ੍ਹਾਂ ਸਮੂਹ ਸਿੰਘ ਸਭਾਵਾਂ, ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਭਾ ਸੁਸਾਇਟੀਆਂ ਦੇ ਪ੍ਰਧਾਨ ਤੇ ਸਕੱਤਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪੋ ਆਪਣੇ ਗੁਰੂ ਘਰਾਂ ਵਿਚ ਰੱਖੇ ਪਾਵਨ ਸਰੂਪਾਂ ਦੀ ਗਿਣਤੀ ਬਾਰੇ ਤੇ ਜਿਨ੍ਹਾਂ ਪ੍ਰੇਮੀਆਂ ਨੇ ਆਪਣੇ ਘਰਾਂ ਵਿਚ ਸਰੂਪ ਪ੍ਰਕਾਸ਼ ਕੀਤੇ ਹੋਏ ਹਨ, ਬਾਰੇ ਸੂਚਨਾ ਇਕ ਮਹੀਨੇ ਦੇ ਅੰਦਰ ਅਕਾਲ ਤਖ਼ਤ ਸਾਹਿਬ ਵਿਖੇ ਭੇਜੀ ਜਾਵੇ।

ਪੰਜ ਸਿੰਘ ਸਾਹਿਬਾਨ ਨੇ ਪਿੰਡ ਵੜੈਚ ਦੇ ਗੁਰਦੁਆਰੇ ਦੇ ਮਾਮਲੇ ਵਿਚ ਅਕਾਲ ਤਖ਼ਤ ਦੇ ਜਥੇਦਾਰ ਦੇ ਫੈਸਲੇ ਦੀ ਪ੍ਰੋੜਤਾ ਕੀਤੀ ਹੈ। ਉਨ੍ਹਾਂ ਆਖਿਆ ਕਿ ਇਤਿਹਾਸਕ ਗੁਰਦੁਆਰਿਆਂ ਦੀਆਂ ਇਮਾਰਤਾਂ ਦੇ ਅਸਥਾਨਾਂ ਨੂੰ ਤਬਦੀਲ ਨਹੀਂ ਕੀਤਾ ਜਾ ਸਕਦਾ ਜਦੋਂਕਿ ਨਗਰਾਂ ਦੇ ਗੁਰਦੁਆਰਿਆਂ ਦੀਆਂ ਇਮਾਰਤਾਂ ਸਮੇਂ-ਸਮੇਂ ਲੋੜ ਅਨੁਸਾਰ ਤਬਦੀਲ ਹੋ ਸਕਦੀਆਂ ਹਨ। ਵਿਰੋਧ ਕਰ ਰਹੀਆਂ ਸਿੱਖ ਜਥੇਬੰਦੀਆਂ ਨੂੰ ਉਨ੍ਹਾਂ ਆਖਿਆ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸ ਦੇ ਜਥੇਦਾਰ ਦੀਆਂ ਸਹਿਯੋਗੀ ਬਣ ਕੇ ਚੱਲਣ ਤਾਂ ਜੋ ਸ੍ਰੀ ਗੁਰੂ ਗ੍ਰੰਥ ਗੁਰੂ ਪੰਥ ਦੀ ਪ੍ਰਭੂਸੱਤਾ ਦੇ ਮਾਣ-ਸਤਿਕਾਰ ਨੂੰ ਬਹਾਲ ਰੱਖਿਆ ਜਾ ਸਕੇ। ਉਨ੍ਹਾਂ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਉਹ ਗੁਰੂ ਪੰਥ ਦੀਆਂ ਸੰਸਥਾਵਾਂ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਤੋਂ ਆਪਣੇ ਆਪ ਨੂੰ ਨਿਖੇੜ ਕੇ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋਣ।

# ਗੁਜਰਾਤ ’ਚ ਸਿੱਖ ਕਿਸਾਨਾਂ ਨਾਲ ਧੱਕਾ

**ਬਠਿੰਡਾ:** ਦੇਸ਼ ਵਿਦੇਸ਼ ਵਿਚ ਸਿੱਖ ਕੌਮ ਨੂੰ ਆਪਣੇ ਹਿੱਤਾਂ ਦੀ ਰੱਖਿਆ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਗੁਜਰਾਤ ਵਿਚ ਵੀ ਸਿੱਖਾਂ ਦੇ ਉਜਾੜੇ ਦੀਆਂ ਖ਼ਬਰਾਂ ਹਨ ਤੇ ਉੱਥੇ ਵਸਦੇ ਕਈ ਪੰਜਾਬੀ ਕਿਸਾਨ ਆਪਣੀਆਂ ਜਾਇਦਾਦਾਂ ਛੱਡ ਕੇ ਪੰਜਾਬ ਆਉਣ ਲਈ ਮਜਬੂਰ ਹੋ ਰਹੇ ਹਨ। ਇਨ੍ਹਾਂ ਕਿਸਾਨਾਂ ਦਾ ਕਹਿਣਾ ਹੈ ਕਿ ਉਥੋਂ ਦੇ ਠਾਕੁਰ ਭਾਈਚਾਰੇ ਦੇ ਲੋਕਾ ਨੇ ਉਨ੍ਹਾਂ ਦੀਆਂ ਜ਼ਮੀਨਾਂ ’ਤੇ ਧੱਕੇ ਨਾਲ ਕਬਜ਼ੇ ਕਰ ਲਏ ਹਨ ਤੇ ਗੁਜਰਾਤ ਸਰਕਾਰ ਵੱਲੋਂ ਸਿੱਖ ਭਾਈਚਾਰੇ ਦੀ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ ਜਿਸ ਕਰਕੇ ਉਹ ਪੰਜਾਬ ਪਰਤਣ ਲੱਗੇ ਹਨ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਪਿਥੋ ਤੇ ਪਿੰਡ ਗਿੱਲ ਖੁਰਦ ਦੇ ਕਿਸਾਨਾਂ ਨੇ ਦੱਸਿਆ ਕਿ ਗੁਜਰਾਤ ਵਿਚ ਸਿੱਖਾਂ ਨੂੰ ਬਿਨਾਂ ਵਜ੍ਹਾ ਤੰਗ ਕੀਤਾ ਜਾ ਰਿਹਾ ਹੈ। ਲਾਲ ਬਹਾਦਰ ਸ਼ਾਸਤਰੀ ਵੱਲੋਂ ਗੁਜਰਾਤ ਦੇ ਸਰਹੱਦੀ ਜ਼ਿਲ੍ਹੇ ਭੁੱਜ ਵਿਚ ਪੰਜਾਬੀ ਲੋਕਾਂ ਨੂੰ ਵਸਾਉਣ ਲਈ ਬਣਾਈ ਸਕੀਮ ਤਹਿਤ ਉਨ੍ਹਾਂ ਨੂੰ ਜ਼ਮੀਨ ਅਲਾਟ ਕੀਤੀ ਸੀ। ਦੱਖਣੀ ਪੰਜਾਬ ਦੇ ਕਰੀਬ ਤਿੰਨ ਦਰਜਨ ਪੰਜਾਬੀ ਪਰਿਵਾਰਾਂ ਨੂੰ ਵੀ ਇਸ ਸਕੀਮ ਤਹਿਤ ਗੁਜਰਾਤ ਵਿਚ ਜ਼ਮੀਨ ਅਲਾਟ ਹੋਈ ਸੀ। ਭੁੱਜ ਜ਼ਿਲ੍ਹੇ ਦੇ ਪਿੰਡ ਲੋਰੀਆ, ਕਠਰਾ, ਨਲੀਆ, ਨਰਾ ਤੇ ਸਮਰਾਸਰ ਵਿਚ ਕਾਫੀ ਗਿਣਤੀ ਵਿਚ ਸਿੱਖ ਪਰਿਵਾਰ ਰਹਿੰਦੇ ਹਨ ਜੋ ਖੇਤੀਬਾੜੀ ਕਰਦੇ ਹਨ।



ਜਬਰੀ ਜ਼ਮੀਨਾਂ ਖੋਹ ਕੇ ਉਜਾੜਿਆ

ਪਿੱਥੋ ਦੇ ਕਿਸਾਨ ਹਰਨਾਮ ਸਿੰਘ ਨੇ ਦੱਸਿਆ ਕਿ ਤਕਰੀਬਨ ਡੇਢ ਸਾਲ ਪਹਿਲਾਂ ਗੁਜਰਾਤ ਸਰਕਾਰ ਨੇ ਪੰਜਾਬੀ ਕਿਸਾਨਾਂ ਨੂੰ ਅਲਾਟ ਹੋਈ ਜ਼ਮੀਨ ਵਾਪਸ ਲੈਣ ਲਈ ਨੋਟਿਸ ਜਾਰੀ ਕਰ ਦਿੱਤੇ ਸਨ। ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ਼ ਉਨ੍ਹਾਂ ਗੁਜਰਾਤ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਤਕਰੀਬਨ ਮਹੀਨਾ ਪਹਿਲਾਂ ਹਾਈ ਕੋਰਟ ਨੇ ਫ਼ੈਸਲਾ ਸੁਣਾਇਆ ਸੀ ਕਿ ਪੰਜਾਬੀ ਕਿਸਾਨ ਗੁਜਰਾਤ ਵਿਚ ਜ਼ਮੀਨ ਖਰੀਦਣ ਦਾ ਹੱਕ ਰੱਖਦੇ ਹਨ। ਇਸੇ ਸਮੇਂ ਦੌਰਾਨ ਕਈ ਗੁਜਰਾਤੀਆਂ ਨੇ ਉਨ੍ਹਾਂ ਨੂੰ ਅਲਾਟ ਹੋਈ ਜ਼ਮੀਨ ’ਤੇ ਧੱਕੇ ਨਾਲ ਕਬਜ਼ੇ ਕਰ ਲਏ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਨਾਜਾਇਜ਼ ਕਬਜ਼ਾਕਾਰਾਂ ਖ਼ਿਲਾਫ਼ ਗੁਜਰਾਤ ਸਰਕਾਰ ਨੇ ਉਨ੍ਹਾਂ ਦਾ ਕੋਈ ਸਾਥ ਨਹੀਂ ਦਿੱਤਾ। ਇਸ ਕਾਰਨ ਥੋੜੇ ਸਮੇਂ ਵਿਚ ਦਰਜਨਾਂ ਸਿੱਖ ਪਰਿਵਾਰ ਗੁਜਰਾਤ ਵਿਚ ਆਪਣੀਆਂ ਜ਼ਮੀਨਾਂ ਛੱਡ ਕੇ ਵਾਪਸ ਆ ਗਏ ਹਨ।

ਕਿਸਾਨ ਹਰਨਾਮ ਸਿੰਘ ਨੇ ਦੱਸਿਆ ਕਿ ਉਸ ਦੀ 16 ਏਕੜ ਜ਼ਮੀਨ ਕਬਜ਼ਾਕਾਰਾਂ ਨੇ ਨਾਜਾਇਜ਼ ਢੰਗ ਨਾਲ ਆਪਣੇ ਨਾਂ ਲਗਵਾ ਲਈ। ਪਿੰਡ ਗਿੱਲ ਖੁਰਦ ਦੇ ਕਿਸਾਨ ਗਿੰਦਰ ਸਿੰਘ ਤੇ ਭਗਵਾਨ ਸਿੰਘ ਵੀ ਆਪਣੀ ਜ਼ਮੀਨ ਛੱਡ ਕੇ ਆ ਗਏ ਹਨ। ਇਨ੍ਹਾਂ ਕਿਸਾਨਾਂ ਕੋਲ ਉੱਥੇ 40 ਏਕੜ ਜ਼ਮੀਨ ਸੀ। ਇਨ੍ਹਾਂ ਕਿਸਾਨਾਂ ਨੇ ਮਿਹਨਤ ਕਰਕੇ ਜ਼ਮੀਨਾਂ ਆਬਾਦ ਕੀਤੀਆਂ ਸਨ ਤੇ ਇਨ੍ਹਾਂ ਅਲਾਟ ਹੋਈਆਂ ਜ਼ਮੀਨਾਂ ਲਈ ਭਾਰੀ ਕੀਮਤ ਵੀ ਤਾਰੀ ਸੀ। ਹੁਣ ਪੰਜਾਹ ਵਰ੍ਹਿਆਂ ਮਗਰੋਂ ਉਨ੍ਹਾਂ ਨੂੰ ਜ਼ਮੀਨਾਂ ਛੱਡਣ ਲਈ ਆਖਿਆ ਜਾ ਰਿਹਾ ਹੈ। ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡ ਰੱਤਾ ਰੋੜੀ ਦੇ ਬੋਹੜ ਸਿੰਘ ਤੇ ਸਵਰਨ ਸਿੰਘ ਵੀ ਇਸੇ ਮਾਰ ਤੋਂ ਪੀੜਤ ਹਨ। ਇਨ੍ਹਾਂ ਸਾਰੇ ਕਿਸਾਨਾਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਗੁਜਰਾਤ ਸਰਕਾਰ ਕੋਲ ਇਹ ਮਸਲਾ ਉਠਾਵੇ ਤੇ ਉਨ੍ਹਾਂ ਨੂੰ ਉਜੜਣ ਤੋਂ ਬਚਾਇਆ ਜਾਵੇ। ਇਨ੍ਹਾਂ ਕਿਸਾਨਾਂ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਤੋਂ ਵੀ ਮਦਦ ਮੰਗੀ ਹੈ।

## ਸਾਬਕਾ ਇੰਸਪੈਕਟਰ ਕਤਲ

**ਜਲੰਧਰ:** ਬੀ.ਐਸ.ਐਫ. ਦੇ ਸਾਬਕਾ ਇੰਸਪੈਕਟਰ ਦੀ ਦੋ ਅਣਪਛਾਤੇ ਵਿਅਕਤੀਆਂ ਨੇ ਪਿੰਡ ਕਾਨ੍ਹਪੁਰ ਨੇੜੇ ਪਠਾਨਕੋਟ ਰੋਡ ‘ਤੇ ਦਿਨ ਦਿਹਾੜੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

ਮ੍ਰਿਤਕ ਦੀ ਪਛਾਣ ਦਲਜੀਤ ਸਿੰਘ ਮੁਲਤਾਨੀ ਪੁੱਤਰ ਭਗਤ ਸਿੰਘ ਵਾਸੀ ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ ਵਜੋਂ ਹੋਈ ਹੈ। ਦਲਜੀਤ ਸਿੰਘ ਪ੍ਰਾਪਰਟੀ ਡੀਲਰ ਦਾ ਕੰਮ ਕਰਦਾ ਸੀ। ਉਨ੍ਹਾਂ ਦੀ ਭੋਗਪੁਰ ਸਥਿਤ ਕੋਠੀ ਨੂੰ ਦੇਖਣ ਲਈ ਕਿਸੇ ਨੇ ਉਸ ਨੂੰ ਫੋਨ ਕੀਤਾ ਤੇ ਉਹ ਆਪਣੀ ਕਾਰ ‘ਤੇ ਕੋਠੀ ਦਿਖਾਉਣ ਲਈ ਚਲੇ ਗਏ। ਜਦੋਂ ਉਹ ਕਾਨ੍ਹਪੁਰ ਪਿੰਡ ਨੇੜੇ ਪੁੱਜੇ ਤਾਂ ਗੱਡੀ ਵਿਚੋਂ ਬਾਹਰ ਨਿਕਲਦੇ ਸਮੇਂ ਦੋ ਹਮਲਾਵਰ ਜੋ ਮੋਟਰਸਾਈਕਲ ‘ਤੇ ਸਵਾਰ ਸਨ, ਨੇ ਆਉਂਦੇ ਸਾਰ ਹੀ ਉਨ੍ਹਾਂ ‘ਤੇ ਗੋਲੀਆਂ ਚਲਾ ਦਿੱਤੀਆਂ ਤੇ ਉਨ੍ਹਾਂ ਦੀ ਮੌਕੇ ‘ਤੇ ਹੀ ਮੌਤ ਹੋ ਗਈ।


**Are You Tired Of All Treatments?**

**Try Homeopathic Natural Medicines (HNM)**

**Gurdip Singh Sandhu**

Homeopathic Practitioner/Consultant

DHMS-Gold Medalist, BAMS, MDEh.- India

**1188 E Santa Clara St., San Jose, CA 95116**

**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

Homeopathic natural medicines supply



*Gurdip Singh Sandhu*

**EX Member:**

*The California Homeopathic Society*

National Center For Homeopathy- USA

**Ph:(408) 687-1899**

**(408) 729-6691**

**Fax:(408)292-6200**

Email: Homeomdicine@yahoo.com

Website: www.Homeopathyatoz.com

**Toll Free: 1-877-OK-HOMEO (1-877-654-6636)**



**Healthcare/Medical Programs**

**Study @ Home and Get Certified.**

**Overseas degrees given credit**

**Specially designed for working people.**

**Make your dreams come true**

**Onetime Investment, Lifelong Reward**

*ਘਰ ਬੈਠ ਕੇ ਪੜ੍ਹਾਈ ਕਰੋ ਤੇ ਸਰਟੀਫਿਕੇਟ ਹਾਸਲ ਕਰੋ। ਹੋਰ ਦੇਸ਼ਾਂ ਤੋਂ ਕੀਤੀ ਡਿਗਰੀ ਲਈ ਕਰੈਡਿਟ ਮਿਲੇਗਾ। ਇਹ ਪ੍ਰੋਗਰਾਮ ਖਾਸ ਕਰਕੇ ਕੰਮ ਕਰਦੇ ਲੋਕਾਂ ਲਈ ਹੈ। ਆਪਣੇ ਸੁਪਨੇ ਸੱਚੇ ਕਰੋ। ਇਕ ਵਾਰ ਦਾ ਖਰਚਾ, ਉਮਰ ਭਰ ਦਾ ਲਾਭ।*

**www.royalcollegeusa.com**

# ਕਰਾਂ ਦੇ ਬੋਝ ਨਾਲ ਅਕਾਲੀ-ਭਾਜਪਾ ਦੇ ਰਿਸ਼ਤੇ 'ਤਿੜਕੇ'

**ਚੰਡੀਗੜ੍ਹ (ਬਿਊਰੋ):** ਪੰਜਾਬ 'ਚ ਦੂਜੀ ਵਾਰ ਬਣੀ ਅਕਾਲੀ-ਭਾਜਪਾ ਸਰਕਾਰ ਨੂੰ ਕਾਫੀ ਚੁਣੌਤੀਆਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਵਿੱਤੀ ਸੰਕਟ 'ਚੋਂ ਬਾਹਰ ਨਿਕਲਣ ਲਈ ਜਨਤਾ 'ਤੇ ਪਾਏ ਜਾ ਰਹੇ ਕਰਾਂ ਦੇ ਬੋਝ ਨੂੰ ਲੈ ਕੇ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਦੂਰੀਆਂ ਵਧਣੀਆਂ ਸ਼ੁਰੂ ਹੋ ਗਈਆਂ ਹਨ।

ਹਾਕਮ ਦਲ ਭਾਵੇਂ ਕਰਾਂ ਦੇ ਮੁੱਦੇ 'ਤੇ ਆਪਣੀ ਭਾਈਵਾਲ ਭਾਜਪਾ ਨਾਲ ਮੱਤਭੇਦ ਹੋਣ ਤੋਂ ਇਨਕਾਰ ਕਰਦਾ ਆ ਰਿਹਾ ਹੈ ਪਰ ਭਾਜਪਾ ਆਗੂ ਇਨ੍ਹਾਂ ਕਰਾਂ ਨੂੰ ਲੋਕਾਂ 'ਤੇ ਬੇਲੋੜਾ ਬੋਝ ਦੱਸ ਰਹੇ ਹਨ। ਸੂਤਰਾਂ ਅਨੁਸਾਰ ਭਾਜਪਾ ਦੀ ਸੀਨੀਅਰ ਸੂਬਾਈ ਲੀਡਰਸ਼ਿਪ ਨੇ ਪ੍ਰੋਫੈਸ਼ਨਲ ਟੈਕਸ, ਜਾਇਦਾਦ ਟੈਕਸ, ਟੈਕਸਟਾਈਲ ਟੈਕਸ, ਆਟੇ-ਦਾਲ ਨੂੰ ਕਰਾਂ ਦੇ ਘੇਰੇ 'ਚ ਲਿਆਉਣ ਦੇ ਮਾਮਲੇ 'ਤੇ ਸਖ਼ਤ ਰੁਖ਼ ਅਖ਼ਤਿਆਰ ਕਰ ਲਿਆ ਹੈ। ਭਾਜਪਾ ਲੀਡਰਸ਼ਿਪ ਵੱਲੋਂ ਤਾਂ ਖੰਡ 'ਤੇ ਲਾਏ ਟੈਕਸ ਦਾ ਵੀ ਵਿਰੋਧ ਕੀਤਾ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਆਗੂਆਂ ਵਿਚਾਲੇ ਹੋਈਆਂ ਤਿੰਨ ਮੀਟਿੰਗਾਂ ਦੌਰਾਨ ਦੋਹਾਂ ਪਾਰਟੀਆਂ ਦੇ ਆਗੂਆਂ 'ਚ ਨਵੇਂ ਕਰ ਲਾਉਣ ਬਾਰੇ ਬੇਸ਼ੱਕ ਸਹਿਮਤੀ ਬਣ ਗਈ ਸੀ ਪਰ ਭਾਜਪਾ ਨੇ ਇਸ ਬਾਰੇ ਕੁਝ ਸ਼ਰਤਾਂ ਲਾਈਆਂ ਹਨ। ਸੂਤਰਾਂ ਮੁਤਾਬਕ ਭਾਈਵਾਲਾਂ ਵੱਲੋਂ ਲਾਈਆਂ ਸ਼ਰਤਾਂ ਹੀ ਅਕਾਲੀ ਦਲ ਨੂੰ ਰਾਸ ਨਹੀਂ ਆ ਰਹੀਆਂ ਜਿਸ ਕਾਰਨ ਸਰਕਾਰ ਨੂੰ ਵਿੱਤੀ ਸੰਕਟ 'ਚੋਂ ਕੱਢਣ ਲਈ ਠੋਸ ਕਦਮ ਚੁੱਕਣ ਦਾ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਜਾ ਸਕਿਆ। ਵਿੱਤ ਵਿਭਾਗ ਸਰਕਾਰ ਨੂੰ ਸਪੱਸ਼ਟ ਕਰ ਚੁੱਕਾ ਹੈ ਕਿ ਚਲੰਤ ਮਾਲੀ ਸਾਲ ਦੌਰਾਨ ਤਿੰਨ ਹਜ਼ਾਰ ਕਰੋੜ ਰੁਪਏ ਦੇ ਵਾਧੂ ਮਾਲੀਏ ਤੋਂ ਬਿਨਾਂ ਡੰਗ ਨਹੀਂ ਟਪਾਇਆ ਜਾ ਸਕਦਾ।

**ਭਾਈਵਾਲ ਦੀਆਂ 'ਸ਼ਰਤਾਂ' ਅੱਗੇ ਬੇਵੱਸ ਹੋਈ ਸਰਕਾਰ**



ਭਾਜਪਾ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਸਪੱਸ਼ਟ ਕੀਤਾ ਹੈ ਕਿ ਨਵੇਂ ਕਰ ਹਰ ਇਕ 'ਤੇ ਨਾ ਥੋਪੇ ਜਾਣ। ਮਿਸਾਲ ਦੇ ਤੌਰ 'ਤੇ ਭਾਜਪਾ ਦੀ ਮੰਗ ਹੈ ਕਿ ਪ੍ਰੋਫੈਸ਼ਨਲ ਟੈਕਸ ਆਮਦਨ ਕਰ ਅਦਾ ਕਰਨ ਵਾਲਿਆਂ 'ਤੇ ਲਾਉਣ ਤੋਂ ਗੁਰੇਜ਼ ਕੀਤਾ ਜਾਵੇ। ਭਾਈਵਾਲ ਪਾਰਟੀ ਵੱਲੋਂ ਸ਼ਹਿਰਾਂ 'ਚ ਜਾਇਦਾਦ ਟੈਕਸ ਲਾਉਣ 'ਤੇ ਅਪਣਾਏ ਰੁਖ਼ ਕਾਰਨ ਸਰਕਾਰ ਕਸੂਤੀ ਹਾਲਤ 'ਚ ਹੈ। ਭਾਜਪਾ ਨੇ ਇਸ ਬਾਰੇ ਸਹਿਮਤੀ ਤਾਂ ਦਿੱਤੀ ਪਰ ਸ਼ਰਤ ਇਹ ਹੈ ਕਿ ਸਾਰੇ ਸ਼ਹਿਰੀਆਂ 'ਤੇ ਟੈਕਸ ਨਾ ਲਾਇਆ ਜਾਵੇ। ਸਥਾਨਕ ਸਰਕਾਰ ਵੱਲੋਂ ਜਾਇਦਾਦ ਟੈਕਸ ਲਾਉਣ ਬਾਰੇ ਪ੍ਰਸਤਾਵ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਭੇਜ ਦਿੱਤਾ ਗਿਆ ਹੈ। ਮੁੱਖ ਮੰਤਰੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਇਹ ਮਾਮਲਾ ਸਿਰੇ ਚੜ੍ਹੇਗਾ।

ਇਸ ਪ੍ਰਸਤਾਵ ਮੁਤਾਬਕ ਹਰ ਸ਼ਹਿਰੀ ਬਾਸ਼ਿੰਦੇ ਨੂੰ ਜਾਇਦਾਦ ਟੈਕਸ ਦੇਣਾ ਪਵੇਗਾ। ਖਾਸ ਤੱਥ ਇਹ ਹੈ ਕਿ ਸੂਬਾ ਸਰਕਾਰ ਜੇਕਰ ਇਹ ਟੈਕਸ ਨਹੀਂ ਲਾਉਂਦੀ ਤਾਂ ਜਵਾਹਰ ਲਾਲ ਨਹਿਰੂ ਸ਼ਹਿਰੀ ਨਵੀਨੀਕਰਨ ਮਿਸ਼ਨ ਤਹਿਤ ਕੇਂਦਰ ਸਰਕਾਰ ਤੋਂ ਮਿਲਣ ਵਾਲੀ ਗਰਾਂਟ ਹਾਸਲ ਨਹੀਂ ਹੋਵੇਗੀ। ਬਿਜਲੀ ਸਬਸਿਡੀ ਦੇ ਮੁੱਦੇ 'ਤੇ ਵੀ ਭਾਜਪਾ ਦਾ ਰੁਖ਼ ਸਪੱਸ਼ਟ ਹੈ। ਦੋਹਾਂ ਪਾਰਟੀਆਂ ਦੇ ਆਗੂਆਂ ਵਿਚਾਲੇ ਵਿਚਾਰ-ਵਟਾਂਦਰੇ ਤੋਂ ਬਾਅਦ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਤੇ ਸਿਹਤ ਮੰਤਰੀ ਮਦਨ ਮੋਹਨ ਮਿੱਤਲ 'ਤੇ ਆਧਾਰਤ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਸੀ। ਮੰਤਰੀਆਂ ਦੀ ਇਸ ਦੋ ਮੈਂਬਰੀ ਕਮੇਟੀ ਨੇ ਸਰਕਾਰੀ ਖ਼ਜ਼ਾਨੇ ਤੋਂ ਬਿਜਲੀ ਸਬਸਿਡੀ ਦਾ ਭਾਰ ਘਟਾਉਣ ਤੇ ਲੋੜਵੰਦਾਂ ਨੂੰ ਹੀ ਸਬਸਿਡੀ ਦੇਣ ਦਾ ਰਾਹ ਕੱਢਣ ਬਾਰੇ ਸਰਕਾਰ ਨੂੰ ਰਿਪੋਰਟ ਦੇਣੀ ਹੈ। ਭਾਜਪਾ ਦਾ ਤਰਕ ਹੈ ਕਿ ਕਿਸਾਨਾਂ ਤੋਂ ਬਿਜਲੀ ਦੇ ਬਿਲ ਲੈ ਕੇ ਛੋਟੇ ਕਿਸਾਨਾਂ ਨੂੰ 'ਕੈਸ਼ ਸਬਸਿਡੀ' ਦਿੱਤੀ ਜਾਵੇ। ਸਰਕਾਰ ਨੇ ਜੁਲਾਈ ਮਹੀਨੇ ਦੌਰਾਨ ਖੰਡ 'ਤੇ 5 ਫੀਸਦੀ ਟੈਕਸ ਤੇ 10 ਫੀਸਦੀ ਸਰਚਾਰਜ ਲਾਉਣ ਦਾ ਫੈਸਲਾ ਕੀਤਾ ਸੀ। ਭਾਜਪਾ ਵਲੋਂ ਇਹ ਟੈਕਸ ਹਟਾਉਣ ਦੀ ਵੀ ਮੰਗ ਕੀਤੀ ਜਾ ਰਹੀ ਹੈ ਤੇ ਕੱਪੜੇ 'ਤੇ ਟੈਕਸ ਲਾਉਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਕਰ ਤੇ ਆਬਕਾਰੀ ਵਿਭਾਗ ਨੇ ਬਰੈਂਡਿਡ ਆਟਾ ਤੇ ਪੈਕ ਕੀਤੀਆਂ ਦਾਲਾਂ 'ਤੇ ਵੀ ਟੈਕਸ ਲਾਉਣ ਦਾ ਪ੍ਰਸਤਾਵ ਰੱਖਿਆ ਹੈ ਜੋ ਭਾਜਪਾ ਨੂੰ ਹਜ਼ਮ ਨਹੀਂ ਹੋ ਰਿਹਾ।

ਪੰਜਾਬ ਸਰਕਾਰ ਵੱਲੋਂ ਨਵੇਂ ਕਰ ਲਾਉਣ ਦੇ ਮਾਮਲੇ 'ਤੇ 5 ਅਗਸਤ ਨੂੰ ਰੱਖੀ ਗਈ ਮੰਤਰੀ ਮੰਡਲ ਦੀ ਮੀਟਿੰਗ ਅਚਨਚੇਤ ਮੁਲਤਵੀ ਕਰ ਦਿੱਤੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਦੋਹਾਂ ਪਾਰਟੀਆਂ ਵਿਚਾਲੇ ਸਹਿਮਤੀ ਨਾ ਬਣਨ ਕਾਰਨ ਹੀ ਮੰਤਰੀ ਮੰਡਲ ਦੀ ਮੀਟਿੰਗ ਮੁਲਤਵੀ ਕੀਤੀ ਗਈ ਸੀ। ਕੈਬਨਿਟ ਮੀਟਿੰਗ ਦੀ ਨਵੀਂ ਤਾਰੀਖ਼ ਦਾ ਫੈਸਲਾ ਨਹੀਂ ਕੀਤਾ ਗਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਖ ਚੁੱਕੇ ਹਨ ਕਿ ਭਾਜਪਾ ਨੇ ਨਵੇਂ ਕਰ ਲਾਉਣ ਬਾਰੇ ਸਹਿਮਤੀ ਦੇ ਦਿੱਤੀ ਹੈ ਜਦੋਂਕਿ ਭਾਜਪਾ ਦੇ ਆਗੂਆਂ ਨੇ ਗੈਰ-ਰਸਮੀ ਤੌਰ 'ਤੇ ਗੱਲ ਕਰਦਿਆਂ ਕਿਹਾ ਕਿ ਪਾਰਟੀ ਵਲੋਂ ਸ਼ਰਤਾਂ ਸਣੇ ਹੀ ਸਹਿਮਤੀ ਦਿੱਤੀ ਗਈ ਹੈ।

ਸਰਕਾਰ ਵੱਲੋਂ ਨਵੇਂ ਕਰ ਲਗਾਉਣ ਦਾ ਮਾਮਲਾ ਲਮਕਾਏ ਜਾਣ ਕਾਰਨ ਵਿੱਤ ਵਿਭਾਗ ਦੀ ਹਾਲਤ ਬੇਹੱਦ ਕਸੂਤੀ ਬਣੀ ਹੋਈ ਹੈ। ਪਿਛਲੇ ਤਿੰਨ ਮਹੀਨਿਆਂ ਤੋਂ ਬੁਢਾਪਾ ਪੈਨਸ਼ਨਾਂ ਤੱਕ ਦਾ ਭੁਗਤਾਨ ਨਹੀਂ ਕੀਤਾ ਜਾ ਸਕਿਆ। ਜਾਣਕਾਰੀ ਮੁਤਾਬਕ ਵਿੱਤ ਵਿਭਾਗ ਵਲੋਂ ਪਿਛਲੇ ਚਾਰਾਂ ਮਹੀਨਿਆਂ ਦੌਰਾਨ 4500 ਕਰੋੜ ਰੁਪਏ ਦਾ ਕਰਜ਼ਾ ਲਿਆ ਜਾ ਚੁੱਕਾ ਹੈ।

## ਬਾਬਾ ਦਲਜੀਤ ਸਿੰਘ ਅਦਾਲਤ ਦੀ ਹੁਕਮ ਅਦੂਲੀ ਕਾਰਣ ਜੇਲ੍ਹ 'ਚ

**ਸ਼ਿਕਾਗੋ (ਬਿਊਰੋ):** ਇਥੋਂ ਦੀ ਇਕ ਅਦਾਲਤ ਨੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਨੂੰ ਅਦਾਲਤ ਦੇ ਹੁਕਮਾਂ ਦੀ ਅਦੂਲੀ ਦੇ ਦੋਸ਼ ਵਿਚ ਜੇਲ੍ਹ ਭੇਜ ਦਿਤਾ ਹੈ। ਮਕੈਨਰੀ ਕਾਉਂਟੀ 22ਵੀਂ ਸਰਕਟ ਕੋਰਟ ਨੇ ਗੁਰੂ ਨਾਨਕ ਸਿੱਖ ਮਿਸ਼ਨ ਨੂੰ ਲੈ ਕੇ ਚਲ ਰਹੇ ਇਕ ਕੇਸ ਦੇ ਸਿਲਸਿਲੇ ਵਿਚ 10 ਅਗਸਤ ਨੂੰ ਬਾਬਾ ਦਲਜੀਤ ਸਿੰਘ ਨੂੰ ਮਿਸ਼ਨ ਦੀ ਜਾਇਦਾਦ ਤਬਦੀਲ ਕਰਨ ਦੇ ਮਾਮਲੇ 'ਚ ਅਦਾਲਤ ਦੇ ਹੁਕਮਾਂ ਦੀ ਅਦੂਲੀ ਦਾ ਦੋਸ਼ੀ ਕਰਾਰ ਦਿੰਦਿਆਂ ਉਨ੍ਹਾਂ ਦੀ ਗ੍ਰਿਫਤਾਰੀ ਦੇ ਆਦੇਸ਼ ਦੇ ਦਿਤੇ ਸਨ। ਉਸ ਦਿਨ ਬਾਬਾ ਦਲਜੀਤ ਸਿੰਘ ਮਿਲਵਾਕੀ ਵਿਚ ਹੋਏ ਗੋਲੀ ਕਾਂਡ ਦੇ ਮ੍ਰਿਤਕਾਂ ਦੇ ਸਸਕਾਰ ਲਈ ਗਏ ਹੋਣ ਕਰਕੇ ਅਦਾਲਤ ਵਿਚ ਹਾਜਰ ਨਾ ਹੋ ਸਕੇ। ਉਨ੍ਹਾਂ ਦਾ ਵਕੀਲ ਵੀ ਉਸ ਦਿਨ ਅਦਾਲਤ ਵਿਚ ਕਿਸੇ ਕਾਰਣ ਨਾ ਪਹੁੰਚ ਸਕਿਆ। ਅਦਾਲਤ ਦੇ ਇਸ ਹੁਕਮ ਵਿਰੁਧ ਮੋਸ਼ਨ ਫਾਈਲ ਕਰਨ ਲਈ 14 ਅਗਸਤ ਨੂੰ ਜਦੋਂ ਬਾਬਾ ਦਲਜੀਤ ਸਿੰਘ ਪੇਸ਼ ਹੋਏ ਤਾਂ ਜੱਜ ਨੇ ਸ਼ੈਰਿਫ ਪੁਲਿਸ ਨੂੰ ਉਨ੍ਹਾਂ ਦੀ ਫੌਰਨ ਗ੍ਰਿਫਤਾਰੀ ਦੇ ਆਦੇਸ਼ ਦਿਤੇ।



*ਬਾਬਾ ਦਲਜੀਤ ਸਿੰਘ*

ਅਦਾਲਤ ਨੇ 10 ਅਗਸਤ ਦੇ ਆਪਣੇ ਹੁਕਮਾਂ ਵਿਚ ਲਿਖਿਆ ਹੈ ਕਿ ਬਾਬਾ ਦਲਜੀਤ ਸਿੰਘ ਨੂੰ ਮਕੈਨਰੀ ਕਾਉਂਟੀ ਸ਼ੈਰਿਫ ਉਦੋਂ ਤਕ ਆਪਣੀ ਹਿਰਾਸਤ ਵਿਚ ਰਖੇ ਜਦੋਂ ਤਕ ਕਿ ਅਦਾਲਤੀ ਹੁਕਮਾਂ ਦੀ ਅਦੂਲੀ ਦੀ ਭਰਪਾਈ ਨਹੀਂ ਹੁੰਦੀ। ਅਦਾਲਤ ਨੇ ਆਪਣੇ ਹੁਕਮਾਂ ਦੀ ਅਦੂਲੀ ਦੇ ਇਵਜ਼ ਵਿਚ ਬਾਬਾ ਦਲਜੀਤ ਸਿੰਘ ਨੂੰ ਗੁਰੂ ਨਾਨਕ ਸਿੱਖ ਮਿਸ਼ਨ ਦੇ ਹਿਤ ਲਈ ਅਦਾਲਤ ਦੇ ਕਲਰਕ ਪਾਸ 350,000 ਡਾਲਰ ਜਮਾਂ ਕਰਵਾਉਣ ਜਾਂ ਇਸ ਦੀ ਜਾਇਦਾਦ ਵਾਪਸ ਮੋੜਨ ਲਈ ਆਖਿਆ ਹੈ।

ਜੱਜ ਨੇ ਇਸ ਮਾਮਲੇ ਦੀ ਸੁਣਵਾਈ ਲਈ ਅਗਲੀ ਤਾਰੀਖ 5 ਅਕਤੂਬਰ ਬਾਅਦ ਦੁਪਹਿਰ 1.30 ਵਜੇ ਦੀ ਰਖੀ ਹੈ।

ਜ਼ਿਕਰਯੋਗ ਹੈ ਕਿ ਬਾਬਾ ਦਲਜੀਤ ਸਿੰਘ ਦੇ ਇਕ ਪੁਰਾਣੇ ਸ਼ਰਧਾਲੂ ਪਰਿਵਾਰ ਪਰ ਹੁਣ ਵਿਰੁਧ ਹੋ ਚੁਕੇ ਅਤੇ ਗੁਰੂ ਨਾਨਕ ਸਿੱਖ ਮਿਸ਼ਨ ਦੇ ਇਕ ਡਾਇਰੈਕਟਰ ਹਰਮਿੰਦਰ ਸਿੰਘ ਖਹਿਰਾ ਵਲੋਂ ਬਾਬਾ ਦਲਜੀਤ ਸਿੰਘ ਵਿਰੁਧ ਮਿਸ਼ਨ ਨੂੰ ਲੈ ਕੇ ਕੇਸ ਕੀਤਾ ਗਿਆ ਸੀ। ਇਸੇ ਕੇਸ ਦੇ ਸਿਲਸਿਲੇ ਵਿਚ ਬਾਬਾ ਦਲਜੀਤ ਸਿੰਘ ਉਪਰ ਅਦਾਲਤ ਦੇ ਹੁਕਮਾਂ ਦੀ ਅਦੂਲੀ ਕਰਕੇ ਮਿਸ਼ਨ ਦੀ ਜਾਇਦਾਦ ਕਿਸੇ ਹੋਰ ਦੇ ਨਾਂ ਤਬਦੀਲ ਕਰਨ ਦਾ ਦੋਸ਼ ਹੈ।

ਜੇਲ੍ਹ ਤੋਂ ਪੰਜਾਬ ਟਾਈਮਜ਼ ਨਾਲ ਫੋਨ 'ਤੇ ਗੱਲ ਕਰਦਿਆਂ ਬਾਬਾ ਦਲਜੀਤ ਸਿੰਘ ਨੇ ਆਖਿਆ ਕਿ ਜੋ ਵੀ ਹੋਇਆ ਹੈ, ਰੱਬ ਦੇ ਭਾਣੇ ਵਿਚ ਹੀ ਹੋਇਆ ਹੈ। ਜੇਲ੍ਹ ਅੰਦਰ ਉਹ ਆਪਣਾ ਸਮਾਂ ਨਾਮ ਸਿਮਰਨ ਅਤੇ ਕਸਰਤ ਵਿਚ ਲਗਾ ਰਹੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਅਦਾਲਤ ਦੇ ਫੈਸਲੇ ਨੂੰ ਉਪਰਲੀ ਅਦਾਲਤ ਵਿਚ ਚੁਣੌਤੀ ਦਿੱਤੀ ਜਾਏਗੀ।

## ਸਾਬਕਾ ਪੁਲਿਸ ਮੁਖੀ ਵੱਲੋਂ ਪੰਚਾਇਤੀ ਜ਼ਮੀਨ ਹਥਿਆਉਣ ਦੀ ਕੋਸ਼ਿਸ਼

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਪੁਲਿਸ ਮੁਖੀ ਤੇ ਸੱਤਾਧਾਰੀ ਅਕਾਲੀ ਦਲ ਦੇ ਆਗੂ ਪਰਮਦੀਪ ਸਿੰਘ ਗਿੱਲ ਵੱਲੋਂ ਪੌਣੇ 200 ਏਕੜ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਾਕਾਮ ਹੋ ਗਈ ਹੈ। ਹੁਣ ਇਸ ਜ਼ਮੀਨ ਦੀ ਗਿਰਦਾਵਰੀ ਮੁੜ ਪੰਚਾਇਤ ਦੇ ਨਾਂ ਤਬਦੀਲ ਕਰਨ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਪੰਚਾਇਤੀ ਜ਼ਮੀਨ ਦੀਆਂ ਗਿਰਦਾਵਰੀਆਂ ਕਿਸੇ ਆਮ ਵਿਅਕਤੀ ਦੇ ਨਾਂ ਤਬਦੀਲ ਕਰਨ ਬਾਰੇ ਮਾਜਰੀ ਸਬ ਤਹਿਸੀਲ ਦੇ ਤਤਕਾਲੀ ਨਾਇਬ ਤਹਿਸੀਲਦਾਰ ਰੁਪਿੰਦਰ ਸਿੰਘ ਮਣਕੂ ਨੂੰ ਦੋਸ਼ੀ ਠਹਿਰਾਏ ਜਾਣ ਪਿੱਛੋਂ ਮਾਲ ਵਿਭਾਗ ਨੇ ਉਸ ਨੂੰ ਮੁਅੱਤਲ ਕਰ ਦਿੱਤਾ ਸੀ।

ਸਰਕਾਰ ਦੀਆਂ ਹਦਾਇਤਾਂ 'ਤੇ ਪੰਚਾਇਤ ਸੈਣੀ ਮਾਜਰਾ ਨੇ ਗਿਰਦਾਵਰੀਆਂ ਤਬਦੀਲ ਕਰਨ ਲਈ ਐਸ.ਡੀ.ਐਮ. ਖਰੜ ਦੀ ਅਦਾਲਤ 'ਚ ਮਾਮਲਾ ਦਾਇਰ ਕਰ ਦਿੱਤਾ ਹੈ। ਇਹ ਮਾਮਲਾ ਮਈ ਮਹੀਨੇ 'ਚ ਉਦੋਂ ਸੁਰਖੀਆਂ 'ਚ ਆਇਆ ਸੀ ਜਦੋਂ ਸਾਬਕਾ ਪੁਲਿਸ ਮੁਖੀ ਨੇ ਆਪਣੇ ਗੰਨਮੈਨਾਂ ਸਮੇਤ ਪਿੰਡ ਦੀ ਪੰਚਾਇਤੀ ਜ਼ਮੀਨ ਉਪਰ ਕਬਜ਼ਾ ਕਰ ਲਿਆ ਸੀ। ਮੀਡੀਆ 'ਚ ਆਉਣ ਤੋਂ ਬਾਅਦ ਇਸ ਮਾਮਲੇ ਦੀ ਪੜਤਾਲ ਕਰਵਾਈ ਗਈ ਸੀ।



ਮਾਲ ਵਿਭਾਗ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਡਿਪਟੀ ਕਮਿਸ਼ਨਰ ਮੁਹਾਲੀ ਦੀਆਂ ਹਦਾਇਤਾਂ 'ਤੇ ਖਰੜ ਦੇ ਐਸ.ਡੀ.ਐਮ. ਵੱਲੋਂ ਕੀਤੀ ਗਈ ਪੜਤਾਲ ਮੁਤਾਬਕ ਸੈਣੀ ਮਾਜਰਾ ਦੀ ਜ਼ਮੀਨ ਜਿਸ ਨੂੰ ਸ. ਗਿੱਲ ਵੱਲੋਂ ਖਰੀਦੀ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਅਸਲ 'ਚ ਸ਼ਾਮਲਾਤ ਦੀ ਹੈ। ਸ਼ਾਮਲਾਤ ਦੇਹ ਦੀਆਂ ਗਿਰਦਾਵਰੀਆਂ ਜੇਕਰ ਕਿਸੇ ਆਮ ਵਿਅਕਤੀ ਦੇ ਨਾਂ ਤਬਦੀਲ ਕਰਨੀਆਂ ਹੋਣ ਤਾਂ ਸਬੰਧਤ ਅਧਿਕਾਰੀ ਪੰਚਾਇਤ ਦਾ ਪੱਖ ਵੀ ਸੁਣਦਾ ਹੈ। ਪੰਚਾਇਤ ਦਾ ਦੋਸ਼ ਹੈ ਕਿ ਨਾਇਬ ਤਹਿਸੀਲਦਾਰ ਨੇ ਉਸ ਦਾ ਪੱਖ ਸੁਣੇ ਬਿਨਾਂ ਹੀ ਗਿਰਦਾਵਰੀਆਂ ਤਬਦੀਲ ਕਰ ਦਿੱਤੀਆਂ। ਇਨ੍ਹਾਂ ਦੋਸ਼ਾਂ ਕਾਰਨ ਹੀ ਨਾਇਬ ਤਹਿਸੀਲਦਾਰ ਨੂੰ ਮਅੱਤਲ ਕੀਤਾ ਗਿਆ ਸੀ। ਐਸ.ਡੀ.ਐਮ. ਦੀ ਰਿਪੋਰਟ ਤੋਂ ਬਾਅਦ ਮਾਲ ਵਿਭਾਗ ਨੇ ਡਿਪਟੀ ਕਮਿਸ਼ਨਰ ਮੁਹਾਲੀ ਨੂੰ ਹਦਾਇਤ ਦਿੱਤੀ ਸੀ ਕਿ ਪੰਚਾਇਤ ਸੈਣੀ ਮਾਜਰਾ ਦੀ ਜ਼ਮੀਨ ਦੀ ਗਿਰਦਾਵਰੀ ਮੁੜ ਤੋਂ ਪੰਚਾਇਤ ਦੇ ਨਾਂ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।

ਸਾਬਕਾ ਪੁਲਿਸ ਮੁਖੀ ਨੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਤੱਕ ਵੀ ਪਹੁੰਚ ਕੀਤੀ ਸੀ ਤੇ ਸੂਤਰਾਂ ਅਨੁਸਾਰ ਮੰਤਰੀ ਨਾਲ ਮੀਟਿੰਗ ਦੌਰਾਨ ਜ਼ਮੀਨ ਬਾਰੇ ਕੁਝ ਦਸਤਾਵੇਜ਼ ਪੇਸ਼ ਕਰਦਿਆਂ ਇਸ 'ਤੇ ਕਬਜ਼ਾ ਕਰਨ ਦੇ ਤੱਥਾਂ ਨੂੰ ਸਹੀ ਕਰਾਰ ਦਿੱਤਾ ਸੀ। ਮਾਲ ਮੰਤਰੀ ਦਲੀਲਾਂ ਨਾਲ ਸਹਿਮਤ ਨਹੀਂ ਹੋਏ ਤੇ ਉਨ੍ਹਾਂ ਨੇ ਕਾਨੂੰਨ ਮੁਤਾਬਕ ਕਾਰਵਾਈ ਲਈ ਹਰੀ ਝੰਡੀ ਦੇ ਦਿੱਤੀ। ਸ. ਗਿੱਲ ਦਾ ਦਾਅਵਾ ਹੈ ਕਿ ਸਬੰਧਤ ਜ਼ਮੀਨ ਮਸ਼ਤਰਕਨ ਮਾਲਕਾਂ ਦੀ ਜ਼ਮੀਨ ਹੈ ਜੋ ਮੁਰੱਬਾਬੰਦੀ ਕਾਨੂੰਨ 1948 ਅਧੀਨ ਆਉਂਦੀ ਹੈ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268

732-983-4332/4333

# ਸੁਖਬੀਰ ਸਿੰਘ ਬਾਦਲ ਨੇ ਕੈਨੇਡਾ ਫੇਰੀ ਤੋਂ ਕੰਨੀ ਕਤਰਾਈ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪਰਵਾਸੀ ਪੰਜਾਬੀਆਂ ਨੂੰ ਭਰਮਾਉਣ ਤੇ ਰਾਜ ਸਰਕਾਰ ਵੱਲੋਂ ਕੀਤੇ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਉਣ ਲਈ ਸਤੰਬਰ 'ਚ ਕੀਤੀ ਜਾਣ ਵਾਲੀ ਕੈਨੇਡਾ ਫੇਰੀ ਰੱਦ ਹੋਣ ਨਾਲ ਸਿਆਸੀ ਹਲਕਿਆਂ 'ਚ ਕਈ ਤਰ੍ਹਾਂ ਦੀ ਚਰਚਾ ਹੈ। ਸਿਆਸੀ ਹਲਕਿਆਂ ਤੇ ਮੀਡੀਆ 'ਚ ਚਰਚਾ ਹੈ ਕਿ ਕੈਨੇਡਾ 'ਚ ਗਰਮ ਖਿਆਲੀਆਂ ਦੇ ਰੋਹ ਨੂੰ ਵੇਖਦਿਆਂ ਹੀ ਸੁਖਬੀਰ ਬਾਦਲ ਨੇ ਇਸ ਫੇਰੀ ਤੋਂ ਕੰਨੀ ਕਤਰਾਈ ਹੈ।

ਸ. ਸੁਖਬੀਰ ਬਾਦਲ ਦੀ ਕੈਨੇਡਾ ਫੇਰੀ ਦੀ ਤਿਆਰੀ ਲਈ ਸ. ਮਨਪ੍ਰੀਤ ਸਿੰਘ ਇਯਾਲੀ, ਸ਼ਰਨਜੀਤ ਸਿੰਘ ਢਿੱਲੋਂ, ਸ. ਬਲਵੰਤ ਸਿੰਘ ਰਾਮੂਵਾਲੀਆ ਸਮੇਤ ਹੋਰ ਕਈ ਆਗੂ ਕੈਨੇਡਾ ਦੇ ਕਈ ਸ਼ਹਿਰਾਂ 'ਚ ਮੀਟਿੰਗਾਂ ਵੀ ਕਰ ਚੁੱਕੇ ਸਨ। ਉਨ੍ਹਾਂ ਵੱਲੋਂ ਕੈਲਗਰੀ, ਸਰੀ ਤੇ ਟੋਰਾਂਟੋ ਵਿਖੇ ਵੱਡੇ ਸਮਾਗਮ ਕਰਨ ਤੇ ਕੈਨੇਡਾ ਦੀਆਂ ਸੂਬਾਈ ਸਰਕਾਰਾਂ ਨਾਲ ਮਿਲ ਕੇ ਸਾਂਝੇ ਉਦਮੀ ਕਾਰੋਬਾਰਾਂ ਲਈ ਯਤਨ ਕਰਨ ਦਾ ਪ੍ਰੋਗਰਾਮ ਸੀ। ਪਾਰਟੀ ਸੂਤਰਾਂ ਅਨੁਸਾਰ ਉਪ ਮੁੱਖ ਮੰਤਰੀ ਦੀ ਪੰਜਾਬ ਤੋਂ ਲੰਬੀ ਗ਼ੈਰ ਹਾਜ਼ਰੀ ਨੂੰ ਧਿਆਨ 'ਚ ਰੱਖ ਕੇ ਇਹ ਫੇਰੀ ਰੱਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਨਿੱਜੀ ਦੌਰੇ ਉਪਰ ਵਿਦੇਸ਼ ਗਏ ਹੋਣ ਕਾਰਨ ਉਪ ਮੁੱਖ ਮੰਤਰੀ ਬਜਟ ਸੈਸ਼ਨ 'ਚ ਹਾਜ਼ਰ ਨਹੀਂ ਸਨ ਹੋ ਸਕੇ। ਕੁਝ ਦਿਨ ਲਈ ਉਹ ਉਲੰਪਿਕ ਸਮੇਂ ਇੰਗਲੈਂਡ ਗਏ ਸਨ ਤੇ ਅੱਜਕੱਲ੍ਹ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਪਰਿਵਾਰ ਸਮੇਤ ਅਫ਼ਰੀਕਾ ਗਏ ਦੱਸੇ ਜਾ ਰਹੇ ਹਨ। ਉਨ੍ਹਾਂ ਦੇ 25 ਅਗਸਤ ਤੱਕ ਵਾਪਸ ਪਰਤਣ ਦੀ ਉਮੀਦ ਹੈ। ਸਰਕਾਰੀ ਹਲਕਿਆਂ ਦਾ ਵੀ ਕਹਿਣਾ ਹੈ ਕਿ ਤੁਰੰਤ ਬਾਅਦ ਮੁੜ ਵਿਦੇਸ਼ ਜਾਣ ਨਾਲ ਪ੍ਰਸ਼ਾਸਕੀ ਤੇ ਵਿਕਾਸ ਕਾਰਜਾਂ ਵਿਚ ਵਿਘਨ



ਪੈਂਦਾ ਸੀ ਪਰ ਕੁਝ ਹੋਰ ਹਲਕਿਆਂ ਤੇ ਕੈਨੇਡਾ ਤੋਂ ਆ ਰਹੀਆਂ ਖ਼ਬਰਾਂ ਅਨੁਸਾਰ ਉਪ ਮੁੱਖ ਮੰਤਰੀ ਦੀ ਕੈਨੇਡਾ ਫੇਰੀ ਰੱਦ ਕਰਨ ਦਾ ਕਾਰਨ ਨਿੱਜੀ ਰੁਝੇਵਿਆਂ ਤੋਂ ਵਧੇਰੇ ਸਿਆਸੀ ਹੈ।

ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਹੋਰਾਂ ਮੁਲਕਾਂ ਵਾਂਗ ਕੈਨੇਡਾ ਵਿਚ ਵੀ ਹਾਲਾਤ ਪਹਿਲਾਂ ਵਰਗੇ ਨਹੀਂ ਰਹੇ ਪਰ ਅਜੇ ਵੀ ਬਹੁਤੇ ਪਰਵਾਸੀ ਪੰਜਾਬੀ ਸਰਕਾਰ ਦੇ ਖ਼ਿਲਾਫ਼ ਹਨ। ਉਥੇ ਕਈ ਅਜਿਹੇ ਰੜਕਵੇਂ ਮਸਲੇ ਵੀ ਹਨ ਜਿਨ੍ਹਾਂ ਉਪਰ ਲੋਕ ਸਰਕਾਰ ਦੀ ਸਖ਼ਤ ਨੁਕਤਾਚੀਨੀ ਕਰਦੇ ਹਨ। ਖਾੜਕੂ ਲਹਿਰ ਸਮੇਂ ਸਿੱਖਾਂ ਉਪਰ ਸਖ਼ਤੀ ਕਰਨ 'ਚ ਉਭਰ ਕੇ ਆਏ ਨਾਵਾਂ ਵਾਲੇ ਪੁਲਿਸ ਅਫਸਰਾਂ ਦੀ ਪੁਸ਼ਤ ਮਨਾਹੀ ਤੋਂ ਪਰਵਾਸੀ ਪੰਜਾਬੀਆਂ 'ਚ ਡਾਹਢਾ ਰੋਸ ਤੇ ਗੁੱਸਾ ਹੈ।

ਪਿਛਲੇ ਹਫ਼ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਭ ਤੋਂ ਸੰਘਣੀ ਪੰਜਾਬੀ ਵਸੋਂ ਵਾਲੇ ਸ਼ਹਿਰ ਸਰੀ 'ਚ ਪ੍ਰਮੁੱਖ ਗੁਰਦੁਆਰਾ ਪ੍ਰਬੰਧਕਾਂ ਦੀ ਮੀਟਿੰਗ ਵਿਚ ਵੀ ਇਸ ਫੇਰੀ ਬਾਰੇ ਨਾਪਸੰਦਗੀ ਦਾ ਹੀ ਇਜ਼ਹਾਰ ਸਾਹਮਣੇ ਆਇਆ ਸੀ। ਕੈਨੇਡਾ ਦੇ ਤਿੰਨਾਂ ਸੂਬਿਆਂ ਅਲਬਰਟਾ, ਬ੍ਰਿਟਿਸ਼ ਕੋਲੰਬੀਆ ਤੇ ਓਟਾਂਰੀਓ ਦੇ ਰੇਡੀਓ ਉਪਰ ਹੋਣ ਵਾਲੇ ਟਾਕ ਸ਼ੋਅ 'ਚ ਵੀ ਲੋਕਾਂ ਦਾ ਹੁੰਗਾਰਾ ਵਧੇਰੇ ਕਰਕੇ ਰੁੱਖਾ ਤੇ ਨੁਕਤਾਚੀਨੀ ਵਾਲਾ ਰਿਹਾ ਦੱਸਿਆ ਜਾਂਦਾ ਹੈ। ਸ. ਸੁਖਬੀਰ ਸਿੰਘ ਬਾਦਲ ਦੇ ਨੇੜਲੇ ਸਿਆਸੀ ਹਲਕੇ ਇਸ ਸਾਰੇ ਕੁਝ ਨੂੰ ਵੀ ਬੜੀ ਬਾਰੀਕੀ ਨਾਲ ਵਾਚਦੇ ਆ ਰਹੇ ਸਨ।

ਇਹ ਵੀ ਦੱਸਿਆ ਜਾਂਦਾ ਹੈ ਕਿ ਬਾਦਲ ਵੀ ਵਿਦੇਸ਼ੀ ਦੌਰੇ ਬਾਰੇ ਕਈ ਦਿਨ ਤੋਂ ਕਾਫ਼ੀ ਚੌਕਸ ਸਨ ਤੇ ਵੱਖ-ਵੱਖ ਸੂਤਰਾਂ ਰਾਹੀਂ ਇਸ ਦੇ ਹਰ ਪੱਖ ਬਾਰੇ ਜਾਣਕਾਰੀ ਤੇ ਰਾਇ ਲੈ ਰਹੇ ਸਨ। ਕੇਂਦਰੀ ਸਰਕਾਰੀ ਏਜੰਸੀਆਂ ਦੇ ਅਧਿਕਾਰੀ ਵੀ ਉਪ ਮੁੱਖ ਮੰਤਰੀ ਦੇ ਅਜਿਹੇ ਵਿਆਪਕ ਦੌਰੇ ਦੇ ਹੱਕ ਵਿਚ ਨਹੀਂ ਸਨ। ਪਤਾ ਲੱਗਾ ਹੈ ਕਿ ਉਨ੍ਹਾਂ ਵੱਲੋਂ ਲਗਾਤਾਰ ਅਹਿਤਿਆਤ ਵਰਤਣ ਦੇ ਸੁਨੇਹੇ ਪੰਜਾਬ ਸਰਕਾਰ ਦੀਆਂ ਸੁਰੱਖਿਆ ਏਜੰਸੀਆਂ ਨੂੰ ਭੇਜੇ ਜਾ ਰਹੇ ਸਨ। ਦੱਸਿਆ ਜਾਂਦਾ ਹੈ ਕਿ ਅਜਿਹੇ ਹਾਲਾਤ ਨੂੰ ਸਾਹਮਣੇ ਰੱਖਦਿਆਂ ਹੀ ਉਪ ਮੁੱਖ ਮੰਤਰੀ ਨੇ ਇਹ ਵਿਦੇਸ਼ ਦੌਰਾ ਰੱਦ ਕਰਨ ਦਾ ਫ਼ੈਸਲਾ ਕੀਤਾ ਹੈ।

# ਬਾਦਲ ਨੂੰ ਸੰਮਨ ਜਾਰੀ ਕਰਨਾ ਮਨੁੱਖੀ ਹੱਕਾਂ ਦੀ ਰਾਖੀ ਲਈ ਜ਼ਰੂਰੀ: ਮਾਨ ਦਲ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਦੇ ਹੱਕਾਂ ਦੀ ਰਾਖੀ ਲਈ ਅਤੇ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੇ ਲੋਕਾਂ ਨੂੰ ਨੱਥ ਪਾਉਣ ਲਈ ਲੰਮੀ ਲੜਾਈ ਲੜੀ ਹੈ ਜੋ ਅਜੇ ਵੀ ਨਿਰੰਤਰ ਜਾਰੀ ਹੈ। ਭਾਵੇਂ ਉਹ ਬੇਅੰਤ ਸਿੰਘ ਸੀ, ਕੇ ਪੀ ਐਸ ਗਿੱਲ, ਸਰਬਜੀਤ ਸਿੰਘ ਵਿਰਕ, ਇਜ਼ਹਾਰ ਆਲਮ, ਸਵਰਨ ਸਿੰਘ ਘੋਟਣਾ ਜਾਂ ਸੁਮੇਧ ਸੈਣੀ ਹੋਏ-ਇਨ੍ਹਾਂ ਸਭ ਨੂੰ ਹਾਈ ਕੋਰਟ ਤੇ ਸੁਪਰੀਮ ਕੋਰਟ ਵਿਚ ਚੈਲੰਜ ਕੀਤਾ ਅਤੇ ਹੋਰ ਅਨੇਕਾਂ ਜਾਲਮ ਪੁਲਿਸ ਅਫਸਰਾਂ ਨੂੰ ਲੋਕਾਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ। ਇਹ ਵਿਚਾਰ ਅਕਾਲੀ ਦਲ ਅੰਮ੍ਰਿਤਸਰ ਦੀ ਅਮਰੀਕਾ ਇਕਾਈ ਵਲੋਂ ਜਾਰੀ ਇਕ ਬਿਆਨ ਵਿਚ ਪ੍ਰਗਟ ਕੀਤੇ ਗਏ ਹਨ।

ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਕਾਸ਼ ਸਿੰਘ ਬਾਦਲ ਵਲੋਂ ਸਿੱਖਾਂ ਅਤੇ ਸਿੱਖੀ ਦੇ ਕੀਤੇ ਜਾ ਰਹੇ ਘਾਣ ਨੂੰ ਲੋਕਾਂ ਵਿਚ ਲਿਆਉਣ ਲਈ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂਆਂ ਵਲੋਂ ਸਿੱਖਸ ਫਾਰ ਜਸਟਿਸ ਦੀ ਮਦਦ ਨਾਲ ਜੋ ਅਦਾਲਤੀ ਸੰਮਨ ਸ. ਬਾਦਲ ਵਿਰੁਧ ਜਾਰੀ ਕਰਵਾਏ ਗਏ ਹਨ, ਉਹ ਬਿਲਕੁਲ ਜਾਇਜ ਹਨ। ਪਾਰਟੀ ਅਤੇ ਸਿੱਖਸ ਫਾਰ ਜਸਟਿਸ ਦੀ ਇਸ ਕਾਰਵਾਈ ਵਿਰੁਧ ਅਕਾਲੀ ਦਲ ਬਾਦਲ ਦੀ ਅਮਰੀਕਾ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਦਸੂਹਾ ਵਲੋਂ ਦਿੱਤੇ ਗਏ ਬਿਆਨ ਨੂੰ ਗੁਮਰਾਹਕੁਨ ਕਰਾਰ ਦਿੰਦਿਆਂ ਇਸ ਨੂੰ ਸਿੱਖਾਂ ਅਤੇ ਮਨੁੱਖੀ ਅਧਿਕਾਰਾਂ ਨਾਲ ਮਜ਼ਾਕ ਆਖਿਆ ਹੈ।

ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂਆਂ ਬੂਟਾ ਸਿੰਘ ਖੜੌਦ, ਰੇਸ਼ਮ ਸਿੰਘ, ਕੁਲਜੀਤ ਸਿੰਘ ਅਤੇ ਹੋਰ ਆਗੂਆਂ ਵਲੋਂ ਜਾਰੀ ਸਾਂਝੇ ਬਿਆਨ ਵਿਚ ਸ. ਦਸੂਹਾ ਵਲੋਂ ਸਿੱਖਸ ਫਾਰ ਜਸਟਿਸ ਵਿਰੁਧ ਕੀਤੇ ਗਏ ਪ੍ਰਚਾਰ ਦਾ ਖੰਡਨ ਕਰਦਿਆਂ ਕਿਹਾ ਗਿਆ ਹੈ ਕਿ ਸ. ਬਾਦਲ ਇਥੇ ਓਕ ਕਰੀਕ ਗੁਰੂ ਵਿਚ ਸਿੱਖਾਂ 'ਤੇ ਹੋਏ ਵਹਿਸ਼ੀ ਕਤਲ ਕਾਂਡ ਦਾ ਅਫਸੋਸ ਕਰਨ ਨਹੀਂ ਆਏ ਸਨ, ਉਹ ਤਾਂ ਇਕ ਅਮੀਰ ਸਿੱਖ ਦੀ ਬੇਟੀ ਦੇ ਵਿਆਹ ਵਿਚ ਸ਼ਾਮਲ ਹੋਣ ਆਏ ਸਨ ਅਤੇ ਉਸ ਪਿਛੋਂ ਉਨ੍ਹਾਂ ਸ਼ਿਕਾਗੋ ਵਿਚ ਕਰਵਾਏ ਜਾ ਰਹੇ ਇਕ ਕਬੱਡੀ ਟੂਰਨਾਮੈਂਟ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਾ ਸੀ। ਬਦਕਿਸਮਤੀ ਨਾਲ ਓਕ ਕਰੀਕ ਗੁਰੂ ਘਰ ਵਿਚ ਘਟਨਾ ਵਾਪਰ ਗਈ ਅਤੇ ਉਹ ਪੀੜਤ ਪਰਿਵਾਰਾਂ ਦੇ ਘਰ ਅਫਸੋਸ ਜਾਹਰ ਕਰਨ ਗਏ। ਬਿਆਨ ਵਿਚ ਕਿਹਾ ਗਿਆ ਹੈ ਕਿ ਵੱਡਾ ਸਵਾਲ ਤਾਂ ਇਹ ਹੈ ਕਿ ਸਨਿਚਰਵਾਰ ਵਿਆਹ ਤੋਂ ਬਾਅਦ ਪਾਰਟੀ ਵਿਚ ਕੀ ਅਕਾਲੀ ਲੀਡਰ ਸ਼ਾਮਲ ਨਹੀਂ ਹੋਏ? ਜਿਥੇ ਕਿ ਸ਼ਰਾਬ ਦੇ ਦੌਰ ਵੀ ਚੱਲੇ।

## ਕੰਮਕਾਜੀ ਮਾਂਵਾਂ ਹੁੰਦੀਆਂ ਨੇ ਵਧੇਰੇ ਤੰਦਰੁਸਤ

**ਵਾਸ਼ਿੰਗਟਨ:** ਹਾਲ ਹੀ ਵਿਚ ਕੀਤੀ ਗਈ ਨਵੀਂ ਖੋਜ ਮੁਤਾਬਕ ਕੰਮਕਾਜੀ ਮਾਵਾਂ ਜਿੱਥੇ ਆਰਥਿਕ ਪੱਖੋਂ ਆਤਮ ਨਿਰਭਰ ਹੁੰਦੀਆਂ ਹਨ, ਉਥੇ ਉਨ੍ਹਾਂ ਦੀ ਸਿਹਤ ਵੀ ਘਰੇਲੂ ਮਾਵਾਂ ਨਾਲੋਂ ਵਧੇਰੇ ਚੰਗੀ ਹੁੰਦੀ ਹੈ। ਅਜਿਹਾ 2540 ਕੰਮਕਾਜੀ ਮਹਿਲਾਵਾਂ 'ਤੇ ਕੀਤੀ ਗਈ ਖੋਜ ਤੋਂ ਸਿੱਧ ਹੋਇਆ ਹੈ।

ਯੂਨੀਵਰਸਿਟੀ ਆਫ ਐਕਰੋਨ ਦੀ ਸਮਾਜਕ ਵਿਗਿਆਨ ਦੀ ਸਹਾਇਕ ਪ੍ਰੋ. ਆਂਦਰੀਨੇ ਫਰੈਂਚ ਦੀ ਖੋਜ ਮੁਤਾਬਕ ਪੂਰਾ ਸਮਾਂ ਕੰਮ ਕਰਨ ਵਾਲੀਆਂ ਮਾਵਾਂ, ਪਾਰਟ ਟਾਈਮ ਕੰਮ ਕਰਨ ਵਾਲੀਆਂ ਜਾਂ ਘਰੇਲੂ ਮਾਵਾਂ ਨਾਲੋਂ ਸਿਹਤ ਦੇ ਮਾਮਲੇ ਵਿਚ ਬਿਹਤਰ ਹੁੰਦੀਆਂ ਹਨ। ਜੋ ਔਰਤਾਂ ਮਾਂ ਬਣਨ ਤੋਂ ਬਾਅਦ ਛੇਤੀ ਹੀ ਕੰਮ 'ਤੇ ਵਾਪਸ ਆ ਜਾਂਦੀਆਂ ਹਨ, ਉਹ ਮਾਨਸਿਕ ਤੇ ਸਰੀਰਕ ਤੌਰ 'ਤੇ ਵਧੇਰੇ ਤੰਦਰੁਸਤ ਹੁੰਦੀਆਂ ਹਨ ਤੇ ਚਾਲੀ ਸਾਲ ਦੀ ਉਮਰ ਤਕ ਵੀ ਉਨ੍ਹਾਂ ਵਿਚ ਊਰਜਾ ਦਾ ਪੱਧਰ ਚੰਗਾ ਹੁੰਦਾ ਹੈ ਤੇ ਉਹ ਤਣਾਅ ਦਾ ਸ਼ਿਕਾਰ ਵੀ ਘੱਟ ਹੁੰਦੀਆਂ ਹਨ।


Quick Stop 40, Oklahoma

Help Wanted

ਟਰੱਕ ਸਟਾਪ ਲਈ ਲੋੜ ਹੈ

ਕੁਕ, ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ

ਇੰਡੀਅਨ ਰੈਸਟੋਰੈਂਟ ਵਿਚ ਫੁਲਕੇ ਪਕਾਉਣ ਲਈ ਖਾਸ ਤੌਰ 'ਤੇ ਕੁਕ ਦੀ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172


## ਲੇਖਕ ਅਵਤਾਰ ਜੰਡਿਆਲਵੀ ਨਹੀਂ ਰਹੇ

**ਲੰਡਨ:** ਪੰਜਾਬੀ ਦੇ ਚੌਮਾਸਕ ਰਸਾਲੇ 'ਹੁਣ' ਦੇ ਮੁੱਖ ਸੰਪਾਦਕ ਅਤੇ ਸ਼ਾਇਰ ਅਵਤਾਰ ਜੰਡਿਆਲਵੀ ਦਾ ਲੰਡਨ ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 75 ਵਰ੍ਹਿਆਂ ਦੇ ਸਨ ਅਤੇ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸਨ।



ਜ਼ਿਲ੍ਹਾ ਜਲੰਧਰ ਦੇ ਪਿੰਡ ਜੰਡਿਆਲਾ ਵਿਚ 1937 ਨੂੰ ਜਨਮੇ ਸ੍ਰੀ ਜੰਡਿਆਲਵੀ 70ਵਿਆਂ ਵਿਚ ਲੰਡਨ ਜਾ ਵਸੇ ਸਨ। ਪੰਜਾਬ ਵਿਚ ਰਹਿੰਦਿਆਂ ਸ੍ਰੀ ਜੰਡਿਆਲਵੀ ਅਧਿਆਪਨ ਖੇਤਰ ਨਾਲ ਜੁੜੇ ਰਹੇ ਸਨ। ਉਨ੍ਹਾਂ ਵਾਰਤਕ ਪੁਸਤਕ 'ਲੰਡਨ ਦੀਆਂ ਰੰਗ ਰੌਸ਼ਨੀਆਂ' ਅਤੇ ਤਿੰਨ ਕਾਵਿ ਪੁਸਤਕਾਂ 'ਕੱਪਰ ਛੱਲਾਂ', 'ਮੇਰੇ ਪਰਤ ਆਉਣ ਤੱਕ' ਤੇ 'ਅਸੀਂ ਕਾਲੇ ਲੋਕ ਸਦੀਂਦੇ' ਸਾਹਿਤ ਜਗਤ ਦੀ ਝੋਲੀ ਪਾਈਆਂ। ਉਨ੍ਹਾਂ 'ਹੁਣ' ਰਸਾਲਾ ਜੂਨ 2005 ਵਿਚ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਸਵਰਨਜੀਤ ਕੌਰ, ਪੁੱਤਰ ਸਵੇਰ ਜੌਹਲ ਅਤੇ ਧੀ ਪ੍ਰਭਾਤ ਜੌਹਲ ਹਨ।

## ਭਾਰਤੀ ਮਹਿਲਾ ਨੇ ਵਾਲਾਂ ਨਾਲ ਖਿੱਚੀ 12 ਟਨ ਵਜ਼ਨੀ ਬੱਸ

**ਲੰਡਨ:** 'ਲੋਹ ਮਹਿਲਾ' ਵਜੋਂ ਮਸ਼ਹੂਰ ਭਾਰਤੀ ਮੂਲ ਦੀ 21 ਸਾਲਾ ਔਰਤ ਨੇ ਵਿਸ਼ਵ ਰਿਕਾਰਡ ਤੋੜਨ ਲਈ ਇੰਗਲੈਂਡ ਵਿਚ ਆਪਣੇ ਵਾਲਾਂ ਨਾਲ 12 ਟਨ ਭਾਰੀ ਡਬਲ ਡੈਕਰ ਬੱਸ ਖਿੱਚੀ। ਲੀਸਟਰ ਸਿਟੀ ਸੈਂਟਰ ਵਿਚ ਇਕੱਠੀ ਹੋਈ ਭੀੜ ਸਾਹਮਣੇ ਆਸ਼ਾ ਰਾਣੀ ਨੇ ਇਹ ਮਾਅਰਕਾ ਮਾਰਿਆ। ਇਸ ਨੂੰ ਵਿਸ਼ਵ ਰਿਕਾਰਡ ਐਲਾਨਣ ਤੋਂ ਪਹਿਲਾਂ ਹੁਣ ਇਸ ਦੀ ਪੜਤਾਲ ਕੀਤੀ ਜਾਵੇਗੀ।

ਮੌਜੂਦਾ ਰਿਕਾਰਡ ਨੂੰ ਤੋੜਨ ਲਈ ਉਸ ਨੂੰ ਬੱਸ ਨੂੰ ਪੰਜ ਮੀਟਰ ਤੋਂ ਜ਼ਿਆਦਾ ਦੂਰੀ ਤੱਕ ਖਿੱਚਣ ਦੀ ਲੋੜ ਸੀ ਪਰ ਲੀਸਟਰ ਤੋਂ ਪੁੱਜੀਆਂ ਰਿਪੋਰਟਾਂ ਅਨੁਸਾਰ ਆਸ਼ਾ ਰਾਣੀ ਨੇ ਬੱਸ ਨੂੰ 17 ਮੀਟਰ ਤੇ 20 ਸੈਂਟੀਮੀਟਰ ਤੱਕ ਖਿੱਚਿਆ। ਇਸ ਕੰਮ ਲਈ ਆਸ਼ਾ ਰਾਣੀ ਦੀ ਮਦਦ ਹੁਸ਼ਿਆਰਪੁਰ (ਪੰਜਾਬ) ਵਿਚ ਜੰਮੇ 62 ਸਾਲਾ ਮਨਜੀਤ ਸਿੰਘ ਨੇ ਕੀਤੀ। ਮਨਜੀਤ ਸਿੰਘ ਖ਼ੁਦ ਵੀ ਈਸਟ ਮਿਡਲੈਂਡਜ਼ ਹਵਾਈ ਅੱਡੇ ਉੱਤੇ ਕੰਨਾਂ ਨਾਲ ਰੱਸੀ ਬੰਨ੍ਹ ਕੇ ਹਵਾਈ ਜਹਾਜ਼ ਖਿੱਚ ਚੁੱਕਿਆ ਹੈ।

ਆਸ਼ਾ ਰਾਣੀ ਦੇ ਮਾਅਰਕੇ ਮਗਰੋਂ ਮਨਜੀਤ ਸਿੰਘ ਨੇ ਕਿਹਾ ਕਿ ਇਸ ਲਈ ਉਸ ਨੂੰ ਕੋਈ ਖਾਸ ਸਿਖਲਾਈ ਨਹੀਂ ਦਿੱਤੀ ਗਈ। ਰਾਣੀ ਨੇ ਤਿੰਨ ਜਾਂ ਚਾਰ ਸਾਲ ਪਹਿਲਾਂ ਸਿੱਖਣਾ ਸ਼ੁਰੂ ਕੀਤਾ ਸੀ ਤੇ ਹੁਣ ਉਹ ਉਸ ਨਾਲੋਂ ਬਿਹਤਰ ਹੈ। ਲੀਸਟਰ ਵਿੱਚ ਰਹਿਣ ਵਾਲੇ ਮਨਜੀਤ ਸਿੰਘ ਨੇ ਆਪਣੀ ਸਮਰੱਥਾ ਤੇ ਸਹਿਣਸ਼ੀਲਤਾ ਕਾਰਨ ਕਈ ਗਿਨੀਜ਼ ਵਿਸ਼ਵ ਰਿਕਾਰਡ ਬਣਾਏ ਹਨ।




ਰਵੀ ਬਾਠ

ਰੀਅਲ ਅਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ

ਬੇ-ਏਰੀਏ ਵਿਚ ਘਰ ਖਰੀਦਣਾ ਜਾਂ ਵੇਚਣਾ ਹੋਵੇ ਜਾਂ ਰੀਅਲ ਅਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸਲਾਹ ਲੈਣੀ ਹੋਵੇ ਤਾਂ ਬਿਨਾ ਝਿਜਕ ਫੋਨ ਕਰ ਸਕਦੇ ਹੋ

Realtor / Notary
CA Lic.# 01394943

ਫੋਨ: 925-323-8626

E-Mail: ravbatth@comcast.net

REALTOR

ਤੁਹਾਡੀ ਸੇਵਾ ਲਈ ਹਮੇਸ਼ਾ ਤਤਪਰ

FARMERS INSURANCE GROUP
FARMERS

ਬਾਠ ਇੰਸ਼ੋਰੈਂਸ

Discount Discount Discount

ਕੀ ਤੁਹਾਨੂੰ ਪਤਾ ਹੈ ਕਿ ਕਿੱਤੇ/ਕਾਰੋਬਾਰਾਂ (ਪ੍ਰੋਫੈਸ਼ਨਜ਼) ਅਤੇ ਮਲਟੀ ਕਾਰ 'ਤੇ ਮਲਟੀ ਲਾਈਨ ਨੂੰ ਡਿਸਕਾਊਂਟ ਦਿੱਤੇ ਜਾਂਦੇ ਹਨ। ਇਨ੍ਹਾਂ ਵਿਚੋਂ ਆਟੋ, ਘਰ, ਲਾਈਫ ਜਾਂ ਬਿਜਨਸ ਡਿਸਕਾਊਂਟ ਪਤਾ ਕਰਨ ਅਤੇ ਫਰੀ ਕੋਟ ਲੈਣ ਲਈ ਕਾਲ ਕਰੋ:

ਰਵੀ ਬਾਠ, ਇੰਸ਼ੋਰੈਂਸ ਏਜੰਟ

ਫੋਨ: 925-323-8626

License # 0H56498
rbatth@farmersagent.com

# ਮਿਲਵਾਕੀ 'ਚ ਲੁਟੇਰਿਆਂ ਹੱਥੋਂ ਇਕ ਸਿੱਖ ਹਲਾਕ

**ਮਿਲਵਾਕੀ:** ਮਿਲਵਾਕੀ ਦੇ ਸਿੱਖ ਭਾਈਚਾਰੇ ਨੂੰ ਉਦੋਂ ਇਕ ਹੋਰ ਸਦਮਾ ਪਹੁੰਚਿਆ



ਦਲਬੀਰ ਸਿੰਘ

ਜਦੋਂ ਲੰਘੇ ਬੁੱਧਵਾਰ 15 ਅਗਸਤ ਸ਼ਾਮੀਂ ਇਥੋਂ ਦੇ ਇਕ ਸਟੋਰ ਉਤੇ ਦਲਬੀਰ ਸਿੰਘ (56 ਸਾਲ) ਨੂੰ ਕਿਸੇ ਨੇ ਗੋਲੀ ਮਾਰ ਦਿੱਤੀ। ਦਲਬੀਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ 5 ਅਗਸਤ ਨੂੰ ਇਥੇ ਗੁਰਦੁਆਰਾ ਓਕ ਕਰੀਕ 'ਚ ਇਕ ਸਿਰ ਫਿਰੇ ਨਸਲਪ੍ਰਸਤ ਨੇ ਗੋਲੀ ਚਲਾ ਕੇ 6 ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ ਅਤੇ ਕਈਆਂ ਨੂੰ ਜ਼ਖਮੀ ਕਰ ਦਿੱਤਾ ਸੀ। ਸਿੱਖ ਭਾਈਚਾਰਾ ਅਜੇ ਉਸ ਸਦਮੇ ਵਿਚੋਂ ਹੀ ਬਾਹਰ ਨਹੀਂ ਸੀ ਆਇਆ ਕਿ ਇਹ ਭਾਣਾ ਵਾਪਰ ਗਿਆ।

ਇਸ ਘਟਨਾ ਤੋਂ ਦੋ ਦਿਨ ਬਾਅਦ ਪੁਲਿਸ ਨੇ ਡੀਐਂਜਲੋ ਵਿਲੀਅਮਜ਼ ਨਾਂ ਦੇ ਇਕ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਜਤਿੰਦਰ ਸਿੰਘ ਅਨੁਸਾਰ ਕਥਿਤ ਦੋਸ਼ੀ ਦਿਨ ਵੇਲੇ ਵੀ ਸਟੋਰ 'ਤੇ ਆਇਆ ਸੀ। ਕਲੋਜ਼ ਸਰਕਟ ਵੀਡੀਓ ਅਤੇ ਤਸਵੀਰਾਂ ਤੋਂ ਉਸ ਨੇ ਮੁਲਜ਼ਿਮ ਦੀ ਪਛਾਣ ਕੀਤੀ। ਪੁਲਿਸ ਅਨੁਸਾਰ ਇਹ ਮਾਮਲਾ ਲੁੱਟ-ਖੋਹ ਦਾ ਹੈ।

ਮਰਹੂਮ ਦਲਬੀਰ ਸਿੰਘ ਦੇ ਭਤੀਜੇ ਜਤਿੰਦਰ ਸਿੰਘ ਅਨੁਸਾਰ ਘਟਨਾ ਰਾਤੀਂ 9:10 ਵਜੇ ਇਥੇ 38ਵੀਂ ਸਟਰੀਟ ਅਤੇ ਲੋਕਸਟ ਸਟਰੀਟ 'ਤੇ ਸਥਿਤ ਉਸ ਦੇ 'ਹਾਰਮਨੀ ਫੂਡ ਸਟੋਰ' 'ਤੇ ਉਦੋਂ ਵਾਪਰੀ ਜਦੋਂ ਉਹ ਸਟੋਰ ਬੰਦ ਕਰ ਰਹੇ ਸਨ। ਕੁਝ ਅਣਪਛਾਤੇ ਵਿਅਕਤੀ ਉਨ੍ਹਾਂ ਦੇ ਪਾਸ ਆਏ ਅਤੇ ਬੰਦੂਕ ਦੀ ਨੋਕ ਦਲਬੀਰ ਸਿੰਘ ਦੇ ਸਿਰ ਉਤੇ ਰੱਖ ਦਿੱਤੀ। ਉਹ ਫੁਰਤੀ ਨਾਲ ਸਟੋਰ ਦੇ ਅੰਦਰ ਹੋ ਗਏ ਪਰ ਇਕ ਲੁਟੇਰੇ ਨੇ ਗੋਲੀ ਚਲਾ ਦਿੱਤੀ ਜੋ ਦਲਬੀਰ ਸਿੰਘ ਦੇ ਲੱਗੀ ਅਤੇ ਉਹ ਦਮ ਤੋੜ ਗਏ। ਸਟੋਰ ਵਿਚ ਕੈਮਰੇ ਲੱਗੇ ਹੋਏ ਸਨ ਅਤੇ ਇਨ੍ਹਾਂ ਤੋਂ ਲੁਟੇਰੇ ਦੀ ਪਛਾਣ ਵਿਚ ਮਦਦ ਮਿਲੀ। ਦਲਬੀਰ ਸਿੰਘ ਗੁਰਦੁਆਰਾ ਓਕ ਕਰੀਕ ਦੇ ਬਹੁਤ ਨਜ਼ਦੀਕ ਹੀ ਰਹਿੰਦੇ ਸਨ ਅਤੇ ਇਸ ਗੁਰੂ ਘਰ ਦੇ ਪੱਕੇ ਸ਼ਰਧਾਲੂ ਸਨ।

ਜ਼ਿਕਰਯੋਗ ਹੈ ਕਿ ਦਲਬੀਰ ਸਿੰਘ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਤਲਵੰਡੀ ਕੂਕਾ ਦਾ ਰਹਿਣ ਵਾਲਾ ਸੀ। ਦਲਬੀਰ ਸਿੰਘ ਦਾ ਬੇਟਾ ਤੇ ਬੇਟੀ ਪੱਕੇ ਤੌਰ 'ਤੇ ਅਮਰੀਕਾ ਵਿਚ ਰਹਿ ਰਹੇ ਹਨ ਤੇ ਉਹ ਵੀ 2008 'ਚ ਗਰੀਨ ਕਾਰਡ ਹੋਲਡਰ ਬਣ ਗਿਆ ਸੀ। ਬੀਤੇ ਮਾਰਚ ਵਿਚ ਉਹ ਆਪਣੀ ਪਤਨੀ ਨਾਲ ਅਮਰੀਕਾ ਆਇਆ ਸੀ ਤੇ ਬੀਤੀ 5 ਅਗਸਤ ਨੂੰ ਗੁਰਦੁਆਰਾ ਓਕ ਕਰੀਕ 'ਚ ਹੋਈ ਘਟਨਾ ਸਮੇਂ ਉਹ ਵੀ ਅਰਦਾਸ ਵਿਚ ਸ਼ਾਮਲ ਸੀ। ਦਲਬੀਰ ਸਿੰਘ ਦਾ ਇਕ ਹੋਰ ਲੜਕਾ ਪੁਰਤਗਾਲ ਤੇ ਇਕ ਲੜਕੀ ਜਰਮਨੀ ਵਿਚ ਹਨ। ਉਸ ਦੀ ਮਾਤਾ ਹਰਬੰਸ ਕੌਰ ਇਕੱਲੀ ਪਿੰਡ ਰਹਿੰਦੀ ਹੈ।

## ਭਾਰਤ 'ਚ 55 ਹਜ਼ਾਰ ਬੱਚੇ ਲਾਪਤਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਇਹ ਜਨਹਿੱਤ ਪਿਛਲੇ ਤਿੰਨ ਸਾਲਾਂ ਵਿਚ ਅਗਵਾ ਕੀਤੇ ਗਏ 55000 ਬੱਚਿਆਂ ਦਾ ਪਤਾ ਲਾਉਣ ਦੀ ਬੇਨਤੀ ਨਾਲ ਸਬੰਧਤ ਹੈ।

ਜਸਟਿਸ ਆਫ਼ਤਾਬ ਆਲਮ ਤੇ ਰੰਜਨਾ ਦੇਸਾਈ ਆਧਾਰਤ ਬੈਂਚ ਨੇ ਪਟੀਸ਼ਨ 'ਤੇ ਇਹ ਨੋਟਿਸ ਜਾਰੀ ਕੀਤਾ। ਮੀਡੀਆ ਰਿਪੋਰਟ ਅਨੁਸਾਰ ਅਗਵਾ ਕੀਤੇ ਗਏ 7640 ਬੱਚਿਆਂ ਵਿਚੋਂ ਹਰਿਆਣਾ ਤੋਂ 3237, ਚੰਡੀਗੜ੍ਹ ਤੋਂ 286, ਉਤਰਾਖੰਡ ਤੋਂ 1482, ਹਿਮਾਚਲ ਪ੍ਰਦੇਸ਼ ਤੋਂ 670, ਪੰਜਾਬ ਤੋਂ 599 ਤੇ ਜੰਮੂ-ਕਸ਼ਮੀਰ ਤੋਂ 366 ਬੱਚੇ ਸਨ।

## ਯੂਥ ਕਾਂਗਰਸੀ ਆਗੂ ਹਰਜੀਤ ਸਿੰਘ ਸੰਘਾ ਅਮਰੀਕਾ ਦੌਰੇ 'ਤੇ

**ਸੈਕਰਾਮੈਂਟੋ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਕੱਤਰ ਤੇ ਜਲੰਧਰ ਦੇ ਉਘੇ ਯੂਥ ਕਾਂਗਰਸੀ ਆਗੂ ਸ. ਹਰਜੀਤ ਸਿੰਘ ਸੰਘਾ ਇਨ੍ਹੀਂ ਦਿਨੀਂ ਕੈਲੇਫੋਰਨੀਆ ਦੇ ਦੌਰੇ 'ਤੇ ਹਨ। ਪਿਛਲੇ



ਦਿਨੀਂ ਨਿਊ ਯਾਰਕ ਸਟੇਟ ਵਿਚ ਆਪਣੇ ਸੱਜਣਾਂ-ਮਿੱਤਰਾਂ ਤੇ ਪਾਰਟੀ ਵਰਕਰਾਂ ਨਾਲ ਮਿਲਣੀਆਂ ਤੋਂ ਬਾਅਦ ਉਹ ਸੈਕਰਾਮੈਂਟੋ ਪਹੁੰਚੇ ਜਿਥੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਥੇ ਉਹ ਆਪਣੇ ਵੱਡੇ ਭਰਾ ਕੋਲ ਦੋ ਕੁ ਹਫਤੇ ਰਹਿਣਗੇ ਤੇ ਉਸ ਤੋਂ ਬਾਅਦ ਟੈਕਸਸ, ਸਿਆਟਲ, ਮਿਸ਼ੀਗਨ ਤੇ ਸ਼ਿਕਾਗੋ ਵਿਚ ਮੀਟਿੰਗਾਂ ਕਰਨ ਪਿਛੋਂ ਨਿਊ ਯਾਰਕ ਪੁੱਜਣਗੇ।

ਸ. ਸੰਘਾ ਆਪਣੇ ਮਿਲਾਪੜੇ ਸੁਭਾ ਤੇ ਦੂਜਿਆਂ ਦੇ ਹਮੇਸ਼ਾਂ ਕੰਮ ਆਉਣ ਵਾਲੇ ਵਤੀਰੇ ਕਰਕੇ ਜਲੰਧਰ ਦੇ ਆਮ ਲੋਕਾਂ ਵਿਚ ਬੜੇ ਸਤਿਕਾਰੇ ਜਾਂਦੇ ਹਨ। ਸ. ਸੰਘਾ ਦੇ ਕਾਲਜ ਵੇਲੇ ਤੋਂ ਹੀ ਆਪਣੇ ਦੋਸਤਾਂ ਮਿੱਤਰਾਂ 'ਚ ਹਰਮਨ ਪਿਆਰੇ ਹੋਣ ਕਰਕੇ ਉਨ੍ਹਾਂ ਦੇ ਚਹੇਤਿਆਂ ਦਾ ਘੇਰਾ ਬਹੁਤ ਵਿਸ਼ਾਲ ਹੈ। ਚੌਧਰੀ ਦਰਸ਼ਨ ਸਿੰਘ ਕੇ ਪੀ ਦੇ ਖਾਸਮ-ਖਾਸ ਮੰਨੇ ਜਾਂਦੇ ਸ. ਸੰਘਾ ਦੇ ਸਾਰੇ ਹੀ ਵੱਡੇ ਸਿਆਸਤਦਾਨਾਂ ਨਾਲ ਨਿੱਘੇ ਸਬੰਧ ਹਨ। ਉਨ੍ਹਾਂ ਨਾਲ ਸੰਪਰਕ ਫੋਨ 347-894-1412 ਜਾਂ 916-704-0735 ਹੈ।

ਰੇਡੀਓ ਚੜ੍ਹਦੀ ਕਲਾ ਸੁਣੋ
RADIO CHARDI KALA
ਹੁਣ ਦੁਨੀਆਂ ਭਰ ਵਿਚ
www.radiock.com 'ਤੇ
ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ
Wifi Radio ਦੁਨੀਆਂ ਭਰ ਵਿਚ ਚਲਦਾ ਹੈ
ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ
> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City
ਰੇਡੀਓ ਤੁਸੀਂ ਫੋਨ
832-551-5038
510-972-0442
'ਤੇ ਵੀ ਸੁਣ ਸਕਦੇ ਹੋ
Khalsa Radio
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org
ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600
Radio CK, PO Box 296, Fremont, CA 94537

Yarra, Kharazi & Associates
Phone: (888) 97YARRA (92772)
Immigration
Family Law
Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ
Trust your matter to a specialist
ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ
Offices in Bakersfield, Fresno and Merced.
Bring this ad in and receive a free consultation
ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ
ਯੱਰਾ, ਖਰਾਜ਼ੀ ਐਂਡ ਐਸੋਸੀਏਟਸ
ਫੋਨ: 1-888-979-2772
Email: Info@rwyarra.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785
1816 Main Ave., Secramento CA, 95838

ਪੰਜਾਬ ਟਾਈਮਜ਼

*ਸ਼ਨਿਚਰਵਾਰ, 25 ਅਗਸਤ 2012*

## ਪਰਵਾਸ ਦੀ ਪਰਵਾਜ਼

ਪਰਵਾਸ ਅਜਿਹਾ ਕੁਦਰਤੀ ਵਰਤਾਰਾ ਹੈ ਜਿਹੜਾ ਮੁੱਢ-ਕਦੀਮ ਤੋਂ ਹੀ ਮਨੁੱਖ ਨਾਲ ਜੁੜਿਆ ਹੋਇਆ ਹੈ। ਇਸ ਦੀ ਉਮਰ ਵੀ ਮਨੁੱਖ ਦੀ ਹੋਂਦ ਅਤੇ ਸੰਘਰਸ਼ ਜਿੰਨੀ ਹੀ ਲੰਮੀ ਹੈ। ਪਰਵਾਸ ਅਸਲ ਵਿਚ ਚੰਗੇਰੇ ਜੀਵਨ ਦੀ ਉਹ ਲਾਟ ਹੈ ਜਿਸ ਵਿਚ ਮਨੁੱਖ ਦਾ ਆਪਾ ਚੌਵੀ ਘੰਟੇ ਮਚਦਾ, ਤਪਦਾ ਤੇ ਖਪਦਾ ਹੈ। ਪਰਵਾਸ ਦਾ ਇਹ ਰੁਝਾਨ ਖੁਸ਼ਹਾਲੀ ਦੇ ਦਰਾਂ ਵੱਲ ਆਪ-ਮੁਹਾਰਾ ਸਫਰ ਹੈ ਪਰ ਇਸ ਦੀ ਧਾਰ ਦਾ ਮੂੰਹ ਸਦਾ ਹੀ ਦੋ ਪਾਸਿਆਂ ਵੱਲ ਰਿਹਾ ਹੈ। ਇਕ ਪਾਸਾ ਅਗਾਂਹ ਚੰਗੇਰੀ ਜ਼ਿੰਦਗੀ ਨਾਲ ਜੁੜਦਾ ਹੈ ਅਤੇ ਇਸ ਦੇ ਦੂਜੇ ਸਿਰੇ ਦੀ ਸੂਤਾ ਆਪਣੀ ਧਰਤੀ ਛੱਡਣ ਦੇ ਦਰਦ ਨਾਲ ਵਿੰਨ੍ਹੀ ਹੁੰਦੀ ਹੈ। ਇਹ ਦੋ ਵਿਰੋਧੀ ਅਹਿਸਾਸ ਸਾਰੀ ਉਮਰ ਪਰਦੇਸੀਆਂ ਦੇ ਬੋਝੇ ਵਿਚ ਲਗਾਤਾਰ ਖੁਸ਼ੀਆਂ ਅਤੇ ਨਾਲ ਹੀ ਗਮਾਂ ਦੀ ਝੜੀ ਲਾਈ ਰੱਖਦੇ ਹਨ। ਪਿਛਲੀ ਸਦੀ ਦੇ ਅਰੰਭ ਤੋਂ ਹੁਣ ਤੱਕ ਵਿਦੇਸ਼ੀ ਧਰਤੀ ਵੱਲ ਹੋਏ ਪੰਜਾਬੀਆਂ ਦੇ ਪਰਵਾਸ ਨੂੰ ਇਸੇ ਵਰਗ ਵਿਚ ਰੱਖਿਆ ਜਾ ਸਕਦਾ ਹੈ। ਮਗਰੋਂ ਹਿੰਦੋਸਤਾਨ ਦੇ ਵੰਡਾਰੇ ਤੋਂ ਬਾਅਦ ਪੂਰਬੀਏ ਮਜ਼ਦੂਰਾਂ ਨੇ ਪੰਜਾਬ ਵੱਲ ਵਹੀਰਾਂ ਘੱਤੀਆਂ। ਇਸੇ ਤਰ੍ਹਾਂ ਦੇਸ਼-ਵਿਦੇਸ਼ ਦੇ ਹੋਰ ਦੂਰ-ਦੁਰਾਡੇ ਭਾਗਾਂ ਵਿਚ ਵੀ ਇਹ ਵਰਤਾਰਾ ਕਿਤੇ ਧੀਮੀ ਚਾਲੇ, ਤੇ ਕਿਤੇ-ਕਿਤੇ ਤਿੱਖੀ ਚਾਲੇ ਚੱਲਦਾ ਰਿਹਾ। ਭਾਰਤ ਦੇ ਉਤਰ-ਪੂਰਬੀ ਰਾਜਾਂ ਜਿਨ੍ਹਾਂ ਨੂੰ ਅਕਸਰ 'ਸੈਵਨ ਸਿਸਟਰਜ਼' ਕਰ ਕੇ ਵੀ ਜਾਣਿਆ ਜਾਂਦਾ ਹੈ, ਵਿਚ ਬੰਗਲਾਦੇਸ਼ੀਆਂ ਦਾ ਪਰਵਾਸ ਵੀ ਵੱਡੇ ਪੱਧਰ 'ਤੇ ਹੋਇਆ। ਉਸ ਇਲਾਕੇ ਵਿਚ ਕੁਝ ਕੁ ਸਿਆਸੀ ਦਾਈਏ ਵੀ ਸਨ, ਪਰ ਮੁੱਖ ਰੂਪ ਵਿਚ ਇਹ ਪਰਵਾਸ ਵੀ ਆਪਣੇ ਪੰਜਾਬੀਆਂ ਵਾਂਗ ਚੰਗੇਰੇ ਜੀਵਨ ਦੀ ਲਲ੍ਹਕ ਨਾਲ ਹੀ ਜੁੜਿਆ ਹੋਇਆ ਸੀ। ਵੱਡੀ ਪੱਧਰ 'ਤੇ ਹੋਏ ਇਸ ਪਰਵਾਸ ਬਾਰੇ ਇਤਰਾਜ਼ ਵੀ ਉਠੇ, ਜਿਸ ਤਰ੍ਹਾਂ ਪੰਜਾਬ ਵਿਚ ਕੁਝ ਸਮੇਂ ਤੋਂ ਪੂਰਬੀਏ ਮਜ਼ਦੂਰਾਂ ਬਾਰੇ ਉਠ ਰਹੇ ਹਨ, ਪਰ ਸਥਾਨਕ ਪੱਧਰ 'ਤੇ ਇਸ ਦਾ ਅਸਰ ਮਾੜਾ-ਮੋਟਾ ਹੀ ਰਿਹਾ।

ਅਸਾਮ ਵਿਚ ਇਸ ਪਰਵਾਸ ਖਿਲਾਫ ਮੋਰਚਾ ਬੰਨ੍ਹ ਕੇ ਆਪਣੀ ਲੜਾਈ ਵਿੱਢਣ ਵਾਲੀ ਜਥੇਬੰਦੀ 'ਉਲਫਾ' ਅੱਜਕੱਲ੍ਹ ਸਰਕਾਰ ਨਾਲ ਗੱਲਬਾਤ ਰਾਹੀਂ ਮਸਲੇ ਸੁਲਝਾਉਣ ਲੱਗੀ ਹੋਈ ਹੈ, ਪਰ ਪਰਵਾਸ ਵਾਲੇ ਮਸਲੇ ਦੀਆਂ ਜੜ੍ਹਾਂ ਹੁਣ ਇੰਨੀਆਂ ਡੂੰਘੀਆਂ ਅਤੇ ਸਿਆਸੀ ਪਿੜ ਤੱਕ ਜਾ ਪੁੱਜੀਆਂ ਹਨ ਕਿ ਇਹ ਹੁਣ ਵੱਕਾਰ ਦਾ ਮਸਲਾ ਵੀ ਬਣ ਗਿਆ ਹੈ। ਅਸਾਮ ਦੀਆਂ ਕੁਝ ਸਿਆਸੀ ਧਿਰਾਂ ਨੇ ਪਹਿਲਾਂ ਬੰਗਲਾਦੇਸ਼ੀਆਂ ਨੂੰ ਆਪਣੀ ਸਿਆਸਤ ਦੀ ਖੁਰਾਕ ਖਾਤਰ, ਖਾਸ ਇਲਾਕਿਆਂ ਵਿਚ ਵਸਣ ਦੀ ਆਗਿਆ ਦਿੱਤੀ। ਹੁਣ ਜਦੋਂ ਉਨ੍ਹਾਂ ਨੇ ਉਸ ਖਾਸ ਇਲਾਕੇ ਵਿਚ ਆਪਣੀ ਹੋਂਦ ਜਤਲਾਈ ਅਤੇ ਖਾਸ ਸਿਆਸੀ ਪਾਰਟੀਆਂ ਦੇ ਚੁੰਗਲ ਵਿਚੋਂ ਨਿਕਲ ਕੇ ਆਪਣੀ ਸਿਆਸੀ ਹੋਂਦ ਦਾ ਮੁੱਢ ਬੰਨ੍ਹਿਆ ਤਾਂ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਗਿਆ। ਇਨ੍ਹਾਂ ਬੰਗਲਾਦੇਸ਼ੀਆਂ ਅਤੇ ਸਥਾਨਕ ਲੋਕਾਂ ਵਿਚਕਾਰ ਪਿਛਲੇ ਕਈ ਦਹਾਕਿਆਂ ਤੋਂ ਚੱਲ ਰਹੀ 'ਠੰਢੀ ਜੰਗ' ਜਦੋਂ ਭਖਣ ਲੱਗੀ ਤਾਂ ਇਸ ਨੇ ਇਕਦਮ ਭਾਂਬੜ ਦਾ ਰੂਪ ਧਾਰ ਲਿਆ। ਹੁਣ ਇਹ ਮਹਿਜ਼ ਬਹਿਸ ਦੇ ਮਸਲੇ ਹਨ ਕਿ ਪਹਿਲਾਂ-ਪਹਿਲ ਭੜਕਾਊ ਤਸਵੀਰਾਂ ਅਤੇ ਫੋਨਾਂ ਉਤੇ ਐਸ.ਐਮ.ਐਸ. ਕਿਸ ਨੇ ਅਤੇ ਕਿਥੋਂ ਭੇਜੇ ਜਿਨ੍ਹਾਂ ਕਾਰਨ ਇਨ੍ਹਾਂ ਰਾਜਾਂ ਤੋਂ ਹੋਰ ਰਾਜਾਂ ਵਿਚ ਗਏ ਲੋਕਾਂ ਨੂੰ ਹਿਜਰਤ ਲਈ ਮਜਬੂਰ ਹੋਣਾ ਪਿਆ! ਮਸਲਾ ਤਾਂ ਹੁਣ ਇਹ ਸੀ ਕਿ ਵਰ੍ਹਿਆਂ ਦੀ ਕੁੜੱਤਣ ਜਦੋਂ ਰਿਸਣ ਲੱਗੀ ਤਾਂ ਸਿਆਸਤ ਦੀ ਹਵਾ ਨੇ ਇਸ ਉਤੇ ਤੇਲ ਦਾ ਕੰਮ ਕੀਤਾ। ਇਸ ਅੱਗ ਵਿਚ ਉਥੇ 80 ਜਾਨਾਂ ਜਾ ਚੁੱਕੀਆਂ ਹਨ ਅਤੇ ਭਾਰਤ ਦੇ ਹੋਰ ਭਾਗਾਂ ਵਿਚੋਂ ਜਿਸ ਤਰ੍ਹਾਂ ਉਤਰ-ਪੂਰਬੀ ਬਾਸ਼ਿੰਦਿਆਂ ਨੂੰ ਆਪੋ-ਆਪਣੇ ਕਾਰੋਬਾਰ ਤੇ ਅੱਡੇ ਛੱਡ ਕੇ ਭੱਜਣਾ ਪਿਆ, ਉਸ ਨੁਕਸਾਨ ਬਾਰੇ ਤਾਂ ਅਜੇ ਅੰਦਾਜ਼ੇ ਹੀ ਲਾਏ ਜਾ ਰਹੇ ਹਨ। ਇਸ ਦੇ ਅਸਲ ਨੁਕਸਾਨ ਦਾ ਅਹਿਸਾਸ ਤਾਂ ਅਜੇ ਹੋਣਾ ਹੈ। ਇਕ ਦੂਜੇ ਦੇ ਦਿਲਾਂ ਵਿਚੋਂ ਜਿਹੜਾ ਭਰੋਸਾ ਖਤਮ ਹੋ ਗਿਆ ਹੈ, ਉਸ ਦਾ ਘਾਟਾ ਸ਼ਾਇਦ ਕਦੀ ਵੀ ਪੂਰਾ ਨਾ ਹੋ ਸਕੇ।

ਇਸ ਨੁਕਸਾਨ ਦਾ ਅਹਿਸਾਸ ਅਤੇ ਪੀੜਾ ਅਮਰੀਕਾ ਵਿਚ ਪਰਵਾਸ ਹੰਢਾ ਰਹੇ ਪੰਜਾਬੀਆਂ, ਖਾਸ ਕਰ ਸਿੱਖਾਂ ਨੂੰ ਸਭ ਤੋਂ ਵੱਧ ਹੈ ਜਿਨ੍ਹਾਂ ਨੇ 9/11 ਤੋਂ ਬਾਅਦ ਇਨ੍ਹਾਂ ਖਿਲਾਫ ਝੁੱਲੀ ਹਨ੍ਹੇਰੀ ਦਾ ਸਭ ਤੋਂ ਕਾਲਾ ਦੌਰ ਹੁਣ ਦੇਖਿਆ ਹੈ। ਇਸ ਕਾਲੇ ਦੌਰ ਦੇ ਵੱਖ-ਵੱਖ ਪੱਖਾਂ ਬਾਰੇ ਬਹੁਤ ਸਾਰੇ ਸੂਝਵਾਨ ਸਿਆਣਿਆਂ, ਵਿਦਵਾਨਾਂ ਅਤੇ ਮਾਹਿਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਹਨ ਅਤੇ ਇਸ ਦੇ ਹੱਲ ਲਈ ਆਪਣੇ ਵਿਤ ਮੁਤਾਬਕ ਸੁਝਾਅ ਵੀ ਦਿੱਤੇ ਹਨ, ਪਰ ਇਸ ਦਰਦ ਅਤੇ ਹਾਦਸੇ ਦੀਆਂ ਜੜ੍ਹਾਂ ਤੇ ਤੰਦਾਂ ਲੱਭਣ ਲਈ ਪਰਵਾਸ ਦੀਆਂ ਲੜੀਆਂ ਜੋੜਨੀਆਂ ਪੈਣੀਆਂ ਹਨ। ਫਿਲਹਾਲ ਇਨ੍ਹਾਂ ਜੜ੍ਹਾਂ ਤੇ ਤੰਦਾਂ ਦਾ ਰਾਹ ਓਕ ਕਰੀਕ ਅਤੇ ਅਸਾਮ ਵਿਚ ਹੋਈ ਹਿੰਸਾ ਨਾਲ ਸਿੱਧਾ ਜਾ ਜੁੜਦਾ ਹੈ। ਅਮਰੀਕਾ ਅਤੇ ਭਾਰਤ ਦੀ ਧਰਤੀ ਉਤੇ ਵਾਕੇ ਇਨ੍ਹਾਂ ਥਾਂਵਾਂ ਵਿਚ ਹੋਈਆਂ ਘਟਨਾਵਾਂ ਦੀਆਂ ਲੜੀਆਂ ਦੀ ਇਕ ਕੜੀ ਨਫਰਤ ਦੀ ਸਿਆਸਤ ਨਾਲ ਜੁੜੀ ਹੋਈ ਹੈ। ਆਮ ਲੋਕਾਂ ਉਤੇ ਇਸ ਸਿਆਸਤ ਦੀ ਮਾਰ ਇੰਨੀ ਤਿੱਖੀ ਅਤੇ ਜ਼ੋਰਦਾਰ ਹੈ ਕਿ ਬੰਦਾ ਹੋਰ ਸਭ ਕੁਝ ਭੁੱਲ ਕੇ ਇਸ ਅੱਗ ਵਿਚ ਮੱਚ ਰਿਹਾ ਹੈ। ਇਹ ਨਫਰਤ ਦਾ ਉਹ ਝੂਠਾ ਸੌਦਾ ਹੈ ਜਿਸ ਨੂੰ ਮਨੁੱਖਤਾ ਖਾਤਰ ਸਦੀਆਂ ਤੋਂ ਜੂਝ ਰਹੀ ਧਿਰ ਸਦਾ ਰੱਦ ਕਰਦੀ ਆਈ ਹੈ। ਇਸ ਦਾ ਇਕੋ-ਇਕ ਅਤੇ ਆਖਰੀ ਹੱਲ ਆਪਸੀ ਸਹਿਚਾਰ ਹੀ ਹੈ। ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਇਸ ਤਰ੍ਹਾਂ ਦੀਆਂ ਭੀੜਾਂ ਨੂੰ ਸਾਂਝੀਆਂ ਪੀੜਾਂ ਵੰਡਾ ਕੇ ਹੀ ਕੱਟਿਆ ਜਾ ਸਕਦਾ ਹੈ। ਓਕ ਕਰੀਕ ਵਾਲੀ ਘਟਨਾ ਤੋਂ ਬਾਅਦ ਸਿੱਖ ਭਾਈਚਾਰੇ ਨੇ ਜਿਸ ਤਰ੍ਹਾਂ ਆਪਸੀ ਸਹਿਚਾਰ ਵਧਾਉਣ ਦਾ ਹੋਕਾ ਦਿੱਤਾ ਹੈ, ਉਸ ਦਾ ਰਾਹ ਮਨੁੱਖ ਦੇ ਭਵਿੱਖ ਵੱਲ ਹੀ ਖੁੱਲ੍ਹਦਾ ਹੈ। ਪਰਵਾਸ ਦੀ ਲਗਾਤਾਰ ਉਠ ਰਹੀ ਪਰਵਾਜ਼ ਕਿਤੇ ਵੀ ਸੂਰਤ ਵਿਚ ਪਰਲੋ ਨਹੀਂ ਬਣਨੀ ਚਾਹੀਦੀ। ਇਸ ਪਰਵਾਜ਼ ਦਾ ਰੁਖ਼ ਅੰਬਰ ਵੱਲ ਹੀ ਹੋਣਾ ਚਾਹੀਦਾ ਹੈ। ਜੇ ਨਫਰਤ ਨੂੰ ਅੰਗ ਲਾ ਕੇ ਪਰਵਾਜ਼ ਭਰਾਂਗੇ ਤਾਂ ਇਹ ਅਗਲੇ ਨੂੰ ਤਾਂ ਸਾੜੇਗੀ ਹੀ, ਆਪਾ ਵੀ ਝੁਲਸ ਦੇਵੇਗੀ। ਪਰਵਾਸ ਨੂੰ ਅਜਿਹੀ ਪਰਵਾਜ਼ ਕਤੱਈ ਸਵੀਕਾਰ ਨਹੀਂ। ਪਰਵਾਸ ਦੀ ਪਰਵਾਜ਼ ਖੁਸ਼ਹਾਲੀ ਦਾ ਸਿਰਨਾਵਾਂ ਹੋਣੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੁੱਲ੍ਹੇ ਲੁੱਟਣੇ ਦਾ ਵਲ!*

ਮਾੜੇ ਦਿਨਾਂ ਨੂੰ ਕਦੇ ਵੀ ਭੁੱਲੀਏ ਨਾ, ਸੌਖਾ ਢੰਗ ਹੈ ਹਉਮੈ ਤੋਂ ਛੁੱਟਣੇ ਦਾ।
ਹੱਡ ਭੰਨਵੀਂ ਮਿਹਨਤ ਹੀ ਰਾਜ਼ ਜਾਣੋ, ਲਾਹ ਕੇ ਗਲੋਂ ਗਰੀਬੀਆਂ ਸੁੱਟਣੇ ਦਾ।
'ਹੱਥ ਅਡਣੇ' ਕਦੇ ਨਾ ਪੈਣ ਉਸ ਨੂੰ,ਵਲ ਸਿੱਖਿਆ ਜਿਹਨੇ 'ਹੱਥ ਘੁਟਣੇ' ਦਾ।
ਲੈਣ-ਦੇਣ ਹੁਧਾਰ ਜਦ ਸ਼ੁਰੂ ਹੋਵੇ, ਮੁਢ ਬੱਝਦਾ ਯਾਰੀਆਂ ਟੁੱਟਣੇ ਦਾ।
ਨੇਕੀ ਸੱਚ 'ਤੇ ਚੱਲਣ ਦਾ ਫਾਰਮੂਲਾ, ਪੰਜੇ ਐਬਾਂ ਨੂੰ ਜੜ੍ਹਾਂ ਤੋਂ ਪੁੱਟਣੇ ਦਾ।
ਤ੍ਰਿਸਨਾ ਮਾਰ ਸੰਤੋਖ ਦੀ ਗੰਢ ਦੇ ਕੇ, ਫੇਰ ਮਜ਼ਾ ਆਉਂਦਾ ਬੁੱਲ੍ਹੇ ਲੁਟਣੇ ਦਾ!

# ਆਦਿਵਾਸੀਆਂ ਦੇ ਰਵਾਇਤੀ ਹਥਿਆਰਾਂ 'ਤੇ ਪਾਬੰਦੀ ਦੇ ਅਸਲ ਅਰਥ!

*ਹਕੂਮਤ ਨੇ ਭਾਵੇਂ ਰਵਾਇਤੀ ਹਥਿਆਰਾਂ 'ਤੇ ਪਾਬੰਦੀ ਦੀ ਵਾਜਬੀਅਤ ਬਿਆਨ ਕਰਨ ਸਮੇਂ ਮਾਮਲੇ ਨੂੰ ਇਉਂ ਪੇਸ਼ ਕੀਤਾ ਹੈ ਜਿਵੇਂ ਮਾਓਵਾਦੀ ਕੋਈ ਅਸਮਾਨੋਂ ਉੱਤਰੇ ਕਿਸੇ ਹੋਰ ਗ੍ਰਹਿ ਦੇ ਬੇਗਾਨੇ ਪ੍ਰਾਣੀ ਹੁੰਦੇ ਹੋਣ ਜੋ ਕਬਾਇਲੀਆਂ ਦਾ ਭੇਖ ਧਾਰ ਕੇ ਉਨ੍ਹਾਂ ਦੇ ਰਵਾਇਤੀ ਹਥਿਆਰਾਂ ਦੀ ਦੁਰਵਰਤੋਂ ਕਰ ਰਹੇ ਹੋਣ! ਫਿਰ ਤਾਂ ਕੱਲ੍ਹ ਨੂੰ ਹਕੂਮਤ ਨੂੰ ਕਬਾਇਲੀ ਪਹਿਰਾਵੇ 'ਤੇ ਵੀ ਪਾਬੰਦੀ ਲਾਉਣੀ ਪਵੇਗੀ। ਹਕੀਕਤ ਇਹ ਹੈ ਕਿ ਹਕੂਮਤੀ ਨੀਤੀਆਂ ਨੇ ਉਥੇ ਹਰ ਕਬਾਇਲੀ ਨੂੰ ਮਾਓਵਾਦੀ ਬਣਾ ਦਿੱਤਾ ਹੈ। ਅਜਿਹੇ ਫ਼ਰਮਾਨ ਬੇਤੁਕੇ ਹਨ, ਇਸ ਵਿਚ ਹੁਣ ਕੋਈ ਸ਼ੱਕ ਨਹੀਂ ਹੈ। ਕਬਾਇਲੀ ਲੋਕ ਇਸ ਨੂੰ ਆਪਣੇ ਹੱਕਾਂ ਉੱਪਰ ਛਾਪੇ ਵਜੋਂ ਲੈਣ ਰਹੇ ਹਨ ਅਤੇ ਇਹ ਕਬਾਇਲੀਆਂ ਨੂੰ ਹੁਕਮਰਾਨ ਜਮਾਤਾਂ ਦੀ 'ਮੁੱਖਧਾਰਾ' ਤੋਂ ਹੋਰ ਦੂਰ ਕਰਨ ਦਾ ਸਬੱਬ ਹੀ ਬਣੇਗਾ।*

ਬੂਟਾ ਸਿੰਘ
ਫ਼ੋਨ: 91-94634-74342

ਪਿਛਲੇ ਮਹੀਨੇ ਛੱਤੀਸਗੜ੍ਹ ਵਿਚ ਸੀ.ਆਰ.ਪੀ.ਐੱਫ. ਵਲੋਂ 20 ਨਿਹੱਥੇ ਆਦਿਵਾਸੀਆਂ ਨੂੰ ਬੇਵਜ੍ਹਾ ਕਤਲ ਕਰਨ ਦਾ ਮਾਮਲਾ ਹਾਲੇ ਠੰਢਾ ਨਹੀਂ ਸੀ ਹੋਇਆ ਕਿ ਉਥੋਂ ਦੀ ਸਰਕਾਰ ਨੇ ਇਕ ਹੋਰ ਵਿਵਾਦ ਸਹੇੜ ਲਿਆ ਹੈ। ਇਸ ਹਫ਼ਤੇ ਛੱਤੀਸਗੜ੍ਹ ਸੂਬੇ ਦੇ ਨਰਾਇਣਪੁਰ ਜ਼ਿਲ੍ਹੇ 'ਚ ਪੁਲਿਸ ਪ੍ਰਸ਼ਾਸਨ ਵੱਲੋਂ ਆਦਿਵਾਸੀਆਂ ਉੱਪਰ ਆਪਣੇ ਰਵਾਇਤੀ ਹਥਿਆਰ ਲੈ ਕੇ ਹਫ਼ਤਾਵਾਰੀ ਮੰਡੀਆਂ ਅਤੇ ਮੇਲਿਆਂ 'ਚ ਜਾਣ ਉੱਪਰ ਪਾਬੰਦੀ ਲਾ ਦਿੱਤੀ ਗਈ ਹੈ। ਇਹ ਜ਼ਿਲ੍ਹਾ ਮਾਓਵਾਦੀਆਂ ਦੇ ਗੜ੍ਹ ਬਸਤਰ ਇਲਾਕੇ ਦੇ ਮੁੱਖ ਖੇਤਰਾਂ ਵਿਚੋਂ ਇਕ ਹੈ। ਇਸ ਦਾ ਭਾਵ ਹੈ ਕਿ ਆਦਿਵਾਸੀ ਹੁਣ ਆਪਣੇ ਰਵਾਇਤੀ ਹਥਿਆਰ ਤੀਰ-ਕਮਾਨ, ਕੁਹਾੜੀਆਂ ਅਤੇ ਦਾਤਰ ਲੈ ਕੇ ਇਨ੍ਹਾਂ ਥਾਵਾਂ ਉੱਪਰ ਨਹੀਂ ਜਾ ਸਕਣਗੇ। ਜੇ ਉਹ ਅਜਿਹਾ ਕਰਨਗੇ ਤਾਂ ਇਹ 'ਗ਼ੈਰਕਾਨੂੰਨੀ' ਹੋਵੇਗਾ ਅਤੇ ਉਹ ਪਾਬੰਦੀ ਦੀ ਉਲੰਘਣਾ ਕਰਨ ਦੇ ਮੁਜਰਮ ਮੰਨੇ ਜਾਣਗੇ। ਇਸ ਨਾਲ ਹਕੂਮਤੀ ਜਬਰ ਦਾ ਦਾਇਰਾ ਹੋਰ ਵਿਆਪਕ ਹੋ ਜਾਵੇਗਾ। ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਲਾਈ ਇਸ ਪਾਬੰਦੀ ਉੱਪਰ ਸਿਵਲ ਪ੍ਰਸ਼ਾਸਨ ਨੇ ਵੀ ਮੋਹਰ ਲਾ ਦਿੱਤੀ ਹੈ ਅਤੇ ਥਾਂ-ਥਾਂ ਇਸ ਪਾਬੰਦੀ ਦੇ ਚੇਤਾਵਨੀ ਦਿੰਦੇ ਬੋਰਡ ਤੇ ਬੈਨਰ ਲਟਕਾ ਦਿੱਤੇ ਗਏ ਹਨ। ਚੇਤੇ ਰਹੇ ਕਿ ਇਹ ਫ਼ਰਮਾਨ ਭਾਰਤੀ ਸੰਵਿਧਾਨ ਦੀ ਪੰਜਵੀਂ ਸੂਚੀ ਦਾ ਘੋਰ ਉਲੰਘਣ ਹੈ ਜਿਸ ਰਾਹੀਂ ਕਬਾਇਲੀ ਜੀਣ-ਥੀਣ ਅਤੇ ਉਨ੍ਹਾਂ ਦੇ ਵਸੀਲਿਆਂ ਦੀ ਸੁਰੱਖਿਆ ਦੀ ਸੰਵਿਧਾਨਕ ਜ਼ਾਮਨੀ ਦਿੱਤੀ ਗਈ ਹੈ।

ਜ਼ਿਲ੍ਹਾ ਪੁਲਿਸ ਮੁਖੀ ਵਲੋਂ ਇਹ ਪਾਬੰਦੀ ਲਾਉਣ ਦਾ ਕਾਰਨ ਇਹ ਦੱਸਿਆ ਗਿਆ ਕਿ ਜਦੋਂ ਪੁਲਿਸ ਅਤੇ ਸੁਰੱਖਿਆ ਤਾਕਤਾਂ ਦੇ ਅਧਿਕਾਰੀ/ਮੁਲਾਜ਼ਮ ਇਨ੍ਹਾਂ ਆਦਿਵਾਸੀ ਖੇਤਰਾਂ ਦੀਆਂ ਮੰਡੀਆਂ 'ਚੋਂ ਲੋੜੀਂਦੀਆਂ ਚੀਜ਼ਾਂ ਦੀ ਖ਼ਰੀਦਦਾਰੀ ਕਰਨ ਜਾਂਦੇ ਹਨ ਤਾਂ ਆਦਿਵਾਸੀਆਂ ਦੇ ਭੇਖ 'ਚ ਮਾਓਵਾਦੀ ਰਵਾਇਤੀ ਹਥਿਆਰਾਂ ਨਾਲ ਉਨ੍ਹਾਂ ਉੱਪਰ ਹਮਲੇ ਕਰ ਕੇ ਉਨ੍ਹਾਂ ਦੇ ਕਤਲ ਕਰ ਦਿੰਦੇ ਹਨ। ਇਸ ਨੂੰ ਰੋਕਣ ਲਈ ਰਵਾਇਤੀ ਹਥਿਆਰ ਰੱਖਣ 'ਤੇ ਪਾਬੰਦੀ ਜ਼ਰੂਰੀ ਹੈ। ਉਹਦੇ ਆਪਣੇ ਸ਼ਬਦਾਂ ਵਿਚ, 'ਕਬਾਇਲੀਆਂ ਦੀ ਵਰਤੋਂ ਦੇ ਸੰਦ-ਸੰਦੇੜੇ ਕੁਹਾੜੀਆਂ, ਦਾਤਰ, ਤੀਰ-ਕਮਾਨਾਂ ਦੀ ਮੰਡੀਆਂ 'ਚ ਕੀ ਤੁਕ ਹੈ? ਪਾਬੰਦੀ ਨਾਲ ਘੱਟੋ-ਘੱਟ ਨਕਸਲੀਆਂ ਵੱਲੋਂ ਇਹ ਰਵਾਇਤੀ ਹਥਿਆਰ ਵਰਤ ਕੇ ਕੀਤੀ ਜਾਂਦੀ ਹਿੰਸਾ ਤਾਂ ਘਟੇਗੀ।'

ਇਹ ਹਕੂਮਤੀ ਫ਼ਰਮਾਨ ਕਬਾਇਲੀਆਂ 'ਤੇ ਥੋਪਿਆ ਅਜਿਹਾ ਪਹਿਲਾ ਫ਼ੈਸਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਹੁਕਮਰਾਨ ਕਈ ਅਜਿਹੀਆਂ ਪਾਬੰਦੀਆਂ ਲਾਉਂਦੇ ਰਹੇ ਹਨ ਜਿਨ੍ਹਾਂ ਨਾਲ ਕਬਾਇਲੀ ਜ਼ਿੰਦਗੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਸਿੱਟੇ ਵਜੋਂ ਮਾਓਵਾਦੀਆਂ ਨੂੰ ਹਮਾਇਤ, ਕਬਾਇਲੀਆਂ ਵੱਲੋਂ ਰਾਜ ਦਾ ਵਿਰੋਧ ਅਤੇ 'ਮੁੱਖਧਾਰਾ' ਦੀ ਅਲਹਿਦਗੀ ਹੋਰ ਵਧੀ ਹੈ। ਸਲਵਾ ਜੁਡਮ ਅਤੇ ਓਪਰੇਸ਼ਨ ਗ੍ਰੀਨ ਹੰਟ ਦਾ ਇਕ ਵੱਡਾ ਮਕਸਦ ਕਬਾਇਲੀ ਜ਼ਿੰਦਗੀ, ਖ਼ਾਸ ਕਰਕੇ ਉਨ੍ਹਾਂ ਦੇ ਨਿਗੂਣੇ ਆਰਥਿਕ ਵਸੀਲਿਆਂ ਨੂੰ ਤਹਿਸ-ਨਹਿਸ ਕਰਨਾ ਰਿਹਾ ਹੈ। ਇਸੇ ਮਕਸਦ ਨਾਲ ਮਾਓਵਾਦੀ ਲਹਿਰ ਤੋਂ ਪ੍ਰਭਾਵਿਤ ਪੂਰੇ ਖੇਤਰ ਉੱਪਰ ਅਣਐਲਾਨੀ ਆਰਥਿਕ ਨਾਕਾਬੰਦੀ ਥੋਪੀ ਗਈ। ਕਬਾਇਲੀ ਖੇਤਰਾਂ 'ਚ ਵਿਕਸਤ ਖੇਤਰਾਂ ਵਰਗਾ ਮੰਡੀ ਪ੍ਰਬੰਧ ਤਾਂ ਹੈ ਨਹੀਂ; ਹਫ਼ਤਾਵਾਰੀ ਹਾਟ ਬਜ਼ਾਰ ਅਤੇ ਸਸਤੇ ਰਾਸ਼ਨ ਦੇ ਵਿਰਲੇ-ਟਾਵੇਂ ਸਰਕਾਰੀ ਡਿਪੂ ਹੀ ਕਬਾਇਲੀਆਂ ਲਈ ਜ਼ਰੂਰੀ ਚੀਜ਼ਾਂ ਖ਼ਰੀਦਣ ਜਾਂ ਆਪਣੀਅ ਜੰਗਲੀ ਉਪਜ ਨਾਲ ਵਟਾਂਦਰੇ ਵਜੋਂ ਇਹ ਚੀਜ਼ਾਂ ਹਾਸਲ ਕਰਨ ਦੇ ਮੁੱਖ ਖ਼ਰੀਦ ਕੇਂਦਰ ਹਨ। ਪੁਲਿਸ ਅਤੇ ਸੁਰੱਖਿਆ ਤਾਕਤਾਂ ਵਲੋਂ ਹਫ਼ਤਾਵਾਰੀ ਬਜ਼ਾਰਾਂ 'ਚ ਬੁਰੀ ਤਰ੍ਹਾਂ ਖ਼ਲਲ ਪਾਇਆ ਜਾਂਦਾ ਹੈ ਅਤੇ ਉਥੇ ਖ਼ਰੀਦਦਾਰੀ ਅਤੇ ਉਪਜ ਵਟਾਉਣ ਆਉਂਦੇ ਆਦਿਵਾਸੀਆਂ ਨੂੰ ਬਹੁਤ ਜ਼ਿਆਦਾ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਹੈ। ਸਸਤੇ ਰਾਸ਼ਨ ਦੇ ਡਿਪੂ ਇਨ੍ਹਾਂ ਦੇ ਮਾਲਕਾਂ ਨੂੰ ਡਰਾ-ਧਮਕਾ ਕੇ ਪੁਲਿਸ, ਸਲਵਾ ਜੁਡਮ ਜਾਂ ਸੁਰੱਖਿਆ ਤਾਕਤਾਂ ਦੇ ਕੈਂਪਾਂ 'ਚ ਲਿਜਾਏ ਗਏ ਹਨ ਜਿੱਥੇ ਉਨ੍ਹਾਂ ਨੂੰ ਬਹੁ-ਪਰਤੀ ਸੁਰੱਖਿਆ ਵਾੜਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਦਾ ਕਾਰਨ ਭਾਵੇਂ ਕੋਈ ਵੀ ਗਿਣਾਇਆ ਜਾਵੇ, ਇਸ ਦਾ ਅਸਲ ਉਦੇਸ਼ ਹੈ ਆਦਿਵਾਸੀਆਂ, ਭਾਵ ਮਾਓਵਾਦੀਆਂ ਨੂੰ ਇਨ੍ਹਾਂ ਜ਼ਰੂਰੀ ਵਸਤਾਂ ਦੀ ਸਪਲਾਈ ਤੋਂ ਵਿਰਵੇ ਕਰਨਾ ਅਤੇ ਇਸ ਨੂੰ ਪੂਰੀ ਤਰ੍ਹਾਂ ਪੁਲਿਸ ਦੇ ਕੰਟਰੋਲ 'ਚ ਦੇ ਕੇ ਉਨ੍ਹਾਂ ਨੂੰ ਪੁਲਿਸ ਦੇ ਰਹਿਮੋ-ਕਰਮ ਦੇ ਮੁਥਾਜ ਬਣਾ ਦੇਣਾ। ਪੁਲਿਸ ਦੇ ਜ਼ੁਲਮਾਂ ਤੋਂ ਡਰਦੇ ਆਦਿਵਾਸੀ ਇਹ ਵਸਤਾਂ ਖ਼ਰੀਦਣ ਸਿਰਫ਼ ਔਰਤਾਂ ਨੂੰ ਭੇਜਦੇ ਹਨ। ਕੈਂਪਾਂ ਅੰਦਰ ਜਾਣ ਅਤੇ ਸਮਾਨ ਖ਼ਰੀਦਣ ਸਮੇਂ ਉਨ੍ਹਾਂ ਨੂੰ ਬਹੁਤ ਜ਼ਲੀਲ ਕੀਤਾ ਜਾਂਦਾ ਹੈ। ਜੇ ਕੋਈ ਬੰਦਾ ਵਾਰ-ਵਾਰ ਗੇੜੇ ਮਾਰਨ ਤੋਂ ਬਚਣ ਲਈ ਥੋੜ੍ਹੀ ਵੱਧ ਮਾਤਰਾ 'ਚ ਰਾਸ਼ਨ ਖ਼ਰੀਦਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਝੱਟ ਇਹ ਕਹਿ ਕੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਕਿ ਇਹ ਰਾਸ਼ਨ ਮਾਓਵਾਦੀਆਂ ਲਈ ਲਿਜਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਸਵੈ-ਸੇਵੀ ਸੰਸਥਾਵਾਂ ਵਲੋਂ ਚਲਾਏ ਜਾਂਦੇ ਦਵਾਖ਼ਾਨੇ (ਮਿਸਾਲ ਵਜੋਂ ਡਾ. ਬਿਨਾਇਕ ਸੇਨ ਵੱਲੋਂ ਚਲਾਇਆ ਜਾ ਰਿਹਾ ਚੈਰਿਟੀ ਹਸਪਤਾਲ) ਇਹ ਕਹਿ ਕੇ ਬੰਦ ਕਰਵਾ ਦਿੱਤੇ ਗਏ ਕਿ ਉਥੇ ਨਕਸਲੀਆਂ ਦਾ ਇਲਾਜ ਕੀਤਾ ਜਾਂਦਾ ਹੈ। ਜਿਨ੍ਹਾਂ ਟਾਵੇਂ-ਟੱਲੇ ਸਰਕਾਰੀ ਸਕੂਲਾਂ ਨੂੰ ਮਾਓਵਾਦੀ ਆਪਣੀ ਦੇਖ-ਰੇਖ ਵਿਚ ਚਲਾ ਰਹੇ ਸਨ, ਉਹ ਸਰਕਾਰ ਨੇ ਇਹ ਕਹਿ ਕੇ ਬੰਦ ਕਰਵਾ ਦਿੱਤੇ ਕਿ ਉਥੇ ਬੱਚਿਆਂ ਨੂੰ ਮਾਓਵਾਦੀ ਪੜ੍ਹਾਉਂਦੇ ਹਨ।

ਰਵਾਇਤੀ ਹਥਿਆਰ ਆਦਿਵਾਸੀ ਜੀਣ-ਥੀਣ ਦਾ ਅਟੁੱਟ ਅੰਗ ਹਨ। ਕਦੇ ਇਹ ਸ਼ਿਕਾਰ ਕਰਨ ਲਈ ਜ਼ਰੂਰੀ ਸਨ; ਪਰ ਅੱਜ ਵੀ ਦਿਨ-ਰਾਤ ਸੰਘਣੇ ਜੰਗਲਾਂ 'ਚ ਵਿਚਰਨ ਸਮੇਂ ਖ਼ੂੰਖ਼ਾਰ ਜਾਨਵਰਾਂ ਤੋਂ ਰਾਖੀ ਲਈ ਜੰਗਲ ਵਾਸੀਆਂ ਨੂੰ ਇਨ੍ਹਾਂ ਦੀ ਹਰ ਸਮੇਂ ਜ਼ਰੂਰਤ ਰਹਿੰਦੀ ਹੈ। ਕਬਾਇਲੀ ਜ਼ਿੰਦਗੀ ਦਾ ਪੂਰਾ ਦਾਰੋਮਦਾਰ ਜੰਗਲ ਅਤੇ ਜੰਗਲੀ ਉਪਜਾਂ ਉੱਪਰ ਹੈ। ਦਾਤਰ, ਕੁਹਾੜੀ ਆਦਿ ਸੰਦ ਬਾਲਣ ਜੁਟਾਉਣ ਅਤੇ ਜੀਵਨ ਗੁਜ਼ਾਰੇ ਦੀਆਂ ਹੋਰ ਲੋੜਾਂ ਖ਼ਾਤਰ ਲੱਕੜਾਂ ਵੱਢਣ ਲਈ ਅਣਸਰਦੀ ਲੋੜ ਹਨ। ਤਿੰਨ ਦਹਾਕਿਆਂ ਤੋਂ ਉਥੇ ਕਬਾਇਲੀਆਂ ਵਿਚ ਵਿਚਰਦੇ ਮਾਓਵਾਦੀਆਂ ਨੇ ਸਥਾਨਕ ਲੋਕਾਂ ਦਾ ਵਿਸ਼ਵਾਸ ਜਿੱਤ ਕੇ ਇਨ੍ਹਾਂ ਖੇਤਰਾਂ ਨੂੰ ਆਪਣੇ ਮਜ਼ਬੂਤ ਗੜ੍ਹਾਂ 'ਚ ਬਦਲਿਆ ਹੈ ਜਿੱਥੇ ਭਾਰਤੀ ਰਾਜ ਹਾਲੇ ਇਹ ਨਿਸ਼ਾਨਦੇਹੀ ਕਰਦਾ ਫਿਰਦਾ ਹੈ ਕਿ ਉਥੇ ਪਿੰਡ ਕਿਹੜੇ-ਕਿਹੜੇ ਅਤੇ ਕਿੱਥੇ-ਕਿੱਥੇ ਹਨ! ਖ਼ੁਦ ਹੁਕਮਰਾਨ ਅਤੇ ਇਨ੍ਹਾਂ ਦੇ ਪੁਲਿਸ-ਪ੍ਰਸ਼ਾਸਨਕ ਅਧਿਕਾਰੀ ਮੰਨਦੇ ਹਨ ਕਿ ਕਬਾਇਲੀਆਂ ਅਤੇ ਮਾਓਵਾਦੀਆਂ 'ਚ ਨਿਖੇੜਾ ਕਰਨਾ ਸੰਭਵ ਨਹੀਂ ਹੈ। ਨਾ ਸਿਰਫ਼ ਪੂਰੇ ਦੇ ਪੂਰੇ ਪਿੰਡ, ਸਗੋਂ ਸਾਲਮ ਖੇਤਰ ਮਾਓਵਾਦੀ ਹਨ। ਅਜੋਕੀ ਨੌਜਵਾਨ ਪੀੜ੍ਹੀ ਮਾਓਵਾਦੀਆਂ ਦੇ ਰਸੂਖ਼ ਹੇਠ ਜੰਮੀ-ਪਲੀ ਹੈ। ਮਾਓਵਾਦੀਆਂ ਨੇ ਉਨ੍ਹਾਂ ਨੂੰ ਜੰਗਲਾਂ 'ਚ ਘੁੰਮ ਕੇ ਸਮਾਂ ਨਾ ਗਵਾਉਣ ਲਈ ਪ੍ਰੇਰ ਕੇ ਉਨ੍ਹਾਂ ਦਾ ਸਮਾਜੀ-ਸੱਭਿਆਚਾਰਕ ਪੱਧਰ ਉੱਚਾ ਚੁੱਕਣ ਦੇ ਉਪਰਾਲੇ ਕੀਤੇ ਹਨ। ਉਨ੍ਹਾਂ ਨੂੰ ਰਸਮੀ ਪੜ੍ਹਾਈ ਦੇ ਨਾਲ-ਨਾਲ ਦੇਸ਼-ਦੁਨੀਆਂ ਦੀ ਰਾਜਨੀਤਕ ਸੂਝ ਦਿੱਤੀ ਹੈ। ਉਨ੍ਹਾਂ ਨੂੰ ਲੁੱਟ-ਜਬਰ ਤੋਂ ਆਜ਼ਾਦੀ ਅਤੇ ਹਕੂਮਤੀ ਅਮਲੇ ਦੇ ਖੌਫ਼ ਤੋਂ ਮੁਕਤ ਜ਼ਿੰਦਗੀ ਮੁਹੱਈਆ ਕੀਤੀ ਹੈ। ਮਾਓਵਾਦੀ ਲਹਿਰ ਨੇ ਕਬਾਇਲੀਆਂ ਦੀ ਸਮਾਜੀ-ਸੱਭਿਆਚਾਰਕ ਜ਼ਿੰਦਗੀ ਦਾ ਇਨਕਲਾਬੀਕਰਨ ਕੀਤਾ ਹੈ। ਹੁਣ ਮਾਓਵਾਦੀ ਅਗਵਾਈ ਹੇਠ ਵੰਨ-ਸੁਵੰਨੀ ਸਮਾਜੀ-ਸਿਆਸੀ ਤੇ ਸੱਭਿਆਚਾਰਕ ਸਰਗਰਮੀ ਕਬਾਇਲੀ ਜ਼ਿੰਦਗੀ ਦਾ ਅਨਿੱਖੜ ਅੰਗ ਬਣ ਚੁੱਕੀ ਹੈ ਜਿਸ ਵਿਚ ਆਪਣੀ ਰਾਖੀ ਲਈ ਬਹੁ-ਪਰਤੀ ਹਥਿਆਰਬੰਦ ਜਥੇਬੰਦੀ ਵੀ ਸ਼ਾਮਲ ਹੈ। ਰਵਾਇਤੀ ਹਥਿਆਰਾਂ ਵਾਲੇ ਇਹ ਆਦਿਵਾਸੀ ਇਸ ਹਥਿਆਰਬੰਦੀ ਦੀ ਮੁੱਢਲੀ ਪਰਤ ਹਨ ਜਿਸ ਨੂੰ ਉਹ ਆਪਣੀ ਰਾਜਨੀਤਕ ਬੋਲੀ ਵਿਚ 'ਜਨ ਮਿਲੀਸ਼ੀਆ' ਕਹਿੰਦੇ ਹਨ। ਇਹ ਜਨ ਮਿਲੀਸ਼ੀਆ ਹਕੂਮਤੀ ਤਾਕਤਾਂ ਲਈ ਵੱਡਾ ਖ਼ੌਫ਼ ਬਣੀ ਹੋਈ ਹੈ। ਬਿਨਾਂ ਸ਼ੱਕ, ਇਹ ਹਕੂਮਤ ਦੇ ਹਮਲਿਆਂ ਵਿਰੁੱਧ ਮਾਓਵਾਦੀ ਟਾਕਰੇ ਦੀ ਬੁਨਿਆਦੀ ਤਾਕਤ ਹੈ।

ਹਕੂਮਤ ਨੇ ਭਾਵੇਂ ਰਵਾਇਤੀ ਹਥਿਆਰਾਂ 'ਤੇ ਪਾਬੰਦੀ ਦੀ ਵਾਜਬੀਅਤ ਬਿਆਨ ਕਰਨ ਸਮੇਂ ਮਾਮਲੇ ਨੂੰ ਇਉਂ ਪੇਸ਼ ਕੀਤਾ ਹੈ ਜਿਵੇਂ ਮਾਓਵਾਦੀ ਕੋਈ ਅਸਮਾਨੋਂ ਉੱਤਰੇ ਕਿਸੇ ਹੋਰ ਗ੍ਰਹਿ ਦੇ ਬੇਗਾਨੇ ਪ੍ਰਾਣੀ ਹੁੰਦੇ ਹੋਣ ਜੋ ਕਬਾਇਲੀਆਂ ਦਾ ਭੇਖ ਧਾਰ ਕੇ ਉਨ੍ਹਾਂ ਦੇ ਰਵਾਇਤੀ ਹਥਿਆਰਾਂ ਦੀ ਦੁਰਵਰਤੋਂ ਕਰ ਰਹੇ ਹੋਣ! ਫਿਰ ਤਾਂ ਕੱਲ੍ਹ ਨੂੰ ਹਕੂਮਤ ਨੂੰ ਕਬਾਇਲੀ ਪਹਿਰਾਵੇ 'ਤੇ ਵੀ ਪਾਬੰਦੀ ਲਾਉਣੀ ਪਵੇਗੀ। ਹਕੀਕਤ ਇਹ ਹੈ ਕਿ ਹਕੂਮਤੀ ਨੀਤੀਆਂ ਨੇ ਉਥੇ ਹਰ ਕਬਾਇਲੀ ਨੂੰ ਮਾਓਵਾਦੀ ਬਣਾ ਦਿੱਤਾ ਹੈ। ਅਜਿਹੇ ਫ਼ਰਮਾਨ ਬੇਤੁਕੇ ਹਨ, ਇਸ ਵਿਚ ਹੁਣ ਕੋਈ ਸ਼ੱਕ ਨਹੀਂ ਹੈ। ਕਬਾਇਲੀ ਲੋਕ ਇਸ ਨੂੰ ਆਪਣੇ ਹੱਕਾਂ ਉੱਪਰ ਛਾਪੇ ਵਜੋਂ ਲੈਣ ਰਹੇ ਹਨ ਅਤੇ ਇਹ ਕਬਾਇਲੀਆਂ ਨੂੰ ਹੁਕਮਰਾਨ ਜਮਾਤਾਂ ਦੀ 'ਮੁੱਖਧਾਰਾ' ਤੋਂ ਹੋਰ ਦੂਰ ਕਰਨ ਦਾ ਸਬੱਬ ਹੀ ਬਣੇਗਾ।

ਕਬਾਇਲੀਆਂ ਵਲੋਂ ਹਕੂਮਤ ਵਿਰੁੱਧ ਹਥਿਆਰਬੰਦ ਲੜਾਈ ਦਾ ਮਸਲਾ ਸਿਆਸੀ ਹੈ ਜਿਸ ਦੀ ਵਜ੍ਹਾ ਸਾਢੇ ਤੇ ਦਹਾਕਿਆਂ ਤੋਂ ਚਲੀ ਆ ਰਹੀ ਘੋਰ ਸਮਾਜੀ-ਆਰਥਿਕ ਨਾਬਰਾਬਰੀ ਅਤੇ ਅਨਿਆਂ ਹੈ। ਹੁਕਮਰਾਨ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ; ਪਰ ਕਿਉਂਕਿ ਉਹ ਆਪਣੀਆਂ ਲੋਕ ਵਿਰੋਧੀ ਨੀਤੀਆਂ ਦੇ ਸਿੱਟਿਆਂ ਦਾ ਸਾਹਮਣਾ ਸਿਆਸੀ ਤੌਰ 'ਤੇ ਕਰਨ ਲਈ ਤਿਆਰ ਨਹੀਂ ਹਨ, ਇਸ ਕਰ ਕੇ ਉਹ ਕਬਾਇਲੀ ਬਗ਼ਾਵਤ ਨੂੰ ਫ਼ੌਜੀ ਹਮਲੇ ਅਤੇ ਤਾਨਾਸ਼ਾਹ ਫ਼ਰਮਾਨਾਂ ਰਾਹੀਂ ਕੁਚਲਣ ਦੇ ਗ਼ਰੂਰ 'ਚ ਕੁਝ ਵੀ ਤਰਕਪੂਰਨ ਨਾ ਸੋਚਣ ਅਤੇ ਨਾ ਸੁਣਨ ਲਈ ਬਜ਼ਿਦ ਹਨ।

*ਕਬਾਇਲੀਆਂ ਵਲੋਂ ਹਕੂਮਤ ਵਿਰੁੱਧ ਹਥਿਆਰਬੰਦ ਲੜਾਈ ਦਾ ਮਸਲਾ ਸਿਆਸੀ ਹੈ ਜਿਸ ਦੀ ਵਜ੍ਹਾ ਸਾਢੇ ਤੇ ਦਹਾਕਿਆਂ ਤੋਂ ਚਲੀ ਆ ਰਹੀ ਘੋਰ ਸਮਾਜੀ-ਆਰਥਿਕ ਨਾਬਰਾਬਰੀ ਅਤੇ ਅਨਿਆਂ ਹੈ। ਹੁਕਮਰਾਨ ਇਸ ਨੂੰ ਚੰਗੀ ਤਰ੍ਹਾਂ ਜਾਣਦੇ ਹਨ; ਪਰ ਕਿਉਂਕਿ ਉਹ ਆਪਣੀਆਂ ਲੋਕ ਵਿਰੋਧੀ ਨੀਤੀਆਂ ਦੇ ਸਿੱਟਿਆਂ ਦਾ ਸਾਹਮਣਾ ਸਿਆਸੀ ਤੌਰ 'ਤੇ ਕਰਨ ਲਈ ਤਿਆਰ ਨਹੀਂ ਹਨ, ਇਸ ਕਰ ਕੇ ਉਹ ਕਬਾਇਲੀ ਬ਼ਗਾਵਤ ਨੂੰ ਫ਼ੌਜੀ ਹਮਲੇ ਅਤੇ ਤਾਨਾਸ਼ਾਹ ਫ਼ਰਮਾਨਾਂ ਰਾਹੀਂ ਕੁਚਲਣ ਦੇ ਗ਼ਰੂਰ 'ਚ ਕੁਝ ਵੀ ਤਰਕਪੂਰਨ ਨਾ ਸੋਚਣ ਅਤੇ ਨਾ ਸੁਣਨ ਲਈ ਬਜ਼ਿਦ ਹਨ।*

# ਪੰਜਾਬੀਅਤ ਦੀਆਂ ਜੜ੍ਹਾਂ

***ਪੰਜਾਬੀ ਕੌਮ ਦੇ ਅਸਲ ਵਿਰਸੇ ਦੇ ਮੂਲ ਨੂੰ ਪਛਾਣਨ ਦੀ ਬੇਹੱਦ ਗੰਭੀਰ ਲੋੜ ਹੈ। ਜਦੋਂ ਅਠਾਰਵੀਂ ਸਦੀ ਦੇ ਮੱਧਯੁਗੀ ਭਾਰਤ ਅੰਦਰ ਤਲਵਾਰ ਦੇ ਜ਼ੋਰ 'ਤੇ ਉਸਰੀ ਮੁਗਲ ਸਲਤਨਤ ਦੇ ਖੰਡਰਾਂ ਤੇ ਆਜ਼ਾਦ ਰਾਜਸ਼ਾਹੀਆਂ ਕਾਇਮ ਹੋ ਰਹੀਆਂ ਸਨ, ਉਦੋਂ ਨੌਜਵਾਨ ਪੰਜਾਬੀਅਤ ਦੇ ਮੂਲ ਨੂੰ ਪਛਾਣਨ ਉਨ੍ਹਾਂ ਅੰਦਰ ਆਪਣੀ ਹੋਂਦ ਤੇ ਸਵੈਮਾਣ ਦੇ ਜਜ਼ਬੇ ਉਮਡ ਰਹੇ ਸਨ। ਭਾਰਤ ਦੇ ਇਹ ਪ੍ਰਦੇਸ਼ ਆਪਣੀ ਵੱਖਰੀ ਭਾਸ਼ਾ, ਸੱਭਿਆਚਾਰ ਤੇ ਇਤਿਹਾਸਕ ਵਖਰੇਵੇਂ ਰੱਖਦੇ ਸਨ। ਇਨ੍ਹਾਂ ਵਿਚੋਂ ਪੰਜਾਬ ਹਿੰਦੋਸਤਾਨ ਦਾ ਉੱਤਰ ਪੱਛਮੀ ਦੁਆਰ ਰਿਹਾ। ਇਸ ਮੈਦਾਨੀ ਰਸਤੇ ਰਾਹੀਂ ਯੂਨਾਨੀ, ਅਫ਼ਗਾਨੀ, ਤੁਰਕ ਤੇ ਮੁਗਲ ਧਾੜਵੀ ਲੱਗਭਗ ਅੱਠ ਸੌ ਸਾਲ ਹਿੰਦੋਸਤਾਨ 'ਤੇ ਹਕੂਮਤ ਕਰਨ ਤੇ ਲੁੱਟਣ ਲਈ ਪੰਜਾਬ ਨੂੰ ਉਜਾੜਦੇ ਹੋਏ ਹੀ ਅੱਗੇ ਵਧਦੇ ਰਹੇ, ਜਿਸ ਕਰ ਕੇ ਇੱਥੋਂ ਦੇ ਲੋਕਾਂ ਦਾ ਜੀਵਨ ਸੱਭਿਆਚਾਰ, ਕਦਰਾਂ-ਕੀਮਤਾਂ, ਸਾਹਿਤ, ਸੱਭਿਅਤਾ ਤੇ ਹੁਨਰ ਨੂੰ ਧੱਕਾ ਲੱਗਾ। ਜਿੱਥੇ ਲੋਕਾਂ ਨੂੰ ਲੁੱਟ-ਜਬਰ ਤੇ ਲਹੂ ਵੀਟਵੇਂ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਉੱਥੇ ਜਬਰ ਖਿਲਾਫ ਮਨੁੱਖੀ ਗੌਰਵ ਤੇ ਮਹਾਨਤਾ ਲਈ ਕੌਮਾਂ ਨੂੰ ਜਾਬਰਾਂ ਖਿਲਾਫ਼ ਝੰਜੋੜਨ ਵਾਲੇ ਅਨੇਕਾਂ ਸੂਰਮੇ ਵੀ ਪੈਦਾ ਹੁੰਦੇ ਰਹੇ।***

-ਮਨਦੀਪ*

ਪੰਜਾਬ ਦੇ ਲੋਕਾਂ, ਖਾਸਕਰ ਨੌਜਵਾਨਾਂ ਦੇ ਮਨਾਂ ਅੰਦਰ ਗੀਤਾਂ, ਫ਼ਿਲਮਾਂ ਆਦਿ ਰਾਹੀਂ ਅਣਖੀ, ਦਲੇਰ, ਸ਼ੇਰ, ਸੂਰਮੇ ਤੇ ਸ਼ਿਕਾਰੀ, ਅਨੇਕਾਂ ਲਕਬ ਵਸਾਏ ਜਾਂਦੇ ਹਨ। ਹਰ ਕੌਮ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਅਸੀਂ ਪੰਜਾਬੀਆਂ ਨੂੰ ਅਣਖੀ, ਦਲੇਰ, ਸੂਰਮੇ ਤੇ ਸ਼ੇਰ ਵਰਗੇ ਲਕਬ ਦੇਣ ਦੇ ਵਿਰੋਧੀ ਨਹੀਂ ਹਾਂ। ਵਿਰੋਧ ਇਸ ਗੱਲ 'ਤੇ ਹੈ ਕਿ ਗੀਤਾਂ, ਫ਼ਿਲਮਾਂ ਆਦਿ ਵਿਚ ਦਿੱਤੇ ਜਾਂਦੇ ਇਨ੍ਹਾਂ ਲਕਬਾਂ ਰਾਹੀਂ ਪੰਜਾਬੀਆਂ ਅੰਦਰ ਬੇਵਜ੍ਹਾ ਤੇ ਖਿਆਲੀ, ਹੈਂਕੜਬਾਜ਼, ਫੋਕੀ ਚੌਧਰ, ਫੁਕਰੇ ਤੇ ਚੰਦ ਕੁ ਅਮੀਰ ਘਰਾਣਿਆਂ ਦੀ ਤਰੱਕੀ ਨੂੰ ਕੁੱਲ ਮਿਹਨਤਕਸ਼ ਪੰਜਾਬੀ ਕੌਮ ਦੀ ਸ਼ਾਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਇੱਕ ਪਾਸੇ ਲੁੱਟ, ਜਬਰ ਤੇ ਅਨਿਆਂ ਦਾ ਵਰਤਾਰਾ ਸਮਾਜ ਅੰਦਰ ਵਾਪਰ ਰਿਹਾ ਹੁੰਦਾ ਹੈ, ਦੂਜੇ ਪਾਸੇ ਇਸ ਲੋਟੂ ਵਰਤਾਰੇ ਖਿਲਾਫ਼ ਮਿਹਨਤਕਸ਼ ਸਾਧਾਰਨ ਲੋਕਾਂ ਨੂੰ ਆਪਣੇ ਸਿਰੜੀ ਵਿਰਸੇ ਤੇ ਲੁੱਟ ਜਬਰ ਤੋਂ ਮੁਕਤੀ ਦੇ ਸਿਧਾਂਤ ਦੀ ਚੇਤਨਾ ਦੇਣ ਦੀ ਬਜਾਏ ਕੁਝ ਅਮੀਰ ਘਰਾਣਿਆਂ ਦੀ ਅਰਾਧਨਾ ਵਿਚ ਬੜੀ ਢੀਠਤਾਈ ਨਾਲ ਕਿਹਾ ਜਾ ਰਿਹਾ ਹੁੰਦਾ ਹੈ ਕਿ 'ਸ਼ੇਰਾਂ ਦੀ ਕੌਮ ਪੰਜਾਬੀ', 'ਫੱਟੇ ਚੱਕ ਦੇ ਪੰਜਾਬੀਆਂ ਨੇ ਵਾਹਿਗੁਰੂ ਦਾ ਨਾਂ ਲੈ' ਆਦਿ। ਪੰਜਾਬੀ ਕੌਮ ਦੇ ਅਮੀਰ ਜੁਝਾਰੂ ਵਿਰਸੇ ਦੀਆਂ ਉਦਾਹਰਨਾਂ ਲੈ ਕੇ ਗਾਇਕ, ਫ਼ਿਲਮਕਾਰ, ਰਾਜਸੀ ਨੇਤਾ ਆਦਿ ਆਪਣੇ ਆਪ ਨੂੰ ਉਸ ਮਹਾਨ ਵਿਰਸੇ ਦੇ ਝੰਡਾਬਰਦਾਰ ਸਮਝਦੇ ਹਨ। ਅਸਲੀ ਕੌਮੀ ਮੁਕਤੀ ਭਾਵਨਾਵਾਂ ਨੂੰ ਲੋਕਾਂ ਦੇ ਮਨੋਂ ਲਗਾਤਾਰ ਖਾਰਜ ਕੀਤਾ ਜਾ ਰਿਹਾ ਹੈ। ਕੌਮੀ ਮੁਕਤੀ ਜਜ਼ਬਿਆਂ ਨੂੰ ਖ਼ਤਮ ਕਰਨ ਲਈ ਲੁੱਟ ਜਬਰ ਦੀਆਂ ਨਵੀਆਂ ਤੇ ਤਿੱਖੀਆਂ ਕੀਤੀਆਂ ਪਸਾਰੀਆਂ ਜਾ ਰਹੀਆਂ ਹਨ।

ਪੰਜਾਬੀ ਕੌਮ ਦੇ ਅਸਲ ਵਿਰਸੇ ਦੇ ਮੂਲ ਨੂੰ ਪਛਾਣਨ ਦੀ ਬੇਹੱਦ ਗੰਭੀਰ ਲੋੜ ਹੈ। ਜਦੋਂ ਅਠਾਰਵੀਂ ਸਦੀ ਦੇ ਮੱਧਯੁਗੀ ਭਾਰਤ ਅੰਦਰ ਤਲਵਾਰ ਦੇ ਜ਼ੋਰ 'ਤੇ ਉਸਰੀ ਮੁਗਲ ਸਲਤਨਤ ਦੇ ਖੰਡਰਾਂ ਤੇ ਆਜ਼ਾਦ ਰਾਜਸ਼ਾਹੀਆਂ ਕਾਇਮ ਹੋ ਰਹੀਆਂ ਸਨ, ਉਦੋਂ ਨੌਜਵਾਨ ਪੰਜਾਬੀਅਤ ਦੇ ਮੂਲ ਨੂੰ ਪਛਾਣਨ ਉਨ੍ਹਾਂ ਅੰਦਰ ਆਪਣੀ ਹੋਂਦ ਤੇ ਸਵੈਮਾਣ ਦੇ ਜਜ਼ਬੇ ਉਮਡ ਰਹੇ ਸਨ। ਭਾਰਤ ਦੇ ਇਹ ਪ੍ਰਦੇਸ਼ ਆਪਣੀ ਵੱਖਰੀ ਭਾਸ਼ਾ, ਸੱਭਿਆਚਾਰ ਤੇ ਇਤਿਹਾਸਕ ਵਖਰੇਵੇਂ ਰੱਖਦੇ ਸਨ। ਇਨ੍ਹਾਂ ਵਿਚੋਂ ਪੰਜਾਬ ਹਿੰਦੋਸਤਾਨ ਦਾ ਉੱਤਰ ਪੱਛਮੀ ਦੁਆਰ ਰਿਹਾ। ਇਸ ਮੈਦਾਨੀ ਰਸਤੇ ਰਾਹੀਂ ਯੂਨਾਨੀ, ਅਫ਼ਗਾਨੀ, ਤੁਰਕ ਤੇ ਮੁਗਲ ਧਾੜਵੀ ਲੱਗਭਗ ਅੱਠ ਸੌ ਸਾਲ ਹਿੰਦੋਸਤਾਨ 'ਤੇ ਹਕੂਮਤ ਕਰਨ ਤੇ ਲੁੱਟਣ ਲਈ ਪੰਜਾਬ ਨੂੰ ਉਜਾੜਦੇ ਹੋਏ ਹੀ ਅੱਗੇ ਵਧਦੇ ਰਹੇ, ਜਿਸ ਕਰ ਕੇ ਇੱਥੋਂ ਦੇ ਲੋਕਾਂ ਦਾ ਜੀਵਨ ਸੱਭਿਆਚਾਰ, ਕਦਰਾਂ-ਕੀਮਤਾਂ, ਸਾਹਿਤ, ਸੱਭਿਅਤਾ ਤੇ ਹੁਨਰ ਨੂੰ ਧੱਕਾ ਲੱਗਾ। ਜਿੱਥੇ ਲੋਕਾਂ ਨੂੰ ਲੁੱਟ-ਜਬਰ ਤੇ ਲਹੂ ਵੀਟਵੇਂ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਉੱਥੇ ਜਬਰ ਖਿਲਾਫ ਮਨੁੱਖੀ ਗੌਰਵ ਤੇ ਮਹਾਨਤਾ ਲਈ ਕੌਮਾਂ ਨੂੰ ਜਾਬਰਾਂ ਖਿਲਾਫ਼ ਝੰਜੋੜਨ ਵਾਲੇ ਅਨੇਕਾਂ ਸੂਰਮੇ ਵੀ ਪੈਦਾ ਹੁੰਦੇ ਰਹੇ। ਰਾਜਸ਼ਾਹੀਆਂ ਨੂੰ ਖ਼ਤਮ ਕਰਦਿਆਂ ਹਿੰਦੋਸਤਾਨ ਉੱਪਰ ਅੰਗਰੇਜ਼ੀ ਰਾਜ ਕਾਇਮ ਹੋ ਜਾਂਦਾ ਹੈ। ਬਰਤਾਨਵੀ ਸਾਮਰਾਜੀਆਂ ਨੇ ਹਿੰਦੋਸਤਾਨ ਤੇ ਕਬਜ਼ੇ ਬਾਅਦ ਆਪਣੀਆਂ ਆਰਥਿਕ ਸਿਆਸੀ ਨੀਤੀਆਂ ਇਸ ਤਰ੍ਹਾਂ ਵਿਉਂਤੀਆਂ ਕਿ ਇੱਥੋਂ ਦੇ ਅਜ਼ਾਦਾਨਾ ਸਰਮਾਏਦਾਰਾਨਾ ਵਿਕਾਸ ਨੂੰ ਬੰਨ੍ਹ ਮਾਰ ਕੇ ਲੁੱਟ ਲਈ ਰਾਹ ਪੱਧਰਾ ਕੀਤਾ ਗਿਆ। ਬਰਤਾਨਵੀ ਰਾਜ ਦੀਆਂ ਸਨਅਤੀ ਲੋੜਾਂ ਦੀ ਪੂਰਤੀ ਲਈ ਭਾਰਤ ਦੇ ਵੱਖ-ਵੱਖ ਪ੍ਰਦੇਸਾਂ ਦੀ ਬਹੁ-ਭਾਂਤੀ ਖਾਸੀਅਤ ਅਨੁਸਾਰ ਉੱਥੋਂ ਦੇ ਪੈਦਾਵਰੀ ਸਾਧਨਾਂ ਦੀ ਬੇਕਿਰਕ ਲੁੱਟ ਕੀਤੀ ਜਾਣ ਲੱਗੀ। 1849 ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਦਾ ਹਿੱਸਾ ਬਣਾਉਣ ਉਪਰੰਤ ਵੱਡੀ ਪੱਧਰ 'ਤੇ ਖੇਤੀ ਤੇ ਸਨਅਤ ਲਈ ਸਸਤੇ ਕੱਚੇ ਮਾਲ ਨੂੰ ਹੜੱਪਣਾ ਸ਼ੁਰੂ ਕੀਤਾ। ਇਸ ਲੁੱਟ ਲਈ ਇੱਥੇ ਇੱਕ 'ਅੰਗਰੇਜ ਭਗਤ' ਦਲਾਲਾਂ ਦੀ ਜਮਾਤ ਪੈਦਾ ਕੀਤੀ। ਆਮ ਪੰਜਾਬੀ ਲੋਕਾਂ ਨੂੰ 'ਬਹਾਦਰ ਤੇ ਵਫਾਦਾਰ' ਕੌਮ ਕਹਿ ਕੇ ਵਡਿਆਉਂਦਿਆਂ ਤੋਪਾਂ ਦਾ ਖਾਈਆਂ ਬਣਾਇਆ ਜਾਂਦਾ ਰਿਹਾ। (ਜਿਵੇਂ ਅੱਜ ਵੀ ਸਰਮਾਏਦਾਰ ਜਮਾਤਾਂ ਇਹੀ ਕਰਦੀਆਂ ਹਨ) ਦੂਜੇ ਪਾਸੇ ਅੰਗਰੇਜ਼ਾਂ ਦੀ ਲੁੱਟ, ਜਬਰ ਤੇ ਦਾਬੇ ਦੀ ਨੀਤੀ ਹਿੰਦੋਸਤਾਨ ਦੀਆਂ ਵੱਖ-ਵੱਖ ਕੌਮੀਅਤਾਂ ਅੰਦਰ ਦੇਸ਼ ਭਗਤੀ ਤੇ ਏਕਤਾ ਦਾ ਜਜ਼ਬਾ ਪੈਦਾ ਕਰਨ ਦਾ ਕਾਰਨ ਬਣੀ।



ਇਸ ਦੇ ਸਿੱਟੇ ਵਜੋਂ ਇਕ ਵਾਰ ਫਿਰ ਪੰਜਾਬ ਦੀ ਧਰਤੀ ਤੇ ਵਿਦਰੋਹ ਦੀਆਂ ਲਹਿਰਾਂ ਉੱਠਣ ਲੱਗੀਆਂ। ਬਰਤਾਨਵੀ ਧੱਕੇਸ਼ਾਹੀ ਵਿਰੁੱਧ ਪੱਗੜੀ ਸੰਭਾਲ ਜੱਟਾ ਲਹਿਰ, ਗ਼ਦਰ ਲਹਿਰ, ਅਕਾਲੀ ਮੋਰਚਾ, ਬੱਬਰ ਅਕਾਲੀ ਲਹਿਰ, ਪਰਜਾ ਮੰਡਲ ਤੇ ਖਾੜਕੂ ਕਿਸਾਨ ਲਹਿਰ ਆਦਿ ਲਹਿਰਾਂ ਪੂਰੇ ਵੇਗ ਨਾਲ ਚੱਲੀਆਂ। ਦੂਜੇ ਵਿਸ਼ਵ ਯੁੱਧ ਵਿਚ ਘਿਰੇ ਬਰਤਾਨਵੀ ਸਾਮਰਾਜੀਏ ਆਪਣੀ ਕਮਜ਼ੋਰ ਹਾਲਤ ਅਤੇ ਹਿੰਦੋਸਤਾਨੀ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਹਿੰਦੋਸਤਾਨ ਅੰਦਰ ਫਿਰਕੂ ਜ਼ਹਿਰ ਵਧਾਉਂਦੇ ਹੋਏ ਤੇ ਫਿਰਕੂ ਵੰਡ ਦਾ ਦਰਦਨਾਕ ਕਾਂਡ ਰਚਾਉਂਦੇ ਹੋਏ ਸੱਤਾ ਦਲਾਲ ਸਰਮਾਏਦਾਰਾਂ ਦੇ ਹੱਥ ਦੇ ਕੇ ਆਪ ਪਰਦੇ ਪਿੱਛੇ ਚਲੇ ਗਏ। ਸੱਤਾ ਤੇ ਕਾਬਜ਼ ਭਾਰਤੀ ਹਾਕਮਾਂ ਨੇ ਕੌਮਾਂ ਦੇ ਅਜ਼ਾਦਾਨਾ ਤੇ ਸਵੈ ਨਿਰਭਰ ਘੋਲਾਂ ਨੂੰ ਅਗਾਊਂ ਰੌਂਦਣ ਲਈ ਅਤੇ ਆਪਣੇ ਤੇ ਸਾਮਰਾਜੀ ਅਕਾਵਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ 'ਅਖੰਡ ਭਾਰਤ', 'ਹਿੰਦੂ ਕੌਮ' ਆਦਿ ਵਰਗੇ ਜਾਅਲੀ ਸੰਕਲਪ ਘੜਨੇ ਸ਼ੁਰੂ ਕੀਤੇ। ਆਪਣੇ ਹਿੰਦੂਤਵੀ ਤੁਅੱਸਬਾਂ ਕਾਰਨ ਬਾਕੀ ਦੀਆਂ ਭਾਰਤੀ ਕੌਮਾਂ, ਕਬਾਇਲੀ ਲੋਕਾਂ ਅਤੇ ਧਾਰਮਿਕ ਤੇ ਭਾਸ਼ਾਈ ਘੱਟ ਗਿਣਤੀਆਂ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਰੱਖੀ ਜਾਣ ਲੱਗੀ। ਇਨ੍ਹਾਂ ਤ੍ਰਿਸਕਾਰੇ ਹਿੱਸਿਆਂ ਦੇ ਲੋਕਾਂ ਉੱਪਰ ਸਾਮਰਾਜਵਾਦ ਵੱਲੋਂ ਮੜੇ ਨਵ-ਬਸਤੀਆਨਾ ਪ੍ਰਬੰਧ ਕਾਰਨ ਇਨ੍ਹਾਂ ਹਿੱਸਿਆਂ ਨੂੰ ਲਗਾਤਾਰ ਸਾਮਰਾਜ ਤੇ ਦੇਸੀ ਸਰਮਾਏਦਾਰਾਂ ਦੇ ਰਹਿਮੋ ਕਰਮ ਤੇ ਜਿਉਣਾ ਪੈ ਰਿਹਾ ਹੈ। ਇਹ ਘੱਟ ਗਿਣਤੀਆਂ ਤੇ ਕੌਮਾਂ ਸਾਮਰਾਜੀ ਸਰਮਾਏ ਤੇ ਕੇਂਦਰੀ ਹਕੂਮਤ ਦੀਆਂ ਮੁਥਾਜ ਬਣ ਕੇ ਰਹਿ ਗਈਆਂ ਹਨ। ਭਾਸ਼ਾਈ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਦੀ ਮੰਗ ਭਾਵੇਂ ਵੱਖ-ਵੱਖ ਕੌਮਾਂ ਵੱਲੋਂ ਲੜੇ ਸੰਘਰਸ਼ ਕਾਰਨ 1955 ਵਿਚ ਮੰਨ ਲਈ ਗਈ, ਪਰ ਅੱਜ ਤੱਕ ਕਿਸੇ ਵੀ ਕੌਮ ਨੂੰ ਸਵੈ-ਨਿਰਣੇ ਦਾ ਹੱਕ ਪ੍ਰਾਪਤ ਨਹੀਂ।

ਵੰਡ ਦੌਰਾਨ ਹੋਂਦ ਵਿਚ ਆਏ ਪੂਰਬੀ ਪੰਜਾਬ ਅੰਦਰ ਸਿੱਖ ਧਾਰਮਿਕ ਘੱਟ-ਗਿਣਤੀ ਬਣਦੇ ਸਨ (ਖੇਤਰੀ ਪੱਧਰ 'ਤੇ ਭਾਵੇਂ ਬਹੁ-ਗਿਣਤੀ ਹਨ)। ਸਿੱਖ ਧਾਰਮਿਕ ਘੱਟ-ਗਿਣਤੀ ਸਮੇਤ ਹੋਰ ਕੌਮਾਂ, ਧਾਰਮਿਕ ਤੇ ਭਾਸ਼ਾਈ ਘੱਟ-ਗਿਣਤੀਆਂ ਲਗਾਤਾਰ ਭਾਰਤੀ ਪ੍ਰਬੰਧ ਵੱਲੋਂ ਦੱਬੀਆਂ ਲਤਾੜੀਆਂ ਜਾਂਦੀਆਂ ਹਨ; ਜਿਵੇਂ ਭਾਸ਼ਾਈ ਆਧਾਰ 'ਤੇ ਪੁਨਰਗਠਨ ਤੋਂ ਬਾਅਦ ਵੀ ਪੰਜਾਬ ਨੂੰ ਦੋ ਭਾਸ਼ਾਈ ਸੂਬਾ ਬਣਾ ਕੇ ਰੱਖਿਆ ਜਾ ਰਿਹਾ ਹੈ। 1849 ਵਿਚ ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਤੇ ਇੱਥੋਂ ਦੀ ਜਰਖੇਜ਼ ਭੂਮੀ ਉੱਪਰ ਕਪਾਹ ਵਰਗੀ ਫਸਲ ਉਗਾਉਣ ਦੇ ਪ੍ਰਯੋਗ ਬਰਤਾਨਵੀ ਸਨਅਤ ਦੇ ਵਧਣ ਫੁੱਲਣ ਤੇ ਮੁਨਾਫੇ ਪ੍ਰਾਪਤ ਕਰਨ ਲਈ ਕੀਤੇ ਗਏ। ਇਹ ਪ੍ਰਯੋਗ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਵੀ ਕੀਤੇ ਗਏ (ਜਿਵੇਂ ਨੀਲ ਦੀ ਖੇਤੀ)। ਉਸੇ ਤਰ੍ਹਾਂ ਭਾਰਤੀ ਹਾਕਮਾਂ ਨੇ ਆਪਣੀਆਂ ਤੇ ਸਾਮਰਾਜੀਆਂ ਦੀਆਂ ਤਿਜੌਰੀਆਂ ਭਰਨ ਲਈ ਪੰਜਾਬ ਵਰਗੇ ਖਿੱਤਿਆਂ ਵਿਚ ਤਰੱਕੀ ਤੇ ਵਿਕਾਸ ਦੇ ਨਾਂ ਹੇਠ 'ਹਰੇ ਇਨਕਲਾਬ' ਦਾ ਮਾਡਲ ਲਾਗੂ ਕੀਤਾ ਜਿਸ ਦੇ ਘਾਤਕ ਸਿੱਟੇ ਹੁਣ ਤੱਕ ਦੇਸ਼ ਦੇ ਕਮਾਊਆਂ ਨੂੰ ਭੁਗਤਣੇ ਪੈ ਰਹੇ ਹਨ। ਇਹੀ ਹਸ਼ਰ ਭਾਰਤ ਦੀਆਂ ਮਿਜ਼ੋਰਮ, ਕਸ਼ਮੀਰ, ਤਿਰੀਪੁਰਾ, ਨਾਗਾਲੈਂਡ, ਆਸਾਮ ਤੇ ਹੋਰ ਕੌਮਾਂ, ਧਾਰਮਿਕ ਤੇ ਭਾਸ਼ਾਈ ਘੱਟ-ਗਿਣਤੀਆਂ ਦਾ ਹੋ ਰਿਹਾ ਹੈ। ਭਾਰਤੀ ਰਾਜ ਪ੍ਰਬੰਧ ਇਨ੍ਹਾਂ ਕੌਮਾਂ ਦੇ ਆਪਾ ਨਿਰਣੇ ਦੇ ਅਧਿਕਾਰ ਨੂੰ ਕੁਚਲਦਿਆਂ ਹੋਇਆਂ ਇਨ੍ਹਾਂ ਉੱਪਰ ਜਬਰੀ ਹਕੂਮਤ ਚਲਾ ਰਿਹਾ ਹੈ। ਇੱਥੇ ਸਾਮਰਾਜਵਾਦ ਤੇ ਦਲਾਲ ਭਾਰਤੀ ਵੱਡੇ ਸਰਮਾਏਦਾਰ ਤਾਕਤਾਂ ਮਿਲ ਕੇ ਸਭਨਾਂ ਕੌਮਾਂ ਦੇ ਜੁਝਾਰੂ ਵਿਰਸੇ, ਸੱਭਿਆਚਾਰ ਤੇ ਇਤਿਹਾਸ ਨੂੰ ਗੰਧਲਾ ਕਰ ਕੇ ਇਨ੍ਹਾਂ ਨੂੰ ਆਰਥਿਕ, ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਤੌਰ 'ਤੇ ਲੁੱਟ-ਲਤਾੜ ਰਹੀਆਂ ਹਨ। ਇਸ ਲੁੱਟ ਜਬਰ ਖਿਲਾਫ ਅਵਾਜ਼ ਉਠਾਉਂਦੇ ਚੇਤੰਨ ਜੁਝਾਰੂ ਲੋਕਾਂ ਉੱਪਰ 'ਅੱਤਵਾਦੀ', 'ਦਹਿਸ਼ਤਗਰਦ' ਤੇ 'ਵੱਖਵਾਦੀ' ਹੋਣ ਦਾ ਠੱਪਾ ਲਾ ਕੇ ਕਲੰਕਿਤ ਕਰਨ ਦੀਆਂ ਚਾਲਾਂ ਚੱਲੀਆਂ ਜਾਂਦੀਆਂ ਹਨ।

ਇਹ ਤਾਕਤਾਂ ਪੰਜਾਬੀ ਸਮੇਤ ਸਭਨਾਂ ਕੌਮਾਂ ਨੂੰ ਆਪਣੀ ਹੋਂਦ, ਸਵੈਮਾਣ ਤੇ ਆਪਾ ਨਿਰਣੇ ਦੇ ਹੱਕ ਤੋਂ ਵਾਂਝੇ ਰੱਖ ਰਹੀਆਂ ਹਨ। ਪੰਜਾਬੀ ਤੇ ਹੋਰਨਾਂ ਕੌਮਾਂ ਨੂੰ ਹਰ ਬਾਹਰੀ ਦਖਲਅੰਦਾਜ਼ੀ ਦਾ ਵਿਰੋਧ ਕਰਦਿਆਂ ਹੋਇਆਂ ਸਥਾਨਕ ਤੇ ਇਲਾਕਾਈ ਪੱਧਰ ਤੇ ਇੱਕ ਵੱਖਰੇ ਦੇਸ਼ ਵਜੋਂ ਆਪਣੀ ਹਸਤੀ ਬਣਾਉਣੀ ਚਾਹੀਦੀ ਹੈ। ਪੰਜਾਬੀ ਲੋਕਾਂ ਨੂੰ ਪੰਜਾਬ ਸਮੇਤ ਸਭਨਾਂ ਕੌਮਾਂ ਉੱਪਰ ਹੋ ਰਹੇ ਰਾਜਕੀ ਲੁੱਟ, ਜਬਰ ਤੇ ਅਨਿਆਂ ਖਿਲਾਫ਼ ਸਾਂਝੀ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਅਗਾਂਹਵਧੂ ਤੇ ਜਮਹੂਰੀ ਤੱਤ ਵਾਲੇ ਕੌਮੀ ਮੁਕਤੀ ਘੋਲਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਕੌਮਵਾਦ, ਇਲਾਕਾਵਾਦ, ਭਾਸ਼ਾਵਾਦ ਤੇ ਫਿਰਕਾਪ੍ਰਸਤੀ ਦੀਆਂ ਪਿਛਾਂਹ ਖਿੱਚੂ ਚਾਲਾਂ ਰਾਹੀਂ ਮਿਹਨਤੀ ਲੋਕਾਂ ਦੀ ਏਕਤਾ ਤੋੜਨ ਤੇ ਉਨ੍ਹਾਂ ਦੀ ਜਮਾਤੀ ਚੇਤਨਾ ਨੂੰ ਖੁੰਡਾ ਕਰਨ ਦੀਆਂ ਹਾਕਮਾਂ ਤੇ ਹੋਰ ਪਿਛਾਂਹ ਖਿੱਚੂ ਜਮਾਤਾਂ ਦੀਆਂ ਚਾਲਾਂ ਦਾ ਵਿਰੋਧ ਕਰਨਾ ਚਾਹੀਦਾ ਹੈ।

ਇੱਥੇ ਪੂੰਜੀਵਾਦੀ ਯੁੱਗ ਅੰਦਰ ਕੌਮੀ ਜਬਰ ਨੂੰ ਉਨ੍ਹਾਂ ਚਿਰ ਪੂਰੀ ਤਰ੍ਹਾਂ ਖ਼ਤਮ ਨਹੀਂ ਕੀਤਾ ਜਾ ਸਕਦਾ, ਜਦ ਤੱਕ ਜਾਬਰ ਲੁਟੇਰੇ ਭਾਰਤੀ ਰਾਜ ਪ੍ਰਬੰਧ ਹੇਠ ਦੱਬੀਆਂ ਕੁਚਲੀਆਂ ਕੌਮਾਂ ਮੌਜੂਦ ਹਨ। ਨਵ-ਜਮਹੂਰੀ ਰਾਜ ਤੇ ਸਮਾਜਵਾਦ ਹੀ ਕੌਮਾਂ ਨੂੰ ਵੱਖ ਹੋਣ ਦੇ ਅਧਿਕਾਰ ਤੇ ਆਪਾ ਨਿਰਣੇ ਦਾ ਬੁਨਿਆਦੀ ਜਮਹੂਰੀ ਹੱਕ ਦਿੰਦਾ ਹੈ। ਨਵ-ਜਮਹੂਰੀ ਰਾਜ ਤੇ ਸਮਾਜਵਾਦ ਕੌਮਾਂ ਦੇ ਅਲੱਗ ਅਲੱਗ ਰਹਿਣ, ਵੱਖ ਹੋਣ, ਵੱਖਰੇ ਰਾਜ ਬਣਾਉਣ ਨੂੰ ਉਤਸ਼ਾਹਿਤ ਨਹੀਂ ਕਰਦਾ, ਬਲਕਿ ਆਪਣੇ ਕੌਮਾਂਤਰੀਵਾਦੀ ਨਜ਼ਰੀਏ ਮੁਤਾਬਿਕ ਅੰਤ ਨੂੰ ਸਭ ਕੌਮਾਂ ਦੇ ਇੱਕ ਹੋ ਜਾਣ ਦਾ ਟੀਚਾ ਰੱਖਦਾ ਹੈ ਪਰ ਅਜੋਕੇ ਪੂੰਜੀਵਾਦੀ ਦੌਰ ਅੰਦਰ ਸਾਰੀਆਂ ਦੱਬੀਆਂ ਕੁਚਲੀਆਂ ਕੌਮਾਂ ਪੂਰਨ ਰੂਪ 'ਚ ਮੁਕਤੀ ਹਾਸਲ ਕਰਕੇ ਹੀ ਮਨੁੱਖਤਾ, ਸਾਰੀਆਂ ਕੌਮਾਂ ਦੇ ਇੱਕ ਹੋ ਜਾਣ ਤੱਕ ਪਹੁੰਚ ਸਕਦੀ ਹੈ, ਪਰ ਕੌਮਾਂ ਦੀ ਮੁਕਤੀ ਦਾ ਸਵਾਲ ਪੂਰਨ ਸਵਾਲ ਨਹੀਂ, ਬਲਕਿ ਪ੍ਰੋਲੇਤਾਰੀ ਇਨਕਲਾਬ ਨਾਲ ਜੁੜਿਆ ਹੋਇਆ ਹੈ।

ਪੰਜਾਬੀਆਂ ਨੂੰ ਆਪਣੀ ਅਣਖ, ਇੱਜ਼ਤ ਬਹਾਦਰੀ ਤੇ ਪੰਜਾਬੀਅਤ ਦੀ ਭਾਵਨਾ ਨੂੰ ਆਪਣੇ ਸੰਘਰਸ਼ਸ਼ੀਲ, ਚੇਤੰਨ ਜੁਝਾਰੂ ਵਿਰਸੇ ਤੋਂ ਪ੍ਰੇਰਨਾ ਲੈ ਕੇ ਹਰ ਤਰ੍ਹਾਂ ਦੀ ਲੁੱਟ ਤੇ ਜਬਰ ਦਾ ਵਿਰੋਧ ਕਰਦੇ ਹੋਏ, ਲੋਕ ਮੁਕਤੀ ਘੋਲਾਂ ਦੇ ਅਸਲ ਨਾਇਕ ਬਣਨਾ ਚਾਹੀਦਾ ਹੈ। ਪੰਜਾਬੀਅਤ ਦੀ ਭਾਵਨਾ ਬਰਜੂਆ ਪ੍ਰਬੰਧ ਵੱਲੋਂ ਘੜੇ ਝੂਠੇ ਤੇ ਖਿਆਲੀ ਸੰਕਲਪਾਂ ਨਾਲ ਨਹੀਂ ਉਸਰਦੀ ਤੇ ਇਤਿਹਾਸ ਲੋਟੂ, ਝੂਠੇ ਤੇ ਖਿਆਲੀ ਪੈਰੋਕਾਰਾਂ ਨੂੰ ਲੋਕ ਨਾਇਕ ਦੇ ਨਹੀਂ ਬਲਕਿ ਪਿਛਲੱਗ, ਟੋਡੀ ਤੇ ਅਗਿਆਨੀ ਵਰਗੇ ਕਲੰਕਾਂ ਨਾਲ ਨਿਵਾਜਦਾ ਹੈ।

ਇਤਿਹਾਸ ਖਿਆਲੀ, ਟੀ.ਵੀ. ਤੇ ਫ਼ਿਲਮੀ ਦੁਨੀਆ ਵਿਚ ਜਿਉਂ ਕੇ ਨਹੀਂ ਰਚੇ ਜਾਂਦੇ। ਨੌਜਵਾਨਾਂ ਨੂੰ, ਸਰਮਾਏਦਾਰਾਨਾ ਮੰਡੀ ਵਿਚ ਵਾਧਾ ਕਰਨ ਲਈ ਸਾਜ਼ਿਸ਼ੀ ਤਰੀਕੇ ਨਾਲ ਘੜੇ ਖਿਆਲੀ, ਫੋਕੇ, ਫੁਕਰੇ, ਲੋਟੂ ਤੇ ਗਲਤ ਸੰਕਲਪਾਂ, ਵਿਚਾਰਾਂ ਤੇ ਭਾਵਨਾਵਾਂ ਨੂੰ ਬੁਝ ਕੇ ਤੇ ਬਚ ਕੇ ਸਾਡੇ ਮਹਾਨ ਵਿਚਾਰਕਾਂ ਤੇ ਸ਼ਹੀਦਾਂ ਦੀ ਵਿਚਾਰਧਾਰਾ ਤੇ ਕੁਰਬਾਨੀਆਂ ਤੋਂ ਪ੍ਰੇਰਨਾ ਲੈਂਦਿਆਂ, ਇਸ ਆਦਮਖੋਰੇ ਸਾਮਰਾਜੀ ਪੂੰਜੀਵਾਦੀ ਪ੍ਰਬੰਧ ਨੂੰ ਉਲਟਾਉਂਦਿਆਂ ਆਪਣੇ ਸੁਪਨਿਆਂ ਤੇ ਸੱਧਰਾਂ ਦੇ ਹਾਣ ਦਾ ਪ੍ਰਬੰਧ ਉਸਾਰਨ ਲਈ ਅੱਗੇ ਆਉਣ।

***(ਲੇਖਕ 'ਇਨਕਲਾਬੀ ਨੌਜਵਾਨ' ਰਸਾਲੇ ਦਾ ਸੰਪਾਦਕ ਹੈ। ਫੋਨ: +91-98764-42052)***

## ਦੇਸ ਪਰਦੇਸ

# ਡਰੋਨ ਹਮਲੇ: ਨੰਗੀ-ਚਿੱਟੀ ਦਹਿਸ਼ਤਗਰਦੀ

ਅਮਰੀਕਾ ਦੇ ਮਨੁੱਖ ਰਹਿਤ ਜੰਗੀ ਜਹਾਜ਼ ਜਿਨ੍ਹਾਂ ਨੂੰ ਡਰੋਨ ਕਿਹਾ ਜਾਂਦਾ ਹੈ, ਦੁਨੀਆਂ ਦੇ ਅਨੇਕਾਂ ਦੇਸ਼ਾਂ ਦੇ ਬੇਦੋਸ਼ੇ ਲੋਕਾਂ ਨੂੰ ਸ਼ਿਕਾਰ ਬਣਾ ਰਹੇ ਹਨ। ਸੰਨ 2001 ਤੋਂ ਲੈ ਕੇ ਹੁਣ ਤੱਕ ਜਦੋਂ ਤੋਂ ਅਮਰੀਕੀ ਹਾਕਮਾਂ ਨੇ ਇਨ੍ਹਾਂ ਡਰੋਨ ਹਮਲਿਆਂ ਦੀ ਵਰਤੋਂ ਸ਼ੁਰੂ ਕੀਤੀ ਹੈ, ਪਾਕਿਸਤਾਨ, ਅਫਗਾਨਿਸਤਾਨ, ਯਮਨ, ਇਰਾਕ, ਸੋਮਾਲੀਆ ਆਦਿ ਦੇਸ਼ਾਂ ਦੇ ਹਜ਼ਾਰਾਂ ਬੱਚਿਆਂ ਅਤੇ ਔਰਤਾਂ ਸਮੇਤ ਅਣਗਿਣਤ ਬੇਦੋਸ਼ੇ ਨਾਗਰਿਕਾਂ ਨੂੰ ਇਨ੍ਹਾਂ ਡਰੋਨ ਹਮਲਿਆਂ ਰਾਹੀਂ ਕਤਲ ਕੀਤਾ ਚੁੱਕਾ ਹੈ।

ਸਾਮਰਾਜਵਾਦ ਪੱਖੀ ਅਖਬਾਰ, ਟੀ.ਵੀ. ਚੈਨਲ, ਇੰਟਰਨੈਟ ਸਾਈਟਾਂ, ਬੁੱਧੀਜੀਵੀ, ਲੀਡਰ ਅਤੇ ਸਰਕਾਰਾਂ ਆਮ ਲੋਕਾਂ ਨੂੰ ਇਨ੍ਹਾਂ ਡਰੋਨ ਹਮਲਿਆਂ ਬਾਰੇ ਜਾਣਕਾਰੀ ਤੋਂ ਦੂਰ ਰੱਖਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਅਮਰੀਕਾ ਦੇ ਲੋਕ ਵੀ ਇਸ ਬਾਰੇ ਬਹੁਤ ਘੱਟ ਜਾਣਦੇ ਹਨ।

ਅਮਰੀਕਾ ਵਿਚ ਸਥਿਤ ਫੌਜੀ ਠਿਕਾਣੇ ਵਿਚ ਬੈਠੇ ਅਮਰੀਕੀ ਕਮਾਂਡਰ ਕੰਪਿਊਟਰਾਂ ਤੇ ਉਪਗ੍ਰਹਿਆਂ ਰਾਹੀਂ ਕੰਟਰੋਲ ਹੋਣ ਵਾਲ਼ੇ ਇਨ੍ਹਾਂ ਮਨੁੱਖ ਰਹਿਤ ਡਰੋਨ ਹਵਾਈ ਜਹਾਜ਼ਾਂ ਰਾਹੀਂ ਇਨ੍ਹਾਂ ਦੇਸ਼ਾਂ ਦੀਆਂ ਹੱਦਾਂ ਅੰਦਰ ਅਖੌਤੀ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਅਮਰੀਕੀ ਹਾਕਮ ਇਹ ਹਮਲੇ ਆਪਣੀ ਸਫਾਇਆ ਸੂਚੀ ਦੇ ਆਧਾਰ 'ਤੇ ਕਰਦੇ ਹਨ। ਇਹ ਸਫਾਇਆ ਸੂਚੀ ਮੁੱਖ ਤੌਰ 'ਤੇ ਸ਼ੱਕ ਦੇ ਆਧਾਰ 'ਤੇ ਬਣਾਈ ਜਾਂਦੀ ਹੈ। ਹਮਲੇ ਦੋ ਤਰ੍ਹਾਂ ਦੇ ਕੀਤੇ ਜਾਂਦੇ ਹਨ। 'ਪਰਸਨੈਲਿਟੀ ਸਟਰਾਈਕ' ਉਹ ਡਰੋਨ ਹਮਲਾ ਹੁੰਦਾ ਹੈ ਜਿਸ ਰਾਹੀਂ ਕਿਸੇ ਬੰਦੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। 'ਸਿਗਨੇਚਰ ਸਟਰਾਈਕ' ਡਰੋਨ ਹਮਲੇ ਰਾਹੀਂ ਲੋਕਾਂ ਦੇ ਸਮੂਹ ਨੂੰ ਸ਼ਿਕਾਰ ਬਣਾਇਆ ਜਾਂਦਾ ਹੈ ਜਿਸ ਵਿਚਲੇ ਲੋਕਾਂ ਨੂੰ ਸ਼ੱਕ ਦੇ ਆਧਾਰ 'ਤੇ ਅਮਰੀਕਾ ਵਿਰੋਧੀ ਦਹਿਸ਼ਤਗਰਦ ਮੰਨ ਲਿਆ ਗਿਆ ਹੁੰਦਾ ਹੈ। ਜ਼ਿਆਦਾਤਰ ਡਰੋਨ ਹਮਲੇ ਦੂਜੀ ਕਿਸਮ ਦੇ ਹੁੰਦੇ ਹਨ।

ਇਨ੍ਹਾਂ ਹਮਲਿਆਂ ਵਿਚ ਮਾਰੇ ਜਾਣ ਵਾਲ਼ੇ ਜਾਂ ਜ਼ਖਮੀ ਹੋਣ ਵਾਲ਼ੇ ਲੋਕਾਂ ਦੀ ਗਿਣਤੀ ਕਦੇ ਵੀ ਸਪੱਸ਼ਟ ਨਹੀਂ ਹੋਈ। ਅਮਰੀਕੀ ਸਰਕਾਰ ਵੱਲੋਂ ਸਹੀ ਅੰਕੜਿਆਂ ਦੀ ਅਣਹੋਂਦ ਵਿਚ ਇਸ ਸਬੰਧੀ ਜਿਹੜੇ ਅੰਕੜੇ ਸਾਹਮਣੇ ਆਏ ਹਨ, ਉਹ ਪੂਰੀ ਤਸਵੀਰ ਦਾ ਇੱਕ ਹਿੱਸਾ ਹੀ ਹੋਣ ਦੇ ਬਾਵਜੂਦ ਬੇਹੱਦ ਦਿਲਕੰਬਾਊ ਹਨ। ਅਫਗਾਨਿਸਤਾਨ ਦੇ ਨਾਲ਼ ਲਗਦੇ ਪਾਕਿਸਤਾਨ ਦੇ ਸਰਹੱਦੀ ਇਲਾਕਿਆਂ ਵਿਚ ਤਾਲਿਬਾਨ, ਅਲ-ਕਾਇਦਾ ਆਦਿ ਦਹਿਸ਼ਤਗਰਦ ਜੱਥੇਬੰਦੀਆਂ ਦੇ ਦਹਿਸ਼ਤਗਰਦਾਂ ਨੂੰ ਮਾਰਨ ਦੇ ਨਾਂ ਹੇਠ 2004 ਵਿਚ ਡਰੋਨ ਹਮਲੇ ਸ਼ੁਰੂ ਕੀਤੇ ਸਨ। ਅੰਦਾਜ਼ੇ ਮੁਤਾਬਿਕ ਲਗਭਗ 320 ਡਰੋਨ ਹਮਲਿਆਂ ਵਿਚ ਹੁਣ ਤੱਕ ਲਗਭਗ ਤਿੰਨ ਹਜ਼ਾਰ ਲੋਕਾਂ ਨੂੰ ਮਾਰਿਆ ਗਿਆ ਹੈ। ਫੱਟੜਾਂ ਦੀ ਸੰਖਿਆਂ ਦਾ ਵੀ ਅੰਦਾਜ਼ਾ ਤਿੰਨ ਹਜ਼ਾਰ ਲਗਾਇਆ ਗਿਆ ਹੈ। ਅਫਗਾਨਿਸਤਾਨ 'ਤੇ ਅਮਰੀਕੀ ਕਬਜ਼ੇ ਦਾ ਵਿਰੋਧ ਕਰ ਰਹੇ ਲੋਕ ਇਸ ਇਲਾਕੇ ਵਿਚ ਸਰਗਰਮ ਹਨ।

ਯਮਨ ਦੇ ਨਾਗਰਿਕਾਂ 'ਤੇ 2001 ਵਿਚ ਅਮਰੀਕੀ ਡਰੋਨ ਹਮਲਿਆਂ ਦੀ ਸ਼ੁਰੂਆਤ ਹੋਈ ਸੀ। ਹੁਣ ਤੱਕ ਲਗਭਗ 100 ਡਰੋਨ ਹਮਲਿਆਂ ਵਿਚ ਕਰੀਬ ਇੱਕ ਹਜ਼ਾਰ ਲੋਕ ਮਾਰੇ ਜਾ ਚੁੱਕੇ ਹਨ। ਇਨ੍ਹਾਂ ਵਿਚ ਵੀ ਬੱਚੇ, ਔਰਤਾਂ ਅਤੇ ਬਜ਼ੁਰਗਾਂ ਸਮੇਤ ਆਮ ਨਾਗਰਿਕ ਸ਼ਾਮਲ ਹਨ। ਸੋਮਾਲੀਆ ਵਿਚ 2007 ਤੋਂ ਲੈ ਕੇ ਲੱਗਭਗ 10 ਡਰੋਨ ਹਮਲੇ ਕੀਤੇ ਗਏ ਜਿਨ੍ਹਾਂ ਵਿਚ ਅੰਦਾਜ਼ਨ 60 ਤੋਂ 170 ਲੋਕ ਮਾਰੇ ਗਏ। ਇਹ ਅੰਦਾਜ਼ੇ ਮੀਡੀਆ ਦੀਆਂ ਖਬਰਾਂ ਅਤੇ ਵੱਖ-ਵੱਖ ਸਰਕਾਰੀ ਬਿਆਨਾਂ ਦੇ ਆਧਾਰ 'ਤੇ ਲਗਾਏ ਗਏ ਹਨ।

ਅਮਰੀਕੀ ਹਾਕਮਾਂ ਵੱਲੋਂ ਡਰੋਨ ਹਮਲਿਆਂ ਦਾ ਇਸਤੇਮਾਲ ਲਗਾਤਾਰ ਵਧਦਾ ਗਿਆ ਹੈ। ਓਬਾਮਾ ਸਰਕਾਰ ਜੋ ਜਨਵਰੀ 2009 ਵਿਚ ਬਣੀ ਸੀ, ਦੇ ਸਮੇਂ ਵਿਚ ਡਰੋਨ ਹਮਲੇ ਕਾਫੀ ਜ਼ਿਆਦਾ ਵਧੇ ਹਨ। ਪਾਕਿਸਤਾਨ ਦੇ ਉੱਤਰੀ ਸਰੱਹਦੀ ਇਲਾਕਿਆਂ ਵਿਚ 2008 ਵਿਚ ਜਿੱਥੇ 17 ਡਰੋਨ ਹਮਲੇ ਹੋਏ ਸਨ, ਉਥੇ 2009 ਵਿਚ 43 ਹੋਏ। ਸੰਨ 2010 ਦੀ ਪਹਿਲੀ ਤਿਮਾਹੀ ਵਿਚ ਹੀ ਲਗਭਗ 70 ਡਰੋਨ ਹਮਲੇ ਹੋਏ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਚੋਣਾਂ ਵਿਚ ਇਹ ਪ੍ਰਚਾਰਿਆ ਸੀ ਕਿ ਉਹ ਸ਼ਾਂਤੀ ਪੱਖੀ ਹੈ ਅਤੇ ਅਮਰੀਕਾ ਦੀ ਹਮਲਾਵਰ ਨੀਤੀ ਨੂੰ ਖਤਮ ਕਰੇਗਾ। ਉਸ ਦਾ ਇਹ ਪ੍ਰਚਾਰ ਝੂਠ ਹੀ ਨਿਕਲ਼ਿਆ ਹੈ।

ਅਮਰੀਕੀ ਫੌਜ ਵੱਡੀ ਸੰਖਿਆ ਵਿਚ ਡਰੋਨ ਜਹਾਜ਼ਾਂ ਦੀ ਖਰੀਦ 'ਤੇ ਖਰਚ ਕਰ ਰਹੀ ਹੈ। ਸੰਨ 2001 ਵਿਚ ਅਮਰੀਕੀ ਫੌਜ ਕੋਲ 25 ਡਰੋਨ ਸਨ। ਸੰਨ 2010 ਵਿਚ ਇਨ੍ਹਾਂ ਦੀ ਸੰਖਿਆਂ ਵਧ ਕੇ 5000 ਹੋ ਚੁੱਕੀ ਸੀ! ਇਰਾਕ ਅਤੇ ਅਫਗਾਨਿਸਤਾਨ ਵਿਚ ਅਮਰੀਕੀ ਫੌਜ ਨੇ ਵੱਡੇ ਪੱਧਰ 'ਤੇ ਡਰੋਨ ਜਹਾਜ਼ਾਂ ਦਾ ਇਸਤੇਮਾਲ ਕੀਤਾ ਹੈ। ਹਥਿਆਰ ਉਦਯੋਗ ਅਮਰੀਕੀ ਅਰਥਚਾਰੇ ਦਾ ਮਹੱਤਵਪੂਰਣ ਅੰਗ ਹੈ।

ਅਮਰੀਕੀ ਸਰਮਾਏਦਾਰੀ ਜੰਗਾਂ ਤੋਂ ਵੱਡੇ ਪੱਧਰ 'ਤੇ ਮੁਨਾਫਾ ਕਮਾਉਂਦੀ ਹੈ। ਦਹਿਸ਼ਤਗਰਦੀ ਖਿਲਾਫ ਲੜਾਈ, ਡਰੋਨ ਅਤੇ ਅਮਰੀਕੀ ਅਰਥਚਾਰੇ ਵਿਚਲੇ ਨਟ-ਬੋਲਟ ਕਿਸੇ ਤੋਂ ਲੁਕੇ ਨਹੀਂ। ਅਮਰੀਕਾ ਦਾ ਇਹ ਭਰਮ ਹੋ ਸਕਦਾ ਹੈ ਕਿ ਜੰਗ-ਜਬਰ ਰਾਹੀਂ ਉਹ ਸੰਸਾਰ ਦੇ ਲੋਕਾਂ 'ਤੇ ਆਪਣਾ ਗਲਬਾ ਕਾਇਮ ਰੱਖ ਸਕੇਗਾ। ਅਫਗਾਨਿਸਤਾਨ ਹੋਵੇ, ਭਾਵੇਂ ਇਰਾਕ ਜਾਂ ਦੁਨੀਆਂ ਦਾ ਹੋਰ ਕੋਈ ਵੀ ਦੇਸ਼, ਲੋਕਾਂ ਦੀ ਅਮਰੀਕੀ ਸਾਮਰਾਜਵਾਦ ਖਿਲਾਫ ਨਫਰਤ ਲਗਾਤਾਰ ਵਧ ਰਹੀ ਹੈ।

**-ਲਖਵਿੰਦਰ**

# ਆਸਾਮ ਤੋਂ ਭੜਕੀ ਚਿੰਗਾੜੀ ਦੱਖਣ ਭਾਰਤ ਤੱਕ ਫੈਲੀ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

**ਤਾਜ਼ਾ ਸਥਿਤੀ ਜਦੋਂ ਵਿਗੜਨੀ ਸ਼ੁਰੂ ਹੋਈ ਤਾਂ ਉਥੇ ਲਗਾਤਾਰ ਤੀਸਰੀ ਵਾਰੀ ਰਾਜ ਕਰ ਰਹੇ ਕਾਂਗਰਸੀ ਮੁੱਖ ਮੰਤਰੀ ਤਰੁਣ ਗੋਗੋਈ ਨੇ ਫੌਜ ਦੀ ਮੰਗ ਕੀਤੀ ਸੀ, ਪਰ ਉਸ ਦੀ ਮੰਗ ਦੇ ਜਵਾਬ ਵਿਚ ਫੌਜ ਤੀਸਰੇ ਦਿਨ ਉਥੇ ਪਹੁੰਚੀ, ਹਾਲਾਂਕਿ ਸੰਵਿਧਾਨਕ ਵਿਵਸਥਾ ਇਹ ਹੈ ਕਿ ਕਿਸੇ ਜ਼ਿਲ੍ਹੇ ਦਾ ਮੈਜਿਸਟਰੇਟ ਲਿਖ ਕੇ ਭੇਜ ਦੇਵੇ ਤਾਂ ਸਥਾਨਕ ਫੌਜੀ ਕਮਾਂਡਰ ਨੂੰ ਫੌਰਨ ਫੌਜ ਭੇਜਣੀ ਹੁੰਦੀ ਹੈ। ਮਨਮੋਹਨ ਸਿੰਘ ਲਈ ਇਹ ਭਲੇ ਦੀ ਗੱਲ ਹੈ ਕਿ ਉਥੇ ਕਾਂਗਰਸ ਦੀ ਸਰਕਾਰ ਹੈ ਤੇ ਕੇਂਦਰ ਵਿਚ ਵੀ, ਵਰਨਾ ਇਹ ਕਿਹਾ ਜਾਣਾ ਸੀ ਕਿ ਦੂਸਰੀ ਪਾਰਟੀ ਦੀ ਸਰਕਾਰ ਹੋਣ ਕਾਰਨ ਜਾਣ-ਬੁੱਝ ਕੇ ਫੌਜ ਨਹੀਂ ਭੇਜੀ ਗਈ। ਹੁਣ ਸਿਰਫ ਗੈਰ-ਜ਼ਿੰਮੇਵਾਰੀ ਦਾ ਦੋਸ਼ ਲੱਗਾ ਹੈ। ਫਿਰ ਵੀ ਇਸ ਗੁਨਾਹ ਤੋਂ ਮਨਮੋਹਨ ਸਿੰਘ ਨੂੰ ਬਰੀ ਨਹੀਂ ਕੀਤਾ ਜਾ ਸਕਦਾ ਕਿ ਜਿਸ ਰਾਜ ਨੇ ਉਸ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁਚਾਇਆ, ਉਸ ਵਿਚ ਲੱਗੀ ਹੋਈ ਅੱਗ ਵੱਲ ਉਸ ਨੇ ਬਣਦਾ ਧਿਆਨ ਦੇਣਾ ਜ਼ਰੂਰੀ ਨਹੀਂ ਸਮਝਿਆ।**

ਆਜ਼ਾਦੀ ਦੇ 65 ਸਾਲ ਪੂਰੇ ਹੋਣ ਦਾ ਸੁਨੇਹਾ ਦੇਣ ਵਾਲਾ ਇਹ ਹਫਤਾ ਭਾਰਤ ਵਿਚ ਇੱਕ ਵਾਰ ਫਿਰ ਵੱਖਰੀ ਤਰ੍ਹਾਂ ਦਾ ਤਣਾਅ ਭਰਪੂਰ ਮਾਹੌਲ ਲੈ ਕੇ ਆਇਆ, ਜਿਸ ਤੋਂ ਸੰਜੀਦਾ ਕਿਸਮ ਦੇ ਲੋਕਾਂ ਦਾ ਹਰ ਵਕਤ ਕਿਸੇ ਅਣਹੋਣੀ ਦੇ ਵਾਪਰ ਜਾਣ ਦੇ ਅੰਦੇਸ਼ੇ ਕਾਰਨ ਸਾਹ ਸੁੱਕਾ ਰਿਹਾ। ਤਣਾਅ ਦਾ ਕਾਰਨ ਬੀਤੇ ਦੋ ਮਹੀਨਿਆਂ ਤੋਂ ਆਸਾਮ ਵਿਚ ਚੱਲ ਰਹੀ ਹਿੰਸਾ ਦਾ ਕੋਈ ਵੱਡਾ ਪ੍ਰਤੀਕਰਮ ਹੋਣ ਦੀ ਅਫਵਾਹ ਫੈਲ ਜਾਣਾ ਸੀ। ਇਸ ਅਫਵਾਹ ਦੀ ਪਹਿਲ ਕਰਨਾਟਕਾ ਤੋਂ ਹੋਈ, ਜਿੱਥੋਂ ਆਸਾਮ ਤੇ ਉਸ ਨਾਲ ਜੁੜਦੇ ਉਤਰ ਪੂਰਬੀ ਖੇਤਰ ਦੇ ਲੋਕ ਬੋਰੀ-ਬਿਸਤਰੇ ਚੁੱਕ ਕੇ ਆਪਣੇ ਘਰਾਂ ਨੂੰ ਦੌੜ ਪਏ ਤੇ ਫਿਰ ਨਾਲ ਲੱਗਦੇ ਆਂਧਰਾ ਪ੍ਰਦੇਸ਼, ਤਾਮਿਲਨਾਡੂ ਤੇ ਮਹਾਰਾਸ਼ਟਰ ਵਿਚ ਵੀ ਇਸ ਦਾ ਅਸਰ ਰੇਲਵੇ ਸਟੇਸ਼ਨਾਂ ਉਤੇ ਅਣਕਿਆਸੀ ਭੀੜ ਲੱਗ ਜਾਣ ਦੇ ਰੂਪ ਵਿਚ ਵੇਖਿਆ ਗਿਆ। ਹਾਲਤ ਏਨੀ ਗੰਭੀਰ ਸੀ ਕਿ ਜਿਸ ਦਿਨ ਆਜ਼ਾਦੀ ਦਿਵਸ ਮਨਾਇਆ ਜਾਣਾ ਸੀ, ਉਹ ਤੇ ਉਸ ਤੋਂ ਅਗਲਾ ਦਿਨ ਵੀ ਰੇਲਵੇ ਨੂੰ ਗੁਹਾਟੀ ਲਈ ਵਿਸ਼ੇਸ਼ ਗੱਡੀਆਂ ਚਲਾਉਣੀਆਂ ਪਈਆਂ ਅਤੇ ਸਟੇਸ਼ਨਾਂ ਉਤੇ ਸਬੰਧਤ ਰਾਜਾਂ ਦੀਆਂ ਸਰਕਾਰਾਂ ਦੇ ਮੰਤਰੀਆਂ ਦੇ ਆਪ ਜਾ-ਜਾ ਕੇ ਕੀਤੇ ਤਰਲੇ ਵੀ ਕਿਸੇ ਨੇ ਨਹੀਂ ਸੀ ਸੁਣੇ। ਸਿਰਫ ਦੋ ਦਿਨਾਂ ਵਿਚ ਇਕੱਲੇ ਬੰਗਲੌਰ ਸ਼ਹਿਰ ਤੋਂ ਸਤਾਈ ਹਜ਼ਾਰ ਲੋਕ ਗੁਹਾਟੀ ਦੇ ਰਾਹੇ ਪੈ ਗਏ ਤੇ ਚੇਨੱਈ, ਹੈਦਰਾਬਾਦ, ਮੁੰਬਈ ਜਾਂ ਹੋਰ ਥਾਂਵਾਂ ਦੀਆਂ ਰਿਪੋਰਟਾਂ ਜੋੜੀਆਂ ਜਾਣ ਤਾਂ ਗਿਣਤੀ ਬਹੁਤ ਜ਼ਿਆਦਾ ਵਧ ਸਕਦੀ ਹੈ। ਇਹ ਇੱਕ ਆਜ਼ਾਦ ਦੇਸ਼ ਦਾ ਹਾਲ ਹੈ ਕਿ ਇੱਕ ਅਫਵਾਹ ਵੀ ਭਾਜੜਾਂ ਪਾ ਦਿੰਦੀ ਹੈ।

ਭਾਰਤ ਸਰਕਾਰ ਆਖਦੀ ਹੈ ਕਿ ਕਿਸੇ ਨੂੰ ਕਿਸੇ ਥਾਂ ਕੋਈ ਖਤਰਾ ਨਹੀਂ, ਸਿਰਫ ਅਫਵਾਹ ਫੈਲੀ ਹੈ। ਮੰਨਣ ਵਿਚ ਕਿਸੇ ਨੂੰ ਹਰਜ ਨਹੀਂ ਕਿ ਸਿਰਫ ਇੱਕ ਅਫਵਾਹ ਫੈਲੀ ਤੇ ਉਤਰ ਪੂਰਬੀ ਖੇਤਰ ਦੇ ਲੋਕ ਘਬਰਾ ਕੇ ਆਪਣੇ ਘਰਾਂ ਨੂੰ ਦੌੜ ਪਏ, ਪਰ ਅਫਵਾਹ ਤੋਂ ਲੋਕਾਂ ਨੇ ਏਡਾ ਵੱਡਾ ਖਤਰਾ ਕਿਉਂ ਮਹਿਸੂਸ ਕਰ ਲਿਆ, ਸਰਕਾਰ ਨੂੰ ਇਹ ਵੀ ਵੇਖਣਾ ਚਾਹੀਦਾ ਹੈ। ਆਮ ਧਾਰਨਾ ਹੈ ਕਿ ਅਫਵਾਹਾਂ ਕਦੀ ਫੈਲਾਈਆਂ ਜਾਂਦੀਆਂ ਹਨ ਤੇ ਕਦੀ ਪੰਜਾਬੀ ਮੁਹਾਵਰੇ ਵਾਂਗ 'ਖੰਭਾਂ ਦੀਆਂ ਡਾਰਾਂ ਬਣ ਜਾਂਦੀਆਂ ਹਨ', ਪਰ ਖੰਭਾਂ ਦੀਆਂ ਡਾਰਾਂ ਤਦੇ ਬਣਦੀਆਂ ਹਨ, ਜਦੋਂ ਕਿਧਰੇ ਕੁਝ ਖੰਭ ਖਿੱਲਰੇ ਹੋਏ ਦਿਖਾਈ ਦਿੰਦੇ ਹਨ। ਇਹ ਗੱਲ ਇਥੇ ਵੀ ਲਾਗੂ ਹੁੰਦੀ ਹੈ। ਬੀਤੇ ਦੋ ਮਹੀਨਿਆਂ ਤੋਂ ਜੋ ਕੁਝ ਆਸਾਮ ਅਤੇ ਉਸ ਦੇ ਨੇੜੇ-ਤੇੜੇ ਹੁੰਦਾ-ਵਾਪਰਦਾ ਲੋਕ ਵੇਖਦੇ ਰਹੇ, ਉਹ ਜਿਨ੍ਹਾਂ ਰਾਜਸੀ ਆਗੂਆਂ ਨੂੰ ਵੇਖਣਾ ਬਣਦਾ ਸੀ, ਉਨ੍ਹਾਂ ਪੂਰੀ ਗੰਭੀਰਤਾ ਨਾਲ ਵੇਖਿਆ ਵੀ ਨਹੀਂ ਸੀ ਤੇ ਰੋਕਿਆ ਵੀ ਨਹੀਂ ਸੀ, ਅਫਵਾਹਾਂ ਇਸ ਲਈ ਫੈਲੀਆਂ ਹਨ।

ਕਿਸੇ ਨੂੰ ਵੀ ਇਹ ਗੱਲ ਦੱਸਣ ਦੀ ਲੋੜ ਨਹੀਂ ਕਿ ਬੰਗਲਾ ਦੇਸ਼ ਦੀ ਲੜਾਈ ਵੇਲੇ ਤੋਂ ਆਸਾਮ ਵਾਲੇ ਪਾਸੇ ਜਿਹੜੇ ਲੋਕਾਂ ਨੇ ਵਕਤੀ ਤੌਰ ਉਤੇ ਸ਼ਰਣ ਲਈ ਸੀ, ਉਨ੍ਹਾਂ ਵਿਚੋਂ ਬਹੁਤੇ ਫਿਰ ਕਦੀ ਵਾਪਸ ਨਹੀਂ ਗਏ। ਜਿਹੜੇ ਵੀ ਦੇਸ਼ ਵਿਚ ਇਸ ਤਰ੍ਹਾਂ ਦੀ ਪਨਾਹ ਮਿਲਦੀ ਹੈ ਜਾਂ ਉਥੋਂ ਦੀ ਸਰਕਾਰ ਵੱਲੋਂ ਕਿਸੇ ਨੀਤੀ ਅਧੀਨ ਦਿੱਤੀ ਜਾਂਦੀ ਹੈ, ਏਦਾਂ ਦਾ ਪੁਆੜਾ ਉਥੇ ਆਮ ਵੇਖਿਆ ਜਾਂਦਾ ਹੈ। ਕਈ ਯੂਰਪੀ ਦੇਸ਼ ਵੀ ਇਸ ਵਰਤਾਰੇ ਦਾ ਦੁੱਖ ਹੰਢਾ ਰਹੇ ਹਨ। ਆਸਾਮ ਵਿਚ ਇਸ ਪੱਖ ਤੋਂ ਕੁਝ ਲੋਕ ਸਿਰਫ ਬੰਗਲਾ ਦੇਸ਼ ਦੇ ਸ਼ਰਣਾਰਥੀਆਂ ਦੀ ਗੱਲ ਕਰ ਕੇ ਬਾਕੀਆਂ ਦੇ ਮੁੱਦੇ ਤੋਂ ਅੱਖ ਚੁਰਾਉਣ ਦਾ ਯਤਨ ਕਰਦੇ ਹਨ। ਉਥੇ ਨੇਪਾਲ ਤੇ ਹੋਰ ਥਾਂਵਾਂ ਤੋਂ ਆਏ ਬਹੁਤ ਸਾਰੇ ਲੋਕ ਵੀ ਹਨ। ਸਵਾਮੀ ਰਾਮਦੇਵ ਦੇ ਜਿਸ ਚੇਲੇ ਬਾਲ ਕ੍ਰਿਸ਼ਨ ਨੇ ਨੇਪਾਲੀ ਹੋਣ ਦੇ ਬਾਵਜੂਦ ਝੂਠ ਬੋਲ ਕੇ ਖੁਦ ਨੂੰ ਭਾਰਤ ਦਾ ਜੰਮਿਆ ਦੱਸ ਕੇ ਪਾਸਪੋਰਟ ਬਣਾ ਲਿਆ ਤੇ ਜਿਹੜਾ ਐਮ ਕੇ ਸੁੱਬਾ ਭਾਰਤੀ ਨਾ ਹੋਣ ਦੇ ਬਾਵਜੂਦ ਕਾਂਗਰਸ ਪਾਰਟੀ ਦੇ ਟਿਕਟ ਉਤੇ ਦੋ ਵਾਰੀ ਪਾਰਲੀਮੈਂਟ ਦਾ ਮੈਂਬਰ ਚੁਣਿਆ ਗਿਆ, ਇਹ ਬੰਗਲਾ ਦੇਸ਼ੀ ਨਹੀਂ ਹਨ। ਇਹੋ ਜਿਹੇ ਹੋਰ ਵੀ ਬੜੇ ਲੋਕ ਹਨ। ਬੀਤੇ ਹਫਤੇ ਹੀ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਵਿਚ ਮੰਨਿਆ ਹੈ ਕਿ ਆਸਾਮ ਵਿਚ ਚਾਲੀ ਲੱਖ ਦੇ ਕਰੀਬ ਸ਼ੱਕੀ ਵੋਟਰ ਹਨ, ਪਰ ਇਨ੍ਹਾਂ ਨੂੰ ਧਾਰਮਿਕ ਜਾਂ ਭਾਸ਼ਾਈ ਆਧਾਰ ਉਤੇ ਹੁਣ ਖਾਰਜ ਕਰ ਸਕਣਾ ਸੰਭਵ ਨਹੀਂ ਰਿਹਾ। ਇਹ ਚਾਲੀ ਲੱਖ ਵੋਟਰ ਰਾਤੋ-ਰਾਤ ਨਹੀਂ ਸੀ ਬਣ ਗਏ। ਜਦੋਂ ਇਹ ਬਣਦੇ ਰਹੇ ਸਨ, ਉਸ ਵੇਲੇ ਉਸ ਰਾਜ ਵਿਚ ਵੀ ਇੱਕ ਤੋਂ ਵੱਧ ਵਾਰ ਸਰਕਾਰਾਂ ਬਦਲੀਆਂ, ਕੇਂਦਰ ਵਿਚ ਵੀ ਬਦਲਦੀਆਂ ਰਹੀਆਂ, ਪਰ ਕਿਸੇ ਨੇ ਕਦੇ ਧਿਆਨ ਹੀ ਨਹੀਂ ਸੀ ਦਿੱਤਾ, ਕਿਉਂਕਿ ਜਿਹੜੀ ਧਿਰ ਵੀ ਧਿਆਨ ਦਿੰਦੀ, ਉਸ ਦੀਆਂ ਰਾਜਨੀਤਕ ਖਾਹਿਸ਼ਾਂ ਉਤੇ ਮਾਂਜਾ ਫਿਰ ਜਾਣਾ ਸੀ।



ਫਿਰ ਅਸੀਂ ਆਸਾਮ ਵਿਚ ਦੋ ਦਹਾਕੇ ਦੇ ਕਰੀਬ ਇਹੋ ਜਿਹੀ ਗੜਬੜ ਵਾਲੀ ਸਮੱਸਿਆ ਵੇਖੀ, ਜਿਸ ਵਿਚ ਦਿੱਲੀ ਨੂੰ ਅੱਖਾਂ ਵਿਖਾਉਣ ਵਾਲਿਆਂ ਨੇ ਦੇਸ਼ ਤੋਂ ਵੱਖ ਹੋਣ ਦਾ ਰਾਹ ਫੜ ਲਿਆ। ਜਿਹੜੇ ਲੋਕ ਇਸ ਤਰ੍ਹਾਂ ਦੀਆਂ ਖੇਡਾਂ ਖੇਡਦੇ ਸਨ, ਸਮਾਂ ਪਾ ਕੇ ਉਹ ਰਾਜਨੀਤੀ ਵਿਚ ਆ ਗਏ, ਗੱਦੀਆਂ ਉਤੇ ਵੀ ਜਾ ਬੈਠੇ, ਕੁਝ ਕਾਂਗਰਸੀ, ਕੁਝ ਭਾਜਪਾਈ ਤੇ ਕੁਝ ਅਸਾਮ ਗਣ ਪ੍ਰੀਸ਼ਦ ਵਾਲੇ ਬਣ ਕੇ ਲੀਡਰੀਆਂ ਕਰਨ ਲੱਗ ਪਏ, ਪਰ ਜਿੱਥੋਂ ਸਮੱਸਿਆ ਦਾ ਮੁੱਢ ਬੱਝਾ ਸੀ, ਉਸ ਤਾਣੀ ਨੂੰ ਉਲਝੀ ਰਹਿਣ ਦਿੱਤਾ, ਕਿਸੇ ਨੇ ਸੁਲਝਾਉਣ ਦੀ ਲੋੜ ਹੀ ਨਾ ਸਮਝੀ। ਸਮਾਂ ਪਾ ਕੇ ਫਿਰ ਉਹ ਚਿੰਗਾੜੀ ਭੜਕੀ ਤਾਂ ਇੱਕ ਦੂਸਰੇ ਵੱਲ ਗੇਂਦ ਰੇੜ੍ਹ ਕੇ ਆਪਣੇ ਸਿਰ ਜ਼ਿੰਮੇਵਾਰੀ ਲੈਣ ਨੂੰ ਕੋਈ ਧਿਰ ਤਿਆਰ ਨਹੀਂ। ਅਸਲੀਅਤ ਇਹ ਹੈ ਕਿ ਘੱਟ ਜਾਂ ਵੱਧ ਹਰ ਸਰਕਾਰ ਨੇ ਇਸ ਵੱਲ ਘੇਸਲ ਵੱਟੀ ਰੱਖੀ ਤੇ ਅੱਜ ਦੇ ਹਾਲਾਤ ਲਈ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਮੇਤ ਕਿਸੇ ਨੂੰ ਵੀ ਜ਼ਿੰਮੇਵਾਰੀ ਤੋਂ ਬਾਹਰ ਨਹੀਂ ਕੀਤਾ ਜਾ ਸਕਦਾ।

ਪ੍ਰਧਾਨ ਮੰਤਰੀ ਦਾ ਉਚੇਚਾ ਜ਼ਿਕਰ ਅਸੀਂ ਇਸ ਲਈ ਕੀਤਾ ਹੈ ਕਿ ਉਹ ਉਸ ਰਾਜ ਨਾਲ ਸਿੱਧੇ ਜੁੜੇ ਹੋਏ ਹਨ, ਜਿਸ ਦੀ ਗੜਬੜ ਅੱਜ ਭਾਰਤ ਦੇ ਕਈ ਰਾਜਾਂ ਵਿਚ ਗੜਬੜ ਦਾ ਮੁੱਢ ਬਣ ਰਹੀ ਹੈ। ਮਨਮੋਹਨ ਸਿੰਘ ਪੰਜਾਬੀ ਜ਼ਰੂਰ ਹਨ, ਪਰ ਪੰਜਾਬ ਵਿਚ ਜਿਵੇਂ ਇੰਦਰ ਕੁਮਾਰ ਗੁਜਰਾਲ ਨੂੰ 'ਆਪਣਾ' ਮੰਨ ਕੇ ਸਿਰ ਉਤੇ ਚੁੱਕਿਆ ਗਿਆ, ਮਨਮੋਹਨ ਸਿੰਘ ਨੂੰ ਉਸ ਤਰ੍ਹਾਂ ਦਾ ਸਹਾਰਾ ਕਿਸੇ ਤੋਂ ਨਹੀਂ ਸੀ ਮਿਲਿਆ। ਜਦੋਂ ਉਹ ਨਰਸਿਮਹਾ ਰਾਓ ਸਰਕਾਰ ਦੇ ਸਮੇਂ ਪਹਿਲੀ ਵਾਰੀ ਕੇਂਦਰ ਦੇ ਮੰਤਰੀ ਬਣੇ, ਉਦੋਂ ਪੰਜਾਬ ਵਿਚ ਵਿਧਾਨ ਸਭਾ ਭੰਗ ਸੀ ਅਤੇ ਰਾਜ ਸਭਾ ਦੀ ਮੈਂਬਰੀ ਲਈ ਦੇਸ਼ ਭਰ ਵਿਚੋਂ ਉਨ੍ਹਾਂ ਨੂੰ ਆਸਾਮ ਵਿਚੋਂ ਇੱਕ ਸੀਟ ਨਸੀਬ ਹੋਈ ਸੀ। ਉਹ ਦਿਨ ਤੇ ਆਹ ਦਿਨ, ਉਹ ਆਸਾਮ ਵਿਚ ਰਹੇ ਭਾਵੇਂ ਕਦੇ ਵੀ ਨਹੀਂ, ਪਾਰਲੀਮੈਂਟ ਵਿਚ ਰਾਜ ਸਭਾ ਦੇ ਮੈਂਬਰ ਵਜੋਂ ਪ੍ਰਤੀਨਿਧਤਾ ਆਸਾਮ ਦੀ ਕਰਦੇ ਹਨ ਅਤੇ ਜਿਸ ਆਸਾਮ ਦੀ ਪ੍ਰਤੀਨਿਧਤਾ ਕਰਦੇ ਹਨ, ਉਥੇ ਹੋਈ ਗੜਬੜ ਵੱਲ ਉਨ੍ਹਾਂ ਦੇ ਪ੍ਰਧਾਨ ਮੰਤਰੀ ਹੁੰਦਿਆਂ ਵੀ ਬਣਦਾ ਧਿਆਨ ਕਦੇ ਨਾ ਦਿੱਤਾ ਗਿਆ। ਤਾਜ਼ਾ ਸਥਿਤੀ ਜਦੋਂ ਵਿਗੜਨੀ ਸ਼ੁਰੂ ਹੋਈ ਤਾਂ ਉਥੇ ਲਗਾਤਾਰ ਤੀਸਰੀ ਵਾਰੀ ਰਾਜ ਕਰ ਰਹੇ ਕਾਂਗਰਸੀ ਮੁੱਖ ਮੰਤਰੀ ਤਰੁਣ ਗੋਗੋਈ ਨੇ ਫੌਜ ਦੀ ਮੰਗ ਕੀਤੀ ਸੀ, ਪਰ ਉਸ ਦੀ ਮੰਗ ਦੇ ਜਵਾਬ ਵਿਚ ਫੌਜ ਤੀਸਰੇ ਦਿਨ ਉਥੇ ਪਹੁੰਚੀ, ਹਾਲਾਂਕਿ ਸੰਵਿਧਾਨਕ ਵਿਵਸਥਾ ਇਹ ਹੈ ਕਿ ਕਿਸੇ ਜ਼ਿਲ੍ਹੇ ਦਾ ਮੈਜਿਸਟਰੇਟ ਲਿਖ ਕੇ ਭੇਜ ਦੇਵੇ ਤਾਂ ਸਥਾਨਕ ਫੌਜੀ ਕਮਾਂਡਰ ਨੂੰ ਫੌਰਨ ਫੌਜ ਭੇਜਣੀ ਹੁੰਦੀ ਹੈ। ਮਨਮੋਹਨ ਸਿੰਘ ਲਈ ਇਹ ਭਲੇ ਦੀ ਗੱਲ ਹੈ ਕਿ ਉਥੇ ਕਾਂਗਰਸ ਦੀ ਸਰਕਾਰ ਹੈ ਤੇ ਕੇਂਦਰ ਵਿਚ ਵੀ, ਵਰਨਾ ਇਹ ਕਿਹਾ ਜਾਣਾ ਸੀ ਕਿ ਦੂਸਰੀ ਪਾਰਟੀ ਦੀ ਸਰਕਾਰ ਹੋਣ ਕਾਰਨ ਜਾਣ-ਬੁੱਝ ਕੇ ਫੌਜ ਨਹੀਂ ਭੇਜੀ ਗਈ। ਹੁਣ ਸਿਰਫ ਗੈਰ-ਜ਼ਿੰਮੇਵਾਰੀ ਦਾ ਦੋਸ਼ ਲੱਗਾ ਹੈ। ਫਿਰ ਵੀ ਇਸ ਗੁਨਾਹ ਤੋਂ ਮਨਮੋਹਨ ਸਿੰਘ ਨੂੰ ਬਰੀ ਨਹੀਂ ਕੀਤਾ ਜਾ ਸਕਦਾ ਕਿ ਜਿਸ ਰਾਜ ਨੇ ਉਸ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪੁਚਾਇਆ, ਉਸ ਵਿਚ ਲੱਗੀ ਹੋਈ ਅੱਗ ਵੱਲ ਉਸ ਨੇ ਬਣਦਾ ਧਿਆਨ ਦੇਣਾ ਜ਼ਰੂਰੀ ਨਹੀਂ ਸਮਝਿਆ।

ਹੁਣ ਜਦੋਂ ਸਰਕਾਰ ਸਥਿਤੀ ਨੂੰ ਸੁਧਾਰਨ ਦੇ ਯਤਨ ਕਰਨ ਲੱਗੀ ਹੈ ਤਾਂ ਇਹ ਗੱਲ ਬਹੁਤੀ ਵੱਡੀ ਨਹੀਂ ਕਿ ਫਲਾਣੇ ਰਾਜ ਦੀ ਸਰਕਾਰ ਨੇ ਹਾਲਾਤ ਵਿਗੜਦੇ ਵੇਖ ਕੇ ਮੁਜਰਮਾਨਾ ਲਾਪਰਵਾਹੀ ਵਿਖਾਈ ਤੇ ਫਲਾਣੀ ਸਰਕਾਰ ਕੁਝ ਨੰਬਰ ਬਣਾ ਗਈ ਹੈ। ਵੱਡੀ ਗੱਲ ਇਹ ਹੈ ਕਿ ਵਿਗੜਦੇ ਹਾਲਾਤ ਵਿਚ ਬਣਦਾ ਫਰਜ਼ ਨਾ ਕਰਨਾਟਕਾ ਦੀ ਭਾਜਪਾ ਸਰਕਾਰ ਨੇ ਨਿਭਾਇਆ, ਨਾ ਆਂਧਰਾ ਪ੍ਰਦੇਸ਼ ਦੀ ਕਾਂਗਰਸੀ ਸਰਕਾਰ ਨੇ, ਨਾ ਮਹਾਰਾਸ਼ਟਰ ਦੀ ਕਾਂਗਰਸੀ ਅਗਵਾਈ ਤੇ ਸ਼ਰਦ ਪਵਾਰ ਦੀ ਪਾਰਟੀ ਕੋਲ ਪੁਲਿਸ ਦੇ ਮਹਿਕਮੇ ਵਾਲੀ ਸਰਕਾਰ ਨੇ ਤੇ ਨਾ ਤਾਮਿਲਨਾਡੂ ਵਿਚ ਬੀਬੀ ਜੈਲਲਿਤਾ ਦੀ ਅੰਨਾ ਡੀ ਐਮ ਕੇ ਸਰਕਾਰ ਨੇ ਕੁਝ ਖਾਸ ਕੀਤਾ ਹੈ। ਇਨ੍ਹਾਂ ਸਾਰਿਆਂ ਨੂੰ ਉਸੇ ਵਕਤ ਹਰਕਤ ਵਿਚ ਆ ਜਾਣਾ ਚਾਹੀਦਾ ਸੀ, ਜਦੋਂ ਛੇ ਦਿਨ ਪਹਿਲਾਂ ਮੁੰਬਈ ਵਿਚ ਇੱਕ ਰੋਸ ਮੁਜ਼ਾਹਰੇ ਲਈ ਜੁੜੀ ਹੋਈ ਭੀੜ ਨੇ ਪੁਲਿਸ ਵੀ ਕੁੱਟ ਸੁੱਟੀ ਸੀ, ਉਸ ਦੀਆਂ ਆਟੋਮੈਟਿਕ ਰਾਈਫਲਾਂ ਤੱਕ ਖੋਹ ਲਈਆਂ ਤੇ ਮੀਡੀਏ ਵਾਲੀਆਂ ਕੈਮਰਾ ਗੱਡੀਆਂ ਨੂੰ ਵੀ ਸਾੜ ਦਿੱਤਾ ਸੀ। ਉਦੋਂ ਪੁਲਿਸ ਦਾ ਨਿਕੰਮਾਪਣ ਵੀ ਜ਼ਾਹਰ ਹੋ ਗਿਆ ਸੀ ਤੇ ਸਥਿਤੀ ਦਾ ਤਿੱਖਾਪਣ ਵੀ। ਮੁੰਬਈ ਵਾਲੀ ਇਹ ਭੀੜ ਵੀ ਆਸਾਮ ਦੀਆਂ ਘਟਨਾਵਾਂ ਦਾ ਰੋਸ ਪ੍ਰਗਟ ਕਰਨ ਲਈ ਆਈ ਸੀ ਅਤੇ ਪੁਲਿਸ ਅਤੇ ਰਾਜ ਸਰਕਾਰ ਇਹ ਅੰਦਾਜ਼ਾ ਨਹੀਂ ਸੀ ਲਾ ਸਕੀ ਕਿ ਹਾਲਾਤ ਗਲਤ ਮੋੜਾ ਕੱਟ ਸਕਦੇ ਸਨ। ਗਵਾਂਢ ਦੇ ਰਾਜ ਮਹਾਰਾਸ਼ਟਰ ਵਿਚ ਲੱਗੀ ਇਸ ਅੱਗ ਤੋਂ ਨਾਲ ਦੇ ਜਿਹੜੇ ਰਾਜਾਂ ਨੂੰ ਸਬਕ ਲੈਣਾ ਚਾਹੀਦਾ ਸੀ, ਉਹ ਇਸ ਨੂੰ ਬਸੰਤਰ ਸਮਝ ਕੇ ਹੀ ਚੁੱਪ ਕੀਤੇ ਰਹੇ ਸਨ।

ਮੌਜੂਦਾ ਪ੍ਰਸੰਗ ਵਿਚ ਇੱਕ ਗੱਲ ਹੋਰ ਚਰਚਾ ਵਿਚ ਆਈ ਹੈ ਤੇ ਉਹ ਇਹ ਕਿ ਇਹੋ ਜਿਹੇ ਮੌਕਿਆਂ ਉਤੇ ਸੋਸ਼ਲ ਨੈਟਵਰਕਿੰਗ ਸਾਈਟਸ ਵੀ ਜਾਣਕਾਰੀ ਦਾ ਇੱਕ ਵਸੀਲਾ ਨਾ ਰਹਿ ਕੇ ਹਥਿਆਰ ਬਣ ਜਾਂਦੀਆਂ ਹਨ ਤੇ ਮੋਬਾਈਲ ਫੋਨ ਅਫਵਾਹ-ਫੈਲਾਊ ਲਾਊਡ ਸਪੀਕਰ ਵਾਂਗ ਵਰਤੇ ਜਾਂਦੇ ਹਨ। ਇੱਕ ਜਣਾ ਕੋਈ ਸੁਨੇਹਾ ਟਾਈਪ ਕਰ ਕੇ ਭੇਜਦਾ ਹੈ ਤੇ ਦੂਸਰੇ ਇਸ ਨੂੰ ਲੈ ਕੇ ਆਪਣੇ ਸੰਪਰਕ ਵਾਲੇ ਸਾਰੇ ਲੋਕਾਂ ਨੂੰ ਇੱਕੋ ਬਟਨ ਦਬਾ ਕੇ ਅੱਗੇ ਭੇਜ ਦਿੰਦੇ ਹਨ, ਜਿੱਥੋਂ ਉਹ ਅੱਗੇ, ਅੱਗੇ ਤੇ ਫਿਰ ਹੋਰ ਅੱਗੇ ਜੰਗਲ ਦੀ ਅੱਗ ਵਾਂਗ ਫੈਲ ਜਾਂਦਾ ਹੈ। ਇਸ ਵਾਰ ਵੀ ਇਹੋ ਹੋਇਆ ਹੈ। ਕਿਸੇ ਇੱਕ ਥਾਂ ਤੋਂ ਜਾਣ-ਬੁੱਝ ਕੇ ਕੀਤੀ ਗਈ ਇਹੋ ਜਿਹੀ ਸ਼ਰਾਰਤ ਦੀ ਇਹ ਪਹਿਲੀ ਮਿਸਾਲ ਨਹੀਂ ਹੈ। ਹਾਲੇ ਪਿਛਲੇ ਸਾਲ ਜਦੋਂ ਸੰਸਾਰ ਦੇ ਕੁਝ ਦੇਸ਼ਾਂ ਵਿਚ ਸਰਕਾਰਾਂ ਉਲਟਾਉਣ ਦੀ ਖੇਡ ਸ਼ੁਰੂ ਹੋਈ ਸੀ, ਜਿਨ੍ਹਾਂ ਵਿਚ ਮਿਸਰ ਅਤੇ ਲੀਬੀਆ ਪ੍ਰਮੁੱਖ ਸਨ, ਉਦੋਂ ਇਹੋ ਕੁਝ ਚੀਨ ਵਿਚ ਵੀ ਕਰਨ ਦਾ ਯਤਨ ਕੀਤਾ ਗਿਆ ਸੀ। ਕਈ ਦਿਨ ਫੇਸਬੁੱਕ ਉਤੇ ਕੁਝ ਲੋਕ ਏਦਾਂ ਦੇ ਸੁਨੇਹੇ ਦਿੰਦੇ ਤੇ ਲੋਕਾਂ ਨੂੰ ਭੜਕਾਉਂਦੇ ਰਹੇ ਕਿ ਚੀਨ ਦੀ ਸਰਕਾਰ ਹੁਣ ਚੀਨ ਦੀ ਇਤਿਹਾਸਕ ਦੀਵਾਰ ਵਾਂਗ ਮਜ਼ਬੂਤ ਨਹੀਂ ਰਹਿ ਗਈ, ਇੱਕ ਧੱਕਾ ਮਾਰਨ ਦੀ ਲੋੜ ਹੈ, ਸੋਵੀਅਤ ਰੂਸ ਵਾਂਗ ਇਹ ਰੇਤ ਦੀ ਬੋਰੀ ਵਾਂਗ ਕਿਰ ਜਾਣ ਦੀ ਉਡੀਕ ਕਰ ਰਹੀ ਹੈ। ਚੀਨ ਆਖਰ ਚੀਨ ਹੈ ਤੇ ਉਸ ਨੇ ਖਤਰੇ ਨੂੰ ਝੱਟ ਸਮਝ ਕੇ ਮੌਕਾ ਸੰਭਾਲ ਲਿਆ। ਵੀਹ ਕੁ ਸਾਲ ਪਹਿਲਾਂ ਚੀਨ ਦੀ ਰਾਜਧਾਨੀ ਬੀਜਿੰਗ ਦੇ ਤਿਆਨਮਿਨ ਚੌਕ ਵਿਚ ਵਾਪਰੇ ਹਾਲਾਤ ਦਾ ਸਬਕ ਸਿੱਖ ਚੁੱਕੇ ਚੀਨ ਨੇ ਇਸ ਵਾਰੀ ਦੁਸ਼ਮਣ ਦੀ ਪੂਰੀ ਪੈੜ ਨੱਪੀ ਤੇ ਫਿਰ ਲੱਭ ਲਿਆ ਕਿ ਫੇਸਬੁੱਕ ਉਤੇ ਇਹੋ ਜਿਹੇ ਸੁਨੇਹੇ ਲਿਖਣ ਦਾ ਕੰਮ ਚੀਨ ਵਿਚ ਬੈਠਾ ਅਮਰੀਕਾ ਦਾ ਰਾਜਦੂਤ ਇੱਕ ਫਰਜ਼ੀ ਆਈ ਡੀ ਬਣਾ ਕੇ ਕਰੀ ਜਾ ਰਿਹਾ ਹੈ। ਉਸ ਰਾਜਦੂਤ ਨੂੰ ਜਦੋਂ ਪਤਾ ਲੱਗ ਗਿਆ ਕਿ ਚੀਨ ਨੇ ਪੈੜ ਦੱਬ ਲਈ ਹੈ ਤਾਂ ਉਸ ਨੇ ਸੰਨ੍ਹ ਉਤੇ ਫੜੇ ਗਏ ਚੋਰ ਵਾਂਗ ਨੀਵੀਂ ਪਾ ਲਈ ਤੇ ਆਪਣੇ ਉਤੇ ਲੱਗੇ ਇਸ ਦੋਸ਼ ਦਾ ਖੰਡਨ ਤੱਕ ਨਹੀਂ ਸੀ ਕੀਤਾ, ਪਰ ਉਸ ਤੋਂ ਬਾਅਦ ਗੜਬੜ ਕੋਈ ਨਹੀਂ ਹੋ ਸਕੀ।

ਅੱਜ ਭਾਰਤ ਸਰਕਾਰ ਨੂੰ ਇਹੋ ਕੁਝ ਕਰਨਾ ਚਾਹੀਦਾ ਹੈ। ਸੋਸ਼ਲ ਨੈਟਵਰਕਿੰਗ ਸਾਈਟਾਂ ਦੀ ਦੁਰਵਰਤੋਂ ਦੇ ਕਈ ਭੱਦੇ ਨਮੂਨੇ ਅਸੀਂ ਵੇਖੇ ਹਨ, ਹੁਣ ਇੱਕ ਹੋਰ ਵੇਖ ਲਿਆ, ਪਰ ਇਸ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਅੰਗ ਮੰਨਣ ਵਾਲੇ ਲੋਕ ਇਸ ਨੂੰ ਬੰਦ ਕਰਨ ਦੀ ਗੱਲ ਸੁਣਨ ਨੂੰ ਤਿਆਰ ਨਹੀਂ ਹੋਣਗੇ। ਸਰਕਾਰ ਨੂੰ ਇਸ ਨਾਲ ਸਿੱਝਣ ਦੇ ਦੂਸਰੇ ਢੰਗ ਅਪਣਾਉਣੇ ਪੈਣਗੇ। ਜੇ ਇਨ੍ਹਾਂ ਸਾਈਟਾਂ ਨੂੰ ਜੁਰਮ ਕਰਨ (ਜਿਸ ਨੂੰ ਸਾਈਬਰ ਕਰਾਈਮ ਕਿਹਾ ਜਾਂਦਾ ਹੈ) ਲਈ ਵਰਤਣ ਵਾਲੇ ਸਰਗਰਮ ਹਨ ਤਾਂ ਸਰਕਾਰਾਂ ਦੇ ਕੋਲ ਕੇਂਦਰ ਅਤੇ ਰਾਜਾਂ ਵਿਚ ਐਂਟੀ ਸਾਈਬਰ ਕਰਾਈਮ ਯੂਨਿਟ ਹਨ, ਜਿਹੜੇ ਇਸ ਉਤੇ ਪੂਰੀ ਨਜ਼ਰ ਰੱਖ ਸਕਦੇ ਹਨ। ਜਦੋਂ ਅਤੇ ਜਿੱਥੇ ਵੀ ਇਹੋ ਜਿਹੀ ਸਰਗਰਮੀ ਹੁੰਦੀ ਹੈ, ਉਸ ਨੂੰ ਸ਼ੁਰੂ ਵਿਚ ਨੱਪ ਲਿਆ ਜਾਵੇ ਤਾਂ ਵੱਡਾ ਫੋੜਾ ਨਹੀਂ ਬਣ ਸਕਦੀ ਪਰ ਜੇ ਸਰਕਾਰਾਂ ਨੇ ਪਹਿਲਾਂ ਇੱਕ ਆਸਾਮ ਵਰਗੇ ਰਾਜ ਵਿਚ ਜਾਅਲੀ ਵੋਟਰ ਬਣਨ ਦੇਣੇ ਹਨ, ਫਿਰ ਇਹ ਮੰਨ ਲੈਣਾ ਹੈ ਕਿ ਉਥੇ ਚਾਲੀ ਕੁ ਲੱਖ ਵੋਟਰ ਸ਼ੱਕੀ ਹਨ, ਪਰ ਕੁਝ ਕੀਤਾ ਨਹੀਂ ਜਾ ਸਕਦਾ, ਤਾਂ ਇਹ ਕੁਝ ਹੁੰਦਾ ਹੀ ਰਹਿਣਾ ਹੈ।

ਅਸੀਂ ਇਹ ਗੱਲ ਰੱਦ ਕਰਨ ਵਾਲਿਆਂ ਵਿਚੋਂ ਨਹੀਂ ਕਿ ਇਨ੍ਹਾਂ ਅੰਦੋਲਨਾਂ ਪਿੱਛੇ ਕੁਝ ਵਿਦੇਸ਼ੀ ਤਾਕਤਾਂ ਵੀ ਸਰਗਰਮ ਹੋ ਸਕਦੀਆਂ ਹਨ, ਪਰ ਉਹ ਵੀ ਉਦੋਂ ਹੀ ਹਾਲਾਤ ਨੂੰ ਵਰਤ ਸਕਦੀਆਂ ਹਨ, ਜਦੋਂ ਸਾਡੇ ਘਰ ਵਿਚ ਕੋਈ ਚਿੰਗਾੜੀ ਧੁਖਦੀ ਲੱਭ ਜਾਂਦੀ ਹੈ। ਦੂਜਿਆਂ ਨੂੰ ਦੋਸ਼ ਦੇਣ ਦੀ ਥਾਂ ਆਪਣੀ ਪੀੜ੍ਹੀ ਹੇਠ ਸੋਟਾ ਮਾਰਨਾ ਚਾਹੀਦਾ ਹੈ ਅਤੇ ਹਾਲਾਤ ਵਿਗਾੜਨ ਵਾਲਿਆਂ ਨਾਲ ਸਖਤੀ ਨਾਲ ਸਿੱਝਣਾ ਚਾਹੀਦਾ ਹੈ, ਵਰਨਾ ਇੱਕ ਪਾਸੇ ਤੋਂ ਘਾਬਰ ਕੇ ਤੁਰੇ ਹੋਏ ਕਾਫਲੇ ਦੇ ਲੋਕ ਜਦੋਂ ਆਪਣੇ ਰਾਜਾਂ ਵਿਚ ਜਾਣਗੇ ਤਾਂ ਉਥੇ ਇਸ ਦਾ ਪ੍ਰਤੀਕਰਮ ਕਿਸੇ ਦਿਨ ਕੋਈ ਨਵਾਂ ਚੰਦ ਵੀ ਚਾੜ੍ਹ ਸਕਦਾ ਹੈ।

**ਈ.ਟੀ.ਓ. ਦੀ ਖ਼ੁਦਕੁਸ਼ੀ ਦਾ ਮਾਮਲਾ**

## ਵਿਜੀਲੈਂਸ ਦੀ ਐਸ.ਪੀ. ਸਮੇਤ ਚਾਰ ਖ਼ਿਲਾਫ਼ ਕੇਸ ਦਰਜ

**ਮੁਹਾਲੀ:** ਪੁਲੀਸ ਨੇ ਕਰ ਤੇ ਆਬਕਾਰੀ ਵਿਭਾਗ ਦੇ ਈ.ਟੀ.ਓ. ਰਣਜੀਤ ਸਿੰਘ ਖ਼ੁਦਕੁਸ਼ੀ ਮਾਮਲੇ ਵਿਚ ਪੰਜਾਬ ਵਿਜੀਲੈਂਸ ਬਿਊਰੋ ਦੀ ਐਸ.ਪੀ. ਅਮਨਦੀਪ ਕੌਰ (ਜਾਂਚ ਅਧਿਕਾਰੀ), ਹੌਲਦਾਰ ਹਰਮਿੰਦਰ ਸਿੰਘ, ਸ਼ਿਕਾਇਤਕਰਤਾ ਰਜਿੰਦਰ ਸਿੰਘ ਉਰਫ਼ ਗੋਪੀ, ਰਾਜੀਵ ਸੂਦ ਤੇ ਪਰਮਜੀਤ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਿਵੀਜ਼ਨ) ਰਜਿੰਦਰ ਅਗਰਵਾਲ ਨੇ ਬੀਤੀ 27 ਜੁਲਾਈ ਨੂੰ ਜ਼ਿਲ੍ਹਾ ਪੁਲਿਸ ਮੁਖੀ ਨੂੰ ਵਿਜੀਲੈਂਸ ਅਧਿਕਾਰੀ ਸਮੇਤ ਹੋਰਾਂ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਜਾਰੀ ਕੀਤੇ ਸਨ। ਇਸ ਕੇਸ ਵਿਚ ਵਿਜੀਲੈਂਸ ਅਧਿਕਾਰੀ ਖ਼ਿਲਾਫ਼ ਐਫ.ਆਈ.ਆਰ ਦਰਜ ਕਰਨ ਵਿਚ ਦੇਰੀ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਜ਼ਿਲ੍ਹਾ ਪੁਲਿਸ ਨੇ ਇਸ ਸਬੰਧੀ ਕੇਸ ਤਿਆਰ ਕਰਕੇ ਪ੍ਰਵਾਨਗੀ ਲਈ ਡੀ.ਜੀ.ਪੀ. ਨੂੰ ਭੇਜਿਆ ਸੀ।

ਜ਼ਿਕਰਯੋਗ ਹੈ ਕਿ 29 ਮਾਰਚ, 2011 ਨੂੰ ਪੰਜਾਬ ਵਿਜੀਲੈਂਸ ਬਿਊਰੋ ਦੀ ਐਸ.ਪੀ. ਅਮਨਦੀਪ ਕੌਰ ਦੀ ਅਗਵਾਈ ਵਾਲੀ ਟੀਮ ਵੱਲੋਂ ਈ.ਟੀ.ਓ. ਰਣਜੀਤ ਸਿੰਘ ਤੇ ਉਨ੍ਹਾਂ ਦੇ ਸੁਰੱਖਿਆ ਕਰਮੀ ਜਸਵੀਰ ਸਿੰਘ ਨੂੰ 2.52 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ ਤੇ ਬਾਅਦ ਵਿੱਚ 20 ਅਪਰੈਲ ਨੂੰ ਅਦਾਲਤ ਨੇ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ। ਇਸ ਦੌਰਾਨ ਰਣਜੀਤ ਸਿੰਘ ਨੇ ਤਿੰਨ ਦਿਨਾਂ ਮਗਰੋਂ 23 ਅਪਰੈਲ ਨੂੰ ਆਪਣੇ ਘਰ ਵਿੱਚ ਸਲਫਾਸ ਦੀਆਂ ਗੋਲੀਆਂ ਖਾ ਕੇ ਆਤਮ ਹੱਤਿਆ ਕਰ ਲਈ ਸੀ। ਉਹ ਕਰ ਤੇ ਆਬਕਾਰੀ ਵਿਭਾਗ (ਮੋਬਾਇਲ ਵਿੰਗ) ਵਿਚ ਤਾਇਨਾਤ ਸਨ। ਇਸ ਦੌਰਾਨ ਮ੍ਰਿਤਕ ਦੀ ਪਤਨੀ ਮਨਜੀਤ ਕੌਰ ਨੇ ਆਪਣੇ ਵਕੀਲ ਪ੍ਰਭਜੋਤ ਸਿੰਘ ਵਾਲੀਆ ਰਾਹੀਂ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ (ਸੀਨੀਅਰ ਡਿਵੀਜ਼ਨ) ਰਜਿੰਦਰ ਅਗਰਵਾਲ ਦੀ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਸੀ ਕਿ ਵਿਜੀਲੈਂਸ ਵੱਲੋਂ ਉਸਦੇ ਪਤੀ ਨੂੰ ਰਿਸ਼ਵਤਖੋਰੀ ਦੇ ਝੂਠੇ ਮਾਮਲੇ ਵਿਚ ਫਸਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਗਿਆ ਹੈ। ਉਧਰ ਵਿਜੀਲੈਂਸ ਨੇ ਵੀ ਅਦਾਲਤ ਵਿਚ ਆਪਣਾ ਪੱਖ ਰੱਖਿਆ ਸੀ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ 27 ਜੁਲਾਈ ਨੂੰ ਐਸ.ਐਸ.ਪੀ. ਮੁਹਾਲੀ ਨੂੰ ਹੁਕਮ ਜਾਰੀ ਕੀਤੇ ਸਨ ਕਿ ਇਸ ਮਾਮਲੇ ਵਿੱਚ ਵਿਜੀਲੈਂਸ ਦੀ ਐਸ.ਪੀ. ਸਮੇਤ ਹੋਰ ਮੁਲਜ਼ਮਾਂ ਖ਼ਿਲਾਫ਼ ਤੁਰੰਤ ਐਫ.ਆਈ.ਆਰ. ਦਰਜ ਕੀਤੀ ਜਾਵੇ।

# ਸਾਹਿਤ ਪ੍ਰਚਾਰਕਾਂ ਦੇ ਸਿਰਨਾਵੇਂ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅਮਰੀਕੀ ਸਟੇਟ ਵਾਸ਼ਿੰਗਟਨ ਦੇ ਸਿਆਟਲ (ਕੈਂਟ) ਸ਼ਹਿਰ ਵਿਚ ਹੋਏ ਕੌਮਾਂਤਰੀ ਸੈਮੀਨਾਰ ਦੌਰਾਨ ਮੇਰੀ ਮੁਲਾਕਾਤ ਅਖਬਾਰ 'ਨਵਾਂ ਜ਼ਮਾਨਾ' ਦੇ ਸਥਾਈ ਕਾਲਮਨਵੀਸ ਸ. ਵਾਸਦੇਵ ਸਿੰਘ ਪਰਹਾਰ ਨਾਲ ਹੋਈ। ਗੱਲਾਂ-ਬਾਤਾਂ ਕਰਦਿਆਂ ਵਿਚਾਰਾਂ ਦੀ ਸਾਂਝ ਸਦਕਾ ਦੋਸਤੀ ਇੰਨੀ ਪੀਢੀ ਪੈ ਗਈ ਕਿ ਉਨ੍ਹਾਂ ਮੇਰੇ ਮੇਜ਼ਬਾਨ 'ਤੇ ਜ਼ੋਰ ਪਾ ਕੇ ਮੇਰਾ ਟਿਕਾਣਾ ਆਪਣੇ ਘਰ ਕਰ ਲਿਆ। ਦੇਰ ਰਾਤ ਗਈ ਤੱਕ ਅਸੀਂ ਪੰਜਾਬੀ ਸਹਿਤ ਦੇ ਖੇਤਰ ਵਿਚ ਖੁੱਭੇ ਰਹੇ। ਇਸੇ ਦੌਰਾਨ ਅਚਾਨਕ ਉਨ੍ਹਾਂ ਦੇ ਚਿਹਰੇ 'ਤੇ ਚਮਕ ਜਿਹੀ ਆ ਗਈ, ਜਿਵੇਂ ਕੋਈ ਖ਼ੁਸ਼ਖਬਰੀ ਸੁਣਾਉਣ ਲੱਗੇ ਹੋਣ।

"ਤੁਸੀਂ 'ਨਵਾਂ ਜ਼ਮਾਨਾ' ਦਾ 'ਐਤਵਾਰਤਾ' ਪੜ੍ਹਦੇ ਹੁੰਦੇ ਓ?" ਪਲ ਦੀ ਪਲ ਮੇਰੇ ਚਿਹਰੇ 'ਤੇ ਨਜ਼ਰਾਂ ਟਿਕਾਉਣ ਬਾਅਦ ਉਹ ਮਲਕੜੇ ਜਿਹੇ ਉਠੇ ਤੇ ਆਪਣਾ 'ਲੈਪਟਾਪ' ਖੋਲ੍ਹ ਕੇ ਮੈਨੂੰ ਉਸ ਹਫ਼ਤੇ ਦਾ 'ਐਤਵਾਰਤਾ' ਦਿਖਾਉਣ ਲੱਗ ਪਏ।

ਨਾਂਹ 'ਚ ਉਤਰ ਦੇ ਕੇ ਮੈਂ ਉਨ੍ਹਾਂ ਨੂੰ ਦੱਸਿਆ ਕਿ ਇਸੇ ਨੂੰ ਪੜ੍ਹਨ ਦੀ ਸਿਫਾਰਸ਼ ਇਕ ਵਾਰ ਮੈਨੂੰ ਨਵਾਂ ਸ਼ਹਿਰ ਤੋਂ 'ਨਵਾਂ ਜ਼ਮਾਨਾ' ਲਈ ਕੰਮ ਕਰਦੇ ਜਸਪਾਲ ਸਿੰਘ ਨਾਗਰਾ ਨੇ ਵੀ ਕੀਤੀ ਸੀ, ਲੇਕਿਨ ਮੈਂ ਇਸ ਦਾ ਪਾਠਕ ਨਾ ਬਣ ਸਕਿਆ। ਮੇਰਾ ਜਵਾਬ ਸੁਣ ਕੇ ਉਹ ਨਿੱਠ ਕੇ ਬਹਿ ਗਏ ਅਤੇ ਕਿਸੇ ਨਿਪੁੰਨ ਟਿਊਟਰ ਵਾਂਗ ਉਨ੍ਹਾਂ ਲੈਪਟਾਪ ਉਦੋਂ ਬੰਦ ਕੀਤਾ ਜਦ ਉਨ੍ਹਾਂ ਭਾਂਪ ਲਿਆ ਕਿ ਐਤਵਾਰਤਾ ਵਾਲਾ ਨਸ਼ਾ ਹੁਣ ਮੈਂ ਛੱਡ ਨਹੀਂ ਸਕਾਂਗਾ। ਸੱਚਮੁੱਚ ਉਹੋ ਗੱਲ ਹੋਈ। 'ਐਤਵਾਰਤਾ' ਹਰ ਹਫ਼ਤੇ ਬਿਨਾਂ ਨਾਗਾ ਮਿਲਣ ਵਾਲਾ ਮੇਰਾ ਪੱਕਾ ਮਿੱਤਰ ਬਣ ਗਿਆ। ਪਰਹਾਰ ਸਾਹਿਬ ਦੇ ਘਰੇ ਬਿਤਾਈ ਇਕ ਰਾਤ ਦਾ 'ਸਾਹਿਤਕ ਵਰਦਾਨ!'

ਸੰਨ 2012 ਵਿਚ 'ਨਵਾਂ ਜ਼ਮਾਨਾ' ਪੜ੍ਹਦਿਆਂ ਪਤਾ ਲੱਗਾ ਕਿ ਇਹ ਅਖ਼ਬਾਰ ਸੱਠ ਸਾਲ ਦੀ ਉਮਰ ਨੂੰ ਢੁੱਕ ਗਿਆ ਹੈ। ਬੰਦਾ ਭਾਵੇਂ ਕਿਸੇ ਦੂਜੇ ਦੀ ਉਮਰ ਦੀਆਂ ਗੱਲਾਂ ਕਰ ਰਿਹਾ ਹੋਵੇ, ਉਦੋਂ ਉਸ ਦੇ ਚੇਤਿਆਂ ਵਿਚ ਖੁਦ ਆਪਣੀ ਉਮਰ ਦੇ ਅੰਕੜੇ ਜ਼ਰੂਰ ਤਾਰੀਆਂ ਲਾਉਣ ਲੱਗ ਪੈਂਦੇ ਨੇ। ਸੱਠ ਸਾਲਾ 'ਨਵਾਂ ਜ਼ਮਾਨਾ' ਬਾਰੇ ਸੋਚਦਿਆਂ ਮੈਂ 'ਕਿੰਨੀ ਬੀਤੀ ਤੇ ਕਿੰਨੀ ਬਾਕੀ ਹੈ?', ਦਾ ਹਿਸਾਬ ਲਾਉਣ ਲਈ ਜਮ੍ਹਾਂ-ਘਟਾਉ ਕਰਨ ਲੱਗ ਪਿਆ। ਵੀਹ ਸੌ ਬਾਰਾਂ ਦੇ ਅਕਤੂਬਰ ਵਿਚ ਮੈਂ ਪੂਰੇ 55 ਸਾਲ ਦਾ ਹੋ ਜਾਣਾ ਹੈ। ਇਸ ਦਾ ਮਤਲਬ ਕਿ 'ਨਵਾਂ ਜ਼ਮਾਨਾ' ਮੈਥੋਂ 5 ਸਾਲ ਵੱਡਾ ਹੋਇਆ। ਮੈਂ ਹੋਰ ਡੂੰਘਾਈ ਵਿਚ ਚਲਾ ਗਿਆ। ਉਹ ਵੇਲੇ, ਜਦੋਂ ਕੁ ਅਖ਼ਬਾਰਾਂ ਨਾਲ ਮੇਰੀ ਵਾਕਫੀ ਪੈਣੀ ਸ਼ੁਰੂ ਹੋਈ ਸੀ, ਮੈਨੂੰ ਯਾਦ ਆਉਣ ਲੱਗੇ।

ਅਟੇ-ਸਟੇ ਨਾਲ ਸੰਨ 1968-70 ਦੇ ਵਿਚਕਾਰ ਦਾ ਸਮਾਂ ਹੋਵੇਗਾ। ਮੈਂ ਸਰਕਾਰੀ ਮਿਡਲ ਸਕੂਲ ਸ਼ੇਖੂਪੁਰ ਬਾਗ (ਉਦੋਂ ਜ਼ਿਲ੍ਹਾ ਜਲੰਧਰ, ਹੁਣ ਨਵਾਂ ਸ਼ਹਿਰ) ਵਿਚ ਛੇਵੀਂ-ਸੱਤਵੀਂ ਦਾ ਵਿਦਿਆਰਥੀ ਹੋਵਾਂਗਾ ਜਦ ਅਸੀਂ ਦੌਲਤਪੁਰ ਵਾਲੇ ਮਾਸਟਰ ਜੀ ਸ. ਤਰਸੇਮ ਸਿੰਘ ਦਾ ਸਾਈਕਲ ਸਤਿਕਾਰ ਵਜੋਂ ਭੱਜ ਕੇ ਫੜਦੇ ਹੁੰਦੇ ਸਾਂ। ਉਨ੍ਹਾਂ ਦੇ ਸਾਈਕਲ ਦੀ ਟੋਕਰੀ ਵਿਚ ਪਈ ਹੁੰਦੀ ਸੀ 'ਨਵਾਂ ਜ਼ਮਾਨਾ' ਅਖ਼ਬਾਰ। ਮਾਸਟਰ ਜੀ ਦੀ ਦਸਤਾਰ ਥੱਲੇ ਬੰਨ੍ਹੀ ਹੋਈ ਫਿਫਟੀ ਦੇ ਰੰਗ ਵਰਗੇ ਲਾਲ ਅੱਖਰਾਂ 'ਚ ਲਿਖਿਆ 'ਨਵਾਂ ਜ਼ਮਾਨਾ'। ਇਹ ਸਨ ਇਸ ਅਖ਼ਬਾਰ ਦੇ ਪਹਿਲੇ ਦਰਸ਼ਨ ਜੋ ਚੇਤਿਆਂ 'ਚ ਪੱਥਰ 'ਤੇ ਲੀਕ ਵਾਂਗ ਉਕਰੇ ਪਏ ਹਨ।

ਯਾਦਾਂ ਦੇ ਢੇਰ ਨੂੰ ਚੇਤਨਾ ਦੀ ਤੰਗਲੀ ਨਾਲ ਫਰੋਲਦਿਆਂ ਕਦੇ ਕੁਝ ਸਪਸ਼ਟ ਅਤੇ ਕਦੇ ਕੁਝ ਧੁੰਦਲਾ ਜਿਹਾ ਦਿਸਦਾ ਹੈ। ਨਾ ਉਹ ਗੱਲਾਂ ਪੂਰੀ ਪਕੜ 'ਚ ਆਉਂਦੀਆਂ ਨੇ ਅਤੇ ਨਾ ਹੀ ਕੋਈ ਵਿਸ਼ਾ। ਬੱਸ, ਉਹ ਦ੍ਰਿਸ਼ ਯਾਦ ਆਉਂਦੇ ਨੇ ਜਦੋਂ ਮਾਸਟਰਾਂ ਦੀ ਮਹਿਫਲ ਵਿਚ ਮਾਸਟਰ ਤਰਸੇਮ ਸਿੰਘ ਬਾਦਸ਼ਾਹਾਂ ਵਾਂਗ ਬੈਠਾ ਹੁੰਦਾ ਸੀ। ਬਹਿਸ-ਮੁਬਹਿਸਾ ਚਲਦਿਆਂ ਅਖੀਰ ਵਿਚ ਤਰਸੇਮ ਸਿੰਘ 'ਕੱਲੇ ਹੀ ਬੋਲ ਰਹੇ ਹੁੰਦੇ ਸਨ ਤੇ ਬਾਕੀ ਦੇ ਸਰੋਤੇ ਬਣ ਕੇ ਉਨ੍ਹਾਂ ਦੇ ਚੌੜੇ-ਚਿੱਘੇ ਚਿਹਰੇ ਵੱਲ ਦੇਖਦੇ ਰਹਿੰਦੇ। ਕਦੇ-ਕਦੇ ਉਨ੍ਹਾਂ ਨੂੰ 'ਨਵਾਂ ਜ਼ਮਾਨਾ' ਵਿਚ ਖੁੱਭਿਆਂ ਨੂੰ ਦੇਖ ਕੇ ਕਿਸੇ ਦੂਜੇ ਮਾਸਟਰ ਨੇ ਅਛੋਪਲੇ ਜਿਹੇ ਪਿਛਿਉਂ ਆ ਕੇ ਮਖੌਲ ਨਾਲ ਆਖਣਾ, ਇਨਕਲਾਬ ਜ਼ਿੰਦਾਬਾਦ। ਅੱਗਿਉਂ ਉਨ੍ਹਾਂ ਨੇ ਵੀ ਫਿੱਕਾ ਹੱਸਣ ਜਾਂ ਛਿੱਥੇ ਪੈਣ ਦੀ ਬਜਾਏ ਨਿਹੰਗ ਸਿੰਘਾਂ ਵਾਂਗ ਗਰਜ ਕੇ 'ਜ਼ਿੰਦਾਬਾਦ' ਆਖ ਦੇਣਾ। ਬਾਅਦ ਵਿਚ ਉੱਚੀ-ਉੱਚੀ ਹੱਸਣਾ।

ਸਾਡੇ ਗਿਆਨੀ ਮਾਸਟਰ ਜੀ ਦੇ ਹੱਥ ਵਿਚ ਉਦੋਂ ਕਦੇ 'ਅਕਾਲੀ ਪਤ੍ਰਿਕਾ', ਕਦੇ 'ਕੌਮੀ ਦਰਦ' ਜਾਂ 'ਅਜੀਤ' ਅਖ਼ਬਾਰ ਹੁੰਦੀ ਸੀ; ਪਰ ਮਾਸਟਰ ਤਰਸੇਮ ਸਿੰਘ ਹਮੇਸ਼ਾਂ 'ਨਵਾਂ ਜ਼ਮਾਨਾ' ਹੀ ਪੜ੍ਹਦੇ ਹੁੰਦੇ ਸਨ। ਉਨ੍ਹਾਂ ਦਿਨਾਂ 'ਚ ਹੀ ਮੈਨੂੰ ਇਸ ਗੱਲ ਦਾ ਇਲਮ ਹੋ ਗਿਆ ਸੀ ਕਿ ਸਾਰੀਆਂ ਅਖ਼ਬਾਰਾਂ ਇਕੋ ਜਿਹੀਆਂ ਹੁੰਦੇ ਹੋਇਆਂ ਵੀ ਵੱਖੋ-ਵੱਖਰੀਆਂ ਹੁੰਦੀਆਂ ਹਨ।

ਫਿਰ ਮੁੜ ਕੇ ਚਾਰ ਕੁ ਦਹਾਕਿਆਂ ਦਾ ਛੜੱਪਾ ਮਾਰ ਕੇ ਅੱਜ ਦੇ ਜ਼ਮਾਨੇ ਵਿਚ ਆ ਪਹੁੰਚੀਏ। ਸੰਨ ਵੀਹ ਸੌ ਦਸ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਦੋ ਦਿਨਾ ਸੈਮੀਨਾਰ ਦੀ ਸਮਾਪਤੀ ਉਪਰੰਤ ਵਾਪਸੀ 'ਤੇ ਮੈਂ ਦਿੱਲੀ ਹਵਾਈ ਅੱਡੇ 'ਤੇ ਬੈਠਾ ਸਾਂ। ਸੈਨ ਫਰਾਂਸਿਸਕੋ ਜਾਣ ਵਾਲੀ ਫਲਾਈਟ ਦੋ ਤਿੰਨ ਘੰਟੇ ਲੇਟ ਸੀ। ਮੇਰੇ ਚੰਗੇ ਭਾਗਾਂ ਨੂੰ ਯੂਬਾ ਸਿਟੀ ਰਹਿੰਦਾ ਮਾਸਟਰ ਤਰਸੇਮ ਸਿੰਘ ਦਾ ਲੜਕਾ ਬਲਜੀਤ ਸਿੰਘ ਥਾਂਦੀ ਉਥੇ ਮੈਨੂੰ ਮਿਲ ਪਿਆ। ਉਸ ਨੇ ਵੀ ਮੇਰੇ ਵਾਲੀ ਫਲਾਈਟ 'ਚ ਹੀ ਸਫਰ ਕਰਨਾ ਸੀ। ਇਕ ਦੂਜੇ ਨੂੰ ਮਿਲ ਕੇ ਸਾਨੂੰ ਦੋਹਾਂ ਨੂੰ ਲਾਲੀਆਂ ਚੜ੍ਹ ਗਈਆਂ। ਉਹ ਵੀ ਇਕੱਲਾ ਤੇ ਮੈਂ ਵੀ ਇਕੱਲਾ। ਬੀਬੀਆਂ ਜਾਂ ਨਿਆਣਿਆਂ ਦੇ ਖੱਪਖਾਨੇ ਤੋਂ ਬਗੈਰ ਤੇਈ-ਚੌਵੀ ਘੰਟੇ ਪੰਜਾਬੀ ਸਾਹਿਤ ਅਤੇ ਸਿੱਖ ਸਿਆਸਤ ਬਾਰੇ ਗੱਲਾਂ ਦਾ ਕੋਹਲੂ ਲਗਾਤਾਰ ਗਿੜਨਾ ਸੀ।

ਮੈਂ ਹੈਰਾਨ ਹੋਇਆ ਦੇਖਦਾ ਹੀ ਰਹਿ ਗਿਆ, ਜਦੋਂ ਉਸ ਨੇ ਆਪਣਾ ਮੈਨੂੰ ਕਿਤਾਬਾਂ ਨਾਲ ਮੂੰਹੋਂ-ਮੂੰਹ ਭਰਿਆ ਅਟੈਚੀ ਦਿਖਾਇਆ!

"ਭਰਾਵਾ ਤੂੰ ਹੀ ਭਾਗਾਂ ਵਾਲਾ ਐਂ!!...ਸਾਡੀਆਂ ਬੀਬੀਆਂ ਨੂੰ ਤਾਂ ਜੇ ਅਟੈਚੀਆਂ ਵਿਚ ਇਕ ਅੱਧ ਕਿਤਾਬ ਰੱਖ ਲੈਣ ਦੀ ਬੇਨਤੀ ਕਰ ਦੇਈਏ, ਉਹ ਮੱਥੇ ਤਿਊੜੀ ਪਾ ਕੇ ਆਖਦੀਆਂ ਨੇ, 'ਜੇ ਭਲਾ 'ਟੈਚੀ ਵਿਚ ਤੁਹਾਡੀਆਂ ਕੜੀਆਂ-ਕਿਤਾਬਾਂ ਰੱਖਣ ਜੋਗੀ ਥਾਂ ਹੋਵੇ, ਉਥੇ ਅਸੀਂ ਆਪਣੀਆਂ ਚੁੰਨੀਆਂ ਜਾਂ ਸੂਟ ਨਾ ਤੁੰਨ ਲਈਏ?'

ਮੇਰੀ ਗੱਲ ਤੋਂ ਖਿੜ-ਖਿੜਾ ਕੇ ਹੱਸਦਿਆਂ ਉਸ ਨੇ ਅਦਬ ਨਾਲ ਆਪਣੇ ਬਾਪ ਮਾਸਟਰ ਤਰਸੇਮ ਸਿੰਘ ਨੂੰ ਯਾਦ ਕੀਤਾ, "ਇਹ ਸਭ ਭਾਪਾ ਜੀ ਦੀ ਦੇਣ ਹੈ। ਸਾਡੇ ਘਰ ਮੁੱਢੋਂ ਹੀ 'ਨਵਾਂ ਜ਼ਮਾਨਾ' ਅਖ਼ਬਾਰ ਲੱਗੀ ਹੋਈ ਸੀ। ਨੀਝ ਲਾ ਕੇ ਅਖ਼ਬਾਰਾਂ ਪੜ੍ਹਨ ਅਤੇ ਖ਼ਾਸ-ਖਾਸ ਲਿਖਤਾਂ ਦੀਆਂ ਕਾਤਰਾਂ ਸਾਂਭਣ ਦੀ ਆਦਤ ਸਾਨੂੰ ਬਚਪਨ ਵਿਚ ਹੀ ਪੈ ਗਈ ਸੀ। ਸਾਡੇ ਘਰ ਦੀਆਂ ਅਲਮਾਰੀਆਂ ਉਚ ਪਾਏ ਦੀਆਂ ਕਿਤਾਬਾਂ ਨਾਲ ਨੱਕੋ-ਨੱਕ ਭਰੀਆਂ ਹੁੰਦੀਆਂ। ਕਾਫੀ ਸਾਰਾ ਲਿਟਰੇਚਰ ਅਸੀਂ ਭਾਪਾ ਜੀ ਦੀ ਦੇਖ-ਰੇਖ ਹੇਠ ਹੀ ਪੜ੍ਹਿਆ। ਮਗਰੋਂ ਜਿਹੇ ਜਾ ਕੇ 'ਪੰਜਾਬੀ ਟ੍ਰਿਬਿਊਨ' ਵੀ ਸਾਡੇ ਘਰ ਆਉਣ ਲੱਗ ਪਈ। 'ਨਵਾਂ ਜ਼ਮਾਨਾ' ਭਾਪਾ ਜੀ ਸਕੂਲੇ ਨਾਲ ਲੈ ਜਾਂਦੇ, ਦੂਜੀ ਨੂੰ ਅਸੀਂ ਘਰੇ ਪੜ੍ਹਦੇ ਰਹਿੰਦੇ।

"ਮਾਸਟਰ ਜੀ ਹੁਣਾਂ ਨੂੰ ਇਸੇ ਪਾਸੇ ਲਾਉਣ ਲਈ ਕਿਹੜੀ ਸ਼ਖ਼ਸੀਅਤ ਸੂਤਰਧਾਰ ਬਣੀ?" ਆਪਣੇ ਸਕੂਲ ਵੇਲੇ ਦੇ ਮਾਸਟਰ ਜੀ ਬਾਰੇ ਕੁਝ ਗੱਲਾਂ ਸੁਣ ਕੇ ਮੈਂ ਬਲਜੀਤ ਨੂੰ ਸਵਾਲ ਕੀਤਾ, ਜਿਵੇਂ ਮੁਸਲਮਾਨ ਭਰਾ ਆਪਣੇ ਨਬੀ ਹਜ਼ਰਤ ਮੁਹੰਮਦ ਸਾਹਿਬ ਦਾ ਨਾਮ ਕਿਸੇ ਦੂਜੇ ਦੇ ਮੂੰਹੋਂ ਸੁਣਨ ਵੇਲੇ ਵੀ ਲੋਹੜੇ ਦਾ ਸਤਿਕਾਰ ਦਿਖਾਉਂਦੇ ਹੋਏ ਅੱਖਾਂ ਮੁੰਦ ਕੇ ਮੱਥੇ ਨੂੰ ਹੱਥ ਲਾਉਂਦੇ ਨੇ, ਇਵੇਂ ਹੀ ਬਲਜੀਤ ਨੇ ਬਾ-ਅਦਬ ਆਪਣੇ ਮਾਮਾ ਜੀ ਹੈਡਮਾਸਟਰ ਮਹਿੰਗਾ ਸਿੰਘ 'ਹੋਸ਼' ਦਾ ਨਾਂ ਲੈ ਕੇ ਦੱਸਿਆ ਕਿ ਉਹ ਸਾਡੇ ਭਾਪਾ ਜੀ ਨੂੰ ਕਮਿਊਨਿਜ਼ਮ ਦੇ ਰਾਹ ਤੋਰਨ ਵਾਲੇ ਪਥ-ਪ੍ਰਦਰਸ਼ਕ ਬਣੇ।

ਸਾਂਝੇ ਪੰਜਾਬ ਵਿਚ ਯੂਨੀਵਰਸਿਟੀ ਤੋਂ ਗੋਲਡ ਮੈਡਲ ਜੇਤੂ ਸਿੰਬਲ ਮਜਾਰਾ ਪਿੰਡ (ਨੇੜੇ ਬਲਾਚੌਰ) ਦੇ ਹੈਡਮਾਸਟਰ 'ਹੋਸ਼' ਸਾਹਿਬ ਉਸ ਵੇਲੇ ਦੇ ਮੰਨੇ-ਪ੍ਰਮੰਨੇ ਵਿੱਦਿਅਕ ਆਚਾਰੀਆ ਅਤੇ ਸਿਧਾਂਤ 'ਤੇ ਅਡੋਲ ਨਿੱਡਰ ਹੋ ਕੇ ਪਹਿਰਾ ਦੇਣ ਵਾਲੇ ਇਨਸਾਨ ਸਨ। ਬਲਜੀਤ ਨੇ ਦੱਸਿਆ ਕਿ ਮਾਮਾ ਜੀ ਤੇ ਭਾਪਾ ਜੀ ਜਦੋਂ ਆਪਸ ਵਿਚੀਂ ਕਿਸੇ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰਦੇ ਹੁੰਦੇ ਸਨ ਤਾਂ ਉਦੋਂ ਉਨ੍ਹਾਂ ਦਾ 'ਸਾਲੇ-ਭਣੋਈਏ' ਵਾਲਾ ਰਿਸ਼ਤਾ ਕਿਤੇ ਦੂਰ ਚਲਾ ਜਾਂਦਾ। ਅਜਿਹੇ ਮੌਕਿਆਂ 'ਤੇ ਉਹ ਦੋਵੇਂ ਜਣੇ ਗੋਹਜ ਭਰੀਆਂ ਵਿਚਾਰਾਂ ਕਰਨ ਵਾਲੇ ਫਿਲਾਸਫਰਾਂ ਵਾਂਗ ਲਗਦੇ। ਉਨ੍ਹਾਂ ਦੋਹਾਂ ਨੇ ਆਪਣੀ ਤਮਾਮ ਜ਼ਿੰਦਗੀ ਅਸੂਲ ਪ੍ਰਸਤੀ ਅਤੇ ਕਮਿਊਨਿਜ਼ਮ ਨੂੰ ਸਮਰਪਤ ਰਹਿੰਦਿਆਂ ਗੁਜ਼ਾਰੀ। 'ਹੋਸ਼' ਜੀ ਦੀ ਸਹਿਜ-ਸਾਦਗੀ ਅਤੇ ਕਮਾਲ ਦੀ ਯਾਦਦਾਸ਼ਤ ਬਾਰੇ ਗੱਲਾਂ ਸੁਣ-ਸੁਣ ਮੈਂ ਦੰਗ ਹੀ ਰਹਿ ਗਿਆ।

ਹਵਾਈ ਅੱਡੇ 'ਤੇ ਬੈਠਿਆਂ ਹੀ ਇਕ ਹੋਰ ਅਜੀਬ ਇਤਫਾਕੀਆ ਸਾਂਝ ਦਾ ਮੈਨੂੰ ਬਲਜੀਤ ਨਾਲ ਗੱਲਾਂ ਕਰਦਿਆਂ ਪਤਾ ਲੱਗਾ। ਉਹ ਇਹ ਕਿ ਮੈਨੂੰ ਸਭ ਤੋਂ ਪਹਿਲਾਂ ਐਤਵਾਰਤਾ ਦਾ ਪਾਠਕ ਬਣਨ ਲਈ ਜ਼ੋਰ ਪਾਉਣ ਵਾਲਾ ਜਸਪਾਲ ਸਿੰਘ ਨਾਗਰਾ, ਮਾਸਟਰ ਤਰਸੇਮ ਸਿੰਘ ਹੁਣਾਂ ਦੇ ਪਰਿਵਾਰ 'ਚ ਵਿਆਹਿਆ ਹੋਇਆ ਹੈ; ਬਲਜੀਤ ਦਾ ਜੀਜਾ ਲੱਗਦਾ ਹੈ ਉਹ। ਤਿੰਨ ਬਿੰਦੂਆਂ ਨੂੰ ਰੇਖਾਵਾਂ ਨਾਲ ਮਿਲਾਉਣ 'ਤੇ ਜਿਵੇਂ ਤਿਕੋਨ ਦਾ ਆਕਾਰ ਬਣ ਜਾਂਦਾ ਹੈ, ਇਵੇਂ ਮੇਰੇ ਚੇਤਿਆਂ ਵਿਚ ਨਵੀਂ ਸਾਹਿਤਕ ਤਿਕੋਣ ਖੁਣ ਗਈ!...ਜੋਤ ਸੇ ਜੋਤ ਜਗਾਤੇ ਚਲੋ, ਸਾਹਿਤ ਕੀ ਗੰਗਾ ਬਹਾਤੇ ਚਲੋ!!

ਪ੍ਰਸਿੱਧ ਇਤਿਹਾਸਕਾਰਾਂ ਦੇ ਲਿਖੇ ਸਿੱਖ ਇਤਿਹਾਸ ਦੇ ਨਾਲ-ਨਾਲ ਪ੍ਰੋ. ਸਾਹਿਬ ਸਿੰਘ ਦੇ ਲਿਖੇ ਹੋਏ 'ਸ੍ਰੀ ਗੁਰੂ ਗ੍ਰੰਥ ਦਰਪਨ' ਦਾ ਡੂੰਘਾ ਅਧਿਐਨ ਕਰ ਚੁੱਕੇ ਬਲਜੀਤ ਸਿੰਘ ਨਾਲ ਸਫਰ ਦੌਰਾਨ ਪੰਜਾਬੀ ਸਾਹਿਤਕਾਰਾਂ ਬਾਬਤ ਖੂਬ ਤਬਸਰਾ ਹੋਇਆ। ਜਦੋਂ ਸਾਡੀਆਂ ਗੱਲਾਂ ਦਾ ਮੁਹਾਣ ਅਮਰੀਕਾ ਦੀਆਂ ਪੰਜਾਬੀ ਅਖ਼ਬਾਰਾਂ ਵੱਲ ਮੁੜਿਆ ਤਾਂ ਮੈਂ ਆਪਣੇ ਸਾਥੀ ਨੂੰ ਪੁੱਛਿਆ ਕਿ ਉਹ ਛਪਾਈ ਅਤੇ ਸਮੱਗਰੀ ਪੱਖੋਂ ਕਿਸ ਅਖ਼ਬਾਰ ਨੂੰ ਸਿਰਮੌਰ ਮੰਨਦਾ ਹੈ? ਮੇਰੇ ਚਿੱਤ ਵਿਚ ਸੀ ਕਿ ਉਹ ਸ਼ਾਇਦ ਦੋ ਟੁੱਕ ਜਵਾਬ ਦੇਣ ਦੀ ਥਾਂ ਅਲੱਗ-ਅਲੱਗ ਅਖ਼ਬਾਰਾਂ ਦੀਆਂ ਸਿਫ਼ਤਾਂ ਕਰਨ ਲੱਗ ਪਵੇਗਾ; ਲੇਕਿਨ ਉਹਨੇ ਬੜੀ ਕਾਹਲੀ ਨਾਲ ਪਟੱਕ ਦੇਣੀ ਉਤਰ ਦਿੱਤਾ, 'ਪੰਜਾਬ ਟਾਈਮਜ਼' ਦੀ ਝੰਡੀ ਐ ਭਾਜੀ! ਇਸ ਅਖ਼ਬਾਰ ਦਾ ਮਿਆਰ,...ਕਿਆ ਬਾਤ ਹੈ!!'

# ਗਦਰੀ ਤੇ ਹਿੰਦੁਸਤਾਨ ਦੀ ਆਜ਼ਾਦੀ

ਬਾਤਾਂ ਗਦਰ ਦੀਆਂ

ਕਿਰਪਾਲ ਸਿੰਘ ਸੰਧੂ
ਫੋਨ: 559-259-4844

ਹਿੰਦੁਸਤਾਨ ਦੇ ਆਜ਼ਾਦੀ ਅੰਦੋਲਨ ਦੀ ਗੱਲ ਤੁਰਦੀ ਹੈ ਤਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਨ ਵਾਲੇ ਮੇਲੇ ਹੋਣ, ਭਾਵੇਂ ਸੱਥਾਂ-ਗਦਰ ਪਾਰਟੀ ਦੀ ਗੱਲ ਕਰਦਿਆਂ ਵਿਦੇਸ਼ੀ ਸਰਕਾਰ ਦੇ ਘਰ ਜਾ ਕੇ 'ਖੂਨ ਦਾ ਬਦਲਾ ਖੂਨ' ਲੈਣ ਵਾਲੇ ਤੇ ਖੁਦ ਹੱਸਦਿਆਂ ਫਾਂਸੀ ਦੇ ਤਖ਼ਤੇ 'ਤੇ ਚੜ੍ਹ ਜਾਣ ਤੇ ਹੋਰ ਕਸ਼ਟ ਸਹਿਣ ਅਤੇ ਸ਼ਹੀਦੀਆਂ ਪਾਉਣ ਵਾਲਿਆਂ ਦੇ ਇਤਿਹਾਸ ਦੀ ਗੱਲ ਕੀਤੇ ਬਗੈਰ ਗੱਲ ਅਧੂਰੀ ਹੀ ਨਹੀਂ, ਸਗੋਂ ਬੇਮਾਇਨੀ ਹੈ।

ਕੁਦਰਤ ਨੇ ਭਾਰਤ ਦੀ ਧਰਤੀ ਨੂੰ ਬਦਲਵੇਂ ਮੌਸਮ, ਉਚੇ ਪਹਾੜਾਂ ਦੀਆਂ ਹਰੀਆਂ ਕਚੂਰ ਵਾਦੀਆਂ, ਨਦੀਆਂ, ਖੁੱਲ੍ਹੇ-ਡੁੱਲ੍ਹੇ ਮੈਦਾਨਾਂ ਅਤੇ ਉਪਜਾਊ ਜ਼ਮੀਨ ਨਾਲ ਸ਼ਿੰਗਾਰਿਆ। ਗੱਲ ਕੀ, ਇਹ ਧਰਤੀ ਸਵਰਗ ਦਾ ਨਮੂਨਾ ਹੈ। ਸਿੰਧੂ ਘਾਟੀ ਦੀ ਸੱਭਿਅਤਾ ਮਨੁੱਖੀ ਇਤਿਹਾਸ ਵਿਚ ਬਹੁਤ ਪੁਰਾਣੀ ਤੇ ਉਨਤ ਸਭਿਅਤਾ ਹੈ। ਕੁਦਰਤ ਵੱਲੋਂ ਮਿਲੀ ਨੇਅਮਤ ਦਾ ਮਨੁੱਖ ਲਾਭ ਉਠਾਉਂਦਾ ਹੋਇਆ ਕੁਦਰਤ ਦੇ ਨਿਯਮਾਂ ਅਨੁਸਾਰ ਨਵੀਆਂ-ਨਵੀਆਂ ਖੋਜਾਂ ਕਰਨ ਲੱਗਾ। ਰੋਜ਼-ਮਰ੍ਹਾ ਦੀ ਖੁਰਾਕ ਨਾਲੋਂ ਵੱਧ ਖੁਰਾਕ ਪੈਦਾ ਕਰ ਕੇ ਜਮ੍ਹਾਂ ਕਰਨ ਲੱਗਾ। ਖੁਰਾਕ ਵੱਟੇ ਖੁਰਾਕ ਦਾ ਵਟਾਂਦਰਾ ਵੀ ਕਰਨ ਲੱਗਾ। ਫਿਰ ਜਿਨਸੀ ਤਬਾਦਲੇ ਦੇ ਬਦਲੇ ਕਰੰਸੀ ਨੇ ਲੈ ਲਈ ਜਿਸ ਨੂੰ ਵਪਾਰੀਕਰਨ ਆਖਦੇ ਹਨ। ਚੀਨੀ ਯਾਤਰੂ ਹਿਊਨ ਸਾਂਗ ਤੇ ਫਾਹੀਆਨ ਆਪਣੀਆਂ ਲਿਖਤਾਂ ਵਿਚ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ। ਉਸ ਸਮੇਂ ਲੋਕੀ ਮਿਹਨਤੀ, ਇਮਾਨਦਾਰ ਤੇ ਖੁਸ਼ਹਾਲ ਸਨ। ਚੋਰੀ ਦਾ ਡਰ ਨਹੀਂ ਸੀ। ਔਰਤ ਨੂੰ ਇੱਜ਼ਤ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਸੀ।

ਪੱਛਮ ਵਾਲੇ ਪਾਸਿਉਂ ਅਫਗਾਨ, ਮੁਗਲ, ਤੁਰਕ ਹਮਲਾਵਰਾਂ ਨੇ ਭਾਰਤ ਦੀ ਉਪਜਾਊ ਜ਼ਮੀਨ ਦੇ ਕੁਦਰਤੀ ਵਸੀਲਿਆਂ ਨੂੰ ਲੁੱਟਣ ਤੇ ਕਬਜ਼ਾ ਕਰਨ ਲਈ ਹਮਲੇ ਕੀਤੇ। ਮੁਗਲਾਂ ਨੇ ਤਾਂ ਕਈ ਸਦੀਆਂ ਇੱਥੇ ਰਾਜ ਵੀ ਕੀਤਾ। ਉਹ ਇੱਥੋਂ ਦੇ ਹੀ ਹੋ ਕੇ ਰਹਿ ਗਏ।

ਮੁਗਲ ਬਾਦਸ਼ਾਹ ਜਹਾਂਗੀਰ ਦੇ ਰਾਜ ਕਾਲ ਦੌਰਾਨ 1600 ਈ. ਨੂੰ ਕਲਕੱਤੇ ਈਸਟ ਇੰਡੀਆ ਨਾਂ ਦੀ ਵਪਾਰਕ ਕੰਪਨੀ ਆ ਪਹੁੰਚੀ। ਈਸਟ ਇੰਡੀਆ ਕੰਪਨੀ ਦਾ ਕੰਮ ਤਾਂ ਵਪਾਰ ਕਰਨਾ ਸੀ ਪਰ ਉਨ੍ਹਾਂ ਦੀ ਅੱਖ ਇੱਥੋਂ ਦੇ ਭਰਪੂਰ ਤੇ ਉਪਜਾਊ ਵਸੀਲਿਆਂ 'ਤੇ ਕਬਜ਼ਾ ਕਰ ਕੇ ਆਪਣਾ ਰਾਜ ਸਥਾਪਤ ਕਰਨ ਉਤੇ ਸੀ। ਉਨ੍ਹਾਂ ਭਾਰਤੀ ਰਾਜਿਆਂ ਦੇ ਆਪਸੀ ਝਗੜਿਆਂ ਵਿਚ 'ਪਾੜੋ ਤੇ ਰਾਜ ਕਰੋ' ਦੀ ਨੀਤੀ ਤਹਿਤ ਰਾਜਾਂ 'ਤੇ ਕਬਜ਼ਾ ਕਰਨਾ ਅਰੰਭ ਕਰ ਦਿੱਤਾ। ਦਿੱਲੀ 'ਤੇ ਕਬਜ਼ਾ ਕਰਨ ਤੋਂ ਬਾਅਦ 1849 ਈ. ਵਿਚ ਪੰਜਾਬ ਨੂੰ ਵੀ ਇਸੇ ਨੀਤੀ ਤਹਿਤ ਆਪਣੇ ਅਧੀਨ ਕਰ ਲਿਆ ਤੇ ਇੰਗਲੈਂਡ ਦੀ ਰਾਣੀ ਮਲਕਾ ਵਿਕਟੋਰੀਆ ਸਮੁੱਚੇ ਭਾਰਤ ਦੀ ਹੋਣੀ ਦੀ ਮਾਲਕ ਬਣ ਬੈਠੀ। ਭਾਰਤ 'ਤੇ ਯੂਨੀਅਨ ਜੈਕ ਝੂਲਣ ਲੱਗਾ। ਆਪਣੇ ਵਪਾਰਕ ਲਾਭ ਹਿੱਤ ਅੰਗਰੇਜ਼ਾਂ ਨੇ ਸ਼ਹਿਰਾਂ ਤੇ ਬੰਦਰਗਾਹਾਂ ਨੂੰ ਰੇਲਵੇ ਲਾਈਨਾਂ ਰਾਹੀਂ ਜੋੜਿਆ ਤਾਂ ਜੋ ਕੱਚਾ ਮਾਲ ਖਰੀਦ ਕੇ ਸਮੁੰਦਰੀ ਜਹਾਜ਼ਾਂ ਰਾਹੀਂ ਇੰਗਲੈਂਡ ਪੁੱਜਦਾ ਕੀਤਾ ਜਾਵੇ ਅਤੇ ਫਿਰ ਇੰਗਲੈਂਡ ਦੇ ਕਾਰਖਾਨਿਆਂ 'ਚ ਤਿਆਰ ਮਾਲ ਇਥੇ ਲਿਆ ਕੇ ਵੇਚਿਆ ਜਾਵੇ। ਇਸ ਤਰ੍ਹਾਂ ਦਵੱਲੀ ਲੁੱਟ ਨੇ ਭਾਰਤ ਦੀ ਦਸਤਕਾਰੀ ਤੇ ਛੋਟੀ ਸਨਅਤ ਬਰਬਾਦੀ ਦੇ ਕੰਢੇ ਲਿਆ ਖੜ੍ਹੀ ਕੀਤੀ। ਮਜ਼ਦੂਰ ਬੇਕਾਰ ਹੋਣ ਲੱਗਾ। ਮੁਲਕ ਵਿਚ ਦੋ ਵਾਰ ਕਾਲ ਵੀ ਪਿਆ ਅਤੇ ਲੱਖਾਂ ਲੋਕ ਭੁੱਖਮਾਰੀ ਦਾ ਸ਼ਿਕਾਰ ਹੋਏ।

ਉਨੀਵੀਂ ਸਦੀ ਦੇ ਅਖੀਰ ਅਤੇ ਵੀਹਵੀਂ ਸਦੀ ਦੇ ਅਰੰਭ ਵਿਚ ਜਗੀਰਦਾਰੀ ਤੇ ਸ਼ਾਹੂਕਾਰਾ ਸਿਸਟਮ ਪੂਰੇ ਜ਼ੋਰਾਂ 'ਤੇ ਹੋਣ ਕਰ ਕੇ ਮੱਧਵਰਗੀ ਕਿਸਾਨ ਮੰਦਵਾੜੇ ਦਾ ਸ਼ਿਕਾਰ ਹੋ ਗਿਆ। ਮੁਨਾਫ਼ਾ ਕਮਾਉਣ ਵਾਲੀ ਸਰਕਾਰ ਉਸ ਹੱਦ ਤੱਕ ਹੀ ਮਦਦ ਕਰਦੀ ਜਿੱਥੋਂ ਤੱਕ ਉਸ ਦਾ ਆਪਣਾ ਮੁਨਾਫਾ ਕਾਇਮ ਰਹੇ। ਇਸ ਮੰਦਹਾਲੀ ਵਿਚ ਬਹੁਤ ਮਿਹਨਤ ਮਜ਼ਦੂਰੀ ਕਰਨ ਵਾਲੇ ਕਾਮੇ ਹੋਰ ਆਜ਼ਾਦ ਮੁਲਕਾਂ ਵਿਚ ਆਪਣੇ ਪਰਿਵਾਰਾਂ ਦੀ ਗੁਰਬਤ ਦੂਰ ਕਰਨ ਖਾਤਰ ਆਏ। ਇੱਥੇ ਆਜ਼ਾਦ ਤਰੱਕੀ ਪਜ਼ੀਰ ਮੁਲਕਾਂ ਦਾ ਰਹਿਣਾ-ਸਹਿਣ ਦੇਖਿਆ-ਵਿਚਾਰਿਆ। ਸਰਕਾਰ ਹਰ ਦੇਸ਼ਵਾਸੀ ਦੀ ਲੋੜ ਪੂਰਾ ਕਰਨਾ ਜਿੱਥੇ ਆਪਣਾ ਫਰਜ਼ ਸਮਝਦੀ ਹੈ, ਉਥੇ ਹਰ ਦੇਸ਼ਵਾਸੀ ਆਪਣੇ ਮੁਲਕ ਪ੍ਰਤੀ ਜ਼ਰਾ ਜਿੰਨੀ ਵੀ ਗਫਲਤ ਜਾਂ ਕੁਤਾਹੀ ਨਹੀਂ ਕਰਦਾ। ਇਹੀ ਇਨ੍ਹਾਂ ਆਜ਼ਾਦ ਮੁਲਕਾਂ ਦੀ ਤਰੱਕੀ ਤੇ ਕਾਮਯਾਬੀ ਦਾ ਰਾਜ ਹੈ। ਗੁਲਾਮ ਮੁਲਕਾਂ ਤੋਂ ਆਏ ਕਾਮਿਆਂ ਤੇ ਪਾੜ੍ਹਿਆਂ ਨਾਲ ਹੋ ਰਹੇ ਵਿਤਕਰੇ ਨੇ ਉਨ੍ਹਾਂ ਨੂੰ ਸੋਚਣ 'ਤੇ ਮਜਬੂਰ ਕਰ ਦਿੱਤਾ। ਉਹ ਇਸ ਸਿੱਟੇ 'ਤੇ ਪੁੱਜੇ ਕਿ ਦੇਸ਼ ਨੂੰ ਆਜ਼ਾਦ ਕਰਾਇਆ ਜਾਏ। ਉਨ੍ਹਾਂ ਨੇ 1913 ਵਿਚ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ, ਜਵਾਲਾ ਸਿੰਘ ਠੱਠਗੜ੍ਹ ਦੇ ਯਤਨਾਂ ਨਾਲ 1857 ਵਾਲੇ ਗਦਰ ਦੀ ਯਾਦ ਵਿਚ ਗਦਰ ਪਾਰਟੀ ਨਾਂ ਰੱਖ ਕੇ ਸ਼ਕਤੀਸ਼ਾਲੀ ਜਥੇਬੰਦੀ ਬਣਾਈ ਜਿਸ ਦਾ ਨਿਰੋਲ ਖਾਸਾ ਗੈਰ-ਮਜ਼੍ਹਬੀ, ਆਰਥਕ ਬਰਾਬਰੀ ਅਤੇ ਆਜ਼ਾਦੀ ਸੀ। ਗਦਰ ਪਾਰਟੀ ਨੇ ਪ੍ਰਚਾਰ ਲਈ 'ਗਦਰ ਦੀ ਗੂੰਜ' ਅਖਬਾਰ ਸੈਨ ਫਰਾਂਸਿਸਕੋ ਤੋਂ ਕੱਢਣਾ ਸ਼ੁਰੂ ਕੀਤਾ। ਇਸ ਅਖ਼ਬਾਰ ਨੂੰ ਦੂਜੇ ਦੇਸ਼ਾਂ ਦੇ ਗਦਰੀਆਂ ਤੱਕ ਬੜੇ ਗੁਪਤ ਤੇ ਬਦਲਵੇਂ ਢੰਗ ਨਾਲ ਭੇਜਿਆ ਜਾਂਦਾ ਸੀ। ਜਦੋਂ ਪ੍ਰਬੰਧਕ ਇਹ ਅਖ਼ਬਾਰ ਭੇਜਦੇ ਤਾਂ ਉਹ ਗੁਣਗਣਾਉਂਦੇ,

ਲੈ ਨੀ ਗੂੰਜ ਗਦਰੀ ਬਣ ਕੇ ਕੂੰਜ ਉਡ ਜਾ,
ਹੋਕਾ ਗਦਰ ਦਾ ਫੇਰ ਜਹਾਨ ਅੰਦਰ।

ਗਦਰੀਆਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਮੁਲਕ ਵਿਚ ਚੱਲ ਰਹੀਆਂ ਨਾ ਮਿਲਵਰਤਣ ਲਹਿਰਾਂ, ਬਾਈਕਾਟ ਦੇਸ਼ ਦੀ ਜਨਤਾ ਨੂੰ ਇਕੱਠਿਆਂ ਰੱਖਣ ਲਈ ਜਾਂ ਉਨ੍ਹਾਂ ਦੇ ਮਨੋਬਲ ਨੂੰ ਸਹਾਰਾ ਤਾਂ ਦੇ ਸਕਦੀਆਂ ਹਨ ਪਰ ਬਰਤਾਨਵੀ ਸਰਕਾਰ ਦੀ ਗੁਲਾਮੀ ਤੋਂ ਛੁਟਕਾਰਾ ਨਹੀਂ ਦਿਵਾ ਸਕਦੀਆਂ। ਇਸੇ ਸਮਝ ਨਾਲ ਗਦਰ ਪਾਰਟੀ ਹਥਿਆਰਬੰਦ ਘੋਲ 'ਤੇ ਜ਼ੋਰ ਦੇ ਰਹੀ ਸੀ। ਗਦਰ ਪਾਰਟੀ ਦੇ ਫੈਸਲੇ ਅਨੁਸਾਰ ਦੂਜੇ ਮੁਲਕਾਂ ਵਿਚ ਕੰਮ ਕਰ ਰਹੇ ਗਦਰੀ ਉਥੋਂ ਦਾ ਸੁੱਖ ਤੇ ਧਨ ਦੌਲਤ ਨੂੰ ਠੋਕਰ ਮਾਰ ਆਪਣੀ ਮਾਤ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਵਾਪਸ ਮੁੜਨੇ ਸ਼ੁਰੂ ਹੋ ਗਏ।

ਗਦਰੀਆਂ ਨੇ ਮੁਲਕ ਨੂੰ ਹਥਿਆਰਬੰਦ ਘੋਲ ਰਾਹੀਂ ਆਜ਼ਾਦ ਕਰਵਾਉਣ ਲਈ ਫੌਜੀ ਛਾਉਣੀਆਂ ਵੱਲ ਪ੍ਰਚਾਰ ਨੂੰ ਖਾਸ ਅਹਿਮੀਅਤ ਦਿੱਤੀ। ਹਾਂਗਕਾਂਗ, ਸੰਘਈ, ਫਿਰੋਜ਼ਪੁਰ, ਅੰਬਾਲਾ, ਮੇਰਠ, ਬੰਨੂਕੁਰਾਟ ਤੇ ਸਿੰਗਾਪੁਰ ਅਤੇ ਹੋਰ ਫੌਜੀ ਛਾਉਣੀਆਂ ਵਿਚ ਸੰਪਰਕ ਕਰ ਕੇ ਬਗਾਵਤ ਦੇ ਬੀਜ ਬੀਜਣੇ ਅਰੰਭ ਕਰ ਦਿੱਤੇ। ਇਸ ਨੇ ਆਪਣੇ ਰੰਗ ਵੀ ਦਿਖਾਏ। ਬਰਤਾਨਵੀ ਸਰਕਾਰ ਨੂੰ ਆਪਣਾ ਤਖ਼ਤ ਡੋਲਦਾ ਲੱਗਿਆ। ਸਰਕਾਰ ਤਸ਼ੱਦਦ 'ਤੇ ਉਤਰ ਆਈ। ਦੇਸ਼ ਭਗਤ ਗਦਰੀਆਂ ਨੇ ਸਰਕਾਰ ਦੇ ਹਰ ਜਬਰ ਨੂੰ ਖਿੜੇ ਮੱਥੇ ਸਹਾਰਿਆ, ਜੇਲ੍ਹਾਂ ਵਿਚ ਗਏ, ਗੋਲੀਆਂ ਦਾ ਨਿਸ਼ਾਨਾ ਬਣੇ, ਫਾਂਸੀਆਂ ਦੇ ਰੱਸੇ ਚੁੰਮੇ। ਇਥੇ ਹੀ ਬੱਸ ਨਹੀਂ, ਫੌਜੀਆਂ ਦੇ ਜਗ੍ਹਾ-ਜਗ੍ਹਾ ਕੋਰਟ ਮਾਰਸ਼ਲ ਹੋਏ। ਖੁੱਲ੍ਹੇ ਮੈਦਾਨਾਂ ਵਿਚ ਗੋਲੀਆਂ ਉਨ੍ਹਾਂ ਆਪਣੀਆਂ ਛਾਤੀਆਂ 'ਤੇ ਝੱਲੀਆਂ।

ਸਮੁੰਦਰੀ ਫੌਜ ਨੇ ਬਗਾਵਤ ਕੀਤੀ ਤੇ ਹਵਾ ਵਿਚ ਆਪਣਾ ਪਹਿਲਾ ਗੋਲਾ ਦਾਗਿਆ ਤਾਂ ਵਿਦੇਸ਼ੀ ਸਰਕਾਰ ਨੂੰ ਯਕੀਨ ਹੋ ਗਿਆ ਕਿ ਹੁਣ ਭਾਰਤ ਛੱਡਣਾ ਹੀ ਪਵੇਗਾ। ਹੁਣ ਆਜ਼ਾਦੀ ਦਾ ਸਿਹਰਾ ਭਾਵੇਂ ਜਿਹਦੇ ਸਿਰ ਮਰਜ਼ੀ ਬੰਨ੍ਹਿਆ ਜਾਵੇ ਪਰ ਸੱਚਾਈ ਇਹ ਹੈ ਕਿ ਗਦਰੀਆਂ ਨੇ ਦੇਸ਼ ਆਜ਼ਾਦ ਕਰਵਾਉਣ ਲਈ ਜੋ ਹਥਿਆਰਬੰਦ ਘੋਲ ਉਲੀਕਿਆ ਸੀ, ਉਹਦੀ ਰਹਿਨੁਮਾਈ ਥੱਲੇ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ ਅਤੇ ਫੌਜੀਆਂ ਨੇ ਆਪਣਾ ਲਹੂ ਪਾ ਕੇ ਆਜ਼ਾਦੀ ਦੀ ਲਾਟ ਨੂੰ ਬਲਦੇ ਰੱਖਿਆ ਤੇ ਕਈ ਸੌ ਸਾਲਾਂ ਦੀ ਗੁਲਾਮੀ ਦੀ ਪਈ ਹੋਈ ਛੱਟ ਨੂੰ ਲਾਹ ਦਿੱਤਾ। ਅੰਤ 15 ਅਗਸਤ 1947 ਨੂੰ ਦੇਸ਼ ਆਜ਼ਾਦ ਹੋਇਆ।

ਹਿੰਦੁਸਤਾਨੀ ਵਸੋਂ ਨਾਲ ਸਨੇਹ ਤੇ ਪਿਆਰ ਰੱਖਣ ਵਾਲੇ ਹਿੰਦੁਸਤਾਨੀ ਅਮਰੀਕਨ ਸੂਝਵਾਨ ਦੋਸਤੋ ਯਾਦ ਰਹੇ ਸਦੀਆਂ ਤੋਂ ਰਜਵਾੜਾਸ਼ਾਹੀ ਅਤੇ ਵਿਦੇਸ਼ੀ ਹਮਲਾਵਰਾਂ ਅਤੇ ਸਾਮਰਾਜੀ ਮੁਲਕਾਂ ਦੀਆਂ ਮਾਰਾਂ ਝੱਲਦੇ ਹਿੰਦੁਸਤਾਨੀ ਆਵਾਮ ਨੇ ਆਖਰ ਗਦਰੀ ਬਾਬਿਆਂ ਵਲੋਂ ਆਜ਼ਾਦੀ ਦੇ ਲਾਏ ਗਏ ਜਾਗ ਸਦਕਾ ਵੱਖ ਵੱਖ ਲਹਿਰਾਂ ਰਾਹੀਂ ਕੁਰਬਾਨੀਆਂ ਦੀਆ ਸਿਖਰਾਂ ਛੋਹ ਕੇ ਦੇਸ਼ ਨੂੰ ਆਜ਼ਾਦ ਕਰਾਇਆ। ਅਨੇਕਾਂ ਸਿਰੜੀ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਮੌਕੇ ਦੀਆਂ ਸਰਕਾਰਾਂ ਅੱਖੋਂ ਓਹਲੇ ਕਰਕੇ ਆਜ਼ਾਦੀ ਦੇ ਇਤਿਹਾਸ ਨੂੰ ਤੋੜ ਮਰੋੜ ਕੇ ਆਪਣੇ ਪੱਖ ਵਿਚ ਪੇਸ਼ ਕਰਦੀਆਂ ਹਨ। ਮੇਰਾ ਵਿਸ਼ਵਾਸ ਹੈ ਕਿ ਇਕ ਦਿਨ ਆਏਗਾ, ਪੁੱਤ ਨਹੀਂ, ਪੋਤੇ ਸਹੀ ਜਾਂ ਪੜਪੋਤੇ, ਇਕ ਦਿਨ ਆਜ਼ਾਦੀ ਦੇ ਇਤਿਹਾਸ ਵਿਚ ਡੁੱਲ੍ਹੇ ਪਵਿੱਤਰ ਲਹੂ ਦਾ ਜ਼ਰੂਰ ਮੁੱਲ ਪਾਉਣਗੇ (ਠੀਕ ਇਤਿਹਾਸ ਪੇਸ਼ ਕਰਕੇ)।

**Punjab Times**
***Ph: 847-359-0746***
***Fax: 847-705-9388***
*Visit us on the web:*
***punjabtimesusa.com***

# ਭਾਰਤੀ ਕੌਂਸਲੇਟ ਵਲੋਂ ਗਦਰ ਲਹਿਰ ਦੀ ਸ਼ਤਾਬਦੀ ਮਨਾਉਣ ਬਾਰੇ ਮੀਟਿੰਗ

**ਸੈਨ ਫਰਾਂਸਿਸਕੋ (ਬਿਊਰੋ):** ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਐਨ ਪਾਰਥਾਸਾਰਥੀ ਵਲੋਂ ਗਦਰ ਲਹਿਰ ਦੀ ਅਗਲੇ ਸਾਲ ਮਨਾਈ ਜਾ ਰਹੀ ਸ਼ਤਾਬਦੀ ਸਬੰਧੀ ਭਾਰਤੀ ਜਥੇਬੰਦੀਆਂ ਦੀ ਇਕ ਮੀਟਿੰਗ 15 ਅਗਸਤ ਨੂੰ ਇਥੇ ਗਦਰ ਮੈਮੋਰੀਅਲ ਹਾਲ ਵਿਚ ਬੁਲਾਈ ਗਈ ਜਿਸ ਵਿਚ ਬਹੁਤ ਸਾਰੀਆਂ ਭਾਰਤੀ ਸਮਾਜਕ ਤੇ ਸਭਿਆਚਾਰਕ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ।

ਮੀਟਿੰਗ ਦੇ ਉਦਘਾਟਨੀ ਭਾਸ਼ਣ ਵਿਚ ਸ੍ਰੀ ਐਨ ਪਾਰਥਾਸਾਰਥੀ ਨੇ ਗਦਰੀ ਬਾਬਿਆਂ ਦੀਆਂ ਅਦੁੱਤੀ ਕੁਰਬਾਨੀਆਂ ਦਾ ਵੇਰਵੇ ਸਹਿਤ ਖੁਲਾਸਾ ਕਰਦਿਆਂ ਸਾਰੀਆਂ ਭਾਰਤੀ ਜਥੇਬੰਦੀਆਂ ਨੂੰ ਗਦਰੀ ਬਾਬਿਆਂ ਦੀ ਅਗਲੇ ਸਾਲ ਮਨਾਈ ਜਾ ਰਹੀ ਸ਼ਤਾਬਦੀ ਨੂੰ ਕਾਮਯਾਬ ਕਰਨ ਲਈ ਹਰ ਸਹਿਯੋਗ ਦੇਣ ਦੀ ਅਪੀਲ ਕੀਤੀ ਅਤੇ ਇਨ੍ਹਾਂ ਦੇ ਮੁਖੀਆਂ ਨੂੰ ਸ਼ਤਾਬਦੀ ਜਸ਼ਨਾਂ ਵਿਚ ਪੂਰੀ ਸਰਗਰਮੀ ਨਾਲ ਸ਼ਰੀਕ ਹੋਣ ਲਈ ਆਖਿਆ।

ਕੌਂਸਲ ਜਨਰਲ ਸ੍ਰੀ ਪਾਰਥਾਸਾਰਥੀ ਨੇ ਭਾਰਤੀ ਭਾਈਚਾਰੇ ਨੂੰ ਆਜ਼ਾਦੀ ਦਿਨ ਦੀ ਵਧਾਈ ਦਿੰਦਿਆਂ ਦੱਸਿਆ ਕਿ ਕੈਲੀਫੋਰਨੀਆ ਸਟੇਟ ਅਸੈਂਬਲੀ ਨੇ 6 ਅਗਸਤ ਨੂੰ ਭਾਰਤੀ ਆਜ਼ਾਦੀ ਦਿਨ ਨੂੰ ਪ੍ਰਵਾਨਗੀ ਦਿੰਦਿਆਂ ਇਕ ਅਹਿਮ ਮਤਾ ਪਾਸ ਕੀਤਾ ਅਤੇ ਸਾਰੇ ਕੈਲੀਫੋਰਨੀਆ ਵਾਸੀਆਂ ਨੂੰ ਸਭਿਆਚਾਰਾਂ ਦੀ ਵੰਨ-ਸੁਵੰਨਤਾ ਨੂੰ ਮਾਨਣ ਦੀ ਅਪੀਲ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਮਤਾ ਬੇਏਰੀਆ ਤੋਂ ਅਸੈਂਬਲੀ ਮੈਂਬਰ ਬਾਬ ਵਿਕੋਸਕੀ ਵਲੋਂ ਪੇਸ਼ ਕੀਤਾ ਗਿਆ ਸੀ ਅਤੇ ਇਸ ਦੀ ਹਮਾਇਤ ਬਹੁਤ ਸਾਰੇ ਮੈਂਬਰਾਂ ਨੇ ਕੀਤੀ।



ਸ੍ਰੀ ਪਾਰਥਾਸਾਰਥੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ

ਸਪੀਕਰ ਜੋਹਨ ਪੈਰਿਸ ਨੇ ਭਾਰਤੀ ਜਮਹੂਰੀਅਤ ਦੀ ਉਚੇਚੀ ਪ੍ਰਸ਼ੰਸਾ ਕੀਤੀ।

ਮੀਟਿੰਗ ਦੀ ਸ਼ੁਰੂਆਤ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਵਲੋਂ ਸ਼ਮ੍ਹਾਂ ਰੌਸ਼ਨ ਕੀਤੇ ਜਾਣ ਨਾਲ ਹੋਈ। 5 ਅਗਸਤ ਨੂੰ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਇਕ ਸਿਰ ਫਿਰੇ ਨਸਲਪ੍ਰਸਤ ਵਲੋਂ ਗੋਲੀ ਚਲਾ ਕੇ ਛੇ ਸਿੱਖ ਸ਼ਰਧਾਲੂਆਂ ਨੂੰ ਮਾਰ ਦੇਣ ਅਤੇ ਕਈਆਂ ਨੂੰ ਜ਼ਖਮੀ ਕਰ ਦੇਣ ਦੀ ਘਟਨਾ ਪ੍ਰਤੀ ਅਫਸੋਸ ਅਤੇ ਮ੍ਰਿਤਕਾਂ ਪ੍ਰਤੀ ਸ਼ਰਧਾਂਜਲੀ ਵਜੋਂ ਦੋ ਮਿੰਟ ਦਾ ਮੋਨ ਧਾਰਿਆ ਗਿਆ।

ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼ ਦੇ ਚੇਅਰਮੈਨ ਡਾ. ਰਮੇਸ਼ ਜਾਪਰਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਅਪੀਲ ਕੀਤੀ ਕਿ ਸਾਨੂੰ ਸਭਨਾਂ ਨੂੰ ਗਦਰ ਸ਼ਤਾਬਦੀ ਲਈ ਇਕ ਜੁਟ ਹੋ ਕੇ ਤਿਆਰੀਆਂ ਵਿਚ ਜੁਟ ਜਾਣਾ ਚਾਹੀਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਕਮੇਟੀ ਗਦਰ ਸ਼ਤਾਬਦੀ ਨੂੰ ਯਾਦਗਾਰੀ ਬਣਾਉਣ ਲਈ ਆਪਣੀ ਸਾਰੀ ਤਾਕਤ ਲਾਵੇਗੀ।

ਸ. ਚਰਨ ਸਿੰਘ ਜੱਜ ਨੇ ਇਸ ਮੌਕੇ ਜ਼ੋਰ ਦੇ ਕੇ ਆਖਿਆ ਕਿ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਬਹੁਤ ਅਣਮੁੱਲੀਆਂ ਤੇ ਉਚੀਆਂ-ਸੁੱਚੀਆਂ ਹਨ। ਉਨ੍ਹਾਂ ਸਦਕਾ ਹੀ ਅਸੀਂ ਅੱਜ ਸਾਰੇ ਭਾਰਤੀ ਮੌਜਾਂ ਮਾਣ ਰਹੇ ਹਾਂ। ਅੱਜ ਭਾਰਤ ਦੀ ਹਕੂਮਤ ਉਤੇ ਉਚ ਅਹੁਦਿਆਂ 'ਤੇ ਬਿਰਾਜਮਾਨ ਕੇਂਦਰ ਸਰਕਾਰ ਦੇ ਆਗੂ ਇਨ੍ਹਾਂ ਕੁਰਬਾਨੀਆਂ ਦਾ ਸਦਕਾ ਹੀ ਹਨ। ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ 6-7 ਜੁਲਾਈ 2013 ਨੂੰ ਮਨਾਈ ਜਾ ਰਹੀ ਸ਼ਤਾਬਦੀ ਮੌਕੇ ਸੈਕਰਾਮੈਂਟੋ, ਕੈਲੀਫੋਰਨੀਆ ਪਹੁੰਚ ਕੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਟ ਕਰਨ। ਭਾਰਤ ਸਰਕਾਰ ਨੂੰ ਇਸ ਸਾਰੇ ਪ੍ਰੋਗਰਾਮ ਦੀ ਕਾਮਯਾਬੀ ਵਾਸਤੇ ਆਪਣਾ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਕੈਲੀਫੋਰਨੀਆ ਦੀਆਂ ਸਾਰੀਆਂ ਜਥੇਬੰਦੀਆਂ ਨੂੰ ਮੀਟਿੰਗ ਕਰਕੇ ਫੈਸਲਾ ਕਰਨਾ ਚਾਹੀਦਾ ਹੈ ਕਿ ਵੱਖ ਵੱਖ ਸ਼ਹਿਰਾਂ ਵਿਚ ਹੋਰ ਵੀ ਕੀ ਕੁਝ ਕਰਨਾ ਹੈ।



ਚਰਨ ਸਿੰਘ ਜੱਜ ਸ਼ਮ੍ਹਾਂ ਰੌਸ਼ਨ ਕਰਦੇ ਹੋਏ, ਨਾਲ ਹਨ ਬੀਬੀ ਪ੍ਰਗਤੀ



ਮੀਟਿੰਗ ਵਿਚ ਹਾਜ਼ਰ ਜਥੇਬੰਦੀਆਂ ਦੇ ਨੁਮਾਇੰਦੇ

ਇਸ ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਡਾ. ਨੀਰਜ ਬਖਸ਼ੀ, ਪੱਤਰਕਾਰ ਸਤਨਾਮ ਸਿੰਘ ਚਾਹਲ, ਗਲੋਬਲ ਆਰਗੇਨਾਈਜੇਸ਼ਨ ਆਫ ਇੰਡੀਅਨ ਓਰੀਜਨ ਦੇ ਬੁਲਾਰੇ ਨੇ ਵੀ ਸੰਬੋਧਨ ਕੀਤਾ।

ਮੀਟਿੰਗ ਦੇ ਸ਼ੁਰੂ ਵਿਚ ਪਿਸ਼ੌਰਾ ਸਿੰਘ ਢਿੱਲੋਂ ਨੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਦੀ ਗਾਥਾ ਬਿਆਨ ਕਰਦੀ ਇਕ ਨਜ਼ਮ ਤਰੰਨਮ ਵਿਚ ਪੇਸ਼ ਕੀਤੀ। ਗਾਇਕ ਅਨੂਪ ਸਿੰਘ ਚੀਮਾ ਅਤੇ ਤਰਲੋਕ ਸਿੰਘ ਨੇ "ਸਲਾਮ ਸ਼ਹੀਦਾਂ ਨੂੰ" ਨਾਂ ਦੀ ਗਜ਼ਲ ਬਹੁਤ ਹੀ ਸੁਰੀਲੇ ਸੁਰ ਵਿਚ ਪੇਸ਼ ਕੀਤੀ। ਪੰਮੀ ਮਾਨ ਨੇ ਆਜ਼ਾਦੀ ਬਾਰੇ ਇਕ ਕਵਿਤਾ ਕਹੀ ਅਤੇ ਲੀਲਾ ਮਾਥੁਰ ਨੇ ਲਤਾ ਮੰਗੇਸ਼ਕਰ ਦਾ ਇਕ ਗੀਤ ਪੇਸ਼ ਕੀਤਾ। ਮੀਟਿੰਗ ਵਿਚ ਹਾਜ਼ਰ ਲੋਕਾਂ ਲਈ ਦੁਪਹਿਰ ਦੇ ਖਾਣੇ ਦਾ ਬੰਦੋਬਸਤ ਰਾਜਾ ਸਵੀਟਸ ਵਾਲੇ ਮੱਖਣ ਸਿੰਘ ਬੈਂਸ ਵਲੋਂ ਕੀਤਾ ਗਿਆ।

ਮੀਟਿੰਗ ਵਿਚ ਨੈਸ਼ਨਲ ਫੈਡਰੇਸ਼ਨ ਆਫ ਇੰਡੋ ਅਮੈਰਿਕਨਜ਼ ਦੇ ਨੀਰਜ ਬਖਸ਼ੀ, ਏਸ਼ੀਅਨ ਅਮੈਰਿਕਨ ਹੋਟਲ ਓਨਰਜ਼ ਐਸੋਸੀਏਸ਼ਨ ਦੇ ਅਲਕੇਸ਼ ਪਟੇਲ, ਨਾਰਥ ਅਮੈਰਿਕਨ ਪੰਜਾਬੀ ਐਸੋਸੀਏਸ਼ਨ ਦੇ ਚੇਅਰਮੈਨ ਦਲਵਿੰਦਰ ਸਿੰਘ ਧੂਤ ਅਤੇ ਪ੍ਰਧਾਨ ਸਤਨਾਮ ਸਿੰਘ ਚਾਹਲ, ਤੈਲਗੂ ਐਸੋਸੀਏਸ਼ਨ ਆਫ ਅਮੈਰਿਕਾ ਦੇ ਵਿਜੇ ਅਸੂਰੀ, ਇੰਡੋ ਅਮੈਰਿਕਨ ਕਮਿਊਨਿਟੀ ਫੈਡਰੇਸ਼ਨ ਦੇ ਜੀਵਨ ਜ਼ੁਤਸ਼ੀ, ਪੌਧ ਵਿਗਿਆਨੀ ਪ੍ਰੋ. ਗੁਰਦੇਵ ਸਿੰਘ ਖੁਸ਼, ਸਿੱਖ ਆਗੂ ਦੀਦਾਰ ਸਿੰਘ ਬੈਂਸ, ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭੁਪਿੰਦਰ (ਬਾਬ) ਢਿੱਲੋਂ, ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਐਰੀਕਾ ਬੈਂਸ, ਇੰਡੀਆ ਇੰਡੀਪੈਂਡੈਂਸ ਡੇਅ ਕਮੇਟੀ-ਫਰਿਜ਼ਨੋ ਦੇ ਡਾ. ਸੁਦਰਸ਼ਨ ਕਪੂਰ, ਕੌਂਸਲ ਆਫ ਹਿੰਦੂ ਟੈਂਪਲ ਲਲਿਤ ਮਾਥੁਰ ਹਾਜ਼ਰ ਸਨ। ਇਸ ਮੌਕੇ ਕੌਂਸਲਖਾਨੇ ਦੇ ਸੀਨੀਅਰ ਅਫਸਰ ਸ੍ਰੀ ਐਨ ਪੀ ਸਿੰਘ ਅਤੇ ਸ੍ਰੀ ਅਨੰਦ ਕੁਮਾਰ ਝਾਅ ਵੀ ਮੌਜੂਦ ਸਨ।

# ਵਿਸ਼ਵ ਕਬੱਡੀ ਕੱਪ ਮੁਕਾਬਲੇ 'ਚ ਅਮਰੀਕਾ ਦੀ ਅੰਡਰ 21 ਟੀਮ ਜੇਤੂ

**ਮਿਸੀਸਾਗਾ (ਬਿਊਰੋ):** ਸਪੋਰਟਸ ਐਂਡ ਕਲਚਰਲ ਫੈਡਰੇਸ਼ਨ, ਓਂਟਾਰੀਓ ਅਤੇ ਓਂਟਾਰੀਓ ਫੈਡਰੇਸ਼ਨ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਇਥੇ ਹਰਸ਼ੀ ਸੈਂਟਰ ਵਿਚ 18 ਅਗਸਤ ਨੂੰ



ਕਰਵਾਏ ਗਏ ਵਿਸ਼ਵ ਕਬੱਡੀ ਕੱਪ 2012 ਦਾ ਪਹਿਲਾ ਇਨਾਮ ਇੰਗਲੈਂਡ ਦੀ ਟੀਮ ਨੇ ਜਿੱਤਿਆ ਜਦੋਂਕਿ ਅੰਡਰ 21 ਮੁਕਾਬਲਿਆਂ ਵਿਚ ਅਮਰੀਕਾ ਦੀ ਟੀਮ ਬਾਜ਼ੀ ਮਾਰ ਗਈ। ਬੈਸਟ ਰੇਡਰ ਪਾਲਾ ਜਲਾਲ ਅਤੇ ਬੈਸਟ ਜਾਫੀ ਤਾਊ ਐਲਾਨੇ ਗਏ।

ਇਸ ਵਿਸ਼ਵ ਕਬੱਡੀ ਕੱਪ ਵਿਚ ਅਮਰੀਕਾ, ਇਟਲੀ, ਇੰਗਲੈਂਡ, ਇੰਡੀਆ ਅਤੇ ਕੈਨੇਡਾ ਈਸਟ ਤੇ ਵੈਸਟ ਦੀਆਂ ਟੀਮਾਂ ਭਿੜੀਆਂ। ਮੈਚਾਂ ਦਾ ਹਜ਼ਾਰਾਂ ਦਰਸ਼ਕਾਂ ਨੇ ਅਨੰਦ ਮਾਣਿਆ। ਮਾਰਚ ਪਾਸਟ ਦੀ ਸਲਾਮੀ ਕੈਨੇਡਾ ਦੇ ਖੇਡ ਅਤੇ ਸਭਿਆਚਾਰ ਮੰਤਰੀ ਬੱਲ ਗੋਸਲ ਨੇ ਲਈ। ਇਸ ਮੌਕੇ ਕੈਨੇਡਾ ਸਰਕਾਰ ਦੇ ਅਧਿਕਾਰੀ ਟਿਮ ਉਪਲ, ਪਰਮ ਗਿੱਲ, ਮੈਂਬਰ ਪਾਰਲੀਮੈਂਟ ਜਸਵੀਰ ਸਿੰਘ ਸੰਧੂ ਅਤੇ ਇੰਡੀਆ ਤੋਂ ਪੰਜਾਬ ਦੇ ਵਿਧਾਇਕ ਸੁਰਿੰਦਰ ਸਿੰਘ ਵੀ ਪਹੁੰਚੇ ਹੋਏ ਸਨ।

ਕਬੱਡੀ ਦਾ ਪਹਿਲਾ ਮੈਚ ਇੰਡੀਆ ਅਤੇ ਇੰਗਲੈਂਡ ਦੀ ਟੀਮ ਵਿਚਾਲੇ ਹੋਇਆ ਜੋ 18-46 ਅੰਕਾਂ ਦੇ ਫਰਕ ਨਾਲ ਯੂ.ਕੇ. ਨੇ ਜਿੱਤ ਲਿਆ। ਪਹਿਲਾ ਸੈਮੀ ਫਾਈਨਲ ਕੈਨੇਡਾ ਵੈਸਟ ਅਤੇ ਕੈਨੇਡਾ ਈਸਟ ਦਰਮਿਆਨ ਹੋਇਆ। ਕੈਨੇਡਾ ਵੈਸਟ ਦੀ ਟੀਮ ਕੈਨੇਡਾ ਈਸਟ ਨੂੰ 44-40 ਦੇ ਫਰਕ ਨਾਲ ਹਰਾ ਕੇ ਫਾਈਨਲ ਵਿਚ ਪਹੁੰਚ ਗਈ। ਦੂਸਰਾ ਸੈਮੀ ਫਾਈਨਲ ਯੂ.ਕੇ. ਅਤੇ ਯੂ.ਐਸ.ਏ. ਦਰਮਿਆਨ ਹੋਇਆ ਜਿਸ ਵਿਚ ਯੂ.ਐਸ.ਏ. ਨੂੰ ਹਰਾ ਕੇ ਇੰਗਲੈਂਡ ਦੀ ਟੀਮ ਫਾਈਨਲ ਵਿਚ ਪਹੁੰਚਣ ਵਿਚ ਕਾਮਯਾਬ ਰਹੀ। ਇੰਗਲੈਂਡ ਦੇ ਜਾਫੀ ਰੱਬੋ ਨੇ ਯੂ.ਐਸ.ਏ. ਦੇ ਸਾਰੇ ਧਾਵੀਆਂ ਨੂੰ



ਜਿੰਦਰੇ ਲਾਈ ਰੱਖੇ। ਯੂ.ਐਸ.ਏ. ਦੇ ਦੁੱਲੇ ਨੂੰ ਰੋਕਣਾ ਸੁਖਾਲਾ ਨਹੀਂ ਸੀ ਪਰ ਰੱਬੋ ਨੇ ਲਗਾਤਾਰ ਚਾਰ ਜੱਫੇ ਲਾ ਕੇ ਉਸ ਨੂੰ ਕਬੱਡੀ ਦਾ ਲਘੂਤਮ ਸਮਝਾ ਦਿੱਤਾ। ਫਲਸਰੂਪ ਯੂ.ਕੇ. ਨੇ ਇਹ ਮੈਚ 44-36 ਨਾਲ ਜਿੱਤ ਲਿਆ ਅਤੇ ਇੰਜ ਉਨ੍ਹਾਂ ਦਾ ਫਾਈਨਲ ਵਿਚ ਕੈਨੇਡਾ ਵੈਸਟ ਨਾਲ ਸਿੱਝਣ ਲਈ ਰਾਹ ਪੱਧਰਾ ਹੋ ਗਿਆ।

ਫਾਈਨਲ ਮੈਚ ਵਿਚ ਕੈਨੇਡਾ ਵੈਸਟ ਦੀ ਟੀਮ ਨੂੰ 47 ਦੇ ਮੁਕਾਬਲੇ 59 ਦੇ ਫਰਕ ਨਾਲ ਹਰਾ ਕੇ ਯੂ.ਕੇ. ਨੇ ਜਿੱਤ ਦੇ ਝੰਡੇ ਗੱਡ ਦਿੱਤੇ। ਇਸ ਮੈਚ ਵਿਚ ਜਾਫੀ ਰੱਬੋ, ਪਾਲਾ ਜਲਾਲ, ਸਨਦੀਪ ਨੰਗਲ ਅੰਬੀਆਂ ਅਤੇ ਧਾਵੀ ਕਾਕਾ ਕਾਹਰੀ ਸਾਰਾ, ਫੌਜੀ ਸ਼ਾਮ ਚੁਰਾਸੀ, ਸਨਦੀਪ ਕੁਮਾਰ ਹਕੀਮਪੁਰ ਨੇ ਵਧੀਆ ਖੇਡ ਦਿਖਾਈ।

ਅੰਡਰ 21 ਕਬੱਡੀ ਮੈਚ ਬੜਾ ਹੀ ਦਿਲਚਸਪ ਸੀ ਅਤੇ ਇਹ ਯੂ ਐਸ ਏ ਟੀਮ ਨੇ ਕੈਨੇਡਾ ਦੀ ਟੀਮ ਨੂੰ 39 ਦੇ ਮੁਕਾਬਲੇ 55 ਅੰਕ ਨਾਲ ਹਰਾ ਕੇ ਜਿੱਤ ਲਿਆ।

ਕੈਨੇਡਾ ਵਰਲਡ ਕਬੱਡੀ ਕੱਪ 2012 ਦੇ ਪ੍ਰਬੰਧਕ ਤੇ ਚੇਅਰਮੈਨ ਪੰਮਾ ਦਿਓਲ ਤੇ ਉਸ ਦੀ ਟੀਮ ਵਲੋਂ ਕੀਤੇ ਗਏ ਪ੍ਰਬੰਧਾਂ ਦੀ ਸਾਰੇ ਦਰਸ਼ਕ ਪ੍ਰਸ਼ੰਸਾ ਕਰ ਰਹੇ ਸਨ।



## ਅਫ਼ਗਾਨ ਸਿਪਾਹੀ ਨੇ ਦੋ ਅਮਰੀਕੀ ਫੌਜੀ ਮਾਰੇ

**ਕਾਬੁਲ:** ਅਫ਼ਗਾਨ ਪੁਲਿਸ ਦੇ ਇਕ ਜਵਾਨ ਨੇ ਅਮਰੀਕਾ ਦੇ ਦੋ ਫੌਜੀਆਂ ਦੀ ਹੱਤਿਆ ਕਰ ਦਿੱਤੀ। ਅਮਰੀਕਾ ਦੀ ਅਗਵਾਈ ਵਾਲੀ ਨਾਟੋ ਫ਼ੌਜ ਨੂੰ ਚੁਫੇਰਿਓਂ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਾਲ ਹੁਣ ਤੱਕ ਦੇਸ਼ ਵਿਚ ਅਜਿਹੀਆਂ 28 ਵਾਰਦਾਤਾਂ ਹੋ ਚੁੱਕੀਆਂ ਹਨ ਤੇ ਕੌਮਾਂਤਰੀ ਫੌਜਾਂ ਦੇ 39 ਜਵਾਨਾਂ ਦੀ ਮੌਤ ਹੋ ਚੁੱਕੀ ਹੈ।

## ਤੇਜ਼ਾਬੀ ਹਮਲੇ 'ਚ ਤਿੰਨ ਨਰਸਾਂ ਫੱਟੜ

**ਲਾਹੌਰ:** ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚਲੇ ਮਾਯੋ ਹਸਪਤਾਲ ਵਿਚ ਇਕ ਵਿਅਕਤੀ ਵੱਲੋਂ ਤੇਜ਼ਾਬ ਸੁੱਟੇ ਜਾਣ ਕਾਰਨ ਤਿੰਨ ਨਰਸਾਂ ਸਣੇ ਛੇ ਵਿਅਕਤੀ ਜ਼ਖਮੀ ਹੋ ਗਏ। ਇਕ ਵਿਅਕਤੀ ਹਸਪਤਾਲ ਵਿਚ ਆਇਆ ਤੇ ਆਪਣੀ ਨਰਸ ਪਤਨੀ ਰਹਿਮਾਨਾ ਨੂੰ ਆਪਣੇ ਨਾਲ ਚੱਲਣ ਲਈ ਜ਼ੋਰ ਪਾਉਣ ਲੱਗਿਆ। ਪਤਨੀ ਦੇ ਇਨਕਾਰ 'ਤੇ ਉਸ ਨੇ ਜਬਰਦਸਤੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਰਹਿਮਾਨਾ ਦੀਆਂ ਸਾਥਣਾਂ ਨੇ ਇਸ ਦਾ ਵਿਰੋਧ ਕੀਤਾ ਜਿਸ 'ਤੇ ਉਸ ਨੇ ਤੇਜ਼ਾਬ ਸੁੱਟ ਦਿੱਤਾ।


ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।



ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ

**Safe & Easy Weight Loss**
**Ph:317-886-4858**

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।



**PANNU's Legal Services**



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Two Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

**Call (510) 677-5200**

email: pannugurwant@yahoo.com • Fax: (510) 279-7624





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com

**$25 3,000 Minutes**
**$50 • $100 Available**

✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ

ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!

ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

Limited Time Offer. Restrictions & Fees Apply.

**800-914-1013 • 408-726-6103**



**Noble Dental Care**



Shital Shah, DDS

Family and Cosmetic Dentistry

ਸਪੈਸ਼ਲ ਆਫਰ **Special Offer**

**$50** Dental X-Rays, Examination Consultation and Cleaning (Cash Patients Only)* *Conditions Apply*

Up to **50% off** Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

**Invisalign**



Starting at $2,950*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

*State of the Art Dental Technology*
*Most Dental PPO Plans Accepted*
*Interest Free Payment Plans Available*

**Ph:510-493-2130**
www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)



**The Anu Attorney Immigration Law Firm**
**Law offices of Anu Peshawaria**

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court

*Bankruptcy Consultation and Filing



Visa: Students, Athletes, Musicians, Journalists, Nurses, Teachers, Cooks, Religious & other professionals

*Woman of the year award 1991 – India*
*US acclaimed extraordinary ability*
*Awarded for outstanding community service*

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening Appointments Available

**Call:1-866-586-6297, 510-353-0102**

46560 Fremont Blvd., STE#205, Fremont, CA 94538
anu@anuattorney.com www.anuattorney.com

# ਸ਼ੇਰ-ਏ-ਪੰਜਾਬ ਸਪੋਰਟਸ

SHER-E-PUNJAB SPORTS & CULTURAL CLUB CHICAGO



# ਸ਼ਿਕਾਗੋ ਕਬੱਡੀ ਕੱਪ

## ਵਾਲੀਬਾਲ ਤੇ ਗੀਤ ਸੰਗੀਤ ਦਾ ਪ੍ਰੋਗਰਾਮ

## 2 ਸਤੰਬਰ, 2012

(ਦਿਨ ਐਤਵਾਰ, ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ)

@ Busse Wood Forest Preserve South, Elk Grove, IL

ਖੁੱਲ੍ਹ... ਸੱਦ...

ਪਾਰਕਿੰਗ ਫ... ਖਾਣ-ਪੀਣ... ਖੁੱਲ੍ਹਾ ਪ੍ਰਬੰ...

### ਕਬੱਡੀ ਦਾ ਪਹਿਲਾ ਇਨਾਮ



ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ

ਗਿੱਲ ਬ੍ਰਦਰਜ਼ ਆਫ ਵਾਕੀਗਨ (ਪਿੰਡ ਗਿੱਲ, ਲੁਧਿਆਣਾ) ਵਲੋਂ

### ਕਬੱਡੀ ਦਾ ਦੂਜਾ ਇਨਾਮ



ਗੁਰਦੇਵ ਗਿੱਲ, ਵਾਕੀਗਨ (ਪਿੰਡ ਗਿੱਲਾਂ, ਲੁਧਿਆਣਾ) | ਅੰਮ੍ਰਿਤਪਾਲ ਸਿੰਘ ਗਿੱਲ, ਐਪਲਟਨ



ਹਰਮੇਲ ਸਿੰਘ ਬਿਆੜਾ | ਬਲਦੇਵ ਸਿੰਘ ਬਾਗੜੀ

ਵਾਲੀਬਾਲ ਦਾ ਪਹਿਲਾ ਇਨਾਮ ਹਰਮੇਲ ਸਿੰਘ ਬਿਆੜਾ ਅਤੇ ਦੂਜਾ ਇਨਾਮ ਬਲਦੇਵ ਸਿੰਘ ਬਾਗੜੀ ਵਲੋਂ



ਬਲਜੀਤ ਮਾਲਵਾ ਮਿਊਜ਼ੀਕਲ ਗਰੁਪ ਵਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ

### ਮੰਚ ਸੰਚਾ...



ਪ੍ਰਿੰ. ਸਰਵਣ ...



ਸਤਵੰਤ ਸਿੰਘ ਕਾਲੇਕਾ (ਸਵਰਗਵਾਸੀ) | ਜਸਜੀਤ ਸਿੰਘ ਸਿੱਧੂ | ਦਪਿੰਦਰ ਸਿੰਘ ਧਾਲੀਵਾਲ | ਹਰਇੰਦਰਜੀਤ ਸਿੰਘ ਧਾਲੀਵਾਲ | ਪਰਮਜੀਤ ਸਿੰਘ ਸਿੱਧੂ | ਰੁਪਿੰਦਰ ਅਰੋੜਾ | ਤੇਜਿੰਦਰ ਸਿੰਘ | ਦਲਵਿੰਦਰ ਗੋਰਾਇਆ | ਹਰਚਰਨ ਸਿੰਘ ਗਿੱਲ | ਬਿਕਰਮਜੀਤ ਸਿੰਘ | ਸਤਵੰਤ ਸਿੰਘ ਨਿੱਜਰ (ਕਬੱਡੀ ਪ੍ਰੋਮੋਟਰ) | ਲਖਵਿੰਦਰ ਸਿ... ਸੇਖੋਂ



ਪ੍ਰਿਥਪਾਲ ਘੋਤੜਾ | ਦਰਸ਼ਨ ਸਿੰਘ ਦਰੜ | ਸ. ਹਰਕਿਸ਼ਨ ਸਿੰਘ ਭੱਟੀ | ਬਾਬ ਹੁੰਦਲ | ਡਾ. ਰਛਪਾਲ ਸਿੰਘ ਬਾਜਵਾ | ਜੱਸੀ ਧਾਲੀਵਾਲ | ਮੱਖਣ ਸਿੰਘ | ਬਲਵਿੰਦਰ (ਨਿੱਕ) ਸਿੰਘ ਗਿਲਜੀਆਂ | ਪਾਲ ਖਲੀਲ | ਕਿੱਟੂ ਬਾਵਾ | ਚਰਨ ਸਿੰਘ ਛੀਨਾ | ਮੱਖਣ ਗਿੱਲ



ਰਾਜਿੰਦਰ ਬੈਂਸ | ਕੁਲਦੀਪ ਗਿੱਲ | ਨੀਟੂ ਸਿੰਘ | ਪੰਮਾ ਖੰਗੂੜਾ | ਕਮਲਜੀਤ ਘੁੰਮਣ (ਘੁੰਮਣ ਟਰਾਂਸਪੋਰਟ) | ਵਰਿੰਦਰ ਸਿੰਘ ਇੰਡੀਆ ਪੈਲੇਸ | ਹਰਬੰਤ ਸਿੰਘ ਗਰੇਵਾਲ | ਮਨਜਿੰਦਰ ਸਿੰਘ ਬੈਨੀਪਾਲ | ਸਤਪਾਲ ਸਿੰਘ ਸੰਧੂ ਸੋਢੀ ਫਤਿਹਪੁਰੀਆ | ਸੁਰਜੀਤ ਸਿੰਘ ਡੀ ਸੀ | ਕਿਰਪਾਲ ਸਿੰਘ | ਲ... ਚ...



ਨਿੱਕ ਗਾਖਲ | ਗੁਲਜ਼ਾਰ ਸਿੰਘ ਮੁਲਤਾਨੀ | ਯਾਦਵਿੰਦਰ (ਰਿੰਪੀ) ਖੱਟੜਾ | ਧਰਮਿੰਦਰ ਸਿੰਘ ਖੱਟੜਾ | ਮਨਦੀਪ ਸਿੰਘ ਭੁਰਾ | ਹੈਰੀ ਬੈਂਸ | ਚੰਨਾ ਢਿੱਲੋਂ | ਨਿੰਦੀ ਮਸ਼ਿਆਣਾ | ਹਰਵਿੰਦਰ ਸਿੰਘ ਵਾਲੀਆ



ਅਜੁਧਿਆ ਸਲਵਾਨ | ਵਿੱਕੀ ਸੰਮੀਪੁਰੀਆ ਕਬੱਡੀ ਕਪਤਾਨ | ਛਤਰਪਾਲ ਸਿੰਘ ਆਹਲੂਵਾਲੀਆ | ਸੁਰਿੰਦਰ ਕੁਮਾਰ ਜੈਨ | ਜੱਸੀ ਸਹੋਤਾ | ਗਿਆਨ ਸਿੰਘ ਮੁਲਤਾਨੀ | ਕੁਲਵਿੰਦਰ ਸਿੰਘ

ਟੂਰਨਾਮੈਂਟ ਵਿਚ ਨਾਮੀ ਕਬੱਡੀ ਖਿਡਾਰੀ-ਅਰਸ਼ੀ, ਕੁਲਜੀਤਾ, ਬੱਲੀ, ਤਾਊ, ਦੁੱਲਾ, ਮੌਲਾ, ਕਿੰਦਾ ਬਿਹਾਰੀਪੁਰੀਆ, ਡੌਂਟੇ, ਕਾਲਾ, ਨੀਲੋਂ, ਲਹਿਰੀ, ਮੰਨਾ ਲੱਛਰ ਆਪਣੀ ਖੇਡ ਦੇ ਜੌਹਰ ਵਿਖਾਉਣਗੇ

ਸਪੋਰਟਸ ਵਿੰਗ: (ਕਬੱਡੀ) ਵਿੱਕੀ ਸੰਮੀਪੁਰੀਆ, ਰਾਣਾ ਭੰਡਾਲ, ਹਨੀ ਖੰਗੂੜਾ, ਸੁਖਦੀਪ ਸੋਮਲ, ਓਂਕਾਰ ਸਹੋਤਾ, ਸੋਨੂੰ ਸਹੋਤਾ, ਰਾਜਾ ਤੱਲਣ, ਕਾਲਾ ਪੰਡਾ, ਹਰਪ੍ਰੀਤ, ਸਾਹਬੀ, ਅਨੂਪ, ਮਨਵੀਰ ਚੱਠਾ, ਹੈਪੀ ਰਾਏ, ਪਿੰਦਾ ਰਾਏ, ਨਵ ਸੰਧੂ, ਸੋਨੂੰ। (ਵਾਲੀਬਾਲ) ਟੋਨੀ ਸੰਘੇੜਾ, ਹਰਜੀਤ ਸਿੰਘ ਸੂੰਡ, ਰਾਮਸਰੂਪ ਸਿੰਘ।

**For Info., please call:**

847-361-4908

847-845-2343

815-546-0525

708-612-7963

e-mail:chicagokabaddicup@yahoo.com

(ਸਾਡੇ... ਬਿਕਰਮ ਸਿੰਘ... ਗਿੱਲ, ਪੰਮਾ ਚੱ... ਸੈਣੀ, ਨਿਲੇਸ਼... ਸਿੰਘ, ਅਜੀਤ... ਸਿੰਘ ਸੇਖੋਂ, ਮੱ... ਸਿੰਘ ਝਾਵਰ, ... ਸਿੰਘ (ਕਿਲ੍ਹ... ਤਰਲੋਚਨ ਸਿੰ... ਸਿੰਘ, ਮਦਨ ... ਸਿੰਘ; ਆਇਓ... ਸਿੰਘ ਗਰੇਵਾਲ... ਸਿੰਘ, ਇੰਦਰਜ... ਕਮਲਜੀਤ ਵਿ... ਮੱਖਣ ਸਿੰਘ ਗਿ... ਸਿੰਘ ਕੋਨੀ, ਹ... (ਸਾਉਥਬੈਂਡ)... (ਇੰਡੀਆਨਾ)... ਪੀਰੀ ਸਪੋਰਟਸ... ਟਰਾਂਸਪੋਰਟ ਕੰ...

# ਐਂਡ ਕਲਚਰਲ ਕੱਲਬ (ਸ਼ਿਕਾਗੋ)

ਰੀ ਅਤੇ
ਦਾ
ਬੰਧ

## ਮੁੱਖ ਮਹਿਮਾਨ



**ਅਜੀਤ (ਜੈ) ਸਿੰਘ ਵਾਲੀਆ**
(ਸੀ ਈ ਓ/ਅਟਾਰਨੀ ਚੀਫ ਆਇਲ ਡਿਸਟ੍ਰੀਬਿਊਸ਼ਨ ਕੰਪਨੀ, ਵਿਸਕਾਨਸਿਨ, ਮਿਲਵਾਕੀ)



**ਜਥੇਦਾਰ ਤਾਰਾ ਸਿੰਘ ਸੱਲ੍ਹਾਂ**
(ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ)

## ਚੇਅਰਮੈਨ



**ਬਲਦੇਵ ਸਿੰਘ ਸੱਲ੍ਹਾਂ**
(ਸੀਨੀਅਰ ਮੀਤ ਪ੍ਰਧਾਨ, ਅਕਾਲੀ ਦਲ, ਯੂ ਐਸ ਏ)

## ਗੈਸਟ ਆਫ ਆਨਰ



**ਜਸਵੀਰ ਸਿੰਘ ਡਿਪਟੀ**
(ਇੰਡੀਅਨਐਪੋਲਿਸ)

## ਗੋਲਡਨ ਸਪਾਂਸਰ



ਲਵ ਮਿਨਹਾਸ
ਗੋਲਡਨ ਸਪਾਂਸਰ



ਜਰਨੈਲ ਸਿੰਘ
ਪ੍ਰਧਾਨ, ਗੁਰਦੁਆਰਾ ਬੈਟਲ ਕਰੀਕ, ਮਿਸ਼ੀਗਨ



ਕੁਲਵਿੰਦਰ ਸਿੰਘ ਗਿੱਲ

## ਲਨ ਤੇ ਕੁਮੈਂਟਰੀ



ਸਿੰਘ ਤੇ ਪ੍ਰੋ. ਮੱਖਣ ਸਿੰਘ

## ਸਾਬਕਾ ਚੇਅਰਮੈਨ



ਡਾ. ਮੁਖਤਿਆਰ ਸਿੰਘ | ਗੁਰਬਚਨ ਸਿੰਘ | ਪਰਮਿੰਦਰ ਸਿੰਘ | ਰਣਬੀਰ ਸਿੰਘ

**ਬੋਰਡ ਮੈਂਬਰ:** ਰਛਪਾਲ ਸਿੰਘ ਖੰਗੂੜਾ (ਪ੍ਰਧਾਨ), ਜਸਵਿੰਦਰ ਸਿੰਘ ਜੱਸੀ, ਜਿੰਦਰ ਸਿੰਘ ਬੈਨੀਪਾਲ, ਸਤਨਾਮ ਸਿੰਘ ਮਿਨਹਾਸ, ਦੀਪਾ ਬਦੇਸ਼ਾ, ਪੀਟਾ ਸਹੋਤਾ, ਰਵਿੰਦਰ ਸਿੰਘ ਖਹਿਰਾ, ਲਾਲੀ ਨਿੱਝਰ, ਹਰਦੀਪ ਸਿੰਘ ਗਿੱਲ, ਨਾਜਰ ਸਿੰਘ ਗਿੱਲ, ਬੱਬੀ ਬਾਠ, ਕਾਬਲ ਸਿੰਘ ਭੁੱਲਰ, ਬਲਜੀਤ ਸਿੰਘ ਮੰਗੀ, ਚਮਨ ਲਾਲ, ਸੁਰਿੰਦਰ ਸਿੰਘ ਭੱਟੀ

**ਸਾਬਕਾ ਪ੍ਰਧਾਨ:** ਪਰਮਿੰਦਰ ਵਾਲੀਆ, ਜਿੰਦੀ ਖੰਗੂੜਾ, ਅਮਰਦੇਵ ਸਿੰਘ ਬਦੇਸ਼ਾ, ਨਰਿੰਦਰ ਸਰਾਂ

**ਸਲਾਹਕਾਰ ਕਮੇਟੀ:** ਚੇਅਰਮੈਨ ਰਾਵਿੰਦਰਪਾਲ ਸਿੰਘ ਨੰਦਰਾ (ਸੋਨੂੰ), ਡਾ. ਮੁਖਤਿਆਰ ਸਿੰਘ ਨੰਦਰਾ, ਡਾ. ਅਮਰਦੀਪ ਸੰਘਾ, ਡਾ. ਰਸ਼ਪਾਲ ਬਾਜਵਾ, ਰਘਵਿੰਦਰ ਸਿੰਘ ਮਾਹਲ, ਸ਼ਮਸ਼ੇਰ ਸਿੰਘ ਬੋਪਾਰਾਏ, ਰਾਜਿੰਦਰ ਸਿੰਘ ਬੈਂਸ, ਮਨਦੀਪ ਸਿੰਘ ਭੂਰਾ, ਅੰਮ੍ਰਿਤਪਾਲ ਸਿੰਘ ਗਿੱਲ, ਜਸਵਿੰਦਰ ਸਿੰਘ ਗਿੱਲ, ਲਾਲੀ ਰਣਬੀਰ ਸਿੰਘ ਧਾਲੀਵਾਲ, ਕੁਲਵਿੰਦਰ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਦਰਸ਼ਨ ਸਿੰਘ ਦਰੜ, ਬਲਬੀਰ ਸਿੰਘ ਸੈਣੀ, ਕਮਲਦੀਪ ਸੰਘਾ, ਸੋਹਣ ਸਿੰਘ ਗਿੱਲ, ਨਰਿੰਦਰਪਾਲ ਸਿੰਘ ਘੋਤੜਾ, ਗੁਰਬਚਨ ਸਿੰਘ ਪੱਪੂ, ਜਗਜੀਤ ਸਿੰਘ ਸਿੱਧੂ, ਪਰਵਿੰਦਰ ਗਰੇਵਾਲ (ਆਇਓਆ)



ਸਿੰਘ | ਇੰਦਰਜੀਤ ਸਿੰਘ ਢਿੱਲੋਂ | ਕੰਵਰਵੀਰ ਸਿੰਘ ਕੇਪੀ | ਬਲਜੀਤ ਸਿੰਘ | ਜਸਬੀਰ ਪੰਨੂ | ਜਸਵੰਤ ਸਿੰਘ | ਗੁਰਮੁਖ ਸਿੰਘ (ਏਸ਼ੀਅਨ ਡਿਸਕਸ ਥਰੋ ਚੈਂਪੀਅਨ) | ਸਤੀਸ਼ ਭਾਰਦਵਾਜ | ਗੁਰਸਾਹਿਬ ਤੂਰ | ਗੁਰਿੰਦਰ ਸਿੰਘ | ਕੁਲਦੀਪ ਸਿੰਘ | ਤੀਰਥ ਸਿੰਘ (ਮਿੱਤਰਾਂ ਦਾ ਢਾਬਾ) | ਸੰਨੀ ਸ਼ੇਰਗਿੱਲ ਇੰਡੀਅਨਐਪੋਲਿਸ



ਪੁਸ਼ਪਿੰਦਰ ਸਿੰਘ ਪੂਨੀਆ | ਹਰਪਾਲ ਸਿੰਘ ਟਾਂਡਾ | ਨਰਿੰਦਰ ਸਿੰਘ ਮੁੰਦਰ | ਮਿੱਕੀ ਕਾਹਲੋਂ | ਰਵਿੰਦਰ ਰਵੀ ਆਰ ਕੇ ਕਾਰਪੈਟਸ | ਜਸਵੀਰ (ਜੱਸੀ) ਸੋਢੀ | ਸੁਖਵੀਰ ਸਿੰਘ ਉਪਲ | ਬਲਵਿੰਦਰ ਚੱਠਾ | ਸੋਹਣ ਗਿੱਲ | ਹਰਵਿੰਦਰ ਕੰਗ | ਦਰਸ਼ਨ ਸਿੰਘ ਪੰਮਾ | ਡਾ. ਪਾਲ ਬਦੇਸ਼ਾ



ਖਬੀਰ ਢੀਂਡਸਾ | ਸੰਤੋਖ ਸਿੰਘ ਨਾਗਰਾ | ਦੀਦਾਰ ਸਿੰਘ ਧਨੋਆ | ਅਮਨਦੀਪ ਸਿੰਘ ਦਰਾਨ | ਅਮਰਜੀਤ ਢੀਂਡਸਾ | ਗੁਰਿੰਦਰ ਢਿੱਲੋਂ | ਗੁਰਜਿੰਦਰ ਸਿੰਘ ਡਿੰਪਲ



ਐਪਲਟਨ, ਵਿਸਕਾਨਸਿਨ ਤੋਂ ਗੁਰਮੀਤ ਕਾਲੇਕਾ, ਸਰਬਜੀਤ ਸਿੰਘ, ਦੀਪਕ ਡੋਗਰਾ, ਗੁਰਵਿੰਦਰ ਬੱਬੂ, ਸਵਰਨ ਸਿੰਘ, ਹਰਦੀਪ ਅਰੋੜਾ

ਸਪਾਂਸਰ) **ਸ਼ਿਕਾਗੋ:** ਭੁਪਿੰਦਰ ਸਿੰਘ ਹੁੰਦਲ, ਮੇਜਰ ਸਿੰਘ ਮੱਲ੍ਹੀ, ਜਰਨੈਲ ਸਿੰਘ ਮੱਲ੍ਹੀ, ਹਰਵਿੰਦਰ ਸਿੰਘ ਕੰਗ, ਗੁਲਜ਼ਾਰ ਸਿੰਘ ਮੁਲਤਾਨੀ, ਸੰਨੀ ਗਿੱਲ, ਚਰਨ ਸਿੰਘ ਅਤੇ ਪੁਸ਼ਪਿੰਦਰ ਸਿੰਘ (ਦੀਵਾਨ ਐਂਡ ਕਲਾਕ ਆਟੋ), ਲਵ ਮਿਨਹਾਸ, ਗੁਰਿੰਦਰ ਸਿੰਘ ਢਿੱਲੋਂ, ਲੱਕੀ ਤੇ ਜੱਸੀ ਸਹੋਤਾ ਬ੍ਰਦਰਜ਼-ਵਾਕੀਗਨ,
ਸਿੱਧੂ, ਗੁਰਮੁਖ ਭੁਲਰ, ਹਰਜਿੰਦਰ ਸੰਧੂ, ਬਲਵਿੰਦਰ ਸੰਧੂ, ਜੱਸੀ ਸੰਧੂ, ਬਲਦੇਵ ਸਿੰਘ ਬਾਗੜੀ, ਅੰਮ੍ਰਿਤਪਾਲ ਸਿੰਘ ਰੰਧਾਵਾ, ਜਰਨੈਲ ਸਿੰਘ ਲੈਲ, ਹਰਿੰਦਰਪਾਲ ਸਿੰਘ ਲੈਲ, ਸੁਖਵੀਰ ਸਿੰਘ ਗੋਗਨਾ, ਹਰਜੀਤ ਸਿੰਘ, ਡਾ. ਪਾਲ ਬਦੇਸ਼ਾ, ਸਵਰਨ ਸਿੰਘ ਸਿੱਧੂ, ਲਖਵੀਰ ਸਿੰਘ, ਡਾ. ਅਮਰਜੀਤ ਸਿੰਘ, ਗੁਰਪ੍ਰੀਤ
ਢਾ, ਬਲਰਾਜ ਸੰਧੂ, ਕਮਲਦੀਪ ਸਿੰਘ ਸੰਘਾ, ਹਰਕੇਵਲ ਲਾਲੀ, ਪੰਜਾਬ ਸਪੋਰਟਸ ਕਲੱਬ-ਮਿਡਵੈਸਟ (ਸ਼ਿਕਾਗੋ), ਰਵਿੰਦਰ ਸਿੰਘ (ਆਰ ਕੇ ਕਾਰਪੈਟਸ), ਇੰਦਰ ਦੇਵ (ਪੰਜਾਬੀ ਢਾਬਾ), ਬਲੂ ਰਿਬਨ ਟੈਕਸੀ, ਗਲੋਬ ਟੈਕਸੀ, ਸਟਾਰ ਫੂਡ ਐਂਡ ਗਿਫਟਸ ਇੰਕ, ਕਿਰਪਾਲ ਅਤੇ ਜਸਪਾਲ ਬਾਜਵਾ, ਗੁਰਦਿੱਤ ਸਿੰਘ
ਟੋਪੀਵਾਲਾ, ਰੰਮੀ ਗਰੇਵਾਲ (ਪੰਜਾਬ ਸਵੀਟਸ), ਹਾਲਸਟੈਡ ਆਟੋ ਰਿਪੇਅਰ, ਅਲ ਮਦੀਨਾ ਆਟੋ ਰਿਪੇਅਰ, ਹਰਵੰਤ ਸਿੰਘ ਗਰੇਵਾਲ, ਗੁਰਮੇਲ ਸਿੰਘ ਅਟਵਾਲ, ਹਰਪ੍ਰੀਤ ਸਿੰਘ ਗਿੱਲ, ਮਹਿੰਦਰ ਸਿੰਘ, ਹਰਜੀਤ ਸਿੰਘ, ਇੰਦਰਜੀਤ ਸਿੰਘ (ਕਿਨੋਸ਼ਾ), ਗੁਰਬਚਨ ਸਿੰਘ (ਲਿਮੋ ਸਰਵਿਸ), ਓਂਕਾਰ ਸਿੰਘ ਢਿੱਲੋਂ, ਜੈਸੀ
ਸਿੰਘ (ਅਮੈਰਿਕਨ ਬਿਜਨਸ ਬਰੋਕਰ), ਸਰਬਜੀਤ ਸਿੰਘ ਵਿਰਕ, ਲਖਵੀਰ ਸਿੰਘ ਚਾਹਲ, ਔਜਲਾ ਬ੍ਰਦਰਜ਼ (ਮਣੀ ਤੇ ਲੱਕੀ), ਹਰਮੋਹਨ ਸਿੰਘ ਸਿੱਧੂ, ਕਿਰਪਾਲ ਰੰਧਾਵਾ, ਜੱਸੀ ਤੇ ਬਿੱਲਾ ਮਿਆਣੀ ਡਿਕੇਟਰ, ਸੋਨੀ ਘੋਤੜਾ, ਰਾਜ ਘੋਤੜਾ, ਰੌਕੀ ਭੱਲਾ, ਵਿੱਕੀ ਭੱਲਾ, ਸੁਖਜੀਤ ਸਿੰਘ ਮਾਨ, ਜਿੰਮੀ ਬਰਾੜ, ਮੁਖਤਿਆਰ
ਖਣ ਬਦੇਸ਼ਾ, ਇੰਡੀਆ ਹਾਊਸ, ਸ਼ਾਮਬਰਗ, ਆਸ਼ਿਆਨਾ ਬੈਂਕੁਇਟ ਹਾਲ, ਅਮਰੀਕ ਸਿੰਘ (ਅਮਰ ਕਾਰਪੈਟਸ), ਦਰਸ਼ਨ ਪੰਮਾ (ਨਾਨਕ ਪ੍ਰੋਡਕਟਸ), ਕਿਰਪਾਲ ਸਿੰਘ ਭੰਗੂ, ਭਜਨ ਸਿੰਘ ਕਲਸੀ, ਟੈਕਸੀ ਪਾਰਟ ਇੰਕ-ਸ਼ਿਕਾਗੋ, ਯੂ ਐਸ ਆਟੋ ਪਾਰਟਸ, ਸੋਢੀ ਮਾਨ, ਅਮਰਜੀਤ ਮਾਨ, ਪ੍ਰੇਮਪਾਲ ਸਿੰਘ ਝੱਜ, ਗੁਰਚਰਨ
ਚਰਨ ਸਿੰਘ (ਐਡੀਸਨ), ਹਰਪਾਲ ਸਿੰਘ ਗਿੱਲ, ਜਗਤਾਰ ਸਿੰਘ, ਭੁਪਿੰਦਰ ਸਿੰਘ, ਗੁਰਚਰਨ ਸਿੰਘ ਗਿੱਲ, ਗੁਰਮੇਲ ਸਿੰਘ, ਸਰਵਣ ਸਿੰਘ ਰਾਜੂ, ਕਸ਼ਮੀਰ ਸਿੰਘ, ਪਰਮਜੀਤ ਸਿੰਘ ਢੀਂਡਸਾ, ਹਰਚੰਦ ਸਿੰਘ ਧਾਲੀਵਾਲ, ਸ਼ਮਸ਼ੇਰ ਸਿੰਘ, ਸਤਵਿੰਦਰ ਸਿੰਘ ਬਾਜਵਾ, ਮੁਖਤਿਆਰ ਸਿੰਘ ਤਾਰੀ, ਬਬਲੂ ਚੱਠਾ, ਹਰਜੀਤ
), ਜਗਮੋਹਨ ਸਿੰਘ, ਅਸ਼ੋਕ ਸਿੰਘ, ਕਮਲਜੀਤ ਸਿੰਘ, ਅਵਤਾਰ ਸਿੰਘ, ਗੁਰਮੀਤ ਸਿੰਘ ਅਟਵਾਲ, ਜੈਪਾਲ ਸਿੰਘ, ਰਸ਼ਪਾਲ ਸਿੰਘ (ਡੀ ਜੇ), ਗੁਰਪ੍ਰੀਤ ਸਿੰਘ ਗਿੱਲ, ਸੁਰਿੰਦਰ ਸਿੰਘ ਮਾਂਗਟ, ਗੁਰਦੇਵ ਸਿੰਘ, ਕਰਮਵੀਰ ਸਿੰਘ ਢਿੱਲੋਂ, ਲਖਵਿੰਦਰ ਸਿੰਘ, ਗੁਰਚਰਨ ਸਿੰਘ ਅਰੋਮਾ ਇੰਡੀਆ ਕੁਜ਼ੀਨ, ਮਨਜੀਤ ਗਰੇਵਾਲ,
ਮੁੰਦਰ, ਰਾਜਿੰਦਰ ਸਿੰਘ ਮਾਨ, ਗੁਰਪਾਲ ਸਿੰਘ ਮਾਂਗਟ, ਜਗਤਾਰ ਸਿੰਘ ਸੈਣੀ, ਮਲਕੀਤ ਸਿੰਘ ਮਾਈਕ, ਕੁਲਵੰਤ ਸਿੰਘ ਨਾਗਰਾ, ਅਮਰੀਕ ਸਿੰਘ (ਏਪੀ), ਅਰਵਿੰਦ ਅਗਰਵਾਲ, ਕੁਲਤਾਰ ਸਿੰਘ ਯੂਬਾ ਸਿਟੀ (ਕੈਲੀਫੋਰਨੀਆ); **ਮਿਲਵਾਕੀ:** ਜਗਜੀਤ ਸਿੰਘ ਸੰਧੂ, ਜਸਬੀਰ ਸਿੰਘ ਪੰਨੂੰ, ਬਲਜੀਤ ਸਿੰਘ, ਜਸਵੰਤ
ਪਲੀ, ਸੁਖਵਿੰਦਰ ਨਾਗਰਾ, ਦਵਿੰਦਰ ਨਾਗਰਾ, ਗੁਰਿੰਦਰ ਨਾਗਰਾ, ਬਲਿਹਾਰ ਸਿੰਘ ਦੁਲਈ, ਕਮਲਪ੍ਰੀਤ ਸਿੰਘ, ਕੰਵਰਵੀਰ ਸਿੰਘ, ਬਲਜੀਤ ਸਿੰਘ ਗਿੱਲ, ਬਲਹਾਰ ਸਿੰਘ ਦੁਲਾਂ, ਬਲਵਿੰਦਰ ਸਿੰਘ ਢਿੱਲੋਂ, ਸਤਪਾਲ ਸਿੰਘ ਭੈਣਾਂ, ਹਰਵਿੰਦਰ ਲਾਲੀ ਸਿੱਧੂ; ਐਪਲਟਨ, ਵਿਸਕਾਨਸਿਨ: ਗੁਰਨੇਕ ਸਿੰਘ ਬਸੰਤੀ ਤੇ ਸਵਰਨ
ਆ: ਸੰਤੋਖ ਸਿੰਘ ਨਾਗਰਾ, ਪਰਮਿੰਦਰ ਸਿੰਘ ਗਰੇਵਾਲ, ਯਾਦਵਿੰਦਰ ਸਿੰਘ ਗਰੇਵਾਲ, ਜਰਨੈਲ ਸਿੰਘ ਗਰੇਵਾਲ, ਜਸਵੰਤ ਸਿੰਘ ਨਿਊਟਨ, ਕਾਬਲ ਸਿੰਘ ਚੌਹਾਨ, ਗੁਰਮੇਲ ਸਿੰਘ ਥਿਆੜਾ-ਏਮਲੀ ਟਰਾਂਸਪੋਰਟ ਕੰਪਨੀ (ਕੈਨਸਸ ਸਿਟੀ), ਜਥੇਦਾਰ ਤਰਲੋਚਨ ਸਿੰਘ ਮਿੰਨੀਐਪੋਲਿਸ, ਜਸਵਿੰਦਰ ਸਿੰਘ ਕੱਕਰ, ਜਰਨੈਲ
, ਡੇਵਨ ਪੋਰਟ ਤੋਂ ਗੁਰਚਰਨ ਸਿੰਘ ਸਹੋਤਾ, ਜਸਵਿੰਦਰ ਸਿੰਘ ਜੱਸੀ, ਚਰਨਜੀਤ ਸਿੰਘ ਚੰਨਾ, ਭਜਨ ਸਿੰਘ; **ਮਿਸ਼ੀਗਨ:** ਗੁਰਦੀਪ ਸਿੰਘ ਪਾਲੀ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਸਿਕੰਦਰ ਸਿੰਘ, ਪਲਵਿੰਦਰ ਬਾਠ, ਮਨਜਿੰਦਰ ਬੈਣੀਪਾਲ, ਦਲਬਾਰਾ ਸਿੰਘ ਮਾਂਗਟ, ਰਾਜਬੀਰ ਸਿੰਘ ਬੋਪਾਰਾਏ, ਅਵਤਾਰ
ਜੀਤ ਸਿੰਘ ਸੋਹੀ, ਸਤਪਾਲ ਸਿੰਘ, ਗਿਆਨ ਸਿੰਘ, ਗੁਰਮੇਲ ਸਿੰਘ, ਭੋਲਾ ਸਿੰਘ, ਤਰਸੇਮ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਹੈਪੀ, ਹਰਦੀਪ ਸਿੰਘ, ਖੇਮ ਸਿੰਘ, ਮਨਦੀਪ ਸਿੰਘ ਧਾਲੀਵਾਲ (ਬੈਟਲ ਕਰੀਕ); **ਇੰਡੀਆਨਾ:** (ਕਰਾਊਨ ਪੁਆਇੰਟ) ਸਰਵਣ ਸਿੰਘ ਟਿਵਾਣਾ, ਹਰਜੀਤ ਸਿੰਘ ਸਾਹੀ, ਰਾਣਾ ਵਿਰਕ,
ਰਕ, ਕੁਲਦੀਪ ਸਿੰਘ ਲੰਗ, ਮਨਦੀਪ ਸਿੰਘ ਭੂਰਾ, ਰਾਜਿੰਦਰ ਸਿੰਘ ਬੈਂਸ, ਧਰਮਿੰਦਰ ਸਿੰਘ ਖਟੜਾ, ਯਾਦਵਿੰਦਰ ਸਿੰਘ ਖਟੜਾ, ਗੁਰਿੰਦਰ ਸਿੰਘ ਗਿੱਲ, ਜਸਪਾਲ ਸਿੰਘ ਜੱਸੀ, ਜਸਵੀਰ ਸਿੰਘ ਪਾਲੀਆ, ਸਿਕੰਦਰ ਸਿੰਘ ਬਿੱਟੂ, ਕੁਲਦੀਪ ਸਿੰਘ ਟਾਂਡਾ, ਗੁਰਨਾਮ ਸਿੰਘ ਸਿੱਧੂ, ਹਰਿੰਦਰ ਸਿੰਘ ਤੂਰ, ਜੰਗੀਰ ਸਿੰਘ ਧਾਲੀਵਾਲ,
ਲ, ਲਖਵੀਰ ਸਿੰਘ ਚੀਮਾ, ਪਾਲੀ ਗਰੇਵਾਲ, ਹਰਿੰਦਰ ਸਿੰਘ ਮਸਿਆਣਾ; (ਇੰਡੀਅਨਐਪੋਲਿਸ) ਸੰਨੀ ਸ਼ੇਰਗਿੱਲ, ਬਲਦੇਵ ਥਿੰਦ, ਤੀਰਥ ਅਟਵਾਲ (ਮਿੱਤਰਾਂ ਦਾ ਢਾਬਾ), ਬਲਵਿੰਦਰ ਸਿੰਘ ਨਿੱਕ (ਰੋਮੀਓਵਿਲ), ਗੁਰਮੀਤ ਸਿੰਘ ਸਾਊਥਬੈਂਡ। ਸੇਂਟ ਲੂਈਸ:ਮਲਕੀਤ ਸਿੰਘ ਗਰੇਵਾਲ, ਨੀਟੂ ਸਿੰਘ ਗਰੇਵਾਲ, ਸਿਮਰਨਜੀਤ
ਰਪ੍ਰੀਤ ਸਿੰਘ ਸਿੱਧੂ, ਪਰਮਜੀਤ ਪੰਮੀ, ਜਸਪ੍ਰੀਤ ਗੋਲਡੀ, ਐਸ ਐਲ ਵੀ ਇੰਕ (ਮੋਹਨ ਸਿੰਘ ਐਂਡ ਸੰਨਜ਼, ਇੰਡੀਆਨਾ), ਵਰਿੰਦਰ ਸਾਹੀ, ਸਿੰਘ ਕੰਸਟਰਕਸ਼ਨ, ਦੇਸੀ ਬਾਜ਼ਾਰ, ਪੰਜਾਬ ਕਲਚਰਲ ਸੁਸਾਇਟੀ (ਤੀਰਥ ਅਟਵਾਲ, ਗੁਰਿੰਦਰਪਾਲ ਨਾਗਰਾ, ਰਾਣਾ ਸਿੱਧੂ, ਬਲਵਿੰਦਰ ਸਿੰਘ), ਅਮਰਜੀਤ ਸਿੰਘ ਚੀਮਾ
ਸੁਖਦੇਵ ਸਿੰਘ ਦਿੱਲੀ ਪੈਲੇਸ। **ਸਹਿਯੋਗੀ ਸੰਸਥਾਵਾਂ:** (ਸ਼ਿਕਾਗੋ) ਪੰਜਾਬ ਸਪੋਰਟਸ ਕਲੱਬ-ਮਿਡਵੈਸਟ, ਪੰਜਾਬੀ ਯੂਥ ਐਸੋਸੀਏਸ਼ਨ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ, ਫਰੈਂਡਜ਼ ਆਫ ਪੰਜਾਬ, ਪੀ ਸੀ ਐਸ, ਪੀ ਐਚ ਓ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ। (ਮਿਲਵਾਕੀ) ਰੰਗਲਾ ਪੰਜਾਬ, ਪੀ ਸੀ ਓ।
ਪੰਜਾਬੀ ਅਮੈਰਿਕਨ ਯੂਥ ਕਲੱਬ, ਫਾਈਵ ਰਿਵਰ ਐਂਟਰਟੇਨਮੈਂਟ; (ਮਿਸ਼ੀਗਨ) ਪੀ ਸੀ ਐਸ ਕੈਲਮਜ਼ੂ, ਪੰਜਾਬ ਸਪੋਰਟਸ ਐਂਡ ਕਲਚਰਲ ਆਰਗੇਨਾਈਜੇਸ਼ਨ-ਮਿਸ਼ੀਗਨ, ਗੁਰਦੁਆਰਾ ਸਿੰਘ ਸਭਾ-ਕੈਲਮਜ਼ੂ, ਯੂ ਐਸ ਏ ਕਬੱਡੀ ਫੈਡਰੇਸ਼ਨ, ਸਪੋਰਟਸ ਐਂਡ ਕਲਚਰਲ ਫੈਡਰੇਸ਼ਨ-ਓਂਟਾਰੀਓ (ਕੈਨੇਡਾ), ਮੀਰੀ-
ਸ ਕਲੱਬ-ਗਰੀਨਵੁਡ (ਇੰਡੀਆਨਾ), ਸ਼ੇਰੇ ਪੰਜਾਬ ਸਪੋਰਟਸ ਕਲੱਬ-ਲਾਸ ਬੈਨੋਸ (ਕੈਲੀਫੋਰਨੀਆ), ਓਹਾਇਓ: ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ, ਕਲੀਵਲੈਂਡ। **ਟਰੱਕਰ ਸਪਾਂਸਰ:** ਘੁੰਮਣ
ਪਨੀ, ਸਿੱਧੀ ਟਰਾਂਸਪੋਰਟ, ਸ਼ੇਰਗਿੱਲ ਟਰੱਕਿੰਗ, ਦੀਪਾ ਵਿਰਕ, ਹਰਵੀਰ ਧਾਲੀਵਾਲ, ਇੰਦਰਪ੍ਰੀਤ ਸਿੰਘ ਇੰਦੀ, ਜਗਜੀਤ ਸਿੰਘ ਨਿਹਾਲ, ਯਾਦਵਿੰਦਰ ਸਿੰਘ ਗਿੱਲ, ਹਰਪ੍ਰੀਤ ਸਿੰਘ ਸਿੱਧੂ, ਸਵਰਨ ਸਿੰਘ (ਗਰੀਨਵੇ, ਵਿਸਕਾਨਸਿਨ), ਮਹਿੰਦਰ ਸਿੰਘ (ਰੇਸੀਨ), ਜਸਵਿੰਦਰ ਲਾਖਨ ਅਤੇ ਮਨਦੀਪ ਸਿੰਘ (ਮਿਸੀਸਿਪੀ)।

## ਸ਼ਬਦ ਝਰੋਖਾ

**ਬਲਜੀਤ ਬਾਸੀ**
ਫੋਨ: 734-454-4958

# ਭਾਦਉ ਭਰਮਿ ਭੁਲੀ

ਰਾਏਕੋਟ ਵਾਸੀ ਪੰਜਾਬ ਦੇ ਉਘੇ ਚਿੱਤਰਕਾਰ ਸਿਧਾਰਥ ਨੇ ਇਕ ਦਿਨ 'ਫੇਸਬੁਕ' ਤੇ ਆਪਣਾ ਕੰਧ-ਚਿੱਤਰ ਪੋਸਟ ਕੀਤਾ ਜਿਸ ਦਾ ਨਾਂ ਸੀ 'ਭਾਦੋਂ'। ਉਸ ਨੇ ਚਿੱਤਰ ਦੀ ਵਿਆਖਿਆ ਵਜੋਂ ਨਾਲ ਹੀ ਭਾਦੋਂ ਸ਼ਬਦ ਦਾ ਆਪਣੇ ਵਲੋਂ ਸੰਧੀ-ਛੇਦ ਕਰ ਦਿੱਤਾ: ਭਾ+ਦਿਓਂ। ਉਸ ਅਨੁਸਾਰ ਉਸ ਦੀ ਭਾਸ਼ਾ ਸਰਾਇਕੀ ਵਿਚ ਭਾਦੋਂ ਨੂੰ ਭਾਦਿਓਂ ਕਹਿੰਦੇ ਹਨ। ਪੋਸਟ ਵਿਚ ਉਸ ਨੇ 'ਭਾ' ਸ਼ਬਦ ਦਾ ਅਰਥ ਕੀਤਾ 'ਭਾਵ' ਅਰਥਾਤ ਪ੍ਰਭਾਵ, ਗੁਣ ਜਾਂ ਰੰਗ ਅਤੇ 'ਦਿਓਂ' ਦਾ ਅਰਥ ਦੱਸਿਆ 'ਦੋ'। ਇਸ ਤਰ੍ਹਾਂ ਦੋਨਾਂ ਸ਼ਬਦਾਂ ਨੂੰ ਜੋੜਨ ਨਾਲ 'ਭਾਦਿਓਂ ਦੇ ਰੂਪ ਵਿਚ ਜੋ ਸ਼ਬਦ ਬਣਦਾ ਹੈ ਉਸ ਦਾ ਸ਼ਾਬਦਿਕ ਅਰਥ ਬਣਿਆ 'ਦੋਵੇਂ ਰੰਗ' ਤੇ ਵਿਕਸਿਤ ਅਰਥ 'ਦਵੈਤ'। ਭਾਦੋਂ ਬਰਸਾਤ ਦਾ ਦੂਜਾ ਮਹੀਨਾ ਹੈ ਜਦੋਂ ਸਾਵਣ ਦਾ ਜ਼ੋਰ ਲੱਗ ਚੁੱਕਾ ਹੁੰਦਾ ਹੈ। ਇਸ ਮਹੀਨੇ ਕਦੇ ਹਟ ਹਟ ਕੇ ਮੀਂਹ ਵਰਦਾ ਹੈ, ਕਦੇ ਧੁੱਪ ਨਿਕਲਦੀ ਹੈ। ਭਾਦੋਂ ਦਾ ਮੀਂਹ ਕਈ ਵਾਰੀ ਖੇਤ ਦਾ ਬੰਨਾ ਵੀ ਛੱਡ ਜਾਂਦਾ ਹੈ, ਇਥੇ ਤੱਕ ਕਿ ਮੁਹਾਵਰੇ ਅਨੁਸਾਰ ਬਲਦ ਦੇ ਸਿੰਗ ਵੀ ਛੱਡ ਦਿੰਦਾ ਹੈ, 'ਭਾਦੋਂ ਦਾ ਛਿੱਲਾ, ਇਕ ਸਿੰਗ ਸੁੱਕਾ, ਇਕ ਸਿੰਗ ਗਿੱਲਾ'। ਕਈ ਵਾਰੀ ਤਾਂ ਮੀਂਹ ਅਤੇ ਧੁਪ ਦੋਵੇਂ ਆਪਣੇ ਜਲਵੇ ਦਿਖਾਉਂਦੇ ਹਨ ਜਿਸ ਨੂੰ ਬੱਚੇ ਕਾਣੀ ਕੀੜੀ ਦਾ ਵਿਆਹ ਕਹਿੰਦੇ ਹਨ। ਇਥੇ ਝੜ ਕੀੜੀ ਦੀ ਕਾਣੀ ਤੇ ਧੁਪ ਸੁਜਾਖੀ ਅੱਖ ਦੇ ਪ੍ਰਤੀਕ ਹਨ ਤੇ ਮੀਂਹ ਦਾ ਵਰ੍ਹਨਾ ਵਿਆਹ ਦਾ ਜਸ਼ਨ।



ਭਾਦੋਂ ਬਾਰੇ ਕੁਝ ਹੋਰ ਕਹਾਵਤਾਂ ਹਨ- 'ਭਾਦੋਂ ਦੇ ਵਿਚ ਬਰਖਾ ਹੋਏ, ਕਾਲ ਪਿਛੋਕੜ ਜਾ ਕੇ ਹੋਏ' ਇਥੇ ਵੀ ਭਾਦੋਂ ਵਿਚ ਘਟ ਬਰਖਾ ਹੋਣ ਦਾ ਰੋਣਾ ਰੋਇਆ ਗਿਆ ਹੈ। 'ਭਾਦਰੋਂ ਬਦਰੰਗ, ਗੋਰਾ ਕਾਲਾ ਇਕੋ ਰੰਗ' ਭਾਵ ਭਾਦੋਂ ਦੇ ਮਹੀਨੇ ਪਸੀਨੇ ਤੇ ਹੁੰਮਸ ਨਾਲ ਹਰ ਗੋਰੇ ਕਾਲੇ ਦਾ ਰੰਗ ਬਦਰੰਗ ਹੋ ਜਾਂਦਾ ਹੈ। ਭਾਦੋਂ ਦੀ ਅਜਿਹੀ ਦੁਰੰਗੀ ਵਿਸ਼ੇਸ਼ਤਾ ਕਾਰਨ ਜੇ ਸਾਡੇ ਚਿੱਤਰਕਾਰ ਨੇ ਇਸ ਮਹੀਨੇ ਨੂੰ ਦਵੈਤ ਦਾ ਸੂਚਕ ਮੰਨਿਆ ਹੈ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ। ਪਰ ਮੈਨੂੰ ਇਤਰਾਜ਼ ਦੋ ਗੱਲਾਂ ਤੋਂ ਹੈ। ਚਿੱਤਰਕਾਰ ਨੇ ਰਾਗ ਤੁਖਾਰੀ ਵਿਚ ਗੁਰੂ ਨਾਨਕ ਦੇਵ ਦੇ ਰਚੇ ਬਾਰਾਮਾਹ ਵਿਚ ਭਾਦੋਂ ਮਹੀਨੇ ਬਾਰੇ ਰਚੇ ਪਦ, "ਭਾਦਉ ਭਰਮਿ ਭੁਲੀ ਭਰ ਜੋਬਨ ਪਛੁਤਾਣੀ" ਨੂੰ ਚਿੱਤਰ ਦੀ ਵਿਆਖਿਆ ਵਜੋਂ ਪੇਸ਼ ਕੀਤਾ ਹੈ। ਚਿੱਤਰਕਾਰ ਦਾ ਵਿਚਾਰ ਹੈ ਕਿ ਇਥੇ ਗੁਰੂ ਸਾਹਿਬ ਵੀ ਭਾਦੋਂ ਮਹੀਨੇ ਦੇ ਦਵੈਤਜਨਕ ਗੁਣ ਨੂੰ ਮਹਿਸੂਸ ਕਰਦੇ ਹੋਏ ਇਸ ਨੂੰ ਜੀਵ ਇਸਤਰੀ ਦੇ ਮਨ ਦੀ ਉਸ ਸਥਿਤੀ ਨਾਲ ਜੋੜ ਦਿੰਦੇ ਹਨ ਜੋ ਪਤੀ-ਪਰਮੇਸ਼ਵਰ ਨਾਲ ਮਿਲਾਪ ਕਰਨ ਲਈ ਜੱਕੋ ਤੱਕੇ ਵਿਚ ਰਹਿੰਦੀ ਹੈ। ਗੁਰੂ ਸਾਹਿਬ ਮੁਤਾਬਕ ਅਜਿਹੀ 'ਦੂਜੈ' ਨੂੰ ਸਿਰਫ ਪਰਮਾਤਮਾ ਹੀ ਦੂਰ ਕਰ ਸਕਦਾ ਹੈ। ਜਾਪਦਾ ਹੈ ਚਿੱਤਰਕਾਰ ਇਥੇ 'ਭਰਮ' ਸ਼ਬਦ ਨੂੰ ਵੀ ਦਵੈਤ ਦਾ ਅਰਥਾਵਾਂ ਸਮਝਦਾ ਹੈ। ਮੇਰਾ ਮਤ ਹੈ ਕਿ ਅਜਿਹਾ ਦਵੈਤ ਗੁਰੂ ਨਾਨਕ ਦੇ ਹੋਰ ਪਦਾਂ ਵਿਚ ਵੀ ਹੈ। ਮਿਸਾਲ ਵਜੋਂ ਸਿਰੀ ਰਾਗ ਵਿਚ,

ਭਰਮ ਭੁਲੀ ਡੋਹਾਗਣੀ
ਨਾ ਪਿਰ ਅੰਕਿ ਸਮਾਇ॥
ਭੂਲੀ ਫਿਰੈ ਦਿਸੰਤਰੀ
ਭੂਲੀ ਗ੍ਰਿਹ ਤਜਿ ਜਾਇ॥

ਇਹ ਗੱਲ ਵੀ ਧਿਆਨਯੋਗ ਹੈ ਕਿ ਗੁਰੂ ਸਾਹਿਬ 'ਭ' ਧੁਨੀ ਨਾਲ ਅਰੰਭ ਹੁੰਦੇ ਚਾਰ ਸ਼ਬਦਾਂ ਦੀ ਇਕੱਠਿਆਂ ਵਰਤੋਂ ਕਰਕੇ ਇਕ ਤਰ੍ਹਾਂ ਨਾਲ ਅਨੁਪ੍ਰਾਸ ਵੀ ਪੈਦਾ ਕਰ ਰਹੇ ਹਨ।

ਪਰ ਫਿਰ ਵੀ ਮਹੀਨੇ ਦੀ ਖਾਸੀਅਤ ਨਾਲ ਇਸਤਰੀ ਦੇ ਮਿਜਾਜ਼ ਨੂੰ ਮਿਲਾਉਣਾ ਕੋਈ ਬੇਤੁਕੀ ਗੱਲ ਨਹੀਂ, ਆਖਰ ਗੁਰੂ ਨਾਨਕ ਵੀ ਕੁਝ ਇਸੇ ਤਰ੍ਹਾਂ ਕਰ ਰਹੇ ਹਨ। ਪਰ ਕੀ ਗੁਰੂ ਸਾਹਿਬ ਵੀ ਮਹੀਨਿਆਂ ਦੇ ਨਾਂਵਾਂ ਦੇ ਅਰਥਾਂ ਨੂੰ ਇਸੇ ਤਰ੍ਹਾਂ ਲੈਂਦੇ ਸਨ ਜਿਵੇਂ ਸਿਧਾਰਥ ਸਾਹਿਬ ਕਰ ਰਹੇ ਹਨ? ਕਦਾਚਿਤ ਨਹੀਂ, ਭਾਵੇਂ ਇਹ ਜ਼ਰੂਰੀ ਨਹੀਂ ਗੁਰੂ ਸਾਹਿਬ ਇਸ ਸ਼ਬਦ ਦੇ ਧਾਤੂਮੂਲਕ ਅਰਥ ਜਾਣਦੇ ਹੋਣ। ਵਾਸਤਵ ਵਿਚ ਇਤਰਾਜ਼ ਮੈਨੂੰ ਇਕ ਹੋਰ ਦੂਜੀ ਗੱਲ ਦਾ ਹੈ। ਸਿਧਾਰਥ ਸਾਹਿਬ ਜ਼ਿਦ ਕਰਦੇ ਹਨ ਕਿ ਭਾਦੋਂ ਸ਼ਬਦ ਦੇ ਮੂਲਕ ਤੇ ਅਸਲ ਅਰਥ ਵੀ ਦਵੈਤ ਦੇ ਹੀ ਹਨ। ਅਸਲ ਵਿਚ ਗੁਰੂ ਨਾਨਕ ਦੇਵ ਦੇ 'ਬਾਰਾਮਾਹ' ਦੇ ਹਰ ਮਹੀਨੇ ਅਨੁਸਾਰ ਉਨ੍ਹਾਂ ਚਿੱਤਰ ਬਣਾਏ ਹਨ ਤੇ ਹਰ ਮਹੀਨੇ ਦੇ ਉਨ੍ਹਾਂ ਮਨਇਛਿਤ ਅਰਥ ਕਢੇ ਹਨ। ਅਗਲੀ ਗੱਲ ਇਹ ਕਿ ਉਹ ਸਮਝਦੇ ਹਨ ਕਿ ਗੁਰੂ ਨਾਨਕ ਦੇਵ ਜੀ ਵੀ ਮਹੀਨਿਆਂ ਦੇ ਨਾਂਵਾਂ ਦੇ ਇਹੀ ਅਰਥ ਲੈਂਦੇ ਸਨ ਤੇ ਹਰ ਮਹੀਨੇ ਬਾਰੇ ਰਚਿਆ ਪਦ ਇਸੇ ਅਰਥ ਦਾ ਵਿਸਤਾਰ ਹੈ। ਮੈਂ ਉਨ੍ਹਾਂ ਨੂੰ ਇਸ ਨੁਕਤੇ 'ਤੇ ਚੁਣੌਤੀ ਦਿੱਤੀ ਤਾਂ ਉਹ ਮੇਰੀ ਦਲੀਲ ਤੋਂ ਕਾਇਲ ਤਾਂ ਹੋ ਗਏ ਪਰ ਨਾਲ ਹੀ ਕਹਿ ਦਿੱਤਾ, "ਮੈਂ ਐਲਾਨ ਕਰਦਾ ਹਾਂ ਕਿ ਸ਼ਬਦਾਂ ਦੇ ਅਰਥਾਂ ਨੂੰ ਸਮਝਣ ਅਤੇ ਬਦਲਣ ਦਾ ਮੇਰਾ ਪੂਰਾ ਅਧਿਕਾਰ ਹੈ। ਇਸ ਕੰਮ ਲਈ ਮੈਨੂੰ ਡਿਕਸ਼ਨਰੀ ਦੇਖਣ ਦੀ ਲੋੜ ਨਹੀਂ।"

ਕਿਸੇ ਲੇਖਕ ਜਾਂ ਕਲਾਕਾਰ ਨੂੰ ਪੂਰਾ ਹੱਕ ਹੈ ਕਿ ਉਹ ਵਸਤੂ ਜਗਤ ਨੂੰ ਜਿਸ ਤਰ੍ਹਾਂ ਮਰਜ਼ੀ ਦੇਖੇ, ਸਮਝੇ, ਗ੍ਰਹਿਣ ਕਰੇ ਤੇ ਆਪਣੀ ਰਚਨਾ ਵਿਚ ਆਪਣੇ ਹੀ ਢੰਗ ਨਾਲ ਇਸ ਦਾ ਚਿੱਤਰਣ ਕਰੇ। ਅਜਿਹੀ ਆਜ਼ਾਦੀ ਬਿਨਾ ਇਹ ਕਸਬ ਫਿਰ ਚਲ ਹੀ ਕਿਵੇਂ ਸਕਦੇ ਹਨ? ਪਰ ਸਿਧਾਰਥ ਸਾਹਿਬ ਨੂੰ ਇਸ ਪ੍ਰਸੰਗ ਵਿਚ ਇਕ ਭਰਮ ਹੈ। ਅਸਲ ਵਿਚ ਵਸਤੂ ਹੋਰ ਸੰਕਲਪ ਹੈ ਤੇ ਉਸ ਨੂੰ ਸੰਕੇਤ ਕਰਨ ਵਾਲੀ ਸਾਰਥਕ ਧੁਨੀ ਯਾਨਿ ਸ਼ਬਦ ਹੋਰ ਸੰਕਲਪ ਹੈ। ਇਨ੍ਹਾਂ ਦਾ ਆਪੋ ਵਿਚ ਕੋਈ ਹੱਡ ਮਾਸ ਦਾ ਰਿਸ਼ਤਾ ਵੀ ਨਹੀਂ। ਜੇ ਅਜਿਹਾ ਹੁੰਦਾ ਤਾਂ ਗੁਲਾਬ ਨੂੰ ਹਰ ਭਾਸ਼ਾ ਵਿਚ ਗੁਲਾਬ ਹੀ ਕਿਹਾ ਜਾਂਦਾ। ਰਚਨਾਕਾਰ ਦੀ ਅਜਿਹੀ ਅਜ਼ਾਦੀ ਦੇ ਅਧਿਕਾਰ ਦਾ ਇਹ ਮਤਲਬ ਨਹੀਂ ਕਿ ਉਹ ਸ਼ਬਦਾਂ ਦੇ ਅਰਥ ਬਦਲਦਾ ਫਿਰੇ। ਸ਼ਬਦ ਇਕ ਸਮਾਜਿਕ ਆਦਾਨ-ਪਾਦਾਨ ਤੋਂ ਹਾਸਿਲ ਹੋਇਆ ਸੰਕਲਪ ਹੈ। ਇਸ ਪਿਛੇ ਇਤਿਹਾਸ ਛੁਪਿਆ ਹੁੰਦਾ ਹੈ ਤੇ ਕਿਸੇ ਸ਼ਬਦ ਵਿਸ਼ੇਸ਼ ਤੇ ਉਸ ਦੇ ਅਰਥ ਨੂੰ ਇਕ ਭਾਸ਼ਾਈ-ਸਮੂਹ ਨੇ ਪ੍ਰਵਾਨ ਕੀਤਾ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਬਦਾਂ ਦੇ ਅਰਥ ਮਿੰਟ ਮਿੰਟ ਬਦਲਦੇ ਹਨ ਪਰ ਇਹ ਵਰਤਾਰਾ ਵੀ ਸਹਿਜ ਰੂਪ ਵਿਚ ਸਮੂਹਕ ਅਨੁਭਵ ਥਾਣੀਂ ਗੁਜ਼ਰਦਾ ਹੈ। ਕੋਈ ਇਕ ਵਿਅਕਤੀ ਵੀ ਸ਼ਬਦ ਘੜ ਸਕਦਾ, ਸ਼ਬਦਾਂ ਦੇ ਅਰਥ ਬਦਲ ਜਾਂ ਵਿਕਸਿਤ ਕਰ ਸਕਦਾ ਹੈ। ਪਰ ਅਜਿਹਾ ਕਿਸੇ ਸਮਾਜਕ ਜ਼ਰੂਰਤ ਅਧੀਨ ਹੁੰਦਾ ਹੈ। ਸਿਰਫ਼ ਆਪਣੇ ਅੰਤਰਮੁਖੀ ਆਸ਼ੇ ਨੂੰ ਸਹੀ ਦਰਸਾਉਣ ਲਈ ਸ਼ਬਦਾਂ ਦੇ ਮਨਘੜਤ ਅਰਥ ਲੈਣ ਦਾ ਕਿਸੇ ਵੱਡੇ ਤੋਂ ਵੱਡੇ ਲੇਖਕ ਜਾਂ ਕਲਾਕਾਰ ਨੂੰ ਵੀ ਕੋਈ ਹੱਕ ਨਹੀਂ ਹੈ। ਕਲ੍ਹ ਨੂੰ ਮੈਂ ਕਹਿ ਦੇਵਾਂਗਾ ਕਿ ਆਦਮੀ ਉਹ ਹੈ ਜਿਸ ਨੂੰ ਦਮ ਆਉਂਦਾ ਹੈ (ਆ+ਦਮ)। ਔਰਤ:ਉਹ ਜਿਸ ਨੂੰ ਰਤ (ਮਾਹਵਾਰੀ) ਆਉਂਦੀ ਹੈ ਔ+ਰਤ! ਉਂਜ ਇਹ ਵੀ ਪ੍ਰਸ਼ਨ ਹੈ ਕਿ ਕਿਸੇ ਕਲਾਕਾਰ ਨੂੰ ਆਪਣੀ ਕਲਾ ਦੇ ਅਰਥ ਦਸਣੇ ਜ਼ਰੂਰੀ ਹਨ? ਕੀ ਕਲਾ ਆਪਣੇ ਆਪ ਨਹੀਂ ਬੋਲਣੀ ਚਾਹੀਦੀ?

ਹੁਣ ਅਸੀਂ ਭਾਦੋਂ ਸ਼ਬਦ ਦਾ ਖੁਰਾ ਨੱਪਦੇ ਹਾਂ। ਇਸ ਦੇ ਹੋਰ ਭੇਦ ਹਨ ਭਾਦਰੋਂ, ਭਾਦਉ, ਭਾਦਰਪਦ ਆਦਿ। ਭਾਰਤ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿਚ ਪਾਚਾਂਗ ਦੇ ਮਹੀਨਿਆਂ ਲਈ ਰਲਦੇ ਮਿਲਦੇ ਸ਼ਬਦ ਹਨ। ਪਰਾਕ੍ਰਿਤ ਵਿਚ ਇਸ ਦਾ ਰੂਪ ਸੀ 'ਭੱਦੋ'। ਇਸ ਮਹੀਨੇ ਦੀ ਪੂਰਨਮਾਸ਼ੀ ਦੇ ਦਿਨ ਚੰਦਰਮਾ ਭਾਦਰਪਦ ਨਛੱਤਰ ਵਿਚ ਰਹਿੰਦਾ ਹੈ। ਇਸ ਦਾ ਮਤਲਬ ਹੈ ਕਿ ਭਾਦੋਂ ਮੁਢਲੇ ਤੌਰ ਤੇ ਇਕ ਨਛੱਤਰ ਦਾ ਨਾਂ ਹੈ। ਇਹ ਸ਼ਬਦ ਮੁਢਲੇ ਤੌਰ 'ਤੇ ਸੰਸਕ੍ਰਿਤ 'ਭਦ੍ਰ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਚੰਗਾ, ਸ਼ੀਲ, ਸੁਭਾਗਾ, ਭਾਗਵਾਨ; ਸੁੰਦਰ, ਸ੍ਰੇਸ਼ਟ, ਵਧੀਆ, ਪਿਆਰਾ। ਇਨ੍ਹਾਂ ਤੋਂ ਇਲਾਵਾ ਅਨੇਕਾਂ ਮਿਥਿਹਾਸਕ ਵਸਤੂਆਂ, ਵਿਅਕਤੀਆਂ ਤੇ ਕੁਦਰਤੀ ਵਰਤਾਰਿਆਂ ਦਾ ਨਾਂ ਵੀ ਭਦ੍ਰ/ਭਦਰ ਹੈ। ਇਸ ਸ਼ਬਦ ਦੇ ਧਾਤੂ 'ਭੰਦ' ਦਾ ਅਰਥ ਕਿਸੇ ਨੂੰ ਖੁਸ਼ਹਾਲ ਜਾਂ ਭਾਗਵਾਨ ਬਣਾਉਣਾ, ਖੁਸ਼ ਕਰਨਾ, ਚਮਕਣਾ, ਪੂਜਣਾ ਆਦਿ ਹਨ। ਬੋਧ ਭਿਕਸ਼ੂਆਂ ਨੂੰ ਸਨਮਾਨ ਵਜੋਂ 'ਭੰਤ' ਕਿਹਾ ਜਾਂਦਾ ਹੈ। ਕਿਸੇ ਸ਼ਾਲੀਨ, ਸਭਿਅ ਜਾਂ ਸਾਊ ਬੰਦੇ ਲਈ ਅਸੀਂ ਭਦਰ ਸ਼ਬਦ ਵਰਤਦੇ ਹਾਂ।

ਬੰਗਾਲੀ ਵਿਚ ਇਸ ਤੋਂ ਬਣੇ ਸ਼ਬਦ 'ਭਦਰਲੋਕ' ਨੂੰ ਅਮੀਰ ਸ੍ਰੇਣੀ ਲਈ ਵਰਤਿਆ ਜਾਂਦਾ ਹੈ। ਕੰਪਨੀ ਰਾਜ ਸਮੇਂ ਇਹ ਸ਼ਬਦ ਉਨ੍ਹਾਂ ਉਚ ਜਾਤੀ ਦੇ ਲੋਕਾਂ ਲਈ ਵਰਤਿਆ ਜਾਣ ਲੱਗਾ ਜਿਹੜੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਤੋਂ ਲਾਭ ਲੈਂਦੇ ਸਨ। ਪੰਜਾਬੀ ਵਿਚ ਭਦਰਪੁਰਸ਼ ਥੋੜਾ ਵਿਅੰਗ ਭਾਵ ਨਾਲ ਵਰਤਿਆ ਜਾਂਦਾ ਹੈ। ਭਦਰ ਤੋਂ ਹੀ 'ਸੁਭਦਰਾ' ਸ਼ਬਦ ਬਣਿਆ ਹੈ ਅਰਥਾਤ ਭਦਰ ਗੁਣ ਵਾਲੀ। ਇਹ ਸ਼ਬਦ ਧਰਤੀ ਲਈ ਅਤੇ ਇਸਤਰੀਆਂ ਦੇ ਖਾਸ ਨਾਂ ਵਜੋਂ ਵਰਤਿਆ ਜਾਂਦਾ ਹੈ। ਭਦਰਕਾਲੀ ਦੱਖਣ ਭਾਰਤ ਦੀ ਦੇਵੀ ਦਾ ਨਾਂ ਵੀ ਹੈ। ਕ੍ਰਿਸ਼ਨ ਦੇ ਵੱਡੇ ਭਰਾ ਬਲਰਾਮ ਦਾ ਇਕ ਨਾਂ ਬਲਭਦਰ ਹੈ। ਜਗਨਨਾਥ ਪੁਰੀ ਦੇ ਮੰਦਰ ਵਿਚ ਜਗਨਨਾਥ (ਵਿਸ਼ਨੂੰ ਦਾ ਅਵਤਾਰ ਕ੍ਰਿਸ਼ਨ), ਬਲਰਾਮ, ਅਤੇ ਕ੍ਰਿਸ਼ਨ ਦੀ ਭੈਣ ਸੁਭਦਰਾ ਦੀਆਂ ਮੂਰਤੀਆਂ ਹਨ। ਭਦਰਪੁਰ ਨੈਪਾਲ ਦੇ ਇਕ ਸ਼ਹਿਰ ਦਾ ਨਾਂ ਹੈ। ਜੰਮੂ ਦੇ ਇਕ ਸ਼ਹਿਰ ਭਦਰਵਾਹ ਦੇ ਰਾਜਮਾਂਹ ਮਸ਼ਹੂਰ ਹਨ। ਬੱਚੇ ਦੇ ਪਹਿਲੇ ਵਾਲਾਂ ਦੀ ਰੀਤੀ ਵਜੋਂ ਹਜਾਮਤ ਕਰਨ ਨੂੰ ਭਦਣ ਕਰਨਾ ਕਿਹਾ ਜਾਂਦਾ ਹੈ। ਬਜ਼ੁਰਗ ਦੇ ਮਰਨ ਤੇ ਵੀ ਪ੍ਰਾਸ਼ਚਿਤ ਵਜੋਂ ਭੱਦਣ ਕੀਤਾ ਜਾਂਦਾ ਹੈ। ਇਸ ਰੀਤ ਦਾ ਭਾਵ ਹੈ ਕਿ ਮਨੁਖ ਇਕ ਗੰਭੀਰ, ਸ਼ਿਸ਼ਟ, ਸਾਊ ਦੌਰ ਵਿਚ ਗੁਜ਼ਰ ਗਿਆ ਹੈ। ਭੱਦਾ ਸ਼ਬਦ ਭਦਰ ਦਾ ਹੀ ਅਵਨਤ ਰੂਪ ਹੈ। ਜਦ ਕੋਈ 'ਭਦਰ' ਦਿਸਣ ਲਈ ਵਿਸ਼ੇਸ਼ ਤੌਰ ਤੇ ਵਧੇਰੇ ਹੀ ਜਤਨ ਕਰੇ ਤਾਂ ਵਾਸਤਵ ਵਿਚ ਉਹ ਸ਼ਖਸ ਆਮ ਨਜ਼ਰਾਂ ਵਿਚ ਕਰੂਪ ਲੱਗਣ ਲੱਗ ਜਾਂਦਾ ਹੈ। ਇਸ ਲਈ ਭੱਦਾ ਸ਼ਬਦ ਭੱਦਰ ਤੋਂ ਕੁਝ ਉਲਟੇ ਅਰਥ ਗ੍ਰਹਿਣ ਕਰ ਗਿਆ। ਉਂਜ ਸੰਸਕ੍ਰਿਤ ਵਿਚ ਭੱਦਰ ਦਾ ਇਕ ਅਰਥ ਦਿਖਾਵਾ ਕਰਨ ਵਾਲਾ ਪਖੰਡੀ ਵੀ ਹੈ। ਭਦੇਸਾ ਵੀ ਇਨ੍ਹਾਂ ਅਰਥਾਂ ਵਿਚ ਵਰਤਿਆ ਜਾਂਦਾ ਹੈ। ਭੌਂਦੂ ਵੀ ਭੱਦਰ ਦੀ ਪੈਦਾਵਾਰ ਹੈ।

'ਭੱਦਰ' ਹਿੰਦ-ਆਰਿਆਈ ਮੂਲ ਦਾ ਸ਼ਬਦ ਹੈ। ਤੁਹਾਨੂੰ ਹੈਰਾਨੀ ਹੋਵੇਗੀ ਕਿ ਅੰਗਰੇਜ਼ੀ ਦੇ ਬੈਟਰ (better) ਅਤੇ ਬੈਸਟ (best) ਸ਼ਬਦ ਇਸ ਦੇ ਸਕੇ ਸੋਹਦਰੇ ਹਨ। ਇਹ ਦੋਨੋਂ ਸ਼ਬਦ ਕ੍ਰਮਵਾਰ ਅੰਗੇਜ਼ੀ ਸ਼ਬਦ ਗੁੱਡ (good) ਦੀ ਤੁਲਨਾਤਮਕ ਅਤੇ ਸਰਬੋਤਮ ਅਵਸਥਾ ਵਜੋਂ ਜਾਣੇ ਜਾਂਦੇ ਹਨ। ਪੁਰਾਣੀ ਅੰਗਰੇਜ਼ੀ ਵਿਚ ਗੁੱਡ ਸ਼ਬਦ ਦੀਆਂ ਬਾਕਾਇਦਾ ਅਵਸਥਾਵਾਂ ਗੁਡਰ (gooder) ਅਤੇ ਗੁਡੈਸਟ (goodest) ਹੀ ਸਨ ਪਰ ਹਿੰਦ-ਇਰਾਨੀ ਭਾਸ਼ਾਵਾਂ ਦੇ ਪ੍ਰਭਾਵ ਸਦਕਾ ਇਹ ਦੋਵੇਂ ਸ਼ਬਦ ਨਿਕਲ ਗਏ ਅਤੇ ਇਨ੍ਹਾਂ ਦੀ ਜਗਹ ਬੈਟਰ ਅਤੇ ਬੈਸਟ ਨੇ ਲੈ ਲਈ। ਅੰਗਰੇਜ਼ੀ ਵਿਚ ਇਕ ਸ਼ਬਦ boot ਮਿਲਦਾ ਹੈ ਜਿਸ ਦਾ ਅਰਥ ਮਦਦ ਕਰਨਾ, ਲਾਭ ਪੁਚਾਉਣਾ, ਸ਼ਾਬਦਿਕ ਤੌਰ ਤੇ ਕਿਸੇ ਨੂੰ ਬੇਹਤਰ ਕਰਨਾ ਹੈ। ਇਹ ਪ੍ਰਾਚੀਨ ਸ਼ਬਦ ਬੌਟ (bot) ਤੋਂ ਬਣਿਆ ਜਿਸ ਦਾ ਅਰਥ ਸੀ ਮੁਰੰਮਤ ਕਰਨਾ। ਫਾਰਸੀ ਵਿਚ ਇਸ ਦੇ ਟਾਕਰੇ ਦਾ ਸ਼ਬਦ 'ਬੇਹਤਰ' ਮਿਲਦਾ ਹੈ ਜੋ ਪੰਜਾਬੀ ਨੇ ਵੀ ਖੂਬ ਅਪਨਾਇਆ ਹੈ। ਫਾਰਸੀ ਵਿਚ ਇਸ ਦਾ ਉਤਮ ਅਵਸਥਾ ਵਾਲਾ ਰੂਪ ਹੈ 'ਬੇਹ' ਜਿਸ ਦਾ ਅਰਥ ਹੁੰਦਾ ਸੀ ਚੰਗਾ, ਵਧੀਆ, ਸ਼ੁਭ ਆਦਿ। ਬੇਹਤਰ ਇਸ ਸ਼ਬਦ ਦੀ ਤੁਲਨਾਤਮਕ ਅਵਸਥਾ ਹੈ। ਭਦਰ ਸ਼ਬਦ ਵੀ ਮੁਢਲੇ ਤੌਰ 'ਤੇ ਭਦ ਦੀ ਤੁਲਨਾਤਮਕ ਅਵਸਥਾ ਹੀ ਹੈ।

## ਆਖ ਤਸਵੀਰਾਂ ਬੋਲਦੀਆਂ

**'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ ਪਹਿਲੀ ਸਤੰਬਰ ਹੈ। -ਸੰਪਾਦਕ**

### ਕੈਪਸ਼ਨ ਮੁਕਾਬਲਾ-27



*ਛੱਤ ਕੋਠੀਆਂ ਮਹਿਲਾਂ ਵਰਗੀਆਂ ਤੁਰ ਗਏ ਪੁੱਤ ਪ੍ਰਦੇਸੀ।*
*ਭਾਂ ਭਾਂ ਕਰਦੀਆਂ ਜੀਅ ਨਾ ਲੱਗੇ ਰੌਣਕ ਕੌਣ ਕਰੇਸੀ?*

### ਕੈਪਸ਼ਨ ਮੁਕਾਬਲਾ-25



ਹਰ ਵੇਲੇ ਰਹਾਂ ਕੰਮ ਮੈਂ ਕਰਦਾ,
ਰੱਬ ਦੇ ਕੋਲੋਂ ਸਦਾ ਮੈਂ ਡਰਦਾ।
ਮਾਲਕ ਨਾਲ ਨਾ ਕਦੇ ਵੀ ਲੜਦਾ,
ਪਾਣੀ ਰਹਾਂ ਮੈਂ ਉਸ ਦਾ ਭਰਦਾ।
ਖੋਤਾ ਬਨਾਮ ਗਧਾ ਵੀ ਕਹਿੰਦੇ,
ਇਹ ਮੇਰਾ ਉਪਨਾਮ ਆ।
ਮਿਹਨਤਕਸ਼ ਲੋਕਾਂ ਨੂੰ ਮੇਰਾ,
ਵਾਰ ਵਾਰ ਪ੍ਰਣਾਮ ਆ।

***-ਰਾਮ ਕੁਮਾਰ ਐਸ਼, ਜਾਜਾ***

---

ਮੇਰੇ ਵਾਂਗੂੰ ਹੰਡ ਭੰਨਵੀਂ
ਮਿਹਨਤ ਨੇ ਜੋ ਕਰਦੇ।
ਮਹਿੰਗਾਈ ਦੀ ਦੁਨੀਆਂ ਵਿਚ ਵੀ,
ਕਦੇ ਨਾ ਭੁੱਖੇ ਮਰਦੇ।
ਭਾਵੇਂ ਕੋਈ ਟਿੱਚਰ 'ਚ ਕਹਿੰਦਾ,
ਕਿਉਂ ਖੋਤੇ ਵਾਂਗੂੰ ਵਗਦਾ ਏਂ।
ਮੇਰਾ ਜਦੋਂ ਹੈ ਨਾਂ ਕੋਈ ਲੈਂਦਾ,
ਮੈਨੂੰ ਚੰਗਾ ਲੱਗਦਾ ਏ।

***-ਅਮਨ ਧੂੜ, ਸੈਨ ਹੋਜ਼ੇ***

---

ਵੇਡ ਮਾਈਕਲ ਪੇਜ ਨਾਮੀ ਬੰਦੇ ਨੇ
ਗੁਰੂਘਰ ਵਿਚ ਕਹਿਰ ਵਰਤਾਇਆ।
ਉਸ ਜੱਲਾਦ ਬੰਦੇ ਨੂੰ ਮਾਸਾ ਵੀ,
ਤਰਸ ਕਿਉਂ ਨਾ ਆਇਆ।
ਰੱਬ ਅੱਗੇ ਕਰਾਂ ਅਰਦਾਸ ਮੈਂ,
ਇਨ੍ਹੂੰ ਅਗਲੇ ਜਨਮ 'ਚ ਗਧਾ ਬਣਾਵੇ।
ਸਾਰੀ ਉਮਰੇ ਆਪਣੀ ਕੀਤੀ ਦਾ,
ਪਿੱਠ ਉਪਰ ਭਾਰ ਚੁਕਾਵੇ।

***-ਗੋਲਡੀ ਕੁਮਾਰ, ਟਾਂਡਾ***

---

ਹਰ ਕੋਈ ਕੰਮ ਲੈ ਕੇ ਸਾਥੋਂ,
ਫਿਰ ਸਾਡੇ 'ਤੇ ਹੱਸਦਾ।
ਆਪਣੀ ਹੱਡ-ਬੀਤੀ ਰੱਬ ਨੂੰ
ਰੋ-ਰੋ ਪਿਆ ਹੈ ਦੱਸਦਾ।
ਬਹੁਤ ਮਾਰਦੇ-ਕੁੱਟਦੇ ਸਾਨੂੰ ਰੱਬਾ,
ਹੁਣ ਹੋਰ ਬਰਦਾਸ਼ਤ ਨਹੀਂ ਹੁੰਦਾ।
ਅਗਲੇ ਜਨਮ ਜੋ ਮਰਜ਼ੀ ਬਣਾ ਦਈਂ,
ਪਰ ਬਣਾਈ ਨਾ ਸਾਨੂੰ ਖੋਤਾ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 646-721-1964***

---

ਜਨਤਾ ਲੀਡਰਾਂ ਨੂੰ ਕਹਿੰਦੀ ਖੋਤੇ
ਸੁਣ ਕੇ ਕਦੀ ਹੈਰਾਨ ਨਾ ਹੁੰਦਾ।
ਜੇ ਗਲੀਆਂ ਵਿਚ ਢੋਂਦਾ ਨਾ ਇੱਟਾਂ,
ਕਈਆਂ ਦਾ ਮਕਾਨ ਨਾ ਹੁੰਦਾ।
ਖੱਟੀਆਂ ਖੱਟਦੇ ਆਸ਼ਕ ਜਿਹੜੇ,
ਮੇਰੇ ਬਿਨ ਸਨਮਾਨ ਨਾ ਹੁੰਦਾ।
ਸ਼ਾਹ ਸਿਕੰਦਰਾ ਹੁੰਦੇ ਨਾ ਖੋਤੇ,
ਤੂੰ ਵੀ ਅੱਜ ਮਹਾਨ ਨਾ ਹੁੰਦਾ।
ਕਿਹਨੂੰ ਪਾਉਂਦੇ ਵੋਟਾਂ?
ਜੇ ਖੋਤਾ ਚੋਣ ਨਿਸ਼ਾਨ ਨਾ ਹੁੰਦਾ!

***-ਰਸ਼ਪਾਲ ਲੱਖਣ***

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

*2004 to 2006 Award Winner Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

# ਨਸਲੀ ਹਮਲਿਆਂ ਤੋਂ ਸਿੱਖ ਭਾਈਚਾਰਾ ਫਿਕਰਮੰਦ

## ਸਿੱਖ ਸੰਸਥਾਵਾਂ ਵੱਲੋਂ ਜਾਨ ਮਾਲ ਦੀ ਰਾਖੀ ਲਈ ਅਪੀਲ



**ਚੰਡੀਗੜ੍ਹ:** ਵਿਸਕਾਨਸਿਨ ਗੁਰਦੁਆਰਾ ਗੋਲੀਕਾਂਡ ਤੋਂ ਬਾਅਦ ਅਮਰੀਕਾ ਸਰਕਾਰ ਵੱਲੋਂ ਸੁਰੱਖਿਆ ਯਕੀਨੀ ਬਣਾਉਣ ਦੇ ਦਿੱਤੇ ਗਏ ਭਰੋਸੇ ਦੇ ਬਾਵਜੂਦ ਗੁਰਦੁਆਰਾ ਮੈਂਬਰ ਦਲਬੀਰ ਸਿੰਘ ਦੀ ਹੱਤਿਆ ਕੀਤੇ ਜਾਣ ਕਾਰਨ ਸਿੱਖ ਜਥੇਬੰਦੀਆਂ ਚਿੰਤਤ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਬਾਰੇ ਅਮਰੀਕਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਘਟਨਾਵਾਂ ਰੋਕਣ ਲਈ ਤੁਰੰਤ ਹਰਕਤ ਵਿਚ ਆਵੇ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਸ ਘਟਨਾ ਨਾਲ ਮੁੜ ਸਿੱਖ ਜਗਤ ਵਿਚ ਦੁੱਖ ਦੀ ਲਹਿਰ ਫੈਲ ਗਈ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇਹ ਲੁੱਟ ਦੀ ਘਟਨਾ ਨਾਲ ਸਬੰਧਤ ਹਾਦਸਾ ਹੈ ਪਰ ਅਮਰੀਕਾ ਵਿਚ ਹੀ ਮੁੜ ਸਿੱਖ ਵਿਅਕਤੀ ਦਾ ਕਤਲ ਕੀਤੇ ਜਾਣਾ ਨਿੰਦਣਯੋਗ ਹੈ। ਉਨ੍ਹਾਂ ਆਖਿਆ ਕਿ ਅਮਰੀਕਾ ਸਰਕਾਰ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਰਾਖੀ ਯਕੀਨੀ ਬਣਾਉਣ ਲਈ ਕਾਰਵਾਈ ਕਰੇ ਤੇ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਤੁਰੰਤ ਚਾਰਾਜੋਈ ਕਰੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਘਟਨਾ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਪੂਰੀ ਸੁਹਿਰਦਤਾ ਨਾਲ ਇਸ ਮਸਲੇ ਨੂੰ ਲੈਣ ਤੇ ਕੂਟਨੀਤਕ ਸਬੰਧਾਂ ਦੀ ਵਰਤੋਂ ਕਰਦਿਆਂ ਅਮਰੀਕਾ ਸਰਕਾਰ 'ਤੇ ਦਬਾਅ ਬਣਾ ਕੇ ਸਿੱਖ ਭਾਈਚਾਰੇ ਦੀ ਜਾਨ-ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ। ਉਨ੍ਹਾਂ ਰੋਸ ਪ੍ਰਗਟਾਇਆ ਕਿ ਭਾਰਤ ਸਰਕਾਰ ਸਿੱਖਾਂ ਦੇ ਮਸਲਿਆਂ ਪ੍ਰਤੀ ਸੁਹਿਰਦ ਨਹੀਂ ਹੈ। ਇਸ ਬਾਰੇ ਪਹਿਲਾਂ ਵੀ ਸਰਕਾਰ ਨੂੰ ਜਾਣੂ ਕਰਵਾਇਆ ਜਾ ਚੁੱਕਿਆ ਹੈ ਪਰ ਸਰਕਾਰ ਨੇ ਅਣਦੇਖੀ ਕੀਤੀ ਹੈ। ਜੇਕਰ ਸਰਕਾਰ ਢਿੱਲ-ਮੱਠ ਨਾ ਕਰਦੀ ਤਾਂ ਮੁੜ ਅਜਿਹੀ ਦੁਖਦਾਈ ਘਟਨਾ ਨਾ ਵਾਪਰਦੀ। ਉਨ੍ਹਾਂ ਅਮਰੀਕਾ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੀਆਂ ਘਟਨਾਵਾਂ ਰੋਕਣ ਲਈ ਤੁਰੰਤ ਪ੍ਰਭਾਵਸ਼ਾਲੀ ਕਾਰਵਾਈ ਕਰੇ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਨਵੀਨਰ ਪ੍ਰਿਤਪਾਲ ਸਿੰਘ ਨੇ ਆਖਿਆ ਕਿ ਭਾਵੇਂ ਮੁੱਢਲੇ ਤੌਰ 'ਤੇ ਇਹ ਮਾਮਲਾ ਲੁੱਟ ਦਾ ਜਾਪਦਾ ਹੈ ਪਰ ਇਸ ਘਟਨਾ ਨਾਲ ਮੁੜ ਸਿੱਖ ਜਗਤ ਵਿਚ ਸੋਗ ਫੈਲ ਗਿਆ ਹੈ। ਵਿਸਕਾਨਸਿਨ ਗੁਰਦੁਆਰਾ ਗੋਲੀਕਾਂਡ ਵਾਪਰੇ ਨੂੰ ਅਜੇ ਕੁਝ ਦਿਨ ਹੀ ਹੋਏ ਹਨ ਕਿ ਇਸੇ ਗੁਰਦੁਆਰੇ ਦੇ ਮੈਂਬਰ ਦਲਬੀਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਅਮਰੀਕਾ ਦੀ ਪੁਲਿਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਜਾਂਚ ਕਰ ਰਹੀ ਹੈ। ਇਸੇ ਦੌਰਾਨ ਅਮਰੀਕਾ ਦੀ ਸਿੱਖ ਜਥੇਬੰਦੀ ਯੂਨਾਈਟਿਡ ਸਿੱਖਸ ਨੇ ਜਾਰੀ ਬਿਆਨ ਰਾਹੀਂ ਆਖਿਆ ਕਿ ਅਜੇ ਸਿੱਖ ਭਾਈਚਾਰਾ ਵਿਸਕਾਨਸਿਨ ਗੁਰਦੁਆਰਾ ਗੋਲੀਕਾਂਡ ਤੋਂ ਉਭਰਿਆ ਵੀ ਨਹੀਂ ਸੀ ਕਿ ਮੁੜ ਦੁਖਦਾਈ ਘਟਨਾ ਵਾਪਰ ਗਈ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਪਛਾਣ ਹੀ ਉਨ੍ਹਾਂ ਲਈ ਮੌਤ ਦਾ ਕਾਰਨ ਬਣ ਰਹੀ ਹੈ।

ਦਲ ਖ਼ਾਲਸਾ ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਇਸ ਨਵੀਂ ਘਟਨਾ ਨੇ ਸਮੁੱਚੇ ਸਿੱਖ ਭਾਈਚਾਰੇ ਨੂੰ ਮੁੜ ਚਿੰਤਾ ਵਿਚ ਪਾ ਦਿੱਤਾ ਹੈ ਕਿ ਵਿਦੇਸ਼ਾਂ ਵਿੱਚ ਵੱਸਦਾ ਸਿੱਖ ਭਾਈਚਾਰਾ ਸੁਰੱਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਓਬਾਮਾ ਸਰਕਾਰ ਨੂੰ ਸਿੱਖਾਂ ਨਾਲ ਵਾਪਰ ਰਹੀਆਂ ਘਟਨਾਵਾਂ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

# ਸਿੱਖਾਂ ਦੇ ਹੱਕ 'ਚ ਨਿੱਤਰੇ ਅਮਰੀਕੀ ਸਦਨ ਦੇ ਸੱਤ ਮੈਂਬਰ

## ਐਫ.ਬੀ.ਆਈ. ਜਾਂਚ ਦੀ ਹਮਾਇਤ

ਵਾਸ਼ਿੰਗਟਨ: ਅਮਰੀਕਾ ਦੇ ਪ੍ਰਤੀਨਿਧ ਸਦਨ ਦੇ ਸੱਤ ਮੈਂਬਰਾਂ ਨੇ ਸਿੱਖਾਂ ਵਿਰੁੱਧ ਨਸਲੀ ਅਪਰਾਧਾਂ ਦੀ ਨਿੰਦਾ ਕਰਦਾ ਮਤਾ ਪੇਸ਼ ਕੀਤਾ ਹੈ। ਅਜਿਹੇ ਅਪਰਾਧਾਂ ਦੀ ਜਾਂਚ ਐਫ.ਬੀ.ਆਈ. ਤੋਂ ਕਰਾਏ ਜਾਣ ਬਾਰੇ ਸਿੱਖ ਭਾਈਚਾਰੇ ਦੀ ਮੰਗ ਦੀ ਵੀ ਮਤੇ ਵਿਚ ਹਮਾਇਤ ਕੀਤੀ ਗਈ ਹੈ। ਇਸੇ ਦੌਰਾਨ ਵਿਸਕੌਨਸਨ ਗੁਰਦੁਆਰਾ ਕਾਂਡ ਵਿਚ ਮਾਰੇ ਗਏ ਸਿੱਖ ਸ਼ਰਧਾਲੂਆਂ ਦੇ ਪਰਿਵਾਰਾਂ ਤੇ ਜ਼ਖ਼ਮੀਆਂ ਦੀ ਮਦਦ ਲਈ 1.4 ਕਰੋੜ ਰੁਪਏ ਤੋਂ ਵੱਧ ਰਾਸ਼ੀ ਇਕੱਠੀ ਹੋ ਗਈ ਹੈ। ਵੱਖ-ਵੱਖ ਸਰੋਤਾਂ ਤੋਂ ਪੀੜਤ ਸਿੱਖ ਪਰਿਵਾਰਾਂ ਦੀ ਮਦਦ ਲਈ ਧੜਾਧੜ ਧਨ ਆ ਰਿਹਾ ਹੈ।

ਸਿੱਖ ਕੁਲੀਸ਼ਨ ਅਨੁਸਾਰ ਸਦਨ ਵਿਚ ਇਹ ਮਤਾ ਪੇਸ਼ ਕੀਤੇ ਜਾਣ ਦੇ ਨਾਲ ਹੀ ਸੈਨੇਟਰ ਡਿਐਨ ਫੀਅਨਸਟੀਨ ਜੋ ਸੈਨੇਟ ਦੀ ਖੁਫੀਆ ਮਾਮਲਿਆਂ ਬਾਰੇ ਕਮੇਟੀ ਦੀ ਚੇਅਰਪਰਸਨ ਹਨ, ਨੇ ਸਾਰੇ ਸੈਨੇਟਰਾਂ ਨੂੰ ਪੱਤਰ ਭੇਜਿਆ ਸੀ ਜਿਸ ਵਿਚ ਉਨ੍ਹਾਂ ਨੂੰ ਸਿੱਖਾਂ ਵਿਰੁੱਧ ਨਸਲੀ ਅਪਰਾਧਾਂ ਦੀ ਜਾਂਚ ਦੇ ਸਮਰਥਨ ਵਿਚ ਆਉਣ ਲਈ ਕਿਹਾ ਗਿਆ ਸੀ। ਸਿੱਖ ਕੁਲੀਸ਼ਨ ਨੇ ਆਪਣੇ ਸਮਰਥਕਾਂ ਨੂੰ ਵੀ ਕਿਹਾ ਹੈ ਕਿ ਉਹ ਕਾਂਗਰਸ ਦੇ ਮੈਂਬਰਾਂ ਤੇ ਸੈਨੇਟਰਾਂ ਨੂੰ ਆਨਲਾਈਨ ਪਟੀਸ਼ਨ ਭੇਜ ਕੇ ਅਜਿਹੇ ਅਹਿਮ ਉਪਰਾਲਿਆਂ ਦੀ ਹਮਾਇਤ ਲਈ ਜ਼ੋਰ ਪਾਉਣ ਤੇ ਫੇਸਬੁੱਕ ਤੇ ਟਵਿੱਟਰ ਰਾਹੀਂ ਹੋਰਾਂ ਨਾਲ ਵੀ ਇਹ ਜਾਣਕਾਰੀ ਸਾਂਝੀ ਕਰਨ। ਸਦਨ ਵੱਲੋਂ ਇਹ ਮਤਾ ਜੋਸਫ ਕਰਾਊਲੇ, ਬਿੱਲ ਪਸਕਰੈੱਕ, ਹਾਵਰਡ ਬਰਮਨ, ਜੂ.ਡੀ.ਯੂ., ਨੀਟਾ ਲਾਓਵੇ, ਕੀਥ ਐਲੀਸਨ ਤੇ ਪੀਟ ਸਟਾਰਕ ਨੇ ਪੇਸ਼ ਕੀਤਾ ਹੈ।

ਇਸੇ ਦੌਰਾਨ ਓਕ ਕਰੀਕ ਗੁਰਦੁਆਰੇ ਵਿਚ 5 ਅਗਸਤ ਨੂੰ ਹੋਈ ਘਟਨਾ ਵਿਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਤੇ ਜ਼ਖ਼ਮੀਆਂ ਦੀ ਮਦਦ ਲਈ 1.4 ਕਰੋੜ ਰੁਪਏ ਤੋਂ ਵੱਧ ਰਾਸ਼ੀ ਇਕੱਠੀ ਹੋ ਚੁੱਕੀ ਹੈ। ਵਿਸਕੌਨਸਨ ਗੁਰਦੁਆਰੇ ਦੇ ਪ੍ਰਬੰਧਕਾਂ ਵਿਚੋਂ ਇਕ ਡਾ. ਕੁਲਵੰਤ ਸਿੰਘ ਧਾਲੀਵਾਲ ਨੇ ਕਿਹਾ ਕਿ ਲਗਾਤਾਰ ਲੋਕਾਂ ਵੱਲੋਂ ਦਿਲ ਖੋਲ੍ਹ ਕੇ ਮਾਇਆ ਦਾਨ ਕੀਤੀ ਜਾ ਰਹੀ ਹੈ। ਸ. ਧਾਲੀਵਾਲ ਨੇ ਦੱਸਿਆ ਕਿ ਮਰਨ ਵਾਲੇ ਸਿੱਖਾਂ ਦੇ ਪਰਿਵਾਰਾਂ ਨੂੰ ਇਹ ਰਾਸ਼ੀ ਭੇਟ ਕੀਤੀ ਜਾਏਗੀ ਤੇ ਜ਼ਖ਼ਮੀਆਂ ਨੂੰ ਵੀ ਇਮਦਾਦ ਕੀਤੀ ਜਾਏਗੀ।

ਸੈਕਰਾਮੈਂਟੋ ਗੁਰਦੁਆਰਾ ਕੈਲੀਫੋਰਨੀਆ ਵੱਲੋਂ 11000 ਡਾਲਰ ਰਾਸ਼ੀ ਭੇਜੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਹਰੇਕ ਪੀੜਤ ਦੇ ਪਰਿਵਾਰ ਨੂੰ 5-5 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ। ਹਮਲਾਵਰ ਦਾ ਮੁਕਾਬਲਾ ਕਰਦਿਆਂ ਮਾਰੇ ਗਏ ਗੁਰਦੁਆਰੇ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਹ ਪੈਸੇ ਨਹੀਂ ਲੈਣਗੇ। ਇਸ ਪਰਿਵਾਰ ਨੇ ਹੀ ਆਨਲਾਈਨ ਦਾਨ ਦੇਣ ਲਈ ਵੈੱਬਸਾਈਟ ਬਣਾਈ ਸੀ। ਪਰਿਵਾਰ ਅਨੁਸਾਰ ਅਸਲ ਵਿਚ ਇਹ ਰਾਸ਼ੀ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਦਿੱਤੀ ਜਾਏਗੀ ਤੇ ਗੋਲੀ ਕਾਂਡ ਦੌਰਾਨ ਗੁਰਦੁਆਰੇ ਦੇ ਹੋਏ ਨੁਕਸਾਨ ਦੀ ਮੁਰੰਮਤ ਲਈ ਵਰਤੀ ਜਾਏਗੀ।

# ਅਮਰੀਕੀਆਂ ਨੂੰ ਸਿੱਖਾਂ ਕੋਲੋਂ ਕੁਝ ਸਿੱਖਣ ਦੀ ਨਸੀਹਤ

**ਨਿਊ ਯਾਰਕ:** ਭਾਵੇਂ ਅਜੇ ਸਿੱਖ ਭਾਈਚਾਰਾ ਮਿਲਵਾਕੀ ਗੁਰਦੁਆਰੇ ਦੀ ਗੋਲੀਕਾਂਡ ਵਿਚੋਂ ਉਭਰਨ ਦਾ ਯਤਨ ਕਰ ਰਿਹਾ ਹੈ ਤਾਂ ਹਾਰਵਰਡ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਨੇ ਸਿੱਖ ਭਾਈਚਾਰੇ ਦੀ ਸਿਫਤ ਕਰਦਿਆਂ ਕਿਹਾ ਕਿ ਸਿੱਖ ਅਮਰੀਕੀ ਲੋਕਾਂ ਲਈ ਰੋਲ ਮਾਡਲ ਬਣ ਕੇ ਉਭਰੇ ਹਨ ਜਿਹੜੇ ਇਸ ਭਾਈਚਾਰੇ ਦੀ ਮਾਣ ਸਨਮਾਨ ਤੇ ਖੁਲ੍ਹਦਿਲੀ ਤੋਂ ਬਹੁਤ ਕੁਝ ਸਿੱਖ ਸਕਦੇ ਹਨ। ਬਹੁਤੇ ਅਮਰੀਕੀ ਸਿੱਖਾਂ ਬਾਰੇ ਬਹੁਤ ਘੱਟ ਜਾਣਦੇ ਹਨ ਜਿਨ੍ਹਾਂ ਨੇ 20ਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਆਉਣਾ ਸ਼ੁਰੂ ਕੀਤਾ ਸੀ ਪਰ ਹੁਣ ਉਹ ਸਾਡੇ ਸਾਂਝੇ ਇਤਿਹਾਸ ਦਾ ਹਿੱਸਾ ਹਨ।

ਡੈਲਸ ਮੌਰਨਿੰਗ ਵਿਚ ਲਿਖੇ ਲੇਖ ਵਿਚ ਹਾਰਵਰਡ ਯੂਨੀਵਰਸਿਟੀ ਵਿਚ ਤੁਲਨਾਤਮਕ ਧਰਮ ਤੇ ਇੰਡੀਅਨ ਸਟੱਡੀਜ਼ ਦੇ ਪ੍ਰੋ. ਡਿਆਨਾ ਐਕ ਨੇ ਲਿਖਿਆ ਕਿ ਸਾਨੂੰ ਆਪਣੀ ਮੁਢਲੀ ਸਿੱਖਿਆ ਪ੍ਰਾਪਤ ਕਰਦੇ ਸਮੇਂ ਇਹ ਜਾਣਨਾ ਮਹੱਤਵਪੂਰਨ ਹੈ ਕਿ ਸਿੱਖ ਅਮਰੀਕੀ ਤਿੰਨ ਵਿਲੱਖਣ ਕਦਰਾਂ ਕੀਮਤਾਂ, ਸਖ਼ਤ ਮਿਹਨਤ, ਮਨੁੱਖੀ ਬਰਾਬਰੀ ਪ੍ਰਤੀ ਵਚਨਬੱਧਤਾ ਤੇ ਦੋਸਤਾਨਾ ਪ੍ਰਾਹੁਣਚਾਰੀ ਦੇ ਜ਼ਬਰਦਸਤ ਧਾਰਨੀ ਹਨ। ਐਕ ਨੇ ਲਿਖਿਆ ਕਿ ਹਮਲਾਵਰ ਮਾਈਕਲ ਵੇਡ ਪੇਜ ਜੇਕਰ ਇਕ ਆਮ ਨਾਗਰਿਕ ਦੀ ਤਰ੍ਹਾਂ ਜਾਂਦਾ ਤਾਂ ਸਿੱਖ ਭਾਈਚਾਰੇ ਨੇ ਉਸ ਦਾ ਨਿੱਘਾ ਸਵਾਗਤ ਕਰਨਾ ਸੀ ਤੇ ਗੁਰਦੁਆਰੇ ਵਿਚ ਮੁਫ਼ਤ ਲੰਗਰ ਛਕਾਉਣਾ ਸੀ।

# ਦਲਬੀਰ ਸਿੰਘ ਦਾ ਪਿੱਛਾ ਕਰ ਰਹੀ ਸੀ ਮੌਤ

**ਜਲੰਧਰ:** ਅਮਰੀਕਾ ਦੇ ਸ਼ਹਿਰ ਮਿਲਵਾਕੀ ਵਿਚ ਗੋਲੀਆਂ ਨਾਲ ਮਾਰੇ ਗਏ ਦਲਬੀਰ ਸਿੰਘ ਨੂੰ ਪਤਾ ਨਹੀਂ ਸੀ ਕਿ ਮੌਤ ਤਾਂ ਉਸ ਦਾ ਦੋ ਹਫਤਿਆਂ ਤੋਂ ਪਿੱਛਾ ਕਰ ਰਹੀ ਸੀ। ਦੋ ਹਫਤੇ ਪਹਿਲਾਂ ਹੀ ਓਕ ਕ੍ਰੀਕ ਦੇ ਗੁਰਦੁਆਰੇ ਵਿਚ ਵਾਪਰੇ ਗੋਲੀ ਕਾਂਡ ਦੌਰਾਨ ਉਹ ਵੀ ਆਪਣੇ ਪੁੱਤਰ ਨਾਲ ਗੁਰਦੁਆਰੇ ਪਹੁੰਚਣ ਹੀ ਵਾਲੇ ਸਨ ਕਿ ਉੱਥੇ ਗੋਲੀਆਂ ਚੱਲ ਗਈਆਂ। ਮ੍ਰਿਤਕ ਦਲਬੀਰ ਸਿੰਘ ਦੇ ਪੁੱਤਰ ਦਿਲਬਾਗ ਸਿੰਘ ਉਰਫ ਲਾਡੀ ਨੇ ਦੱਸਿਆ ਕਿ ਉਹ ਆਪਣੇ ਪਿਤਾ ਨਾਲ ਗੁਰਦੁਆਰੇ ਪਹੁੰਚਣ ਹੀ ਵਾਲੇ ਸਨ ਕਿ ਉੱਥੇ ਗੋਲੀਆਂ ਚੱਲ ਗਈਆਂ। ਉਸ ਨੇ ਦੱਸਿਆ ਕਿ ਗੁਰਦੁਆਰਾ ਉਨ੍ਹਾਂ ਦੇ ਘਰ ਤੋਂ ਬਹੁਤਾ ਦੂਰ ਨਹੀਂ ਹੈ। ਲਾਡੀ ਨੇ ਦੱਸਿਆ ਕਿ ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਮਰੀਕਾ ਰਹਿੰਦੇ ਸਿੱਖਾਂ ਵਿਚ ਦਹਿਸ਼ਤ ਪੈਦਾ ਕਰਨ ਲਈ ਹੀ ਲੁਟੇਰਿਆਂ ਨੇ ਇਹ ਹਮਲਾ ਕੀਤਾ ਹੋਵੇ। ਪਿਛਲੇ 15 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਦਿਲਬਾਗ ਸਿੰਘ ਨੇ ਆਪਣੇ ਪਿਤਾ ਦੀ ਮੌਤ ਦੀ ਘਟਨਾ ਨੂੰ ਮਿਲਵਾਕੀ ਗੁਰਦੁਆਰਾ ਕਾਂਡ ਨਾਲ ਜੋੜਦਿਆਂ ਕਿਹਾ ਕਿ ਘਟਨਾ ਹੋਣ ਪਿੱਛੋਂ ਵੀ ਉਹ ਦੋਵੇਂ ਗੁਰਦੁਆਰੇ ਪਹੁੰਚੇ ਤੇ ਉੱਥੇ ਹੀ ਸਾਰਾ ਦਿਨ ਤੇ ਰਾਤ ਰਹੇ ਸਨ ਤੇ ਉਹ ਪੀੜਤਾਂ ਨੂੰ ਹੌਸਲਾ ਦਿੰਦੇ ਰਹੇ। ਉਸ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਉਹ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੇ ਸਨ ਕਿ ਉਹ ਇਸ ਦੁਖਦਾਇਕ ਕਾਂਡ ਦੀ ਲਪੇਟ ਵਿਚ ਆਉਣ ਤੋਂ ਬਚ ਗਏ ਪਰ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਮੌਤ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ।

# ਓਕ ਕਰੀਕ ਮੇਅਰ ਦੇ ਦਫ਼ਤਰ 'ਚ ਸੋਗ ਪੱਤਰਾਂ ਦੇ ਢੇਰ

**ਵਾਸ਼ਿੰਗਟਨ:** ਅਮਰੀਕਾ ਦੇ ਓਕ ਕਰੀਕ ਸ਼ਹਿਰ ਦੇ ਗੁਰਦੁਆਰੇ ਵਿਚ ਕੁਝ ਦਿਨ ਪਹਿਲਾਂ ਹੋਈ ਗੋਲੀਬਾਰੀ ਦੀ ਘਟਨਾ ਦੇ ਮੱਦੇਨਜ਼ਰ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਲਈ ਤੇ ਹਮਲਾਵਰ ਨਾਲ ਨਜਿੱਠਣ ਲਈ ਪੁਲਿਸ ਵੱਲੋਂ ਕੀਤੇ ਗਏ ਬੰਦੋਬਸਤ ਦੇ ਮੱਦੇਨਜ਼ਰ ਮੇਅਰ ਦੇ ਦਫਤਰ ਵਿਚ ਸੋਗ ਪੱਤਰ ਤੇ ਸ਼ਲਾਘਾ ਪੱਤਰਾਂ ਦਾ ਆਉਣਾ ਜਾਰੀ ਹੈ। ਈ-ਮੇਲ ਤੇ ਡਾਕ ਰਾਹੀਂ ਪਹੁੰਚ ਰਹੇ ਇਹ ਪੱਤਰ ਨਾ ਸਿਰਫ ਸ਼ਹਿਰ ਵਾਸੀਆਂ ਵੱਲੋਂ ਸਿਟੀ ਹਾਲ ਵਿਚ ਪਹੁੰਚਾਏ ਜਾ ਰਹੇ ਹਨ ਸਗੋਂ ਪੂਰੀ ਦੁਨੀਆਂ ਦੇ ਲੋਕ ਓਕ ਕਰੀਕ ਦੇ ਮੇਅਰ ਨੂੰ ਪੱਤਰ ਲਿਖ ਕੇ ਮਾਰੇ ਗਏ ਛੇ ਸਿੱਖਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰ ਰਹੇ ਸਨ। ਅਜਿਹੇ ਹੀ 19 ਪੱਤਰ ਤੇ ਈ-ਮੇਲ ਟਾਊਨ ਹਾਲ ਦੇ ਬੁਲੇਟਿਨ ਬੋਰਡ 'ਤੇ ਨਸ਼ਰ ਕੀਤੇ ਗਏ ਹਨ।

# ਹਥਿਆਰਾਂ ਬਾਰੇ ਸਖਤ ਕਾਨੂੰਨ ਬਣਾਉਣ ਲਈ ਮੁਹਿੰਮ



**ਵਾਸ਼ਿੰਗਟਨ:** ਵਰਜੀਨੀਆ ਟੈੱਕ ਗੋਲ ਕਾਂਡ (2007) ਦੇ ਪੀੜਤਾਂ ਨੇ ਰਾਸ਼ਟਰਪਤੀ ਚੋਣਾਂ ਦੇ ਉਮੀਦਵਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਮਰੀਕਾ ਵਿਚ ਹਥਿਆਰ ਰੱਖਣ ਦੇ ਕਾਨੂੰਨ ਵਿਚ ਸੁਧਾਰ ਲਿਆਉਣ ਤਾਂ ਜੋ ਗੁਰਦੁਆਰਾ ਓਕ ਕਰੀਕ ਗੋਲੀ ਕਾਂਡ ਵਰਗੀਆਂ ਘਟਨਾਵਾਂ ਮੁੜ ਨਾ ਵਾਪਰਨ। 2007 ਵਿਚ ਹੋਏ ਵਰਜੀਨੀਆ ਗੋਲੀ ਕਾਂਡ ਦੇ ਪੀੜਤ 67 ਪਰਿਵਾਰਾਂ ਨੇ ਰਾਸ਼ਟਰਪਤੀ ਬਰਾਕ ਓਬਾਮਾ ਤੇ ਉਨ੍ਹਾਂ ਦੇ ਵਿਰੋਧੀ ਉਮੀਦਵਾਰ ਮਿੱਟ ਰੋਮਨੀ ਨੂੰ ਲਿਖੇ ਪੱਤਰਾਂ ਵਿਚ ਕਿਹਾ ਹੈ ਕਿ ਅਮਰੀਕਾ ਵਿਚ ਹਥਿਆਰਾਂ ਬਾਰੇ ਕਾਨੂੰਨ ਢਿੱਲੇ ਹੋਣ ਕਰ ਕੇ ਹੀ ਵਰਜੀਨੀਆ, ਓਕ ਕਰੀਕ, ਅਰੋਰਾ ਤੇ ਟਕਸਨ ਗੋਲੀ ਕਾਂਡ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ।

ਅਜਿਹੇ ਕਾਂਡ ਮੁੜ ਵਾਪਰਨ ਤੋਂ ਰੋਕਣ ਲਈ ਜ਼ਰੂਰੀ ਹੈ ਕਿ ਹਥਿਆਰਾਂ ਬਾਰੇ ਕਾਨੂੰਨ ਵਿਚ ਸਖ਼ਤੀ ਲਿਆਂਦੀ ਜਾਵੇ। ਉਨ੍ਹਾਂ ਦੇਸ਼ ਦੇ ਆਗੂਆਂ ਤੋਂ ਪੁੱਛਿਆ ਕਿ ਉਨ੍ਹਾਂ ਨੇ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਲਈ ਕੀ ਕਦਮ ਚੁੱਕੇ ਹਨ? ਰਾਸ਼ਟਰਪਤੀ ਚੋਣਾਂ ਦੇ ਉਮੀਦਵਾਰਾਂ ਨੂੰ ਲਿਖੇ ਇਹ ਪੱਤਰ ਗੋਲੀ ਕਾਂਡ ਦੇ ਪੀੜਤਾਂ ਵੱਲੋਂ ਅਜਿਹੀਆਂ ਹਿੰਸਕ ਘਟਨਾਵਾਂ ਖਿਲਾਫ਼ ਚਲਾਈ ਮੁਹਿੰਮ ਦਾ ਹਿੱਸਾ ਹਨ। ਉਨ੍ਹਾਂ ਵੱਲੋਂ ਮੰਗ ਕੀਤੀ ਗਈ ਹੈ ਕਿ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਦੇ ਹਥਿਆਰ ਰੱਖਣ 'ਤੇ ਪਾਬੰਦੀਆਂ ਲਾਈਆਂ ਜਾਣ।

ਜ਼ਿਕਰਯੋਗ ਹੈ ਕਿ 2007 ਵਿਚ ਵਰਜੀਨੀਆ ਪੋਲੀਟੈਕਨਿਕ ਇੰਸਟੀਚਿਊਟ ਅਤੇ ਬਲੈਕਸਬਰਗ ਦੀ ਸਟੇਟ ਯੂਨੀਵਰਸਿਟੀ ਵਿਚ 23 ਸਾਲਾ ਸੀਯੁੰਗ ਹੁਈ ਚੋ ਵੱਲੋਂ ਚਲਾਈਆਂ ਗੋਲੀਆਂ ਕਾਰਨ 32 ਵਿਅਕਤੀ ਮਾਰੇ ਗਏ ਸਨ ਜਿਨ੍ਹਾਂ ਵਿਚ ਇਕ ਭਾਰਤੀ ਵਿਦਿਆਰਥੀ ਵੀ ਸ਼ਾਮਲ ਸੀ। ਬਾਅਦ ਵਿਚ ਸੀਯੁੰਗ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ।

# ਅਮਰੀਕਾ 'ਚ ਅਜੇ ਵੀ ਹਥਿਆਰ ਕੰਟਰੋਲ ਕਾਨੂੰਨ ਦਾ ਵਿਰੋਧ

**ਵਾਸ਼ਿੰਗਟਨ:** ਅਮਰੀਕਾ ਵਿਚ ਹਾਲ ਹੀ ਵਿਚ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਦੇ ਬਾਵਜੂਦ ਅਮਰੀਕਾ ਵਾਸੀ ਗੰਨ ਕੰਟਰੋਲ ਕਾਨੂੰਨ ਦਾ ਵਿਰੋਧ ਕਰ ਰਹੇ ਹਨ ਤੇ ਆਪਣੀ ਰੱਖਿਆ ਵਾਸਤੇ ਹਥਿਆਰ ਰੱਖਣਾ ਸੰਵਿਧਾਨਕ ਅਧਿਕਾਰ ਸਮਝਦੇ ਹਨ।

ਅਮਰੀਕੀ ਗੁਰਦੁਆਰੇ ਵਿਚ ਕੁਝ ਦਿਨ ਪਹਿਲਾਂ ਹੋਈ ਗੋਲੀਬਾਰੀ ਦੀ ਘਟਨਾ ਵਿਚ ਛੇ ਸਿੱਖ ਮਾਰੇ ਗਏ ਸਨ। ਅਮਰੀਕਾ ਵਿਚ ਪਬਲਿਕ ਰਿਲਿਜਨ ਰਿਸਰਚ ਇੰਸਟੀਚਿਊਟ (ਪੀ.ਆਰ.ਆਰ.ਆਈ.) ਵੱਲੋਂ ਰਿਲੀਜਨ ਨਿਊਜ਼ ਸਰਵਿਸ (ਆਰ.ਐਨ.ਐਸ.) ਵੱਲੋਂ ਕੀਤੇ ਗਏ ਤਾਜ਼ਾ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ 68 ਫੀਸਦੀ ਅਮਰੀਕਾ ਵਾਸੀ ਪ੍ਰੈਸ ਤੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਵਾਂਗ ਹਥਿਆਰਾਂ ਨੂੰ ਆਪਣੇ ਕੋਲ ਰੱਖਣਾ ਆਪਣਾ ਸੰਵਿਧਾਨਕ ਅਧਿਕਾਰ ਸਮਝਦੇ ਹਨ।

ਪੀ.ਆਰ.ਆਰ.ਆਈ. ਦੇ ਚੀਫ ਐਗਜ਼ੈਕਟਿਵ ਅਧਿਕਾਰੀ ਡਾ. ਰੌਬਰਟ ਪੀ. ਜੋਨਸ ਅਨੁਸਾਰ 76 ਫੀਸਦੀ ਅਮਰੀਕੀ ਚਾਹੁੰਦੇ ਹਨ ਕਿ ਧਾਰਮਿਕ ਸਥਾਨਾਂ 'ਤੇ ਹਥਿਆਰ ਛੁਪਾ ਕੇ ਨਾ ਲਿਜਾਏ ਜਾਣ। ਇਸੇ ਤਰ੍ਹਾਂ 73 ਫੀਸਦੀ ਅਮਰੀਕਾ ਵਾਸੀ ਸਰਕਾਰੀ ਇਮਾਰਤਾਂ ਵਿਚ ਹਥਿਆਰ ਲਿਜਾਣ ਦੇ ਵਿਰੁੱਧ ਹਨ।

ਉਨ੍ਹਾਂ ਕਿਹਾ ਕਿ ਸਿਰਫ 27 ਫੀਸਦੀ ਅਮਰੀਕਾ ਵਾਸੀ ਹੀ ਚਾਹੁੰਦੇ ਹਨ ਕਿ ਦੇਸ਼ ਵਿਚ 'ਗੰਨ ਕਲਚਰ' ਕੰਟਰੋਲ ਕੀਤਾ ਜਾਵੇ ਤਾਂ ਕਿ ਸਮੂਹਿਕ ਹੱਤਿਆਵਾਂ 'ਤੇ ਕਾਬੂ ਪਾਇਆ ਜਾ ਸਕੇ। ਇਸੇ ਦੌਰਾਨ 14 ਫੀਸਦੀ ਅਮਰੀਕੀ ਚਾਹੁੰਦੇ ਹਨ ਕਿ ਗੋਲੀਬਾਰੀ ਦੀਆਂ ਘਟਨਾਵਾਂ ਰੋਕਣ ਲਈ ਜਨਤਕ ਇਕੱਠ ਵਾਲੀਆਂ ਥਾਵਾਂ 'ਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣ।

# ਵਿਜੇ ਕੁਮਾਰ ਤੇ ਯੋਗੇਸ਼ਵਰ ਦੱਤ ਨੂੰ 'ਖੇਲ ਰਤਨ'





**ਨਵੀਂ ਦਿੱਲੀ:** ਲੰਡਨ ਓਲੰਪਿਕ 'ਚ ਚਾਂਦੀ ਦਾ ਤਮਗਾ ਜਿੱਤਣ ਵਾਲੇ ਨਿਸ਼ਾਨੇਬਾਜ਼ ਵਿਜੇ ਕੁਮਾਰ ਤੇ ਕਾਂਸੀ ਦਾ ਤਗਮਾ ਜੇਤੂ ਪਹਿਲਵਾਨ ਯੋਗੇਸ਼ਵਰ ਦੱਤ ਨੂੰ ਦੇਸ਼ ਦਾ ਸਰਬ ਉੱਚ 'ਰਾਜੀਵ ਗਾਂਧੀ ਖੇਲ ਰਤਨ' ਪੁਰਸਕਾਰ ਨਾਲ ਨਿਵਾਜਿਆ ਜਾਵੇਗਾ ਜਦਕਿ ਕ੍ਰਿਕਟ ਵਿਸ਼ਵ ਕੱਪ ਵਿਚ 'ਮੈਨ ਆਫ਼ ਦਾ ਟੂਰਨਾਮੈਂਟ' ਤੇ ਕੈਂਸਰ ਦੀ ਜੰਗ ਜਿੱਤ ਕੇ ਟੀਮ ਇੰਡੀਆ 'ਚ ਵਾਪਸੀ ਕਰਨ ਵਾਲੇ ਯੁਵਰਾਜ ਸਿੰਘ ਨੂੰ 'ਅਰਜੁਨ ਪੁਰਸਕਾਰ' ਦਿੱਤਾ ਜਾਵੇਗਾ। ਵਿਜੇ ਤੇ ਯੋਗੇਸ਼ਵਰ ਨੂੰ ਇਹ ਪੁਰਸਕਾਰ ਲੰਡਨ ਓਲੰਪਿਕ 'ਚ ਉਨ੍ਹਾਂ ਦੇ ਚੰਗਾ ਪ੍ਰਦਰਸ਼ਨ ਕਰਕੇ ਦਿੱਤਾ ਜਾਵੇਗਾ।

ਹਾਲਾਂਕਿ ਦੋਵਾਂ ਚੈਂਪੀਅਨ ਖਿਡਾਰੀਆਂ ਦੇ ਨਾਵਾਂ ਦੀ ਕੋਈ ਸਿਫ਼ਾਰਸ਼ ਨਹੀਂ ਕੀਤੀ ਗਈ ਪਰ ਉਲੰਪਿਕ 'ਚ ਇਨ੍ਹਾਂ ਦੇ ਪ੍ਰਦਰਸ਼ਨ ਨੂੰ ਵੇਖਦਿਆਂ ਖੇਡ ਮੰਤਰਾਲੇ ਨੇ ਖ਼ੁਦ ਇਨ੍ਹਾਂ ਦੇ ਨਾਂ ਚੋਣ ਕਮੇਟੀ ਦੇ ਸਾਹਮਣੇ ਰੱਖੇ। 29 ਅਗਸਤ ਨੂੰ ਖੇਡ ਦਿਵਸ ਮੌਕੇ ਇਨ੍ਹਾਂ ਖਿਡਾਰੀਆਂ ਨੂੰ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਸਨਮਾਨਤ ਕਰਨਗੇ। ਖੇਡ ਰਤਨ ਲਈ ਸਾਬਕਾ ਕ੍ਰਿਕਟ ਕਪਤਾਨ ਰਾਹੁਲ ਦ੍ਰਾਵਿੜ ਤੇ ਛੇ ਹੋਰ ਖਿਡਾਰੀਆਂ ਦੇ ਨਾਂ ਪ੍ਰਸਤਾਵਿਤ ਕੀਤੇ ਗਏ ਸਨ ਪਰ ਓਲੰਪੀਅਨ ਰਾਜ ਵਰਧਨ ਸਿੰਘ ਰਾਠੌਰ ਦੀ ਅਗਵਾਈ ਵਾਲੀ ਚੋਣ ਕਮੇਟੀ ਨੇ ਅਖੀਰ ਵਿਜੇ ਤੇ ਯੋਗੇਸ਼ਵਰ ਦੇ ਨਾਂ 'ਤੇ ਮੋਹਰ ਲਾਈ। ਪਿਛਲੇ ਸਮੇਂ ਦੇ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਹਾਕੀ ਖਿਡਾਰੀ ਸਰਦਾਰ ਸਿੰਘ ਨੂੰ ਅਰਜੁਨ ਐਵਾਰਡ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਮਹਿਲਾ ਪਹਿਲਵਾਨ ਗੀਤਾ ਫੋਗਟ, ਪਹਿਲਵਾਨ ਨਰ ਸਿੰਘ ਯਾਦਵ, ਨਿਸ਼ਾਨੇਬਾਜ਼ ਅਨੁਰਾਜ ਸਿੰਘ, ਨਿਸ਼ਾਨੇਬਾਜ਼ ਓਂਕਾਰ ਸਿੰਘ, ਬੈਡਮਿੰਟਨ ਖਿਡਾਰੀ ਪੂਰੂਪਲੀ ਕਸ਼ਅਪ, ਅਸ਼ਵਨੀ ਪਨੱਪਾ, ਤੀਰਅੰਦਾਜ਼ ਦੀਪਿਕਾ ਕੁਮਾਰੀ ਤੇ ਬੋਬਲਿਆ ਦੇਵੀ ਨੂੰ ਵੀ ਅਰਜੁਨ ਐਵਾਰਡ ਦੇਣ ਦੀ ਸਿਫਾਰਸ਼ ਕੀਤੀ ਗਈ ਹੈ।

ਸੂਤਰਾਂ ਅਨੁਸਾਰ ਆਸਟਰੇਲੀਆ ਵਿਖੇ ਚੱਲ ਰਹੇ ਸੁਕਵੈਸ਼ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀ ਭਾਰਤੀ ਖਿਡਾਰਨ ਦੀਪਿਕਾ ਪਾਲੀਕਲ ਨੂੰ ਅਰਜੁਨ ਐਵਾਰਡ ਦਿੱਤਾ ਜਾ ਸਕਦਾ ਹੈ। ਲੰਡਨ ਉਲੰਪਿਕ 'ਚ ਤਗਮੇ ਜਿੱਤਣ ਵਾਲੇ ਛੇ ਖਿਡਾਰੀਆਂ 'ਚ ਬਾਕੀ ਚਾਰ ਪਹਿਲਵਾਨ ਸੁਸ਼ੀਲ ਕੁਮਾਰ, ਨਿਸ਼ਾਨੇਬਾਜ਼ ਗਗਨ ਨਾਰੰਗ, ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਤੇ ਮੁੱਕੇਬਾਜ਼ ਐਮਸੀ ਮੈਰੀਕਾਮ ਨੂੰ ਪਹਿਲਾਂ ਹੀ ਖੇਡ ਰਤਨ ਪੁਰਸਕਾਰ ਮਿਲ ਚੁੱਕੇ ਹਨ।

# ਚੀਨ ਦੀ ਵੇਨ ਬਣੀ ਵਿਸ਼ਵ ਸੁੰਦਰੀ

## ਜਲੰਧਰ ਦੀ ਜੰਮਪਲ ਵਾਨਿਆ ਮਿਸ਼ਰਾ 7ਵੇਂ ਸਥਾਨ 'ਤੇ



**ਨਵੀਂ ਦਿੱਲੀ:** ਚੀਨ ਦੇ ਸ਼ਹਿਰ ਔਰਡੋਸ 'ਚ ਵਿਸ਼ਵ ਸੁੰਦਰੀ ਮੁਕਾਬਲੇ 'ਚ ਮਿਸ ਚਾਈਨਾ ਵੇਨ ਜਿਆ ਯੂ ਵਿਸ਼ਵ ਸੁੰਦਰੀ ਚੁਣੀ ਗਈ ਹੈ ਜਿਸ ਨਾਲ 11 ਸਾਲ ਬਾਅਦ ਭਾਰਤ ਦਾ ਵਿਸ਼ਵ ਸੁੰਦਰੀ ਦਾ ਖਿਤਾਬ ਹਾਸਲ ਕਰਨ ਦਾ ਸੁਪਨਾ ਇਕ ਵਾਰ ਫਿਰ ਟੁੱਟ ਗਿਆ ਹੈ। ਦੂਜੇ ਨੰਬਰ 'ਤੇ ਵੇਲਜ਼ ਦੀ ਸੋਫੀ ਮੋਲਡਜ਼ ਤੇ ਤੀਸਰਾ ਸਥਾਨ ਆਸਟਰੇਲੀਆ ਦੀ ਸੁੰਦਰੀ ਜੈਸਿਕਾ ਕਾਹਵਤੀ ਨੇ ਹਾਸਲ ਕੀਤਾ ਜਦਕਿ ਭਾਰਤ ਦੀ ਸੁੰਦਰੀ ਚੰਡੀਗੜ੍ਹ ਦੀ ਰਹਿਣ ਵਾਲੀ ਤੇ ਜਲੰਧਰ ਦੀ ਜੰਮਪਲ ਵਾਨਿਆ ਮਿਸ਼ਰਾ 7ਵੇਂ ਸਥਾਨ 'ਤੇ ਰਹੀ।

ਭਾਵੇਂ ਵਾਨਿਆ ਵਿਸ਼ਵ ਸੁੰਦਰੀ ਦਾ ਖਿਤਾਬ ਜਿੱਤਣ 'ਚ ਅਸਫਲ ਰਹੀ ਪਰ ਉਸ ਨੂੰ ਸੋਸ਼ਲ ਮੀਡੀਆ ਦਾ ਖਿਤਾਬ ਦਿੱਤਾ ਗਿਆ ਹੈ। ਇਸ ਮੁਕਾਬਾਲੇ ਦੌਰਾਨ ਵਾਨਿਆ ਨੇ 1981 'ਚ ਬਣੀ ਉਮਰਾਓ ਜਾਨ ਫਿਲਮ ਦੇ ਗੀਤ 'ਦਿਲ ਚੀਜ਼ ਕਿਹਾ ਹੈ' ਗਾਣੇ 'ਤੇ ਆਪਣੇ ਡਾਂਸ ਦੇ ਜਲਵੇ ਵਿਖਾਏ। ਵਿਸ਼ਵ ਸੁੰਦਰੀ ਮੁਕਾਬਲੇ 'ਚ 116 ਦੇਸ਼ਾਂ ਦੀਆਂ ਸੁੰਦਰੀਆਂ ਨੇ ਹਿੱਸਾ ਲਿਆ। ਵਾਨਿਆ ਮਿਸ਼ਰਾ ਦੇ ਵਿਸ਼ਵ ਸੁੰਦਰੀ ਮੁਕਾਬਲੇ 'ਚ 7ਵੇਂ ਸਥਾਨ 'ਤੇ ਰਹਿਣ ਕਾਰਨ 11 ਸਾਲ ਬਾਅਦ ਭਾਰਤ ਵਾਸੀਆਂ ਨੂੰ ਇਕ ਵਾਰ ਫਿਰ ਝਟਕਾ ਲੱਗਾ ਹੈ।

ਇਸ ਤੋਂ ਪਹਿਲਾ 30 ਮਾਰਚ, 2012 ਨੂੰ ਵਾਨਿਆ ਨੇ ਫੇਮਿਨਾ ਮਿਸ ਇੰਡੀਆ ਖਿਤਾਬ ਜਿੱਤਿਆ ਸੀ। 2011 'ਚ ਵਿਸ਼ਵ ਸੁੰਦਰੀ ਦਾ ਖਿਤਾਬ ਜਿੱਤਣ ਵਾਲੀ ਮਿਸ ਵੈਨਜ਼ੂਏਲਾ ਇਵਿਆਨ ਲੂਨਾਸੋਲ ਸਾਰਕੋਸ ਨੇ ਮਿਸ ਚਾਈਨਾ ਨੂੰ ਵਿਸ਼ਵ ਸੁੰਦਰੀ ਦਾ ਖਿਤਾਬ ਪਹਿਨਾਇਆ। ਚੀਨ ਮੀਡੀਆ ਅਨੁਸਾਰ 23 ਸਾਲਾ ਵੇਨ ਸੰਗੀਤ ਦੀ ਵਿਦਿਆਰਥਣ ਹੈ ਤੇ ਉਹ ਸੰਗੀਤ ਅਧਿਆਪਕਾ ਬਣਨਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ 2000 'ਚ ਬਾਲੀਵੁੱਡ ਅਦਾਕਾਰਾ ਪ੍ਰਿਯੰਕਾ ਚੋਪੜਾ ਨੇ ਭਾਰਤ ਲਈ ਵਿਸ਼ਵ ਸੁੰਦਰੀ ਦਾ ਖਿਤਾਬ ਜਿੱਤਿਆ ਸੀ।

# ਹੁਨਰਮੰਦ ਕਾਮਿਆਂ ਪ੍ਰਤੀ ਕੈਨੇਡਾ ਸਰਕਾਰ ਨਰਮ

**ਟੋਰਾਂਟੋ:** ਕੈਨੇਡਾ ਦੇ ਆਵਾਸ ਮਹਿਕਮੇ ਨੇ ਛੇਤੀ ਹੀ ਬਾਹਰੋਂ ਆਉਣ ਵਾਲੇ ਹੁਨਰਮੰਦ ਲੋਕਾਂ ਵਾਸਤੇ ਨਵੀਆਂ ਨੀਤੀਆਂ ਅਮਲ 'ਚ ਲਿਆਉਣ ਦੇ ਸੰਕੇਤ ਦਿੱਤੇ ਹਨ ਤਾਂ ਜੋ ਇਨ੍ਹਾਂ ਮਾਹਰਾਂ ਨੂੰ ਆਪਣੇ ਕਾਰਜ ਖੇਤਰਾਂ 'ਚ ਸੌਖ ਨਾਲ ਕੰਮ ਮਿਲ ਸਕੇ। ਆਵਾਸ ਮੰਤਰੀ ਜੇਸਨ ਕੇਨੀ ਨੇ ਐਲਾਨ ਕੀਤਾ ਹੈ ਕਿ 'ਕੇਂਦਰੀ ਨਿਪੁੰਨ ਕਾਮਾ ਪ੍ਰੋਗਰਾਮ' ਪ੍ਰਣਾਲੀ ਤਹਿਤ ਅਪਨਾਏ ਜਾਂਦੇ ਮਾਪਦੰਡ ਨਵਿਆਏ ਜਾਣਗੇ। ਪ੍ਰਸਤਾਵਿਤ ਤਬਦੀਲੀਆਂ ਮੁਤਾਬਕ ਹੁਨਰਮੰਦ ਕਾਮਿਆਂ ਬਾਰੇ ਅੰਕੜੇ ਤੇ ਸਬੂਤ ਅਗਾਊਂ ਹੀ ਇਕੱਠੇ ਕੀਤੇ ਜਾਇਆ ਕਰਨਗੇ। ਕੈਨੇਡਾ ਦੇ ਆਵਾਸ ਤੇ ਸ਼ਹਿਰੀਅਤ ਮਹਿਕਮੇ (ਸੀ. ਆਈ. ਸੀ.) ਵੱਲੋਂ ਹੇਠ ਲਿਖੀਆਂ ਸੋਧਾਂ ਪ੍ਰਸਤਾਵਿਤ ਕੀਤੀਆਂ ਗਈਆਂ ਹਨ ਜਿਨ੍ਹਾਂ 'ਚ ਕਾਮਿਆਂ ਦੀ ਭਾਸ਼ਾ ਵਿਚ ਮੁਹਾਰਤ ਨੂੰ ਅਹਿਮ ਮੰਨਦਿਆਂ ਇਸ ਸਬੰਧੀ 'ਅੰਕ' ਵਧਾਉਣ ਦੀ ਸਿਫਾਰਸ਼ ਕਰਨਾ ਸ਼ਾਮਲ ਹੈ।

ਇਸ ਤੋਂ ਇਲਾਵਾ ਨੌਜਵਾਨ ਆਵਾਸੀਆਂ ਦੀ ਤਾਦਾਦ 'ਚ ਵਾਧਾ ਕਰਨਾ, ਕੈਨੇਡਾ ਵਿਚ ਕੰਮ ਕਰਨ ਦੇ ਤਜਰਬੇ ਦੇ ਨੰਬਰ ਵਧਾਉਣਾ ਤੇ ਵਿਦੇਸ਼ੀ ਤਜਰਬੇ ਦੇ ਨੰਬਰ ਘਟਾਉਣ ਲਈ ਕਿਹਾ ਗਿਆ ਹੈ। ਫਰਾਡ ਤੋਂ ਬਚਣ ਲਈ ਕਾਮੇ ਤੇ ਮਾਲਕ ਦਰਮਿਆਨ 'ਅਰੇਂਜਡ ਇੰਪਲਾਇਮੈਂਟ ਸਿਸਟਮ' ਨੂੰ ਸੁਖਾਲਾ ਬਣਾਉਣਾ ਸ਼ਾਮਲ ਹੈ ਜਿਸ ਨਾਲ ਮਾਲਕ ਛੇਤੀ ਤੋਂ ਛੇਤੀ ਅਮਲਾ ਭਰਤੀ ਕਰ ਸਕਣਗੇ। ਪਤੀ-ਪਤਨੀ ਦੀ ਮੁਹਾਰਤ ਤੇ ਭਾਸ਼ਾ ਦੇ ਅੰਕ ਦੇਣ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਆਵਾਸ ਮਹਿਕਮੇ ਵੱਲੋਂ 'ਸਿੱਖਿਅਤ ਦਸਤਾਵੇਜ਼ਾਂ ਦੇ ਮੁਲੰਕਣ' ਨੂੰ ਅਗਾਊਂ ਸ਼ੁਰੂ ਕਰਨ ਦੀ ਤਜਵੀਜ਼ ਵੀ ਅਹਿਮ ਹੈ ਜਿਸ ਨਾਲ ਦਸਤਾਵੇਜ਼ਾਂ ਦੇ ਸਹੀ ਮੁਲੰਕਣ ਨਾਲ ਉਮੀਦਵਾਰ ਦੇ ਅੰਕ ਤੈਅ ਕੀਤੇ ਜਾਇਆ ਕਰਨਗੇ।

ਮੰਤਰੀ ਨੇ ਆਖਿਆ ਕਿ ਇਹ ਕਦਮ ਹੁਨਰਮੰਦ ਕਾਮਿਆਂ ਦੀ ਇਸ ਸ਼ਿਕਾਇਤ ਨੂੰ ਵੇਖਦਿਆਂ ਚੁੱਕੇ ਜਾ ਰਹੇ ਹਨ ਕਿ ਉਨ੍ਹਾਂ ਨੂੰ ਕੈਨੇਡਾ 'ਚ ਆਪੋ ਆਪਣੇ ਕਾਰਜ ਖੇਤਰ ਵਿਚ ਕੰਮ ਨਹੀਂ ਮਿਲਦੇ।

# ਭਾਰਤ 'ਚ 152 ਕਿਸਾਨਾਂ ਵੱਲੋਂ ਖ਼ੁਦਕੁਸ਼ੀ

**ਨਵੀਂ ਦਿੱਲੀ:** ਦੇਸ਼ ਵਿਚ ਚਾਲੂ ਵਿੱਤੀ ਸਾਲ 2012-13 ਦੌਰਾਨ 152 ਕਿਸਾਨਾਂ ਨੇ ਵੱਖ-ਵੱਖ ਕਾਰਨਾਂ ਕਰਕੇ ਖੁਦਕੁਸ਼ੀ ਕੀਤੀ ਹੈ।

ਸਦਨ ਵਿਚ ਲਿਖਤੀ ਜਵਾਬ ਰਾਹੀਂ ਖੇਤੀਬਾੜੀ ਰਾਜ ਮੰਤਰੀ ਹਰੀਸ਼ ਰਾਵਤ ਨੇ ਦੱਸਿਆ ਕਿ ਮਹਾਰਾਸ਼ਟਰ ਵਿਚ 118, ਆਂਧਰਾ ਪ੍ਰਦੇਸ਼ ਵਿਚ 33 ਤੇ ਕਰਨਾਟਕ ਵਿਚ ਇਕ ਕਿਸਾਨ ਨੇ ਖੁਦਕੁਸ਼ੀ ਕੀਤੀ।

Reliable and Experienced
Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay



Gurbans Singh Gill
Realtor

15 Years Experiance
in Real Estate
e-mail: gurbans@gotracy.com

Fax: 209-836-0706
www.gotracy.com

We Specialize in Bankowned,
Foreclosure and Short Sale Homes

For Sale & Purchase of Residential,
Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869

Global Multi Services

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸਸ
ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ
> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

DMV Lic No. 62822

# ਗਹਿਰ ਚੜ੍ਹੇ ਅਸਮਾਨ ਵਿਚ ਚਮੇਲੀ ਦੀ ਖੁਸ਼ਬੂ




***ਆਪਣੀ ਡਾਇਰੀ ਦੇ ਇਸ ਹਿੱਸੇ ਵਿਚ ਨੌਜਵਾਨ ਫੋਟੋਗ੍ਰਾਫਰ ਰਣਦੀਪ ਮੱਦੋਕੇ ਨੇ ਤਾਮਿਲਨਾਡੂ ਦੇ ਆਲੇ-ਦੁਆਲੇ ਦਾ ਚਿੱਤਰ ਖਿੱਚਦਿਆਂ ਆਖਰਕਾਰ ਦਲਿਤਾਂ ਦੀ ਉਹ ਦਾਸਤਾਂ ਛੋਹੀ ਹੈ ਜਿਹੜੀ ਪੀੜ ਨਾਲ ਉੱਛਲੀ ਪਈ ਹੈ। ਮੌਕੇ ਦੇ ਹਾਲਾਤ ਨੂੰ ਉਹ ਆਪਣੇ ਕੈਮਰੇ ਅਤੇ ਸ਼ਬਦਾਂ ਨਾਲ ਬਹੁਤ ਬਾਰੀਕੀ ਨਾਲ ਫੜਦਾ ਹੈ। ਤਾਮਿਲਨਾਡੂ ਉਹ ਪਿਛਲੇ ਸਾਲ ਗਿਆ ਸੀ; ਘੁੰਮਣ-ਫਿਰਨ ਨਹੀਂ, ਸਗੋਂ ਉਥੇ ਵਸਦੇ ਲੋਕਾਂ ਦੇ ਦੁੱਖ-ਦਰਦ ਸਮਝਣ। ਉਹ ਚਾਹੁੰਦਾ ਹੈ ਕਿ ਲੋਕਾਂ ਦੇ ਮਨਾਂ ਵਿਚ ਹੌਲੀ-ਹੌਲੀ ਪਿਘਲ ਰਿਹਾ ਲਾਵਾ ਕੋਈ ਰਾਹ ਫੜੇ ਅਤੇ ਆਪਣੀ ਅੰਤਾਂ ਦੀ ਤਪਸ਼ ਵਾਲੀ ਦਾਸਤਾਂ ਬਿਆਨ ਕਰੇ। ਉਹਦੀ ਰਚਨਾ ਦੀ ਖੂਬਸੂਰਤੀ ਇਹੀ ਹੈ ਕਿ ਉਹ ਤੁਹਾਨੂੰ ਦਿਸਦੇ ਦੇ ਨਾਲ-ਨਾਲ ਬਹੁਤ ਕੁਝ ਅਜਿਹਾ ਵੀ ਦਿਖਾ ਦਿੰਦਾ ਜਿਸ ਵੱਲ ਆਮ ਕਰਕੇ ਧਿਆਨ ਨਹੀਂ ਜਾਂਦਾ। ਉਹਦੇ ਕੈਮਰੇ ਵਾਂਗ ਉਹਦੇ ਜੜੇ ਸ਼ਬਦ ਵੀ ਸੋਚਾਂ ਦੀ ਲੜੀਆਂ ਜੋੜਦੇ ਹਨ। -ਸੰਪਾਦਕ***



*ਹਸਪਤਾਲ ਦੇ ਵਾਰਡ 'ਚ ਪਈ ਥਾਲੈਯੁਥੁ ਪਿੰਡ ਦੀ ਦਲਿਤ ਸਰਪੰਚ ਕ੍ਰਿਸ਼ਨਾਵੇਣੀ।*

ਰਾਤ ਪੌਣੇ ਕੁ ਬਾਰਾਂ ਵਜੇ ਬੱਸ ਸੁੰਨਸਾਨ ਜਿਹੇ ਬੱਸ ਅੱਡੇ 'ਤੇ ਜਾ ਰੁਕੀ। ਇਹ ਨਾਇਲੀ ਦਾ ਬੱਸ ਅੱਡਾ ਸੀ। ਰਾਵੀ ਕਿਸੇ ਨੂੰ ਫੋਨ 'ਤੇ ਸਾਡੇ ਪੁੱਜਣ ਬਾਰੇ ਦੱਸ ਰਿਹਾ ਸੀ। ਫਿਰ ਉਡੀਕ ਅਰੰਭ ਹੋ ਗਈ। ਅੱਡੇ 'ਤੇ ਥੋੜ੍ਹੇ ਜਿਹੇ ਹੀ ਲੋਕ ਸਨ ਜੋ ਇਧਰ-ਉਧਰ ਜਿੱਥੇ ਜਗ੍ਹਾ ਮਿਲੀ, ਸੁੱਤੇ ਹੋਏ ਸਨ। ਇਨ੍ਹਾਂ ਵਿਚ ਕੁਝ ਭਿਖਾਰੀ ਤੇ ਟਾਵੇਂ-ਟਾਵੇਂ ਮੁਸਾਫ਼ਿਰ ਸਨ। ਇਕ-ਦੋ ਦੁਕਾਨਾਂ ਖੁੱਲ੍ਹੀਆਂ ਸਨ। ਅਜੀਬ ਜਿਹੀ ਖਾਮੋਸ਼ੀ ਸੀ। ਸਾਰੇ ਸ਼ਹਿਰ ਦੀਆਂ ਬੱਤੀਆਂ ਨੇ ਅਸਮਾਨ 'ਤੇ ਚਾਨਣ ਦਾ ਚਟਕ ਜਿਹਾ ਪਾਇਆ ਹੋਇਆ ਸੀ। ਗਹਿਰ ਭਰੇ ਅਸਮਾਨ 'ਤੇ ਇਕਸਾਰ ਘਸਮੈਲੇ ਜਿਹੇ ਬੱਦਲ ਛਾਏ ਹੋਏ ਸਨ। ਇਨ੍ਹਾਂ ਤੋਂ ਮੀਂਹ ਦੀ ਕੋਈ ਆਸ ਨਹੀਂ ਸੀ। ਉਂਜ, ਰਾਤ ਠੰਢੀ ਸੀ; ਇਥੋਂ ਸਮੁੰਦਰ ਜੁ ਨਜ਼ਦੀਕ ਸੀ! ਕੰਨਿਆ ਕੁਮਾਰੀ। ਧਰਤੀ ਦਾ ਆਖੀਰ...। ਸਫ਼ਰ ਕਰਦਿਆਂ ਲੂਅ ਨਾਲ ਸਾਰਾ ਸਰੀਰ ਭੁੱਜਿਆ ਹੋਇਆ ਸੀ ਤੇ ਚਮੜੀ ਅਜੀਬ ਜਿਹੀ ਜਲਣ ਤੇ ਚਿਪਚਿਪਾਹਟ ਮਹਿਸੂਸ ਕਰ ਰਹੀ ਸੀ। ਪਿਆਸ ਨਾਲ ਤਾਲੂਆ ਸੁੱਕਿਆ ਪਿਆ ਸੀ।...ਥੋੜ੍ਹਾ ਪਾਣੀ ਮਿਲਣ 'ਤੇ ਹੀ ਕੁਝ ਰਾਹਤ ਮਿਲੀ।

ਅਸੀਂ ਆਉਣ ਵਾਲੇ ਦੀ ਉਡੀਕ ਬੇਸਬਰੀ ਨਾਲ ਕਰ ਰਹੇ ਸਾਂ। ਚਿਪਚਿਪਾਹਟ ਨਾਲ ਅੱਚਵੀ ਜਿਹੀ ਲੱਗੀ ਹੋਈ ਸੀ। ਪੈਰ ਧਰਤੀ 'ਤੇ ਲੱਗੇ ਰਹਿਣ ਤੋਂ ਜਵਾਬ ਦੇ ਰਹੇ ਸਨ। ਸਿਰ 'ਚ ਜਿਵੇਂ ਕੋਈ ਗਾੜ੍ਹੀ ਜਿਹੀ ਚੀਜ਼ ਭਰ ਦਿੱਤੀ ਹੋਵੇ। ਜੀਅ ਕਰ ਰਿਹਾ ਸੀ ਕਿ ਉਥੇ ਹੀ ਭਿਖਾਰੀਆਂ ਕੋਲ ਹੀ ਡਿੱਗ ਪਈਏ ਤੇ ਸੌਂ ਜਾਈਏ। ਪਰ੍ਹਾਂ ਮੁੱਖ ਸੜਕ 'ਤੇ ਕੋਈ ਟਾਵਾਂ-ਟੱਲਾ ਵਾਹਨ ਜਾ ਰਿਹਾ ਸੀ ਜੋ ਪਸਰੀ ਹੋਈ ਗਾੜ੍ਹੀ ਖਾਮੋਸ਼ੀ ਨੂੰ ਰਤਾ ਕੁ ਭੰਗ ਕਰ ਜਾਂਦਾ ਸੀ। ਚੜ੍ਹਦੇ ਪਾਸੇ ਤੋਂ ਖੁੱਲ੍ਹੇ ਬੱਸ ਅੱਡੇ ਵਿਚ ਇਕ ਹੋਰ ਆਟੋ ਆਣ ਵੜਿਆ ਤੇ ਸਾਡੇ ਕੋਲ ਸਾਡੇ ਕੋਲ ਆ ਰੁਕਿਆ। ਡੀਲਡੌਲ ਵਾਲਾ ਆਦਮੀ ਉਤਰਿਆ। ਰਵੀ ਨੂੰ ਉਹ ਨਿੱਘ ਨਾਲ ਮਿਲਿਆ। ਰਵੀ ਨੇ ਸਾਡੀ ਜਾਣ-ਪਛਾਣ ਕਰਵਾਈ...ਰਣਦੀਪ...ਦਲਿਤ...; ਰੋਸ਼ਨ...ਬ੍ਰਾਹਮਣ। ਮਲਾਰ ਨੂੰ ਸ਼ਾਇਦ ਉਹ ਪਹਿਲਾਂ ਹੀ ਜਾਣਦਾ ਸੀ।

ਅਸੀਂ ਆਪਣਾ ਸਮਾਨ ਚੁੱਕ ਨਿਕਲ ਤੁਰੇ। ਸ਼ਹਿਰ ਦੀਆਂ ਸੁੰਨਸਾਨ ਸੜਕਾਂ 'ਤੇ ਘੁੰਮਦਾ-ਘੁੰਮਾਉਂਦਾ ਆਟੋ ਫਿਰਨੀ 'ਤੇ ਰੁਕਿਆ। ਇਹਨੂੰ ਹੋਟਲ ਜਾਂ ਕਹੋ ਧਰਮਸ਼ਾਲਾ, ਉਥੇ ਕੁਝ ਹੋਰ ਲੋਕ ਸਾਡਾ ਇੰਤਜ਼ਾਰ ਕਰ ਰਹੇ ਸਨ। ਉਹ ਸਾਨੂੰ ਬਹੁਤ ਆਦਰ ਨਾਲ ਮਿਲੇ। ਕਮਰੇ ਵਿਚ ਵੜੇ ਤਾਂ ਇਹ ਭੱਠ ਵਾਂਗ ਤਪ ਰਿਹਾ ਸੀ। ਅਣਮੰਨੇ ਜਿਹੇ ਮਨ ਨਾਲ ਮੂੰਹ-ਹੱਥ ਧੋਤਾ। ਇੰਨੇ ਨੂੰ ਗੱਬਲ-ਗੱਤਾ ਜਿਹਾ ਖਾਣਾ ਆ ਗਿਆ।...ਪਹਿਲਾਂ ਉਡੀਕ ਰਹੇ ਬੰਦੇ ਸ਼ਾਇਦ ਮੁਸ਼ਕਿਲ ਨਾਲ ਲੱਭ ਕੇ ਲਿਆਏ ਸਨ। ਅਸਲ ਵਿਚ ਅਸੀਂ ਪਹੁੰਚੇ ਹੀ ਬਹੁਤ ਲੇਟ ਸਾਂ।

ਸੁਬ੍ਹਾ ਅੱਧ-ਉਨੀਂਦੇ ਜਿਹੇ ਉਠ ਕੇ ਅਸੀਂ ਤਿਆਰ ਹੋਏ। ਵਿਰਲੀਆਂ-ਵਿਰਲੀਆਂ ਦੁਕਾਨਾਂ ਦਿਸ ਰਹੀਆਂ ਸਨ ਜਿਨ੍ਹਾਂ 'ਚੋਂ ਜ਼ਿਆਦਾਤਰ ਫੁੱਲਾਂ ਵਾਲਿਆਂ ਦੀਆਂ ਸੀ। ਇਨ੍ਹਾਂ ਵਿਚ ਥੋੜ੍ਹੇ-ਥੋੜ੍ਹੇ ਗੁਲਾਬ ਦੇ ਫੁੱਲ ਤੇ ਬਹੁਤੇ ਚਮੇਲੀ ਦੇ ਫੁੱਲਾਂ ਦੇ ਗਜਰੇ ਸਨ। ਦੁਕਾਨਾਂ ਅੱਗੇ ਕੱਚੀ ਥਾਂ 'ਤੇ ਝਾੜੂ ਲਗਾ ਕੇ ਪਾਣੀ ਛਿੜਕਿਆ ਹੋਇਆ ਸੀ। ਮਿੱਟੀ ਅਤੇ ਫੁੱਲਾਂ ਦੀ ਮਹਿਕ ਆਪਸ ਵਿਚ ਘੁਲ-ਮਿਲ ਕੇ ਮਨਾਂ ਵਿਚ ਤਾਜ਼ਗੀ ਭਰ ਰਹੀ ਸੀ।

ਸਾਡੇ ਨਾਲ ਹੁਣ ਦੋ ਨਵੇਂ ਆਦਮੀਂ ਸਨ। ਇਕ ਆਟੋ ਚਾਲਕ ਵੇਲਾਈਦਮ ਤੇ ਇਕ ਹੋਰ ਜਿਸ ਨੇ ਸਿਆਹ ਸਰੀਰ 'ਤੇ ਬਹੁਤ ਭੜਕੀਲੇ ਨੀਲੇ ਰੰਗ ਦੀ ਕਮੀਜ਼ ਪਹਿਨੀ ਹੋਈ ਸੀ। ਪਤਲਾ ਸਰੀਰ, ਸਾਫ ਸੁਥਰਾ, ਸਲੀਕੇ ਨਾਲ ਕੰਘੀ ਕੀਤੇ ਛੋਟੇ-ਛੋਟੇ ਵਾਲ। ਹੱਸਮੁੱਖ ਤੇ ਜ਼ਿੰਦਾਦਿਲ। ਜਦੋਂ ਉਹ ਹੱਸਦਾ ਤਾਂ ਸਿਆਹ ਤੇ ਚਮਕਦੇ ਚਿਹਰੇ 'ਤੇ ਮੋਤੀਆਂ ਵਾਂਗ ਦੁੱਧ ਚਿੱਟੇ ਦੰਦ ਇਉਂ ਲੱਗਦੇ ਜਿਵੇਂ ਕਾਲੀ ਘਟਾ ਵਿਚ ਬਗਲਾ ਉਡ ਰਿਹਾ ਹੋਵੇ। ਦਰਮਿਆਨੇ ਕੱਦ ਤੇ ਭਰਵੇਂ ਸਰੀਰ ਵਾਲਾ ਵੇਲਾਈਦਮ ਦੇਖਣ ਨੂੰ ਭਲਵਾਨ ਜਾਪਦਾ ਸੀ। ਉਹ ਸ਼ਹਿਰ ਵਿਚ ਆਟੋ-ਰਿਕਸ਼ਾ ਚਲਾਉਂਦਾ ਹੈ ਤੇ ਨਾਲ ਹੀ ਦਲਿਤਾਂ ਦੀ ਇਕ ਜਥੇਬੰਦੀ ਵਿਚ ਸਰਗਰਮ ਹੈ। ਉਹਨੇ ਸਾਨੂੰ ਤ੍ਰਿਣਲਵੇਲੀ ਤੇ ਨੇਇਲੀ ਇਲਾਕੇ ਦੇ ਪਿੰਡਾਂ ਵਿਚ ਘੁਮਾਣ ਲਈ ਆਪਣਾ ਆਟੋ ਸਾਨੂੰ ਸਮਰਪਤ ਕਰ ਦਿੱਤਾ। ਉਹ ਖੁਸ਼ ਸੀ ਕਿ ਅਸੀਂ ਇੰਨੀ ਦੂਰੋਂ ਪੰਜਾਬ ਤੋਂ ਉਹਦੇ ਇਲਾਕੇ ਵਿਚ ਉਹਦੇ ਆਪਣੇ ਲੋਕਾਂ ਦਾ ਹਾਲ ਜਾਣਨ ਆਏ ਸਾਂ।

ਥੋੜ੍ਹੀ ਦੂਰ ਜਾ ਕੇ ਅਸੀਂ ਤਿਕੋਣ ਜਿਹੇ 'ਤੇ ਬਣੇ ਢਾਬੇ 'ਤੇ ਜਾ ਬੈਠੇ। ਭੁੱਖ ਨੂੰ ਨੁੱਕਰੇ ਲਾ ਹੁਣ ਅਸੀਂ ਤ੍ਰਿਣਲਵੇਲੀ ਦੇ ਹਸਪਤਾਲ ਵੱਲ ਚਾਲੇ ਪਾ ਦਿੱਤੇ ਜਿਥੇ ਅਸੀਂ ਥਾਲੈਯੁਥੁ ਪਿੰਡ ਦੀ ਦਲਿਤ ਸਰਪੰਚ ਕ੍ਰਿਸ਼ਨਾਵੇਣੀ ਨੂੰ ਮਿਲਣਾ ਸੀ। ਕ੍ਰਿਸ਼ਨਾਵੇਣੀ ਉਥੇ ਉਚ ਜਾਤੀ ਚੌਧਰੀਆਂ ਦੇ ਹਮਲੇ ਤੋਂ ਬਾਅਦ ਜੇਰੇ ਇਲਾਜ ਸੀ। ਹਸਪਤਾਲ ਅੰਦਰ ਪਹੁੰਚ ਕੇ ਰਵੀ ਚੰਦਰਨ ਅਤੇ ਨਾਲ ਦੇ ਸਾਥੀ ਹਸਪਤਾਲ ਦੇ ਅਧਿਕਾਰੀਆਂ ਤੋਂ ਕ੍ਰਿਸ਼ਨਾਵੇਣੀ ਨਾਲ ਮੁਲਾਕਾਤ ਕਰਨ ਦੀ ਆਗਿਆ ਲੈਣ ਲਈ ਇਧਰ-ਉਧਰ ਭਟਕ ਰਹੇ ਸਨ। ਅਸੀਂ ਵਿਰਲੀ ਜਿਹੀ ਛਾਂ ਵਾਲੀ ਨਿੰਮ ਹੇਠਾਂ ਉਨ੍ਹਾਂ ਦੀ ਉਡੀਕ ਕਰਨ ਲੱਗੇ। ਜ਼ਿਲ੍ਹੇ ਦੇ ਪੁਲਿਸ ਪ੍ਰਸ਼ਾਸਨ ਨੇ ਪੱਤਰਕਾਰਾਂ ਨੂੰ ਕ੍ਰਿਸ਼ਨਾਵੇਣੀ ਨੂੰ ਮਿਲਾਉਣ ਤੋਂ ਹਸਪਤਾਲ ਦੇ ਅਧਿਕਾਰੀਆਂ ਨੂੰ ਵਰਜਿਆ ਹੋਇਆ ਸੀ।



*ਹਸਪਤਾਲ ਵਿਚ ਆਪਣਾ ਦਰਦ ਬਿਆਨ ਕਰ ਰਹੀ ਕ੍ਰਿਸ਼ਨਾਵੇਣੀ।*

ਵੀਹ ਕੁ ਮਿੰਟਾਂ ਬਾਅਦ ਉਹ ਆਏ। ਹਸਪਤਾਲ ਦੇ ਅਧਿਕਾਰੀਆਂ ਨੇ ਇਜਾਜ਼ਤ ਨਹੀਂ ਸੀ ਦਿੱਤੀ। ਅਸੀਂ ਬਿਨਾਂ ਇਜਾਜ਼ਤ ਹੀ ਕ੍ਰਿਸ਼ਨਾਵੇਣੀ ਨੂੰ ਮਿਲਣ ਦੀ ਸਲਾਹ ਕਰ ਕੇ ਅੰਦਰ ਚਲੇ ਗਏ। ਪੌੜੀਆਂ ਚੜ੍ਹ ਕੇ ਦੂਜੀ ਮੰਜ਼ਿਲ 'ਤੇ ਭੀੜੀ ਜਿਹੀ ਗੈਲਰੀ ਵਿਚ ਪੈਰਾਂ ਤੋਂ ਪੱਟਾਂ ਤੱਕ ਅਤੇ ਗੁੱਟ ਤੋਂ ਮੋਢਿਆਂ ਤੱਕ ਪਲਸਤਰ ਤੇ ਪੱਟੀਆਂ ਵਿਚ ਬੱਝੀ ਕ੍ਰਿਸ਼ਨਾਵੇਣੀ ਸਟਰੈਚਰ 'ਤੇ ਅਹਿਲ ਪਈ ਸੀ। ਉਹਦੇ ਸੱਜੇ ਕੰਨ ਦੇ ਪਿੱਛੇ ਗਹਿਰੇ ਲੰਬੇ ਫੱਟ ਦਾ ਨਿਸ਼ਾਨ ਆਠਰਿਆ ਹੋਇਆ ਸੀ। ਸੁੱਕੇ ਜ਼ਖਮ ਉਤੇ ਟਾਂਕਿਆਂ ਦੇ ਨਿਸ਼ਾਨ ਲੰਬੀ ਜ਼ਿਪ ਵਾਂਗ ਦਿਖ ਰਹੇ ਸਨ। ਸਿਰ ਦੇ ਜ਼ਖਮ ਕਾਰਨ ਉਹਦੇ ਵਾਲ ਕੱਟੇ ਹੋਏ ਸਨ। ਪਹਿਲੀ ਨਜ਼ਰੇ ਔਰਤ ਜਾਂ ਮਰਦ ਦੀ ਪਛਾਣ ਨਹੀਂ ਸੀ ਹੁੰਦੀ। ਸਾਂਵਲਾ ਰੰਗ, ਮੋਟੀਆਂ ਅੱਖਾਂ, ਤਿੱਖੇ ਨੈਣ-ਨਕਸ਼। ਵਾਲਾਂ ਨਾਲ ਉਹ ਖੂਬਸੂਰਤ ਦਿਸਦੀ ਹੋਵੇਗੀ! ਊਬੜ-ਖਾਬੜ ਕੱਟੇ ਕਾਲਰਾਂ ਵਾਲੇ ਝੱਗੇ ਵਿਚ ਉਹ ਅਜੀਬ ਜਿਹੀ ਲੱਗ ਰਹੀ ਸੀ।

ਮੈਂ ਛੱਤ ਉਪਰ ਜਾਂਦੀਆਂ ਪੌੜੀਆਂ 'ਤੇ ਚੜ੍ਹ ਕੇ ਮੋੜ ਵਾਲੀ ਥਾਂ ਉਤੇ ਆਪਣਾ ਕੈਮਰਾ ਸਟੈਂਡ (ਟਰਪਿੰਦ ) ਲਾਇਆ। ਮੇਰੇ ਪੈਰ ਵਿਚ ਗਿੱਠ ਕੁ ਸੁੱਕੀ ਥਾਂ 'ਤੇ ਟਿਕੇ ਹੋਏ ਸਨ...ਇਹ ਥਾਂ ਲੋਕਾਂ ਨੇ ਮੂਤ-ਮੂਤ ਕੇ ਭਰੀ ਹੋਈ ਸੀ। ਮੈਂ ਆਪਣੀ ਸੁੰਘਣ ਸ਼ਕਤੀ ਉਤੇ ਬੇਰਹਿਮੀ ਨਾਲ ਕਾਬੂ ਪਾਉਣ ਦੀ ਕੋਸ਼ਿਸ਼ ਕਰਦਿਆਂ ਆਪਣੇ ਕੰਮ 'ਚ ਲੱਗਿਆ ਹੋਇਆ ਸਾਂ, ਤੇ ਕ੍ਰਿਸ਼ਨਾਵੇਣੀ ਅਹਿਲ ਪਈ ਅੱਖਾਂ ਝਪਕ ਰਹੀ ਸੀ...ਉਹਦੇ ਖੱਬੇ ਹੱਥ ਖੜ੍ਹੀ ਉਹਦੀ ਰਿਸ਼ਤੇਦਾਰ ਉਹਦੇ ਮੂੰਹ 'ਤੇ ਬੈਠਣ ਦੀ ਕੋਸ਼ਿਸ਼ ਕਰ ਰਹੀ ਮੱਖੀ ਨੂੰ ਹੱਥ ਦੀ ਝੱਲ ਮਾਰ ਕੇ ਉਡਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਰਵੀ ਚੰਦਰਨ, ਮਲਾਰ, ਵੇਲਾਈਦਮ ਅਤੇ ਤਿੰਨ-ਚਾਰ ਹੋਰ ਘੇਰਾ ਘੱਤ ਕੇ ਸਭ ਲੁਕਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਫਿਰ ਕ੍ਰਿਸ਼ਨਾਵੇਣੀ ਹੌਲੀ-ਹੌਲੀ ਆਪਣੀ ਹੱਡ-ਬੀਤੀ ਸਾਡੇ ਨਾਲ ਸਾਂਝੀ ਕਰਨ ਲੱਗ ਪਈ...। (ਚੱਲਦਾ)

# ਭਾਰਤ-ਪਾਕਿ ਸਬੰਧਾਂ ਦੀ ਬਹੁਰੰਗੀ ਆਭਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਇਸ ਵਾਰੀ ਦੇ ਸੁਤੰਤਰਤਾ ਦਿਵਸ ਨਾਲ ਸਬੰਧਤ ਸਮਾਗਮਾਂ ਦਾ ਚਾਨਣ ਬਹੁਰੰਗਾ ਹੈ। ਭਾਰਤ-ਪਾਕਿ ਸੀਮਾਂ ਦੀਆਂ ਦੁਵੱਲੀਆਂ ਪੌਣਾਂ ਆਸ਼ਾਵਾਦੀ ਹਨ। ਜੇ ਵਾਘੇ ਵਾਲੀ ਸੀਮਾਂ 'ਤੇ ਦੋਵਾਂ ਪਾਸਿਆਂ ਦੇ ਚਿੰਤਕਾਂ ਨੇ ਸੂਫੀ ਮੱਤ ਦੀਆਂ ਖੁਸ਼ਬੋਈਆਂ ਲੈ ਕੇ ਹੱਦਾਂ ਬੰਨ੍ਹੇ ਟੱਪੇ ਹਨ ਤਾਂ ਫਾਜ਼ਿਲਕਾ ਸੈਕਟਰ ਦੀ ਅੰਤਰਰਾਸ਼ਟਰੀ ਸੀਮਾਂ ਉਤੇ ਮੁੱਦਤਾਂ ਦੇ ਵਿਛੜੇ ਸਾਕ ਸਬੰਧੀਆਂ ਨੂੰ ਇੱਕ ਦੂਜੇ ਦੇ ਗਲ ਲਗ ਕੇ ਮਿਲਣ ਦਾ ਮੌਕਾ ਵੀ ਮਿਲਿਆ ਹੈ। ਭਾਸ਼ਾ, ਸਾਹਿਤ, ਸਭਿਆਚਾਰ ਤੇ ਵਿਰਸੇ ਦੀ ਸਾਂਭ ਸੰਭਾਲ ਦੇ ਇੱਕ ਦਰਜਨ ਰਾਖੇ ਅਜਿਹਾ ਮਾਹੌਲ ਉਪਜਾਉਣ ਦੀਆਂ ਗੱਲਾਂ ਕਰਦੇ ਸੁਣੇ ਗਏ ਹਨ ਜਿਸ ਵਿਚ ਲਾਹੌਰ ਵਾਲੇ ਖੁਲ੍ਹ-ਮਖੁੱਲਾ ਅੰਮ੍ਰਿਤਸਰ ਤੇ ਅੰਮ੍ਰਿਤਸਰ ਵਾਲੇ ਲਾਹੌਰ ਜਾ ਕੇ ਭੋਜਨ ਕਰਨ ਦੇ ਯੋਗ ਹੋ ਸਕਣ। ਮੁਖ ਭਾਵਨਾ ਦੋਨਾਂ ਦੇਸਾਂ ਦੇ ਵਸਨੀਕਾਂ ਨੂੰ ਇੱਕ ਦੂਜੇ ਦੇ ਵਧ ਤੋਂ ਵਧ ਨੇੜੇ ਲਿਆਉਣ ਦੀ ਸੀ। ਇਹ ਦਰਸਾਉਣ ਦੀ ਕਿ ਆਰਥਕ ਤੇ ਰਾਜਨੀਤਕ ਸਮਝੌਤੇ ਅਜਿਹੇ ਮੇਲ-ਮਿਲਾਪ ਦੇ ਰਾਹ ਵਿਚ ਰੋੜਾ ਨਹੀਂ ਬਣਨੇ ਚਾਹੀਦੇ। ਇਹ ਵਾਲਾ ਹਾਂ ਪੱਖੀ ਸੰਦੇਸ਼ ਦੇਣ ਵਾਲਿਆਂ ਵਿਚ ਹਿੰਦ-ਪਾਕਿ ਦੋਸਤੀ ਮੰਚ ਤੋਂ ਬਿਨਾ ਅੰਮ੍ਰਿਤਸਰ ਵਾਲੀ ਫੋਕ ਲੋਰ ਅਕਾਡਮੀ ਤੇ ਜਲੰਧਰ ਵਾਲਾ ਪੰਜਾਬ ਜਾਗਰਤੀ ਮੰਚ ਹੀ ਨਹੀਂ ਦੱਖਣੀ ਏਸ਼ੀਆ ਦੇ ਪੱਤਰਕਾਰਾਂ ਦੀ ਸਾਂਝੀ ਸੰਸਥਾ (ਸਾਫਮਾ) ਵੀ ਸ਼ਾਮਲ ਸਨ।

ਫਾਜ਼ਿਲਕਾ ਵਾਲੀਆਂ ਮਿਲਣੀਆਂ ਨੂੰ ਸੰਭਵ ਬਣਾਉਣ ਵਿਚ ਪਾਕਿਸਤਾਨੀ ਰੇਂਜਰਜ਼ ਦਾ ਉਤਸ਼ਾਹ ਦੇਖਣ ਵਾਲਾ ਸੀ। ਉਹ ਸੁਤੰਤਰਤਾ ਦਿਵਸ ਮਨਾਉਣ ਵਾਲੇ ਭਾਰਤੀ ਅਧਿਕਾਰੀਆਂ ਨੂੰ ਮਠਿਆਈ ਦੇ ਡੱਬੇ ਭੇਂਟ ਕਰ ਰਹੇ ਸਨ। ਇਸ ਸੈਕਟਰ ਦੀ ਅੰਤਰਰਾਸ਼ਟਰੀ ਸਾਦਕੀ ਚੌਕੀ ਨੇੜੇ ਦੀ ਜ਼ੀਰੋ ਲਾਈਨ ਉਤੇ ਮਨਾਏ ਜਾ ਰਹੇ ਜਸ਼ਨਾਂ ਦਾ ਰੰਗ ਨਿਰਾਲਾ ਸੀ। ਜਿਨ੍ਹਾਂ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਨੂੰ ਪਾਕਿਸਤਾਨ ਜਾਣ ਦਾ ਮੌਕਾ ਮਿਲਿਆ ਹੈ ਉਹ ਜਾਣਦੇ ਹਨ ਕਿ ਚਿਰੀਂ ਵਿਛੁਨਿਆਂ ਵਿਚ ਇੱਕ ਦੂਜੇ ਨੂੰ ਮਿਲਣ ਦੀ ਤਾਂਘ ਕਿੰਨੀ ਹੁੰਦੀ ਹੈ। ਹਰ ਵਾਰ ਅਜਿਹੇ ਸਬੱਬ ਬਣਨ ਵਿਚ ਅੜਿਕੇ ਪੈਂਦੇ ਰਹੇ ਹਨ। ਆਸ ਹੈ ਕਿ ਅੱਗੇ ਤੋਂ ਅਜਿਹੀਆਂ ਮਿਲਣੀਆਂ ਵਰ੍ਹੇ ਛਿਮਾਹੀ ਹੋਣ ਦੀ ਥਾਂ ਆਮ ਹੋ ਜਾਣਗੀਆਂ।

ਅੰਤਰਰਾਸ਼ਟਰੀ ਪੱਧਰ ਉਤੇ ਭਾਰਤ, ਪਾਕਿਸਤਾਨ, ਅਫਗਾਨਿਸਤਾਨ ਤੇ ਅਮਰੀਕਾ ਦੇ ਦੂਤਘਰ ਵੀ ਅਜਿਹਾ ਵਾਤਾਵਰਨ ਸਿਰਜਣ ਲਈ ਕਦਮ ਚੁੱਕਦੇ ਦਿਖਾਈ ਦੇ ਰਹੇ ਹਨ। ਹਿਲਰੀ ਕਲਿੰਟਨ ਤੇ ਅਮਰੀਕਾ ਦਾ ਕੌਮੀ ਸੁਰੱਖਿਆ ਸਲਾਹਕਾਰ ਥਾਮਸ ਈ ਡਾਨੀਲੋਨ ਹੀ ਨਹੀਂ ਪਾਕਿਸਤਾਨ ਦਾ ਖਜ਼ਾਨਾ ਮੰਤਰੀ ਹਾਫਿਜ਼ ਸ਼ੇਖ ਤੇ ਅਮਰੀਕਾ ਵਿਚ ਉਨ੍ਹਾਂ ਦਾ ਸਫੀਰ ਸ਼ੈਰੀ ਰਹਿਮਾਨ ਆਪੋ ਆਪਣੀ ਪੱਧਰ ਉਤੇ ਇਸ ਹੀ ਧਾਰਨਾ ਉਤੇ ਪਹਿਰਾ ਦੇ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਵਿਉਂਤੀ ਜਾ ਰਹੀ ਪਾਕਿਸਤਾਨ ਯਾਤਰਾ ਦੇ ਵੀ ਵੱਡੇ ਅਰਥ ਕੱਢੇ ਜਾ ਰਹੇ ਹਨ। ਭਾਰਤ-ਪਾਕਿ ਸਬੰਧਾਂ ਵਿਚ ਆ ਰਾਹੀ ਬਹੁਰੰਗੀ ਸੰਭਾਵਨਾ ਆਸ਼ਾਵਾਦੀ ਹੈ। ਇਸ ਵਾਰੀ ਅਜਿਹੀ ਆਸ਼ਾ ਦਾ ਸੁਤੰਤਰਤਾ ਦਿਵਸ ਦੇ ਮੌਕਾ ਪੈਦਾ ਹੋਣਾ ਇੱਕ ਚੰਗਾ ਸ਼ਗਨ ਹੈ।



*ਰਾਸ਼ਟਰਪਤੀ ਪ੍ਰਣਬ ਮੁਖਰਜੀ*

### *ਨਵੇਂ ਰਾਸ਼ਟਰਪਤੀ ਦਾ ਸਮੁੱਚਾ ਸੰਕਲਪ*

ਇਸ ਵਾਰੀ ਮੈਨੂੰ ਰਾਸ਼ਟਰਪਤੀ ਦੇ ਸੁਤੰਤਰਤਾ ਦਿਵਸ ਨਾਲ ਸਬੰਧਤ ਭਾਸ਼ਨ ਦੀ ਉਚੇਚੀ ਉਡੀਕ ਸੀ। ਇਸ ਲਈ ਕਿ ਦੇਸ਼ ਦੇ ਅੱਧੇ ਮੰਤਰਾਲਿਆਂ ਨਾਲ ਜੁੜਿਆ ਰਹਿਣ ਕਾਰਨ ਸ਼੍ਰੀ ਪ੍ਰਣਬ ਮੁਖਰਜੀ ਭਾਰਤ ਦੀ ਰਾਜਨੀਤੀ, ਆਰਥਕਤਾ ਅਤੇ ਸਭਿਆਚਾਰ ਤੋਂ ਭਲੀ ਭਾਂਤ ਜਾਣੂ ਹੈ। ਉਹ ਜਮਹੂਰੀ ਕਦਰਾਂ ਕੀਮਤਾਂ ਦਾ ਸ਼ੈਦਾਈ ਹੈ। ਦੇਸ਼ ਦੀ ਰਾਜਨੀਤੀ ਵਿਚ ਆਈਆਂ ਤਰੁਟੀਆਂ ਅਤੇ ਆਮ ਆਦਮੀ ਨੂੰ ਆ ਰਹੀਆਂ ਔਕੜਾਂ ਨੂੰ ਸਵੀਕਾਰਦਿਆਂ ਉਸ ਨੇ ਹਰ ਦੇਸ਼ ਵਾਸੀ ਤੋਂ ਜਮਹੂਰੀ ਸੰਸਥਾਵਾਂ ਦਾ ਆਦਰ ਕਰਨ ਦੀ ਮੰਗ ਕੀਤੀ ਹੈ। ਸੰਸਦੀ ਪ੍ਰਣਾਲੀ ਤੋਂ ਉਚੇ ਉਠ ਕੇ ਵਰ੍ਹਨ ਵਾਲਿਆਂ ਕੋਲੋਂ ਖਾਸ ਕਰਕੇ।

ਅੱਜ ਦੇ ਦਿਨ ਪੂਰਾ ਦੇਸ਼ ਅੰਦਰਲੀਆਂ ਤੇ ਬਾਹਰਲੀਆਂ ਸਮਸਿਆਵਾਂ ਦਾ ਹੀ ਨਹੀਂ ਕੁਦਰਤੀ ਕਰੋਪੀ ਦਾ ਵੀ ਬੁਰੀ ਤਰ੍ਹਾਂ ਸ਼ਿਕਾਰ ਹੈ। ਜਮਹੂਰੀ ਕਦਰਾਂ ਕੀਮਤਾਂ ਪਾਲਣ ਦੀ ਜਿੰਨੀ ਲੋੜ ਅੱਜ ਹੈ ਓਨੀ ਹੋਰ ਕਦੇ ਨਹੀਂ ਸੀ। ਅਤਿਵਾਦ, ਮਹਿੰਗਾਈ, ਘਟ ਗਿਣਤੀਆਂ ਦੀ ਹਿਲਜੁੱਲ ਤੇ ਦੇਸ਼ ਲਈ ਅਨਾਜ ਪੈਦਾ ਕਰਨ ਵਾਲੀ ਕਿਸਾਨੀ ਦੀ ਚਿੰਤਾ ਤੋਂ ਮੂੰਹ ਮੋੜ ਕੇ ਨਾਅਰੇਬਾਜ਼ੀ ਦੇ ਨਵੇਂ ਮੰਚ ਉਸਾਰਨਾ ਦੇਸ਼ ਲਈ ਘਾਤਕ ਹੋ ਸਕਦਾ ਹੈ। ਨਿਆਂਪਾਲਿਕਾ, ਕਾਰਜਪਾਲਿਕਾ ਤੇ ਵਿਧਾਨਪਾਲਿਕਾ ਸੰਕੋਚ ਦੀ ਮੰਗ ਕਰਦੀ ਹੈ। ਇਸ ਵਿਚ ਆਈਆਂ ਤਰੇੜਾਂ ਮਿਟਾਉਣ ਲਈ ਉਸਾਰੂ ਸੁਝਾਵਾਂ ਦੀ ਲੋੜ ਹੈ। ਦੇਸ਼ ਦੀ ਕਿਸਾਨੀ ਤੇ ਘੱਟ ਗਿਣਤੀਆਂ ਦੇ ਮਸਲੇ ਕਾਨੂੰਨ ਨੂੰ ਵਿਧਾਨਪਾਲਿਕਾ ਤੇ ਇਨਸਾਫ ਨੂੰ ਨਿਆਂਪਾਲਿਕਾ ਦੇ ਘੇਰੇ ਤੋਂ ਬਾਹਰ ਕੱਢ ਕੇ ਨਹੀਂ ਹਲ ਕੀਤੇ ਜਾ ਸਕਦੇ। ਵੱਡੀ ਲੋੜ ਮਹਿੰਗਾਈ, ਖਾਸ ਕਰਕੇ ਖੁਰਾਕੀ ਮਹਿੰਗਾਈ ਨੂੰ ਨੱਥ ਪਾਉਣ ਦੀ ਹੈ। ਰਾਸ਼ਟਰਪਤੀ ਨੇ ਇਨ੍ਹਾਂ ਸਭਨਾ ਦੇ ਹੱਕਾਂ ਉਤੇ ਪਹਿਰਾ ਦੇਣ ਦੀ ਵਚਨਬਧਤਾ ਦਿਖਾਈ ਹੈ। ਅਤਿਵਾਦ ਨਾਲ ਨਜਿੱਠਣ ਲਈ ਸਾਰਕ ਦੇਸ਼ਾਂ ਤੋਂ ਹੁੰਗਾਰਾ ਮੰਗਿਆ ਹੈ।

ਭਾਸ਼ਣ ਵਿਚਲੀਆਂ ਸਿਆਣਪਾਂ ਚੰਗੇ ਸਵਾਗਤ ਦੀ ਮੰਗ ਕਰਦੀਆਂ ਹਨ। ਸੰਵਿਧਾਨ ਦੀ ਸੀਮਾ ਵਿਚ ਵਿਚਰਨ ਦੀ ਵੀ। ਕਿਉਂ ਨਾ ਹੁੰਗਾਰਾ ਭਰੀਏ।

**ਅੰਤਿਕਾ:** (ਅਤੀਫ਼ ਇਲਾਹਾਬਾਦੀ)
ਹਿਲ ਗਈ ਦੀਵਾਰ ਘਰ ਕੀ
ਔਰ ਚੂਲਹੇ ਬਟ ਗਏ,
ਅਪਨੇ ਹੀ ਕੁਛ ਦੋਸਤੋਂ ਕਾ
ਮਸ਼ਵਰਾ ਮਹਿੰਗਾ ਪੜਾ।

# ਮੰਟੋ: ਮੇਰਾ ਗਰਾਈਂ

*2012 ਵਾਲਾ ਵਰ੍ਹਾ ਸਆਦਤ ਹਸਨ ਮੰਟੋ (11 ਮਈ 1912-18 ਜਨਵਰੀ 1955) ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਕਈ ਸੰਸਥਾਵਾਂ, ਲੇਖਕਾਂ, ਸਾਹਿਤ ਪ੍ਰੇਮੀਆਂ ਅਤੇ ਪਾਰਟੀਆਂ ਨੇ ਆਪਣੇ ਵਿਤ ਮੂਜਬ ਮੰਟੋ ਨੂੰ ਯਾਦ ਕੀਤਾ ਹੈ। ਬਹੁਤ ਥਾਈਂ ਸਮਾਗਮ ਹੋਏ। ਹੁਣ ਆਜ਼ਾਦੀ ਦਿਵਸ ਮੌਕੇ ਪਾਕਿਸਤਾਨ ਦੀ ਸਰਕਾਰ ਨੇ ਉਸ ਨੂੰ ਦੇਸ਼ ਦੇ ਸਭ ਤੋਂ ਉੱਚੇ ਖਿਤਾਬ 'ਨਿਸ਼ਾਨ-ਏ-ਇਮਤਿਆਜ਼' ਨਾਲ ਸਨਮਾਨਿਆ। ਸਰਕਾਰ ਨੇ ਇਹੀ ਸਨਮਾਨ ਮਸ਼ਹੂਰ ਗ਼ਜ਼ਲ ਗਾਇਕ ਮਰਹੂਮ ਮਹਿਦੀ ਹਸਨ ਨੂੰ ਵੀ ਦਿੱਤਾ ਹੈ। ਮੰਟੋ ਦੇ ਇਸ ਸ਼ਤਾਬਦੀ ਵਰ੍ਹੇ ਮੌਕੇ 'ਪੰਜਾਬ ਟਾਈਮਜ਼' ਨੇ ਆਪਣੇ ਪਾਠਕਾਂ ਲਈ ਮੰਟੋ ਦੀਆਂ ਕਈ ਲਿਖਤਾਂ ਛਾਪੀਆਂ ਹਨ। ਐਤਕੀਂ ਅਸੀਂ ਨੌਜਵਾਨ ਦਸਤਾਵੇਜ਼ੀ ਫਿਲਮਸਾਜ਼ ਅਤੇ ਪੱਤਰਕਾਰ ਦਲਜੀਤ ਅਮੀ ਦਾ ਮੰਟੋ ਬਾਰੇ ਲੇਖ 'ਮੰਟੋ: ਮੇਰਾ ਗਰਾਈਂ' ਲੇਖ ਛਾਪ ਰਹੇ ਹਾਂ। ਇਸ ਵਿਚ ਮੰਟੋ, ਉਹਦੀਆਂ ਲਿਖਤਾਂ ਅਤੇ ਉਹਦੇ ਵੇਲਿਆਂ ਨੂੰ ਗਹਿਰਾਈ ਨਾਲ ਯਾਦ ਕੀਤਾ ਗਿਆ ਹੈ। ਇਸੇ ਤਰ੍ਹਾਂ ਮਹਿਦੀ ਹਸਨ ਬਾਰੇ ਕ੍ਰਿਸ਼ਨ ਕੁਮਾਰ ਰੱਤੂ ਦਾ ਲਿਖਿਆ ਲੇਖ ਛਾਪਿਆ ਜਾ ਰਿਹਾ ਹੈ। -ਸੰਪਾਦਕ*



ਦਲਜੀਤ ਅਮੀ
ਫੋਨ:91-97811-21873

ਸਆਦਤ ਹਸਨ ਮੰਟੋ (1912-1955) ਦੀ ਜਨਮ ਸ਼ਤਾਬਦੀ ਮੌਕੇ ਉਸ ਦੇ ਰੂਬਰੂ ਹੋਣਾ ਨਿਆਰਾ ਤਜਰਬਾ ਹੈ ਜੋ ਕਿਸੇ ਇੱਕ ਵਿਸ਼ੇਸ਼ਣ ਵਿਚ ਸਮਾ ਨਹੀਂ ਸਕਦਾ। ਇਹ ਮਸ਼ਕ ਮੰਟੋ ਨਾਲ ਮੇਰੀ ਸਾਂਝ ਦੇ ਰੂ-ਬਰੂ ਹੋਣ ਦਾ ਸਬੱਬ ਬਣੀ। ਮੰਟੋ ਦੀਆਂ ਲਿਖਤਾਂ ਨਾਲ ਮੇਰੀ ਸਾਂਝ 1980ਵਿਆਂ ਦੇ ਦਹਾਕੇ ਦੇ ਆਖ਼ਰੀ ਸਾਲਾਂ ਵਿਚ ਪਈ। ਉਸ ਵੇਲੇ ਮੈਂ ਏ.ਐਸ.ਕਾਲਜ, ਖੰਨਾ (ਜ਼ਿਲ੍ਹਾ ਲੁਧਿਆਣਾ) ਵਿਚ ਗਰੈਜੂਏਸ਼ਨ ਕਰ ਰਿਹਾ ਸਾਂ। ਫਿਰਕੂ ਮਾਹੌਲ ਤੇ ਰਾਜਤੰਤਰ ਦੀ ਵਹਿਸ਼ੀ ਮੁਹਿੰਮ ਕਾਰਨ ਚੁਫ਼ੇਰੇ ਪਾਗ਼ਲਪਨ ਦਾ ਬੋਲਬਾਲਾ ਸੀ। ਇਨ੍ਹਾਂ ਮੁਸ਼ਕਿਲ ਹਾਲਾਤ ਵਿਚ 'ਟੋਭਾ ਟੇਕ ਸਿੰਘ' ਸੁਖਾਲੀ ਸਮਝ ਆਈ। ਗਰੈਜੂਏਸ਼ਨ ਤੋਂ ਬਾਅਦ ਮੈਂ ਪੜ੍ਹਾਈ ਲਈ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਆ ਗਿਆ। ਪੰਜਾਬ ਦੀ ਰਾਜਧਾਨੀ ਹੋਣ ਦੇ ਬਾਵਜੂਦ ਇਹ ਸ਼ਹਿਰ ਸੂਬੇ ਵਿਚ ਪਸਰੀ ਦਹਿਸ਼ਤ ਤੋਂ ਨਿਰਲੇਪ ਸੀ। ਇੱਥੇ ਮੰਟੋ ਨੇ ਮੇਰੀ ਇਹ ਸਮਝਣ ਵਿਚ ਮੱਦਦ ਕੀਤੀ ਕਿ ਇੱਕੋ ਹਾਲਾਤ ਵਿਚੋਂ ਵੱਖ-ਵੱਖ ਹੁੰਗਾਰੇ ਉਪਜਦੇ ਹਨ। ਸੰਨ 1919 ਦੀ ਵਿਸਾਖੀ ਵਾਲੇ ਦਿਨ ਜੱਲਿਆਂਵਾਲੇ ਬਾਗ਼ ਵਿਚ ਕਤਲੇਆਮ ਹੋਇਆ ਸੀ ਜਿਸ ਨੇ ਊਧਮ ਸਿੰਘ ਤੇ ਸਆਦਤ ਹਸਨ ਮੰਟੋ ਦੀ ਜ਼ਿੰਦਗੀ ਵੱਖ-ਵੱਖ ਰਾਹਾਂ ਉੱਤੇ ਤੋਰ ਦਿੱਤੀ। ਜੱਲਿਆਂਵਾਲੇ ਬਾਗ਼ ਦਾ ਬਦਲਾ ਲੈਣ ਤੇ ਫ਼ਾਂਸੀ ਚੜ੍ਹਨ ਵਾਲਾ ਊਧਮ ਸਿੰਘ ਇਤਿਹਾਸ ਵਿਚ ਰਾਮ ਮੁਹੰਮਦ ਸਿੰਘ ਆਜ਼ਾਦ ਵਜੋਂ ਦਰਜ ਹੋਇਆ। ਇਸੇ ਸਾਕੇ ਦੇ ਪਿਛੋਕੜ ਨਾਲ ਜੋੜ ਕੇ ਪਹਿਲੀ ਕਹਾਣੀ 'ਤਮਾਸ਼ਾ' ਲਿਖਣ ਵਾਲਾ ਮੰਟੋ ਸਿਰਫ਼ਬਿਆਲੀ ਸਾਲ ਦੀ ਉਮਰ ਵਿਚ ਹੀ ਦੁਨੀਆਂ ਦਾ ਸਿਰਕੱਢ ਅਫ਼ਸਾਨਾਨਿਗਾਰ ਬਣ ਕੇ ਤੁਰ ਗਿਆ।

ਚੰਡੀਗੜ੍ਹ ਵਿਚ ਮੈਨੂੰ ਪਤਾ ਲੱਗਿਆ ਕਿ ਮੰਟੋ ਦਾ ਪਿੰਡ ਪਪੜੌਦੀ ਸੀ। ਪੰਜਾਬੀਆਂ ਦੀ ਪਿੰਡ ਦੀ ਵਿਆਖਿਆ ਬੜੀ ਮੋਕਲੀ ਹੈ। ਸਾਡੇ ਪਿੰਡਾਂ ਵਿਚ ਜੇ ਕਿਸੇ ਬਿਹਾਰੀ ਮਜ਼ਦੂਰ ਨੂੰ ਕੋਈ ਦੂਜਾ ਬਿਹਾਰੀ ਮਿਲਣ ਆਏ ਤਾਂ ਅਸੀਂ ਕਹਿੰਦੇ ਹਾਂ ਕਿ ਉਸ ਦਾ ਗਰਾਈਂ ਆਇਆ ਹੈ। ਇਹ ਮਾਅਨੇ ਨਹੀਂ ਰੱਖਦਾ ਕਿ ਇੱਕ ਜਣਾ ਬਿਹਾਰ ਦੇ ਪੱਛਮੀ ਜ਼ਿਲ੍ਹੇ ਗੋਪਾਲਗੰਜ ਤੇ ਦੂਜਾ ਪੂਰਬੀ ਜ਼ਿਲ੍ਹੇ ਕੋਟੀਹਾਰ ਤੋਂ ਹੈ। ਇਸੇ ਤਰ੍ਹਾਂ ਜਿਉਂ-ਜਿਉਂ ਪੰਜਾਬੀ ਪਿੰਡ ਤੋਂ ਦੂਰ ਜਾਂਦੇ ਹਨ, ਤਿਉਂ-ਤਿਉਂ ਪਿੰਡ ਦੀ ਧਾਰਨਾ ਮੋਕਲੀ ਹੁੰਦੀ ਜਾਂਦੀ ਹੈ। ਯੂਰਪੀ ਜਾਂ ਉੱਤਰੀ ਅਮਰੀਕਾ ਦੇ ਕਿਸੇ ਮੁਲਕ ਵਿਚ ਵਸਦੇ ਬਹਾਵਲਪੁਰ ਤੇ ਪਟਿਆਲਾ ਜ਼ਿਲ੍ਹਿਆਂ ਦੇ ਬੰਦੇ ਵੀ ਗਰਾਈਂ ਹੋਣ ਦਾ ਦਾਅਵਾ ਕਰ ਸਕਦੇ ਹਨ। ਮੰਟੋ ਦਾ ਪਿੰਡ ਮੇਰੇ ਪਿੰਡ ਦਾਉਦਪੁਰ ਤੋਂ ਪੰਦਰਾ ਕਿਲੋਮੀਟਰ ਦੀ ਵਿੱਥ ਉੱਤੇ ਹੈ। ਦੋਵਾਂ ਦਾ ਜ਼ਿਲ੍ਹਾ ਲੁਧਿਆਣਾ ਤੇ ਤਹਿਸੀਲ ਸਮਰਾਲਾ। ਇਸ ਜਾਣਕਾਰੀ ਨਾਲ ਮੇਰਾ ਮੰਟੋ ਨਾਲ ਰਿਸ਼ਤਾ ਪਾਠਕ ਤੋਂ ਗਰਾਈਂ ਵਾਲਾ ਬਣ ਗਿਆ।

ਇਨਕਲਾਬੀ ਕਵੀ ਲਾਲ ਸਿੰਘ ਦਿਲ 1990 ਦੇ ਦਹਾਕੇ ਵਿਚ ਸਮਰਾਲਾ ਵਿਚ ਸੜਕ ਕੰਢੇ ਚਾਹ ਦਾ ਰੇੜ੍ਹੀਨੁਮਾ ਖੋਖਾ ਕਰਦਾ ਸੀ ਤੇ ਦਾਉਦਪੁਰ ਤੋਂ ਚੰਡੀਗੜ੍ਹ ਆਉਣ-ਜਾਣ ਲਈ ਮੈਂ ਸਮਰਾਲੇ ਤੋਂ ਬਸ ਬਦਲਦਾ ਸੀ। ਕਦੇ-ਕਦਾਈਂ ਲਾਲ ਸਿੰਘ ਦਿਲ ਕੋਲ ਚਾਹ ਪੀਣ ਦੇ ਬਹਾਨੇ ਕਵਿਤਾ, ਸਿਆਸਤ ਜਾਂ ਮਹਿਜ਼ ਇਧਰ-ਉਧਰ ਦੀਆਂ ਗੱਲਾਂ ਮਾਰਨ ਲਈ ਰੁਕ ਜਾਂਦਾ ਸਾਂ। ਮੰਟੋ ਤੇ ਦਿਲ ਦਾ ਗਰਾਈਂ ਹੋਣ ਦਾ ਅਹਿਸਾਸ ਸੁਖਦਾਈ ਸੀ।

ਆਲਮੀ ਪੰਜਾਬੀ ਕਾਨਫਰੰਸ (2003) ਵਿਚ ਹਿੱਸਾ ਲੈਣ ਮੈਂ ਲਾਹੌਰ ਗਿਆ। ਉਸ ਵੇਲੇ ਲਾਹੌਰ ਵਿਚ ਹੀ ਦੂਜੀ ਥਾਂ ਸਰਾਇਕੀ ਦੇ ਸਮਾਗਮ ਵਿਚ ਪਤਾ ਲੱਗਿਆ ਕਿ ਹਮੀਦ ਅਖ਼ਤਰ ਵੀ ਇਕੱਠ ਵਿਚ ਸ਼ਾਮਿਲ ਹਨ। ਹਮੀਦ ਅਖ਼ਤਰ ਮੰਟੋ ਤੇ ਸਹਿਰ ਲੁਧਿਆਣਵੀ ਦਾ ਕਰੀਬੀ ਦੋਸਤ ਸਨ। ਉਨ੍ਹਾਂ ਦਾ ਜੱਦੀ ਪਿੰਡ ਵੀ ਲੁਧਿਆਣਾ ਜ਼ਿਲ੍ਹੇ ਵਿਚ ਸੀ। ਜਗਰਾਓਂ ਲਾਗੇ ਉਸ ਦਾ ਪਿੰਡ ਮਾਹਿਤਪੁਰ ਸੀ ਪਰ ਵੰਡ ਤੋਂ ਪਹਿਲਾਂ ਉਹ ਚੋਖਾ ਸਮਾਂ ਲੁਧਿਆਣੇ ਰਿਹਾ ਸੀ। ਮੰਟੋ, ਸਾਹਿਰ, ਸੱਜਾਦ ਜ਼ਹੀਰ, ਮਦਨ ਦੀਦੀ ਤੇ ਅਜਾਇਬ ਚਿੱਤਰਕਾਰ ਉਸ ਦੇ ਜਿਗਰੀਆਂ ਵਿਚ ਸ਼ੁਮਾਰ ਸਨ। ਉਨ੍ਹੀਂ ਦਿਨੀਂ ਹਮੀਦ ਅਖ਼ਤਰ ਗਲੇ ਦੇ ਕੈਂਸਰ ਦਾ ਇਲਾਜ ਕਰਵਾ ਕੇ ਆਇਆ ਸੀ। ਨਤੀਜੇ ਵਜੋਂ ਉਹ ਬਹੁਤ ਕਮਜ਼ੋਰ ਸੀ। ਮੈਨੂੰ ਦੱਸਿਆ ਗਿਆ ਕਿ ਉਨ੍ਹਾਂ ਨੂੰ ਉੱਚਾ ਸੁਣਦਾ ਹੈ ਤੇ ਬੋਲਣ ਵਿਚ ਔਖ ਹੁੰਦੀ ਹੈ। ਮੈਨੂੰ ਯਕੀਨ ਸੀ ਕਿ ਆਪਣੇ ਗਰਾਈਂ ਦਾ ਗੱਲ ਤਾਂ ਉਨ੍ਹਾਂ ਨੇ ਹਰ ਹਾਲ ਵਿਚ ਸੁਣ ਲੈਣੀ ਹੈ। ਮੈਂ ਪੈਰੀਂ ਹੱਥ ਲਗਾ ਕੇ ਸਤਿ ਸ੍ਰੀ ਅਕਾਲ ਬੁਲਾਈ। ਉਨ੍ਹਾਂ ਧਿਆਨ ਨਾਲ ਮੈਨੂੰ ਦੇਖਿਆ ਤਾਂ ਮੈਂ ਕਿਹਾ, "ਮੈਂ ਸਮਰਾਲੇ ਤੋਂ ਆਇਐਂ।" ਅਗਲੇ ਪਲ ਹਮੀਦ ਅਖ਼ਤਰ ਮੈਨੂੰ ਜੱਫ਼ੀ ਪਾਈਂ ਖੜ੍ਹਾ ਐਲਾਨ ਕਰ ਰਿਹਾ ਸੀ, "ਇਹ ਮੇਰੇ ਪਿੰਡੋਂ ਆਇਐ, ਮੰਟੋ ਦੇ ਪਿੰਡੋਂ।" ਉਨ੍ਹਾਂ ਨੇ ਮੈਨੂੰ ਹੱਥ ਫੜ ਕੇ ਨਾਲ ਦੀ ਕੁਰਸੀ ਉੱਤੇ ਬਿਠਾ ਲਿਆ ਤੇ ਪੁੱਛਿਆ, "ਸਮਰਾਲੇ ਵਿਚ ਕਿੱਥੋਂ ਆਇਐਂ?" ਮੈਂ ਜਵਾਬ ਦਿੱਤਾ, "ਦਾਉਦਪੁਰ।" ਕੁਝ ਹੋਰ ਸਵਾਲਾਂ-ਜਵਾਬਾਂ ਨਾਲ ਉਨ੍ਹਾਂ ਨੂੰ ਅੰਦਾਜ਼ਾ ਹੋ ਗਿਆ ਕਿ ਪਪੜੌਦੀ ਤੇ ਦਾਉਦਪੁਰ ਨੂੰ ਕਿਹੜੀਆਂ ਸੜਕਾਂ ਜਾਂਦੀਆਂ ਹਨ ਤੇ ਇੱਥੋਂ ਮਹਿਤਪੁਰ ਕਿਹੜੇ ਰਾਹ ਜਾਂਦੇ ਹਨ। ਬਾਅਦ ਵਿਚ ਤੰਦਰੁਸਤ ਹੋ ਕੇ ਹਮੀਦ ਅਖ਼ਤਰ ਦੋ ਵਾਰ ਚੰਡੀਗੜ੍ਹ ਆਏ। ਉਨ੍ਹਾਂ ਦਾ ਫੋਨ ਆਉਂਦਾ ਸੀ, "ਮੈਂ ਆ ਗਿਐਂ, ਸ਼ਾਮ ਨੂੰ ਤੂੰ ਮੈਨੂੰ ਸ਼ਰਾਬ ਪਿਲਾਉਣੀ ਏ।" ਅਸੀਂ ਮੰਟੋ, ਸਾਹਿਰ, ਹਿੰਦੋਸਤਾਨ ਤੇ ਪਾਕਿਸਤਾਨ ਦੀਆਂ ਗੱਲਾਂ ਕੀਤੀਆਂ। ਇਹੋ ਸਾਡਾ ਗਰਾਂ ਸੀ। ਪਿਛਲੇ ਸਾਲ 2011 ਵਿਚ ਹਮੀਦ ਅਖ਼ਤਰ 17 ਅਕਤੂਬਰ ਨੂੰ 87 ਸਾਲਾਂ ਦੀ ਉਮਰ ਵਿਚ ਪੂਰੇ ਹੋ ਗਏ।

ਪਿੱਛੇ ਜਿਹੇ 'ਡੇ ਐਂਡ ਨਾਈਟ ਨਿਊਜ਼' ਚੈਨਲ ਲਈ ਮੰਟੋ ਸ਼ਤਾਬਦੀ ਦੇ ਵਿਸ਼ੇਸ਼ ਪ੍ਰੋਗਰਾਮ ਲਈ ਮੈਂ ਪਪੜੌਦੀ ਗਿਆ। ਇਸ ਪਿੰਡ ਦੇ ਤਕਰੀਬਨ ਨੱਬੇ ਸਾਲਾ ਬਜ਼ੁਰਗ ਉਜਾਗਰ ਸਿੰਘ ਦਾ ਦਾਅਵਾ ਹੈ ਕਿ ਮੰਟੋ ਉਨ੍ਹਾਂ ਨਾਲ ਬਚਪਨ ਵਿਚ ਉਨ੍ਹਾਂ ਨਾਲ ਖੇਡਦਾ ਰਿਹਾ ਸੀ। ਉਜਾਗਰ ਸਿੰਘ ਨੇ ਹੀ ਮੰਟੋ ਹੁਰਾਂ ਦੇ ਘਰ ਦੀ ਨਿਸ਼ਾਨਦੇਹੀ ਕੀਤੀ ਜੋ ਵੰਡ ਤੋਂ ਬਾਅਦ ਸਰਕਾਰ ਨੇ ਨਿਲਾਮ ਕਰ ਦਿੱਤਾ ਸੀ। ਜਦੋਂ ਮੈਂ ਉਜਾਗਰ ਸਿੰਘ ਹੁਰਾਂ ਨੂੰ ਮੰਟੋ ਦੀਆਂ ਲਿਖਤਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਜਵਾਬ ਦਿੱਤਾ, "ਮੈਨੂੰ ਉਰਦੂ ਨਹੀਂ ਆਉਂਦੀ, ਸੋ ਮੈਂ ਉਸ ਦੀਆਂ ਲਿਖਤਾਂ ਨਹੀਂ ਪੜ੍ਹੀਆਂ। ਉਹ ਨਾਮੀ ਲਿਖਾਰੀ ਸੀ ਜਿਸ ਨੇ ਸਾਡੇ ਪਿੰਡ ਦਾ ਨਾਮ ਉੱਚਾ ਕਰ ਦਿੱਤਾ।" ਜਦੋਂ ਇਹੋ ਸਵਾਲ ਪਿੰਡ ਦੇ ਹੋਰ ਲੋਕਾਂ ਨੂੰ ਪੁੱਛਿਆ ਤਾਂ ਜਵਾਬ ਇਹੋ ਮਿਲਿਆ। ਇਸ ਤੋਂ ਬਾਅਦ ਅਸੀਂ ਪਿੰਡ ਦੇ ਗੁਰਦੁਆਰੇ ਗਏ ਜਿੱਥੇ ਪੰਜਾਬੀ ਸਾਹਿਤ ਸਭਾ, ਦਿੱਲੀ ਨੇ ਮੰਟੋ ਯਾਦਗਾਰੀ ਲਾਈਬਰੇਰੀ ਬਣਾਈ ਹੈ। ਗੁਰਦੁਆਰੇ ਦਾ ਸੇਵਾਦਾਰ ਲਖਵਿੰਦਰ ਸਿੰਘ ਆਪਣੀ ਇੱਕ ਕਮਰੇ ਦੀ ਰਿਹਾਇਸ਼ ਵਿਚ ਬਣੀ ਇਸ ਲਾਈਬਰੇਰੀ ਦੀ ਦੇਖ-ਭਾਲ ਕਰਦਾ ਹੈ। ਤਕਰੀਬਨ ਦੋ ਸੌ ਕਿਤਾਬਾਂ ਵਿਚ ਮੰਟੋ ਦੀਆਂ ਕਹਾਣੀਆਂ ਦੇ ਪੰਜਾਬੀ ਤਰਜਮੇ ਦੀਆਂ ਤਿੰਨ ਕਿਤਾਬਾਂ ਹਨ। ਇਥੇ ਮਹੀਨੇ ਵਿਚ ਕੋਈ ਇੱਕ-ਅੱਧਾ ਪਾਠਕ ਆਉਂਦਾ ਹੈ। ਇਸੇ ਲਈ ਤਾਂ ਸੇਬਿਆਂ ਵਿਚ ਬੰਨ੍ਹੀਆਂ ਕਿਤਾਬਾਂ ਨੂੰ ਖੋਲ੍ਹਣ ਤੱਕ ਦੀ ਲੋੜ ਨਹੀਂ ਪਈ। ਪੰਜਾਬੀ ਸਾਹਿਤ ਸਭਾ, ਦਿੱਲੀ ਹੁਣ ਇਸ ਲਾਈਬਰੇਰੀ ਨੂੰ ਸਮਰਾਲੇ ਕਿਸੇ ਵਕੀਲ ਦੇ ਘਰ ਭੇਜਣ ਬਾਬਤ ਸੋਚ ਰਹੀ ਹੈ। ਦਿਲਚਸਪ ਹੈ ਕਿ ਮੰਟੋ ਦੇ ਪਾਤਰ ਵੀ ਲਾਈਬਰੇਰੀਆਂ ਵਿਚ ਨਹੀਂ ਜਾਂਦੇ!

ਇਸ ਤੋਂ ਬਾਅਦ ਮੰਟੋ ਦੀ ਜ਼ਿੰਦਗੀ ਨਾਲ ਜੁੜੀਆਂ ਥਾਵਾਂ ਦੇਖਣ ਤੇ ਫ਼ਿਲਮਾਉਣ ਲਈ ਮੈਂ ਅੰਮ੍ਰਿਤਸਰ ਗਿਆ। ਅੰਮ੍ਰਿਤਸਰ ਦਾ ਇੱਕ ਇਲਾਕਾ ਕਟੜਾ ਸ਼ੇਰ ਸਿੰਘ ਹੈ। ਇਸ ਇਲਾਕੇ ਵਿਚ ਮੰਟੋ ਕੂਚਾ ਵਕੀਲਾਂ ਵਿਚ ਰਹਿੰਦਾ ਸੀ। ਹੁਣ ਇਸ ਇਲਾਕੇ ਦੀ ਆਬਾਦੀ ਤਬਦੀਲ ਹੋ ਗਈ ਹੈ ਤੇ ਨੈਣ-ਨਕਸ਼ ਬਦਲ ਗਏ ਹਨ। ਪਹਿਲਾਂ ਇੱਥੇ ਮੁਸਲਿਮ ਆਬਾਦੀ ਸੀ ਤੇ ਹੁਣ ਹਿੰਦੂ-ਸਿੱਖ ਆਬਾਦ ਹਨ। ਇਸ ਇਲਾਕੇ ਨੇ 1947 ਦੀ ਵਹਿਸ਼ਤ ਆਪਣੇ ਪਿੰਡੇ ਉੱਤੇ ਹੰਢਾਈ। ਫਿਰਕੂ ਜਨੂੰਨ ਦੀ ਉਸ ਵਹਿਸ਼ਤ ਦੀ ਕੋਈ ਨਿਸ਼ਾਨੀ ਹੁਣ ਮੇਰੇ ਵਰਗੇ ਬਹਾਰਲੇ ਬੰਦੇ ਨੂੰ ਨਹੀਂ ਲੱਭਦੀ।

ਹੋ ਸਕਦਾ ਹੈ ਕਿ ਮੰਟੋ ਨੂੰ ਆਪਣੀਆਂ ਕਹਾਣੀਆਂ 'ਖੋਲ੍ਹ ਦੋ' ਤੇ 'ਠੰਢਾ ਗੋਸ਼ਤ' ਦੇ ਕਿਰਦਾਰ ਇਸੇ ਇਲਾਕੇ ਵਿਚੋਂ ਮਿਲੇ ਹੋਣ। ਕਈ ਦਿਨਾਂ ਤੋਂ ਮੰਟੋ ਦੀਆਂ ਲਿਖਤਾਂ ਪੜ੍ਹ ਰਿਹਾ ਹੋਣ ਕਾਰਨ ਮੈਨੂੰ ਸਕੀਨਾ ਦੀ ਹੋਂਦ ਦਾ ਅਹਿਸਾਸ ਹੋ ਰਿਹਾ ਸੀ। ਸਕੀਨਾ ਪੁੱਛ ਰਹੀ ਸੀ, "ਕੀ ਮੈਂ ਸਿਰਫ਼ ਸਰਾਜੁਦੀਨ ਦੀ ਧੀ ਸਾਂ?" ਉਹ ਵੰਡ ਦੌਰਾਨ ਹੋਈ ਹਿੰਸਾ ਦੇ ਮਰਦਾਵੇਂ ਕਿਰਦਾਰ ਨੂੰ ਬੇਪਰਦ ਕਰਨ ਵਾਲੀ ਕਸਵੱਟੀ ਬਣੀ ਖੜ੍ਹੀ ਹੈ। ਵੰਡ ਤੋਂ 65 ਸਾਲਾਂ ਬਾਅਦ ਵਿਚ ਵੀ ਇਹ ਯਾਦਾਂ ਬੰਦੇ ਨੂੰ ਖ਼ੌਫ਼ਜ਼ਦਾ ਕਰਦੀਆਂ ਹਨ। ਮੈਂ ਇਹ ਨਹੀਂ ਸੋਚਣਾ ਚਾਹੁੰਦਾ ਕਿ ਉਨ੍ਹਾਂ ਹਾਲਾਤ ਦਾ ਚਸ਼ਮਦੀਦ ਗਵਾਹ ਹੋਣ ਤੇ ਬਾਅਦ ਵਿਚ ਇਨ੍ਹਾਂ ਤਫ਼ਸੀਲਾਂ ਨੂੰ ਲਿਖਤਾਂ ਵਿਚ ਦਰਜ ਕਰਨ ਵੇਲੇ ਮੰਟੋ ਉੱਤੇ ਕੀ ਗੁਜ਼ਰੀ ਹੋਵੇਗੀ। ਇਸੇ ਲਈ ਸ਼ਾਇਦ ਮੰਟੋ ਨੇ 'ਟੋਭਾ ਟੇਕ ਸਿੰਘ' ਵਾਲੇ ਬਿਸ਼ਨ ਸਿੰਘ ਦੇ ਬੋਲਾਂ ਦਾ ਸਹਾਰਾ ਲਿਆ, "ਔਪੜ ਦੀ, ਗੜਗੜ ਦੀ, ਬੇਧਿਆਨਾ ਦੀ, ਅਨੈਕਸੀ ਦੀ, ਮੁੰਗੀ ਦੀ ਦਾਲ ਆਫ਼ ਦੀ ਲਾਲਟੈਣ, ਆਫ਼ ਦੀ ਹਿੰਦੋਸਤਾਨ ਆਫ਼ ਦੀ ਪਾਕਿਸਤਾਨ ਗੌਰਮਿੰਟ, ਦੁਰ ਫਿਟੇ ਮੂੰਹ।" ਇਸ ਫਿਕਰੇ ਦੇ ਸਾਰੇ ਸ਼ਬਦ ਜਾਣੇ-ਪਛਾਣੇ ਹਨ, ਪਰ ਇਸ ਦੇ ਮਾਅਨੇ ਹਾਲੇ ਤੱਕ ਬੁਝਾਰਤ ਬਣੇ ਹੋਏ ਚੁੱਪ ਵਰਤਾ ਰਹੇ ਹਨ। ਮੰਟੋ ਵੀ ਇਹੋ ਜਿਹੀ ਬੁਝਾਰਤ ਹੈ ਜੋ ਸ਼ਬਦਾਂ ਦੇ ਘੇਰੇ ਵਿਚ ਨਹੀਂ ਆਉਂਦਾ, ਸ਼ਾਇਦ ਇਸ ਲਈ ਉਹ ਬਿਆਲੀ ਸਾਲਾਂ ਦੀ ਉਮਰ ਵਿਚ ਚੁੱਪ ਹੋ ਗਿਆ। ਮੰਟੋ ਦਾ ਗਰਾਈਂ ਹੋਣ ਦੇ ਨਾਤੇ ਉਸ ਦੀ ਚੁੱਪ, ਸਕੀਨਾ ਦੇ ਸਵਾਲ ਤੇ ਬਿਸ਼ਨ ਸਿੰਘ ਦੀ ਬੁੜਬੁੜ ਮੈਨੂੰ ਡਰਾਉਂਦੀ ਹੈ। ਇਸ ਡਰ ਵਿਚੋਂ ਸੋਚਦਾ ਹਾਂ ਕਿ ਜੇ ਮੰਟੋ ਕਿਸੇ ਪਿੰਡ ਤੱਕ ਮਹਿਦੂਦ ਨਹੀਂ ਹੈ ਤਾਂ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਮੈਂ ਇਕੱਲਾ ਹੀ ਖ਼ੌਫ਼ਜ਼ਦਾ ਹਾਂ। ਇਸ ਨਾਲ ਮੇਰੇ ਮਨ ਵਿਚ ਸਵਾਲ ਉਪਜਦਾ ਹੈ: ਕੀ ਖ਼ੌਫ਼ਜ਼ਦਾ ਲੋਕ ਜਨਮ ਸ਼ਤਾਬਦੀਆਂ ਮਨਾ ਸਕਦੇ ਹਨ?



# ਮਖ਼ਮਲੀ ਆਵਾਜ਼ ਦਾ ਮਾਲਕ ਮਹਿਦੀ ਹਸਨ

ਕ੍ਰਿਸ਼ਨ ਕੁਮਾਰ ਰੱਤੂ

ਮਹਿਦੀ ਹਸਨ (18 ਜੁਲਾਈ 1927-13 ਜੂਨ 2012) ਗਜ਼ਲ ਗਾਇਕੀ ਦੀ ਪੁਰ-ਕਸ਼ਿਸ਼ ਆਵਾਜ਼ ਸੀ। ਉਨ੍ਹਾਂ ਆਪਣੀ ਮਖ਼ਮਲੀ ਆਵਾਜ਼ ਨਾਲ ਕਰੋੜਾਂ ਲੋਕਾਂ ਨੂੰ ਗਜ਼ਲ ਨਾਲ ਜੋੜਿਆ। ਬੱਸ, ਜਨੂੰਨ ਦੀ ਆਵਾਜ਼ ਦਾ ਨਾਂ ਸੀ ਮਹਿਦੀ ਹਸਨ। ਹਿੰਦ-ਪਾਕਿਸਤਾਨ ਸਰਹੱਦ ਦੇ ਆਰ-ਪਾਰ ਸਮਝੋ ਉਨ੍ਹਾਂ ਦੀਆਂ ਗਜ਼ਲਾਂ ਦਾ ਹੀ ਰਾਜ ਸੀ। ਉਨ੍ਹਾਂ ਦੀ ਖਨਕ ਭਰੀ ਮਖ਼ਮਲੀ ਆਵਾਜ਼ ਸਭ ਉਤੇ ਜਾਦੂ ਵਾਲਾ ਅਸਰ ਛੱਡਦੀ ਸੀ। ਉਨ੍ਹਾਂ ਜਿਸ ਤਰ੍ਹਾਂ ਗਜ਼ਲ ਗਾਇਕੀ ਨੂੰ ਆਮ ਲੋਕਾਂ ਤੱਕ ਪਹੁੰਚਾਇਆ, ਉਹ ਹੋਰ ਕਿਸੇ ਫ਼ਨਕਾਰ ਦੇ ਹਿੱਸੇ ਨਹੀਂ ਆਇਆ ਹੈ। ਅਹਿਮਦ ਫ਼ਰਾਜ਼ ਦੇ ਕਲਾਮ- 'ਅਬ ਕੇ ਹਮ ਬਿਛੜੇ ਤੋ ਸ਼ਾਇਦ ਕਭੀ ਹਮ ਖ਼ੁਆਬੋਂ ਮੇਂ ਮਿਲੇ, ਜਿਸ ਤਰਹ ਸੂਖੇ ਹੂਏ ਫੂਲ ਕਿਤਾਬੋਂ ਮੇਂ ਮਿਲੇ' ਨੂੰ ਮਨ ਦੀ ਗਹਿਰਾਈ ਤੇ ਸੁਰ ਦੀ ਅਜਿਹੀ ਸੰਜੀਦਗੀ ਮਹਿਦੀ ਹਸਨ ਨੇ ਬਖਸ਼ੀ ਕਿ ਇਹ ਕਲਾਮ ਅਮਰ ਹੋ ਗਿਆ। ਸੁਰਾਂ ਦੀ ਮਲਿਕਾ ਲਤਾ ਮੰਗੇਸ਼ਕਰ ਨੇ ਮਹਿਦੀ ਹਸਨ ਦੀ ਆਵਾਜ਼ ਨੂੰ 'ਰੱਬ ਦੀ ਆਵਾਜ਼' ਕਿਹਾ ਸੀ।

18 ਅਗਸਤ 1927 ਵਿਚ ਅਣਵੰਡੇ ਭਾਰਤ ਦੇ ਰਾਜਸਥਾਨ ਪ੍ਰਾਂਤ ਦੇ ਝੁਨਝੁੰਨੂ ਜ਼ਿਲ੍ਹੇ ਦੇ ਲੂਣਾ ਪਿੰਡ 'ਚ ਪੈਦਾ ਹੋਏ ਮਹਿਦੀ ਹਸਨ ਰੇਤੀਲੇ ਟਿੱਬਿਆਂ ਦੀ ਰੋਮਾਨੀਅਤ ਵਿੱਚ ਸੁਰ ਪਛਾਣਦੇ ਹੋਏ, ਆਪਣੇ ਪਰਿਵਾਰ ਨਾਲ ਵੰਡ ਵੇਲੇ ਪਾਕਿਸਤਾਨ ਚਲੇ ਗਏ ਪਰ ਭਾਰਤ ਉਨ੍ਹਾਂ ਦੀਆਂ ਯਾਦਾਂ ਵਿਚ ਹਰ ਦਮ ਤਾਜ਼ਾ ਰਿਹਾ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਉਹ ਗਾਉਣ ਨਾਲ ਤੁਅੱਲਕ ਰੱਖਦੀ ਹੋਈ ਪਰਿਵਾਰਕ ਪੀੜ੍ਹੀ ਦੇ 16ਵੇਂ ਗਾਇਕ ਸਨ, ਅਰਥਾਤ ਗਾਇਕੀ ਦੀ 16ਵੀਂ ਪੀੜ੍ਹੀ ਦੇ ਵਾਰਸ ਨੇ ਕਲਾਸੀਕਲ ਤੇ ਰਵਾਇਤੀ ਧ੍ਰੁਪਦ ਗਾਇਕੀ ਨੂੰ ਛੱਡ ਕੇ ਗਜ਼ਲ ਗਾਇਕੀ ਨੂੰ ਅਪਣਾਇਆ। ਆਪਣੇ ਪਿਤਾ ਉਸਤਾਦ ਅੰਜੀਮ ਖਾਨ ਤੇ ਚਾਚਾ ਇਸਮਾਇਲ ਖਾਨ ਨੂੰ ਗੁਰੂ ਮੰਨਣ ਵਾਲੇ ਮਹਿਦੀ ਹਸਨ ਨੇ ਬਾਅਦ ਵਿਚ ਉਸਤਾਦ ਬਰਕਤ ਅਲੀ ਖਾਨ ਦੀ ਵੀ ਸ਼ਾਗਿਰਦੀ ਕੀਤੀ।



1957 ਵਿਚ ਮਹਿਦੀ ਹਸਨ ਪਹਿਲੀ ਵਾਰੀ ਇਸ ਦੁਨੀਆਂ ਦੇ ਸਾਹਮਣੇ ਆਏ। ਰੇਡੀਓ ਪਾਕਿਸਤਾਨ ਤੋਂ 1957 ਵਿਚ ਮਹਿਦੀ ਹਸਨ ਨੇ ਠੁਮਰੀ ਗਾਈ। ਇਸ ਤੋਂ ਬਾਅਦ ਜੈਡ.ਏ. ਬੁਖਾਰੀ ਤੇ ਰਫ਼ੀਕ ਅਨਵਰ ਦੀ ਅਗਵਾਈ ਵਿਚ ਉਨ੍ਹਾਂ ਗਜ਼ਲ ਗਾਇਕੀ 'ਚ ਐਸਾ ਜਾਦੂ ਚਲਾਇਆ ਕਿ ਉਹ ਗਜ਼ਲ ਦੇ ਬਾਦਸ਼ਾਹ ਹੋ ਗਏ। ਜੈਪੁਰ ਵਿਚ ਆਪਣੇ ਵਿਰਾਸਤ ਸੋਲੋ ਵਿਚ ਰੇਸ਼ਮਾ ਨਾਲ ਆਏ ਮਹਿਦੀ ਹਸਨ ਨੂੰ ਲਾਈਵ ਰਿਕਾਰਡ ਕਰਦਿਆਂ ਮਹਿਦੀ ਹਸਨ ਦੇ ਅੰਦਰਲੇ ਫ਼ਨਕਾਰ ਨੂੰ ਪਛਾਣਿਆ ਜਾ ਸਕਦਾ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਸੁਰਾਂ ਦੇ ਇਸ ਬਾਦਸ਼ਾਹ ਨੇ ਪਹਿਲਾਂ ਸਾਈਕਲਾਂ ਦੀ ਦੁਕਾਨ ਤੇ ਫਿਰ ਮਕੈਨਿਕ ਵਜੋਂ ਵੀ ਕੰਮ ਕੀਤਾ ਸੀ।

ਮਹਿਦੀ ਹਸਨ ਸਪਸ਼ਟ ਕਹਿੰਦੇ ਸਨ-"ਮੈਂ ਜ਼ਿੰਦਗੀ ਦਾ ਆਸ਼ਕ ਹਾਂ, ਚੰਗੀ ਸ਼ਾਇਰੀ ਚੰਗਾ ਆਦਮੀ ਹੀ ਲਿਖ ਸਕਦਾ ਹੈ। ਹੁਣ ਫ਼ੈਜ਼ ਤੇ ਫ਼ਰਾਜ਼ ਕੋਈ ਦੁਬਾਰਾ ਪੈਦਾ ਹੋਣਗੇ? ਮੈਂ ਦੋਵਾਂ ਦੇ ਅਲਫ਼ਾਜ਼ ਨੂੰ ਮਨ ਨਾਲ ਗਾਇਆ ਹੈ।" ਫ਼ਰਾਜ਼ ਤੇ ਫ਼ੈਜ਼ ਦੀਆਂ ਗ਼ਜ਼ਲਾਂ ਨੂੰ ਜਿਸ ਤਰ੍ਹਾਂ ਮਹਿਦੀ ਹਸਨ ਨੇ ਗਾ ਕੇ ਅਮਰ ਕਰ ਦਿੱਤਾ, ਉਸ ਤਰ੍ਹਾਂ ਦੀ ਅਦਾਇਗੀ ਕਿਸੇ ਹੋਰ ਦੇ ਹਿੱਸੇ ਨਹੀਂ ਆਈ। ਮਹਿਦੀ ਨੇ ਗਾਇਆ:

ਰੰਜ਼ਿਸ਼ੇ ਹੀ ਸਹੀ, ਦਿਲ ਹੀ ਦੁਖਾਨੇ ਕੇ ਲੀਏ ਆ।
ਆ, ਫਿਰ ਸੇ ਮੁਝੇ ਛੋੜ ਕੇ ਜਾਨੇ ਕੇ ਲੀਏ ਆ।

ਮਹਿਦੀ ਹਸਨ ਅਸਲ ਵਿਚ ਸੁਰਾਂ ਦਾ ਬਾਦਸ਼ਾਹ ਸੀ। ਇੱਕ ਅਣਥੱਕ ਯੋਧਾ ਜਿਸ ਲਈ ਸੀਮਾਵਾਂ ਕੋਈ ਅਰਥ ਨਹੀਂ ਰੱਖਦੀਆਂ ਸਨ। ਉਸ ਨੂੰ ਪੂਰੀ ਦੁਨੀਆਂ ਵਿਚ ਪਿਆਰ ਤੇ ਸਤਿਕਾਰ ਮਿਲਿਆ ਜੋ ਲਾਜਵਾਬ ਸੀ। ਮਹਿਦੀ ਹਸਨ ਨੇ ਪਹਿਲੀ ਵਾਰੀ ਪਿਛਲੀ ਸਦੀ ਦੇ ਦੂਜੇ ਅੱਧ ਤੇ ਆਖ਼ਰੀ ਵੀਹ ਵਰ੍ਹਿਆਂ ਵਿਚ ਗਾਇਕੀ ਦੇ ਅੰਦਾਜ਼ ਤੇ ਗਜ਼ਲ ਦੀ ਪਹੁੰਚ ਨੂੰ ਬਿਲਕੁਲ ਬਦਲ ਕੇ ਰੱਖ ਦਿੱਤਾ ਸੀ। ਉਸ ਨੇ ਗਜ਼ਲ ਨੂੰ ਆਮ ਆਦਮੀ ਦੀ ਆਵਾਜ਼ ਤੇ ਗਾਇਕੀ ਦਾ ਨੀਲਮ ਬਣਾ ਕੇ ਅਮਰ ਕਰ ਦਿੱਤਾ। ਮੈਨੂੰ ਯਾਦ ਹੈ, ਉਨ੍ਹਾਂ ਕਿਹਾ ਸੀ, "ਹੁਣ ਗਜ਼ਲ ਸੁਣਨ ਵਾਲੇ ਕਿੱਥੇ ਨੇ। ਨਵੀਂ ਪੀੜ੍ਹੀ ਗਜ਼ਲ ਗਾਇਕੀ ਬਾਰੇ ਉਸ ਤਰ੍ਹਾਂ ਨਹੀਂ ਤਿਆਰ ਹੋਈ ਜਿਵੇਂ ਪਹਿਲਾਂ ਜਾਂ ਸਾਡੇ ਵੇਲੇ ਸੀ।"

ਮਹਿਦੀ ਹਸਨ ਨੇ ਆਪਣੀ ਮਖ਼ਮਲੀ ਆਵਾਜ਼ ਨਾਲ ਖ਼ੁਆਬਾਂ ਦੀ ਆਮਦ ਵਿਚ ਅੱਖਾਂ ਦੀ ਨੀਂਦ ਨੂੰ ਸ਼ਬਦਾਂ ਦੀ ਰਵਾਨੀ ਨਾਲ ਢਕ ਦਿੱਤਾ। ਇਕ ਅਜਿਹੀ ਆਵਾਜ਼ ਜੋ ਦੇਰ ਤੱਕ ਤੁਹਾਡੇ ਦਿਲੋ-ਦਿਮਾਗ 'ਤੇ ਛਾ ਜਾਏ, ਅਜਿਹੀ ਆਵਾਜ਼ ਜੋ ਤੁਹਾਡੇ ਦਰਦ ਨੂੰ ਲਰਜ਼ਾ ਦੇਵੇ, ਅਜਿਹੀ ਆਵਾਜ਼ ਜੋ ਰੱਬ ਦੀ ਆਮਦ ਨੂੰ ਸਾਹਮਣੇ ਖੜ੍ਹਾ ਕਰ ਦੇਵੇ-ਇਹ ਸਭ ਕੁਝ ਜੇ ਕਿਸੇ ਇਕ ਫ਼ਨਕਾਰ 'ਚ ਵੇਖਣਾ ਹੋਵੇ ਤਾਂ ਇਹ ਮਹਿਦੀ ਹਸਨ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੀ ਰੋਮਾਨੀ ਆਵਾਜ਼ ਵਿਚ ਸੀ। ਮਹਿਦੀ ਹਸਨ ਦੀ ਥਾਂ ਕੋਈ ਹੋਰ ਕਦੇ ਵੀ ਨਹੀਂ ਲੈ ਸਕਦਾ। ਉਨ੍ਹਾਂ ਨੇ ਗਜ਼ਲ ਗਾਇਕੀ ਨੂੰ ਨਵੇਂ ਅਯਾਮ ਦਿੱਤੇ। ਉਨ੍ਹਾਂ ਜ਼ਿੰਦਗੀ ਨਾਲ ਇਸ਼ਕ ਕੀਤਾ। ਉਨ੍ਹਾਂ ਇਸੇ ਸਾਲ 13 ਜੂਨ ਨੂੰ ਕਰਾਚੀ ਦੇ ਹਸਪਤਾਲ ਵਿਚ ਆਖ਼ਰੀ ਸਾਹ ਲਿਆ। ਉਨ੍ਹਾਂ ਨੂੰ ਪੂਰੀ ਦੁਨੀਆਂ ਵਿਚੋਂ ਮਾਨ ਤੇ ਸਨਮਾਨ ਪ੍ਰਾਪਤ ਹੋਇਆ। ਪਾਕਿਸਤਾਨ ਨੇ ਪਹਿਲਾਂ ਉਨ੍ਹਾਂ ਨੂੰ 'ਤਮਗਾ-ਏ-ਇਮਤਿਆਜ਼' ਤੇ 'ਹਿਲਾਲੇ-ਏ-ਇਮਤਿਆਜ਼' ਦੇ ਨਾਲ ਸਨਮਾਨਤ ਕੀਤਾ ਅਤੇ ਹੁਣ 'ਨਿਸ਼ਾਨ-ਏ-ਇਮਤਿਆਜ਼' ਦਿੱਤਾ ਗਿਆ ਹੈ। ਨੇਪਾਲ ਅਤੇ ਭਾਰਤ ਨੇ ਵੀ ਉਨ੍ਹਾਂ ਦੀ ਗਾਇਕੀ ਨੂੰ ਪੂਰਾ ਸਨਮਾਨ ਦਿੱਤਾ। ਨੇਪਾਲ ਨੇ ਆਪਣਾ ਸਭ ਤੋਂ ਵੱਡਾ ਐਵਾਰਡ 'ਦੱਖਣ-ਬਹੂ' ਦਿੱਤਾ। ਇੱਕ ਥਾਂ 'ਤੇ ਫ਼ੈਜ਼ ਨੇ ਲਿਖਿਆ ਹੈ ਕਿ ਉਸ (ਮਹਿਦੀ ਹਸਨ) ਨੇ ਮੇਰੀ ਗਜ਼ਲ ਕੀ ਗਾਈ, ਇਹ ਉਹਦੀ ਹੋ ਗਈ। ਗਜ਼ਲ ਦੇ ਸਰੋਤਿਆਂ ਨੂੰ ਯਾਦ ਹੋਵੇਗਾ ਕਿ ਫ਼ੈਜ਼ ਦੀ ਗਜ਼ਲ

'ਗੁਲੋਂ ਮੇਂ ਰੰਗ ਭਰੇ, ਬਾਗੇ ਨੌ-ਬਾਹਾਰ ਵਾਲੀ'। ਇਹ ਗਜ਼ਲ ਐਨੀ ਪੁਰ-ਕਸ਼ਿਸ਼ ਤੇ ਸੰਜੀਦਗੀ ਨਾਲ ਗਾਈ ਗਈ ਹੈ ਕਿ ਫ਼ੈਜ਼ ਨੇ ਲਿਖਿਆ, 'ਇੱਕ ਵਾਰੀ ਮੁਸ਼ਾਇਰੇ 'ਚ ਲੋਕਾਂ ਨੇ ਫ਼ਰਮਾਇਸ਼ ਕੀਤੀ ਕਿ ਮਹਿਦੀ ਹਸਨ ਵਾਲੀ ਗਜ਼ਲ ਸੁਨਾਈਏ।'...ਇਹ ਸੀ ਮਹਿਦੀ ਦੀ ਗਾਇਕੀ ਤੇ ਪ੍ਰਸਿੱਧੀ ਦਾ ਨਮੂਨਾ। ਮਹਿਦੀ ਹਸਨ ਵਰਗੇ ਫ਼ਨਕਾਰ ਕਦੀ-ਕਦੀ ਪੈਦਾ ਹੁੰਦੇ ਹਨ। ਅੱਜ ਭਾਵੇਂ ਗਜ਼ਲ ਦਾ ਦੌਰ ਖ਼ਤਮ ਹੋ ਗਿਆ ਹੈ ਪਰ ਮਹਿਦੀ ਹਸਨ ਦੀ ਪੁਰਖਲੂਸ ਤੇ ਮਖਮਲੀ ਆਵਾਜ਼ ਦਾ ਜਾਦੂ ਸਦੀਆਂ ਤਕ ਰਹੇਗਾ। ਜਦੋਂ ਵੀ ਮਹਿਦੀ ਨੂੰ ਸੁਣਿਆ ਜਾਵੇਗਾ ਤਾਂ ਯਾਦ ਆਵੇਗਾ, 'ਯੇ ਧੂੰਆਂ ਸਾ ਕਹਾਂ ਸੇ ਉਠਤਾ ਹੈ।'

ਗੁਰਮਤਿ ਗਿਆਨ

# ਪ੍ਰਾਨੀ ਪਰਮ-ਪੁਰਖ ਪਗਿ ਲਾਗੋ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸ਼ਬਦ ਰਾਗੁ ਰਾਮਕਲੀ ਵਿਚ ਪੰਜਾਬੀ ਯੂਨੀਵਰਸਿਟੀ ਵੱਲੋਂ ਛਾਪੇ ਗਏ 'ਸ਼ਬਦਾਰਥ' ਦੇ ਪੰਨਾ 1215 'ਤੇ ਹੈ। ਇਸ ਸ਼ਬਦ ਵਿਚ ਮਨੁੱਖ ਨੂੰ ਸਰਬ-ਸ਼ਕਤੀਮਾਨ ਇੱਕ ਅਕਾਲ ਪੁਰਖ ਦੇ ਚਰਨਾਂ ਦਾ ਓਟ-ਆਸਰਾ ਲੈਣ ਦੀ ਪ੍ਰੇਰਨਾ ਕੀਤੀ ਗਈ ਹੈ। ਪਹਿਲੀ ਹੀ ਪੰਕਤੀ 'ਰਹਾਉ' ਦੀ ਪੰਕਤੀ ਹੈ ਜੋ ਕਿ ਸ਼ਬਦ ਦਾ ਕੇਂਦਰੀ ਭਾਵ ਹੁੰਦੀ ਹੈ। ਇਸ ਵਿਚ ਜੀਵ ਨੂੰ ਉਸ ਸਰਬ-ਸ਼ਕਤੀਮਾਨ ਪਰਮਾਤਮਾ ਦੇ ਚਰਨੀਂ ਲੱਗਣ ਲਈ ਕਿਹਾ ਗਿਆ ਹੈ। ਮਨੁੱਖਾ ਜਨਮ ਹੀ ਇੱਕ ਐਸਾ ਮੌਕਾ ਪਰਮਾਤਮਾ ਵੱਲੋਂ ਮਨੁੱਖ ਨੂੰ ਦਿੱਤਾ ਗਿਆ ਹੈ ਜਿਸ ਵਿਚ ਉਹ ਪਰਮਾਤਮ-ਅਨੁਭਵ ਕਰ ਸਕਦਾ ਹੈ। ਜੋ ਮਨੁੱਖ ਦੁਨਿਆਵੀ ਮੋਹ-ਮਾਇਆ ਵਿਚ ਗਲਤਾਨ ਹੋ ਜਾਂਦਾ ਹੈ, ਉਹ ਇਸ ਅਵਸਰ ਤੋਂ ਖੁੰਝ ਜਾਂਦਾ ਹੈ। ਇਸੇ ਲਈ 'ਰਹਾਉ' ਦੀ ਦੂਸਰੀ ਪੰਕਤੀ ਵਿਚ ਮਨੁੱਖ ਨੂੰ ਆਗਾਹ ਕੀਤਾ ਹੈ ਕਿ ਮੋਹ-ਮਾਇਆ ਦੇ ਜਾਲ ਵਿਚ ਫਸ ਕੇ ਉਹ ਆਪਣੇ ਅਸਲੀ ਮਕਸਦ ਵੱਲੋਂ ਕਿਉਂ ਸੌਂ ਗਿਆ ਹੈ। ਉਸ ਨੂੰ ਕਦੇ ਤਾਂ ਇਸ ਮੋਹ-ਮਾਇਆ ਦੀ ਉਂਘਲਾ ਦੇਣ ਵਾਲੀ ਬਿਰਤੀ ਤਿਆਗ ਕੇ ਆਪਣੇ ਫ਼ਰਜ਼ ਪ੍ਰਤੀ ਚੇਤੰਨ ਹੋ ਜਾਣਾ ਚਾਹੀਦਾ ਹੈ,

ਪ੍ਰਾਨੀ, ਪਰਮ-ਪੁਰਖ ਪਗਿ ਲਾਗੋ॥
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ
ਸੁਚਿਤ ਹਵੈ ਜਾਗੋ॥1॥ਰਹਾਉ॥

ਅੱਗੇ ਕਿਹਾ ਹੈ ਕਿ ਹੇ ਪਸ਼ੂਆਂ ਵਾਂਗ ਵਿਚਰ ਰਹੇ ਮਨੁੱਖ! ਹੋਰਨਾਂ ਨੂੰ ਕੀ ਉਪਦੇਸ਼ ਦੇਵੇਂਗਾ ਜਦ ਕਿ ਤੈਨੂੰ ਹੀ ਕੋਈ ਸਿੱਖਿਆ ਨਹੀਂ ਲੱਗ ਰਹੀ? (ਆਪਣੀਆਂ ਮਾੜੀਆਂ ਬਿਰਤੀਆਂ ਕਾਰਨ ਮਨੁੱਖ ਪਸ਼ੂਆਂ ਵਾਂਗ ਹੋ ਸਕਦਾ ਹੈ ਕਿਉਂਕਿ ਮਾੜੀਆਂ ਬਿਰਤੀਆਂ ਨੂੰ ਪਸ਼ੂ-ਬਿਰਤੀਆਂ ਕਿਹਾ ਜਾਂਦਾ ਹੈ ਅਤੇ ਮਾੜੀਆਂ ਬਿਰਤੀਆਂ ਤੋਂ ਉਤੇ ਉਠ ਕੇ ਚੰਗੀਆਂ ਬਿਰਤੀਆਂ ਕਾਰਨ ਉਹ ਦੇਵ-ਪਦ ਨੂੰ ਵੀ ਪ੍ਰਾਪਤ ਕਰ ਸਕਦਾ ਹੈ)। ਕਿਉਂ ਵਿਸ਼ੇ-ਵਿਕਾਰਾਂ ਨੂੰ ਵਧਣ-ਫੁੱਲਣ ਦੇ ਰਿਹਾ ਹੈਂ, ਕਦੇ ਤਾਂ ਵਿਸ਼ਿਆਂ ਦਾ ਸੁਆਦ ਤਿਆਗ ਦੇ? ਵਿਸ਼ੇ-ਵਿਕਾਰਾਂ ਵਰਗੇ ਕਰਮ ਭਰਮ-ਮੂਲਕ ਹਨ ਇਸ ਤੱਥ 'ਤੇ ਵਿਚਾਰ ਕਰ ਅਤੇ ਇਨ੍ਹਾਂ ਨੂੰ ਛੱਡ ਕੇ ਧਰਮ ਵਾਲੇ ਕਰਮ ਕਰ ਅਰਥਾਤ ਮੰਦੇ ਕਰਮਾਂ ਦਾ ਤਿਆਗ ਕਰਕੇ ਸਹੀ ਕਰਮ ਕਰ।

ਮਨੁੱਖ ਨੂੰ ਮੰਦੇ ਕਰਮਾਂ ਤੋਂ ਭੱਜ ਜਾਣ ਲਈ ਅਤੇ ਪਰਮਾਤਮਾ ਦੇ ਨਾਮ-ਸਿਮਰਨ ਰੂਪੀ ਖਜ਼ਾਨੇ ਨੂੰ ਇਕੱਠਾ ਕਰਨ ਲਈ ਕਿਹਾ ਹੈ। ਨਾਮ-ਸਿਮਰਨ ਰਾਹੀਂ ਮਨੁੱਖ ਨੂੰ ਕਾਲ ਦੇ ਫੰਦੇ ਦਾ ਮੁਕਾਬਲਾ ਕਰਨ ਦਾ ਆਦੇਸ਼ ਕੀਤਾ ਹੈ ਅਰਥਾਤ ਮੌਤ ਦੇ ਭੈ ਤੋਂ ਮੁਕਤਿ ਹੋਣ ਲਈ ਕਿਹਾ ਹੈ ਜਿਸ ਨਾਲ ਦੁੱਖ ਅਤੇ ਪਾਪ ਨੇੜੇ ਨਾ ਆਉਣ (ਸਭ ਤੋਂ ਵੱਡਾ ਦੁੱਖ ਜਾਂ ਭੈ ਮੌਤ ਦਾ ਹੈ ਜੇ ਮਨ ਵਿਚੋਂ ਮੌਤ ਦਾ ਭੈ ਦੂਰ ਕਰ ਦਿੱਤਾ ਜਾਵੇ ਫਿਰ ਹੋਰ ਕੋਈ ਦੁੱਖ ਨਹੀਂ ਸਤਾਉਂਦਾ, ਪਾਪ ਨੇੜੇ ਨਹੀਂ ਆਉਣਗੇ। ਪਰਮਾਤਮਾ ਦੇ ਨਾਮ ਵਿਚ ਹੀ ਅਜਿਹੀ ਤਾਕਤ ਹੈ ਜੋ ਮਨੁੱਖ ਦੇ ਮਨ ਵਿਚੋਂ ਮੌਤ ਦਾ ਡਰ ਦੂਰ ਕਰ ਦਿੰਦੀ ਹੈ। ਇਸ ਲਈ ਪ੍ਰਾਣੀ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦੀ ਪ੍ਰੇਰਨਾ ਕੀਤੀ ਹੈ)। ਜੇ ਪ੍ਰਾਣੀ ਚਾਹੁੰਦਾ ਹੈ ਕਿ ਸਾਰਿਆਂ ਨੂੰ ਸੁੱਖ ਮਿਲੇ ਤਾਂ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹੇ,

ਔਰਨ ਕਹਾ ਉਪਦੇਸਤ ਹੈ ਪਸੁ
ਤੋਹਿ ਪ੍ਰਬੋਧ ਨ ਲਾਗੋ॥
ਸਿੰਚਤ ਕਹਾ ਪਰੇ ਬਿਖਿਯਨ ਕਹ
ਕਬਹੁੰ ਬਿਖੈ ਰਸ ਤਯਾਗੋ॥1॥
ਕੇਵਲ ਕਰਮ ਭਰਮ ਸੇ ਚੀਨਹੁ
ਧਰਮ ਕਰਮ ਅਨੁਰਾਗੋ॥
ਸੰਗ੍ਰਹਿ ਕਰੋ ਸਦਾ ਸਿਮਰਨ ਕੋ
ਪਰਮ ਪਾਪ ਤਜਿ ਭਾਗੋ॥2
ਜਾ ਤੇ ਦੂਖ ਪਾਪ ਨਹਿ ਭੇਟੈ
ਕਾਲ-ਜਾਲ ਤੇ ਤਾਗੋ॥
ਜੌ ਸੁਖ ਚਾਹੋ ਸਦਾ ਸਭਨ ਕੌ
ਤੌ ਹਰਿ ਕੇ ਰਸਿ ਪਾਗੋ॥3/3

ਇਸ ਸ਼ਬਦ ਵਿਚ ਕੁੱਝ ਪ੍ਰਮੁਖ ਸੰਕਲਪ ਜਿਹੜੇ ਦ੍ਰਿਸ਼ਟੀਗੋਚਰ ਹੁੰਦੇ ਹਨ, ਉਹ ਹਨ ਅਕਾਲ ਪੁਰਖ ਦੇ ਚਰਨੀਂ ਲੱਗਣਾ, ਪ੍ਰਾਣੀ ਦਾ ਮੋਹ-ਨਿੰਦ੍ਰਾ ਵਿਚ ਸੁੱਤੇ ਹੋਣਾ ਅਤੇ ਉਸ ਤੋਂ ਜਾਗਣ ਦੀ ਪ੍ਰੇਰਨਾ, ਪਸ਼ੂ-ਬਿਰਤੀ ਅਤੇ ਬਿਖਿਆ-ਰਸ ਵਿਚ ਗਲਤਾਨ, ਵਿਸ਼ੇ-ਵਿਕਾਰਾਂ ਨੂੰ ਭਰਮ-ਮੂਲਕ ਕਰਮ ਸਮਝਣਾ ਅਤੇ ਧਰਮ-ਮੂਲਕ ਕਰਮ ਕਰਨ ਵੱਲ ਰੁਚਿਤ ਹੋਣਾ, ਇਸ ਪ੍ਰਾਪਤੀ ਲਈ ਨਾਮ-ਸਿਮਰਨ ਦੇ ਰਸਤੇ 'ਤੇ ਚੱਲਣਾ ਤਾਂ ਕਿ ਮੰਦੇ ਕਰਮਾਂ (ਪਾਪਾਂ) ਅਤੇ ਮੌਤ ਦੇ ਭੈ ਤੋਂ ਛੁਟਕਾਰਾ ਮਿਲ ਸਕੇ। ਇਨ੍ਹਾਂ ਪ੍ਰਮੁਖ ਸੰਕਲਪਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜੋ ਵਿਚਾਰ ਆਏ ਹਨ ਉਨ੍ਹਾਂ ਦਾ ਬਹੁਤ ਹੀ ਸੰਖੇਪ-ਰੂਪ ਵਿਚ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਹ ਮੋਹ-ਮਾਇਆ ਦੀ ਨੀਂਦਰ ਕੀ ਹੈ, ਇਸ ਬਾਰੇ ਚੌਥੀ ਨਾਨਕ ਜੋਤਿ ਗੁਰੂ ਰਾਮਦਾਸ ਫੁਰਮਾਉਂਦੇ ਹਨ ਕਿ ਹਉਮੈ, ਮੋਹ-ਮਾਇਆ ਨਿਰੀ ਕਾਲਖ ਹੈ ਜਿਸ ਵਿਚ ਆਪਣੇ ਮਨ ਦੇ ਪਿੱਛੇ ਲੱਗ ਕੇ ਮਨੁੱਖ ਨੇ ਆਪਣੇ ਆਪ ਨੂੰ ਗੰਦਾ ਕਰ ਲਿਆ ਹੈ। ਇਹ ਹਉਮੈ, ਇਸ ਮਾਇਆਵੀ ਮੋਹ ਨੇ ਜੀਵ ਨੂੰ ਪਰਮਾਤਮਾ ਨਾਲੋਂ ਵਿਛੋੜਿਆ ਹੋਇਆ ਹੈ। ਇਸ ਹਉਮੈ, ਮੋਹ-ਮਾਇਆ ਨੂੰ ਆਪਣੇ ਮਨ ਵਿਚੋਂ ਮਾਰਨ ਭਾਵ ਦੂਰ ਕਰਨ ਦੀ ਲੋੜ ਹੈ ਕਿਉਂਕਿ ਇਹ ਪਰਮਾਤਮਾ ਵੱਲ ਜਾਂਦੇ ਰਸਤੇ ਦਾ ਰੋੜਾ ਹੈ।

ਇਹ ਸਰੀਰ ਸੋਨੇ ਰੰਗਾ ਸੁਹਣਾ ਹੁੰਦਾ ਹੈ (ਗੁਰਬਾਣੀ ਅਨੁਸਾਰ ਪਰਮਾਤਮਾ ਆਪਣੀ ਜੋਤਿ ਸਰੀਰ ਵਿਚ ਰੱਖਦਾ ਹੈ ਤਾਂ ਹੀ ਮਨੁੱਖ ਇਸ ਸੰਸਾਰ 'ਤੇ ਜਨਮ ਲੈਂਦਾ ਹੈ 'ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ) ਪਰ ਇਸ ਹਉਮੈ ਨੂੰ ਉਸ ਨੂੰ ਮਾਰ ਕੇ ਖ਼ੁਆਰ ਕਰ ਦਿੱਤਾ ਹੈ। ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਇਸ ਕਾਲਖ ਨਾਲ ਲਿਬੜਿਆ ਰਹਿੰਦਾ ਹੈ ਪਰ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਇਸ ਤੋਂ ਬਚ ਜਾਂਦੇ ਹਨ। ਗੁਰੂ ਦੇ ਸ਼ਬਦ ਰਾਹੀਂ ਉਹ ਇਸ ਤੋਂ ਛੁਟਕਾਰਾ ਪਾ ਲੈਂਦੇ ਹਨ,

ਮਾਰੇਹਿਸੁ ਵੇ ਜਨ ਹਉਮੈ ਬਿਖਿਆ
ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ॥
ਦੇਹ ਕੰਚਨ ਵੇ ਵੰਨੀਆ
ਇਨਿ ਹਉਮੈ ਮਾਰਿ ਵਿਗੁਤੀਆ॥
ਮੋਹੁ ਮਾਇਆ ਵੇ ਸਭ ਕਾਲਖਾ
ਇਨਿ ਮਨਮੁਖਿ ਮੂੜਿ ਸਜੁਤੀਆ॥
ਜਨ ਨਾਨਕ ਗੁਰਮੁਖਿ ਉਬਰੇ
ਗੁਰ ਸਬਦੀ ਹਉਮੈ ਛੁਟੀਆ॥1॥
(ਪੰਨਾ 776)

ਗੁਰੂ ਅਰਜਨ ਦੇਵ ਨੇ ਮੋਹ-ਮਾਇਆ ਨੂੰ ਅੰਨ੍ਹਾ ਤੇ ਹਨੇਰਾ ਖੂਹ ਕਿਹਾ ਹੈ ਜਿਸ ਵਿਚ ਡਿਗੇ ਹੋਏ ਪ੍ਰਾਣੀ ਨੂੰ ਗੁਰੂ ਹੀ ਕੱਢ ਸਕਦਾ ਹੈ। ਗੁਰੂ ਅਰਜਨ ਦੇਵ ਅੱਗੇ ਫੁਰਮਾਉਂਦੇ ਹਨ ਕਿ ਅਕਾਲ ਪੁਰਖ ਬਾਰੇ ਸੁਣੀਦਾ ਹੈ ਕਿ ਉਹ ਸਾਰੇ ਜੀਵਾਂ ਨੂੰ ਵਿਕਾਰਾਂ ਤੋਂ ਬਚਾਉਣ ਵਾਲਾ ਹੈ। ਉਹ ਉਨ੍ਹਾਂ ਨੂੰ ਵੀ ਬਚਾ ਲੈਂਦਾ ਹੈ ਜਿਹੜੇ ਮੋਹ-ਮਾਇਆ ਵਿਚ ਡੁੱਬੇ ਵਿਕਾਰਾਂ ਵਿਚ ਡਿੱਗੇ ਹੋਏ ਪ੍ਰਾਣੀਆਂ ਨਾਲ ਬਹਿਣ-ਖਲੋਣ ਰੱਖਦੇ ਹਨ ਅਤੇ ਬਵੀ ਬੇਪਰਵਾਹੀ ਨਾਲ ਪਰਮਾਤਮਾ ਨੂੰ ਮਨ ਤੋਂ ਵਿਸਾਰੀ ਰੱਖਦੇ ਹਨ। ਜੀਵ ਮਾਇਆ ਇਕੱਠੀ ਕਰਕੇ ਇਸ ਨੂੰ ਗ੍ਰਹਿਣ ਕਰਨ-ਜੋਗ ਬਣਾਉਂਦੇ ਹਨ ਪਰ ਆਤਮਕ ਜੀਵਨ ਦੇਣ ਵਾਲਾ ਅਕਾਲ ਪੁਰਖ ਦਾ ਨਾਮ ਜਲ ਮਨ ਵਿਚੋਂ ਕੱਢ ਦਿੰਦੇ ਹਨ। ਜੀਵ ਕਾਮ, ਕ੍ਰੋਧ, ਲੋਭ, ਨਿੰਦਾ ਆਦਿਕ ਵਿਕਾਰਾਂ ਵਿਚ ਗਲਤਾਨ ਹੋ ਜਾਂਦੇ ਹਨ ਅਤੇ ਸੇਵਾ, ਸੰਤੋਖ ਆਦਿ ਗੁਣਾਂ ਨੂੰ ਲੀਰ ਲੀਰ ਕਰ ਦਿੰਦੇ ਹਨ। ਗੁਰੂ ਅਰਜਨ ਦੇਵ ਪਰਵਰਦਗਾਰ ਅੱਗੇ ਅਰਦਾਸ ਕਰਦੇ ਹਨ ਕਿ ਵਿਕਾਰਾਂ 'ਚ ਗ੍ਰਸੇ ਹੋਇਆਂ ਨੂੰ ਬਚਾ ਲੈ। ਪਰਮਾਤਮਾ ਦੀ ਸ਼ਰਨ ਪਿਆਂ ਹੀ ਮਨੁੱਖ ਇਨ੍ਹਾਂ ਤੋਂ ਬਚਦਾ ਹੈ,

ਸੁਨੀਅਤ ਪ੍ਰਭ ਤਉ ਸਗਲ ਉਧਾਰਨ॥
ਮੋਹ ਮਗਨ ਪਤਿਤ ਸੰਗਿ ਪ੍ਰਾਨੀ
ਐਸੇ ਮਨਹਿ ਬਿਸਾਰਨ॥1॥ਰਹਾਉ॥
ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ
ਅੰਮ੍ਰਿਤੁ ਮਨ ਤੇ ਡਾਰਨ॥
ਕਾਮ ਕ੍ਰੋਧ ਲੋਭ ਰਤੁ ਨਿੰਦਾ
ਸਤੁ ਸੰਤੋਖੁ ਬਿਦਾਰਨ॥1॥(ਪੰਨਾ 820)

ਪਸ਼ੂ-ਬਿਰਤੀ ਕੀ ਹੈ? ਗੁਰੂ ਨਾਨਕ ਸਾਹਿਬ ਰਾਗੁ ਬਸੰਤੁ ਵਿਚ ਫੁਰਮਾਉਂਦੇ ਹਨ ਕਿ ਮਾਇਆ ਦੇ ਮੋਹ ਵਿਚ ਅੰਨ੍ਹਾ ਮਨ ਉਸੇ ਮਤਿ ਦੇ ਪਿੱਛੇ ਲੱਗ ਕੇ ਤੁਰਦਾ ਹੈ ਜਿਹੜੀ ਪਹਿਲਾਂ ਹੀ ਮਾਇਆ ਦੇ ਮੋਹ ਵਿਚ ਅੰਨ੍ਹੀ ਹੋਈ ਪਈ ਹੈ ਅਤੇ ਅਜਿਹਾ ਮਨ ਭਟਕਣਾ ਵਿਚ ਪਿਆ ਰਹਿੰਦਾ ਹੈ। ਗੁਰੂ ਦੀ ਦੱਸੀ ਕਾਰ ਕਰਨ ਤੋਂ ਬਿਨਾ ਮਨ ਦੀ ਇਹ ਭਟਕਣ ਦੂਰ ਨਹੀਂ ਹੁੰਦੀ। ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲੇ ਮਨੁੱਖ ਨੂੰ ਕਿਉਂਕਿ ਜੀਵਨ ਦੇ ਸਹੀ ਰਸਤੇ ਦੀ ਪਛਾਣ ਨਹੀਂ ਹੁੰਦੀ, ਇਸ ਲਈ ਉਹ ਮਾਇਆ-ਰੂਪੀ ਹਨੇਰੇ ਵਿਚ ਭਟਕਦਾ ਠੇਡੇ ਖਾਂਦਾ ਹੈ। ਉਹ ਪਰਮਾਤਮਾ ਦਾ ਆਸਰਾ ਤੱਕਣ ਦੀ ਥਾਂ ਹੋਰ ਆਸਰੇ ਦੀ ਝਾਕ ਰੱਖਦਾ ਹੈ, ਇਸ ਲਈ ਭੈੜੀ ਮਤਿ ਪਿੱਛੇ ਲੱਗ ਕੇ ਤੁਰਦਾ ਹੈ ਅਤੇ ਸਾਰੀ ਜੀਵਨ-ਕਾਰ ਕਰਦਾ ਹੈ। ਆਪਣੇ ਮਨ ਪਿੱਛੇ ਲੱਗ ਕੇ ਤੁਰਨ ਵਾਲੇ ਅੰਨ੍ਹੇ ਮਨੁੱਖਾਂ ਨੂੰ ਗੁਰੂ ਦੀ ਦਿੱਤੀ ਮਤਿ ਚੰਗੀ ਨਹੀਂ ਲਗਦੀ। ਅਜਿਹੇ ਮਨੁੱਖ ਸੁਭਾ ਪੱਖੋਂ ਪਸ਼ੂ ਹੋ ਚੁੱਕੇ ਹੁੰਦੇ ਹਨ, ਉਨ੍ਹਾਂ ਦੀਆਂ ਬਿਰਤੀਆਂ ਪਸ਼ੂਆਂ ਵਾਲੀਆਂ ਹੋ ਜਾਂਦੀਆਂ ਹਨ ਅਤੇ ਹਉਮੈ ਕਾਰਨ ਉਨ੍ਹਾਂ ਦੇ ਅੰਦਰੋਂ ਆਕੜ ਨਹੀਂ ਜਾਂਦੀ। ਜੀਵਨ ਦੇ ਸਹੀ ਪੰਧ ਦੀ ਪਛਾਣ ਗੁਰੂ ਦੇ ਸ਼ਬਦ ਰਾਹੀਂ ਆਉਂਦੀ ਹੈ, ਕਰਤਾਰ ਕੋਲੋਂ ਆਉਂਦੀ ਹੈ,

ਦੁਬਿਧਾ ਦੁਰਮਤਿ ਅਧੁਲੀ ਕਾਰ॥
ਮਨਮੁਖਿ ਭਰਮੈ ਮਝਿ ਗੁਬਾਰ॥1॥
ਮਨੁ ਅੰਧੁਲਾ ਅੰਧੁਲੀ ਮਤਿ ਲਾਗੈ॥
ਗੁਰ ਕਰਣੀ ਬਿਨੁ ਭਰਮੁ ਨ ਭਾਗੈ॥1॥ਰਹਾਉ॥
ਮਨਮੁਖਿ ਅੰਧੁਲੇ ਗੁਰਮਤਿ ਨ ਭਾਈ॥
ਪਸੂ ਭਏ ਅਭਿਮਾਨੁ ਨ ਜਾਈ॥2॥
(ਪੰਨਾ 1190)

ਗੁਰੂ ਅਮਰਦਾਸ ਵੀ ਇਸੇ ਸਿਧਾਂਤ ਦੀ ਪ੍ਰੋੜਤਾ ਕਰਦੇ ਹਨ ਕਿ ਆਪਣੇ ਮਨ ਦੇ ਪਿੱਛੇ ਲੱਗ ਕੇ ਤੁਰਨ ਵਾਲਾ ਮਨੁੱਖ ਮਾਇਆ ਦੇ ਮੋਹ ਅਤੇ ਹਉਮੈ ਕਾਰਨ ਜ਼ਿੰਦਗੀ ਦੇ ਸਹੀ ਰਸਤੇ ਤੋਂ ਖੁੰਝਿਆ ਰਹਿੰਦਾ ਹੈ। ਉਹ ਉਹੀ ਕੁੱਝ ਕਰਦਾ ਹੈ ਜਿਸ ਤੋਂ ਉਹ ਦੁੱਖ ਸਹੇੜਦਾ ਹੈ ਅਤੇ ਦੁੱਖ ਸਹਾਰਦਾ ਹੈ। ਉਸ ਦੇ ਅੰਦਰ ਲੋਭ ਇਸ ਤਰ੍ਹਾਂ ਟਿਕਿਆ ਰਹਿੰਦਾ ਹੈ ਜਿਵੇਂ ਕੁੱਤੇ ਨੂੰ ਹਲਕਾਅ ਹੁੰਦਾ ਹੈ। ਉਹ ਹਲਕਾਏ ਕੁੱਤੇ ਦੀ ਤਰ੍ਹਾਂ ਆਪ ਵੀ ਦੁਖੀ ਹੁੰਦਾ ਹੈ ਅਤੇ ਦੂਸਰਿਆਂ ਨੂੰ ਵੀ ਦੁੱਖ ਪਹੁੰਚਾਉਂਦਾ ਹੈ। ਚੰਗੇ ਅਤੇ ਮੰਦੇ ਕਰਮਾਂ ਦੀ ਪਛਾਣ ਨਾ ਕਰ ਸਕਣ ਕਰਕੇ ਉਹ ਭਟਕਦਾ ਰਹਿੰਦਾ ਹੈ। ਉਹ ਪਰਮਾਤਮਾ ਦੇ ਨਾਮ ਨੂੰ ਵਿਸਾਰ ਦਿੰਦਾ ਹੈ ਅਤੇ ਉਸ ਦਾ ਅਕਾਲ ਪੁਰਖ ਨਾਲ ਕਦੇ ਵੀ ਪਿਆਰ ਨਹੀਂ ਬਣਦਾ। ਅਜਿਹਾ ਮਨ ਦਾ ਮੁਰੀਦ ਮਨੁੱਖ ਪਸ਼ੂਆਂ ਵਾਲੇ ਕੰਮ ਕਰਦਾ ਹੈ ਅਤੇ ਉਸ ਨੂੰ ਸਮਝ ਨਹੀਂ ਲਗਦੀ ਕਿ ਇਹ ਜੀਵਨ-ਰਾਹ ਸਹੀ ਨਹੀਂ ਹੈ। ਇਸ ਨਾ-ਰਹਿਣ ਵਾਲੀ ਮਾਇਆ ਦੀ ਖ਼ਾਤਰ ਦੌੜ-ਭੱਜ ਕਰਦਾ ਉਹ ਮਾਇਆ ਦਾ ਹੀ ਰੂਪ ਹੋਇਆ ਰਹਿੰਦਾ ਹੈ। ਪਰ ਜੇ ਅਜਿਹੇ ਮਨੁੱਖ ਨੂੰ ਗੁਰੂ ਮਿਲ ਪਏ ਤਾਂ ਉਹ ਉਸ ਦਾ ਮਨ ਮਾਇਆ ਵੱਲੋਂ ਪਰਤ ਜਾਂਦਾ ਹੈ ਅਤੇ ਉਹ ਗੁਰੂ ਦੇ ਦੱਸੇ ਰਸਤੇ 'ਤੇ ਚੱਲ ਕੇ ਪਰਮਾਤਮਾ ਦਾ ਮੇਲ ਪ੍ਰਾਪਤ ਕਰ ਲੈਂਦਾ ਹੈ। ਪਰ ਅਜਿਹਾ ਕੋਈ ਵਿਰਲਾ ਹੀ ਹੁੰਦਾ ਹੈ,

ਹਉਮੈ ਮਾਇਆ ਮੋਹਿ ਖੁਆਇਆ
ਦੁਖੁ ਖਟੇ ਦੁਖੁ ਖਾਇ॥
ਅੰਤਰਿ ਲੋਭ ਹਲਕੁ ਦੁਖੁ ਭਾਰੀ
ਬਿਨੁ ਬਿਬੇਕ ਭਰਮਾਇ॥1॥
ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ॥
ਰਾਮਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ
ਕਦੇ ਨ ਲਾਗੈ ਪਿਆਰੁ॥1॥ਰਹਾਉ॥
ਪਸੂਆ ਕਰਮ ਕਰੈ ਨਹੀ ਬੂਝੈ
ਕੂੜੁ ਕਮਾਵੈ ਕੂੜੋ ਹੋਇ॥
ਸਤਿਗੁਰੁ ਮਿਲੈ ਤ ਉਲਟੀ ਹੋਵੈ
ਖੋਜਿ ਲਹੈ ਜਨੁ ਕੋਇ॥2॥

ਗੁਰੂ ਅਰਜਨ ਦੇਵ ਰਾਗੁ ਗਉੜੀ ਬਾਵਨ ਅਖਰੀ ਵਿਚ ਫੁਰਮਾਉਂਦੇ ਹਨ ਕਿ ਸੰਸਾਰ ਤੇ ਉਨ੍ਹਾਂ ਮਨੁੱਖਾਂ ਨੇ ਸਿਰਫ ਕਹਿਣ ਨੂੰ ਹੀ ਮਨੁੱਖਾ ਜਨਮ ਲਿਆ ਹੈ ਜਿਹੜੇ ਜੀਵਨ ਦੇ ਸਹੀ ਰਸਤੇ ਦੀ ਪਛਾਣ ਨਹੀਂ ਕਰਦੇ। ਸਹੀ ਰਸਤੇ ਨੂੰ ਸਮਝਣ ਤੋਂ ਬਿਨਾਂ ਉਹ ਪਸ਼ੂਆਂ ਵਰਗੀ ਜ਼ਿੰਦਗੀ ਹੀ ਗੁਜ਼ਾਰਦੇ ਹਨ। ਉਹ ਮਨੁੱਖ ਹੀ ਗੁਰੂ ਦੁਆਰਾ ਸਹੀ ਰਸਤੇ ਨੂੰ ਸਮਝਦਾ ਹੈ, ਜਿਸ ਦੇ ਮੱਥੇ ਦੇ ਭਾਗ ਜਾਗ ਪੈਣ,

ਸ਼ਲੋਕੁ॥
ਆਵਨ ਆਏ ਸ੍ਰਿਸਟਿ ਮਹਿ ਬਿਨੁ
ਬੂਝੇ ਪਸੁ ਢੋਰ॥
ਨਾਨਕ ਗੁਰਮੁਖਿ ਸੋ ਬੁਝੈ ਜਾ ਕੈ
ਭਾਗ ਮਥੋਰ॥1॥ (ਪੰਨਾ 251)

ਭਰਮ-ਮੂਲਕ ਕਰਮ ਕੀ ਹਨ? ਕੋਈ ਵੀ ਵਿਸ਼ਵਾਸ, ਆਦਤਾਂ ਜਾਂ ਕਰਮ, ਕਲਪਨਾ ਆਦਿ ਭਰਮ-ਮੂਲਕ ਹੁੰਦੇ ਹਨ ਜਿਹੜੇ ਸੰਸਾਰ, ਮਨੁੱਖਾ-ਜੀਵਨ, ਜ਼ਰੂਰਤਾਂ ਅਤੇ ਫਰਜ਼ਾਂ ਦੇ ਵਿਚਾਰ-ਮੂਲਕ/ਤਰਕ-ਸੰਗਤ ਸੰਕਲਪਾਂ ਤੇ ਆਧਾਰਤ ਨਾ ਹੋਣ। ਗੁਰੂ ਨਾਨਕ ਸਾਹਿਬ ਨੇ ਕਾਮ, ਕ੍ਰੋਧ, ਲੋਭ-ਲਾਲਚ ਅਤੇ ਪਰਾਈ ਨਿੰਦਿਆ ਨੂੰ ਭਰਮ-ਮੂਲਕ ਕਿਹਾ ਹੈ। ਮਨੁੱਖ ਨੂੰ ਆਗਾਹ ਕੀਤਾ ਹੈ ਕਿ ਉਹ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ ਅਤੇ ਦੂਸਰਿਆਂ ਦੀ ਨਿੰਦਾ ਦੂਰ ਕਰਕੇ ਸ਼ਾਂਤ-ਚਿੱਤ ਹੋਵੇ, ਕਾਮ, ਕ੍ਰੋਧ, ਲੋਭ ਅਤੇ ਨਿੰਦਾ ਆਦਿ ਭਰਮ ਦੀਆਂ ਜੰਜੀਰਾਂ ਹਨ। ਜਿਹੜਾ ਮਨੁੱਖ ਇਨ੍ਹਾਂ ਨੂੰ ਤੋੜ ਕੇ ਨਿਰਲੇਪ ਹੋ ਜਾਂਦਾ ਹੈ ਉਹ ਪਰਮਾਤਮਾ ਨੂੰ ਆਪਣੇ ਅੰਦਰ ਹੀ ਲੱਭ ਲੈਂਦਾ ਹੈ,

ਕਾਮੁ ਕ੍ਰੋਧ ਪਰਹਰੁ ਪਰ ਨਿੰਦਾ॥
ਲਬੁ ਲੋਭੁ ਤਜਿ ਹੋਹੁ ਨਿਚਿੰਦਾ॥
ਭ੍ਰਮ ਕਾ ਸੰਗਲੁ ਤੋੜਿ ਨਿਰਾਲਾ
ਹਰਿ ਅੰਤਰਿ ਹਰਿ ਰਸੁ ਪਾਇਆ॥1॥
(ਪੰਨਾ 1041)

ਗੁਰੂ ਨਾਨਕ ਮਨ ਨੂੰ ਸੰਬੋਧਨ ਕਰਦਿਆਂ ਮਨ ਨੂੰ ਪਰਮਾਤਮਾ ਦੀ ਭਗਤੀ ਵਿਚ ਜੁੜਨ ਦਾ ਆਦੇਸ਼ ਕਰਦੇ ਹਨ ਅਤੇ ਕਹਿੰਦੇ ਹਨ ਕਿ ਗੁਰੂ ਦੇ ਦੱਸੇ ਹੋਏ ਜੀਵਨ-ਰਸਤੇ ਤੇ ਚੱਲ ਕੇ ਪਰਮਾਤਮਾ ਦਾ ਨਾਮ ਸਿਮਰ। ਇਸ ਤਰ੍ਹਾਂ ਸ਼ਾਂਤੀ ਵਾਲਾ ਜੀਵਨ ਗੁਜ਼ਾਰਦਿਆਂ ਪਰਮਾਤਮਾ ਦੇ ਚਰਨਾਂ ਵਿਚ ਪਹੁੰਚ ਸਕੀਦਾ ਹੈ। ਪਰਮਾਤਮਾ ਦੇ ਨਾਮ ਸਿਮਰਨ ਤੋਂ ਬਿਨਾਂ ਭਰਮ, ਡਰ ਅਤੇ ਸਹਿਮ ਕਦੇ ਨਹੀਂ ਮੁੱਕਦਾ ਅਤੇ ਜਨਮ-ਮਰਨ ਦਾ ਚੱਕਰ ਬਣਿਆ ਰਹਿੰਦਾ ਹੈ, ਸਹੀ ਜੀਵਨ-ਜਾਚ ਦੀ ਸਮਝ ਨਹੀਂ ਪੈਂਦੀ। ਨਾਮ ਸਿਮਰਨ ਤੋਂ ਬਿਨਾਂ ਮਾਇਆਵੀ ਬੰਧਨਾਂ ਤੋਂ ਮੁਕਤੀ ਨਹੀਂ ਮਿਲਦੀ ਅਤੇ ਮਨੁੱਖ ਵਿਕਾਰਾਂ ਦੇ ਪਾਣੀ ਵਿਚ ਗੋਤੇ ਖਾ ਖਾ ਕੇ ਆਤਮਕ ਮੌਤ ਸਹੇੜ ਲੈਂਦਾ ਹੈ, ਵਿਸ਼ਿਆਂ ਨਾਲ ਤ੍ਰਿਪਤੀ ਵੀ ਨਹੀਂ ਹੁੰਦੀ,

ਭਰਮੁ ਭੇਦੁ ਭਉ ਕਬਹੁ ਨ ਛੁਟਸਿ
ਆਵਤ ਜਾਤ ਨ ਜਾਨੀ॥
ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ
ਡੂਬਿ ਮੁਏ ਬਿਨੁ ਪਾਨੀ॥2॥ (ਪੰਨਾ 1127)

ਗੁਰੂ ਗ੍ਰੰਥ ਸਾਹਿਬ ਅਨੁਸਾਰ ਮਨੁੱਖ ਦਾ ਜਾਗਣਾ ਕੀ ਹੈ? ਜਾਗਣ ਤੋਂ ਭਾਵ ਹੈ ਮਨੁਖ ਦਾ ਵਿਸ਼ੇ-ਵਿਕਾਰਾਂ ਵੱਲੋਂ ਆਪਣੇ ਮਨ ਨੂੰ ਮੋੜ ਕੇ ਪਰਮਾਤਮਾ ਦੇ ਅਨੁਭਵ ਲਈ ਸੁਚੇਤ ਹੋਣਾ। ਸੁੱਤੇ ਹੋਏ ਤੋਂ ਭਾਵ ਹੈ ਕਿ ਜੀਵ ਵਿਸ਼ੇ-ਵਿਕਾਰਾਂ ਵਿਚ ਪੈ ਕੇ ਪਰਮਾਤਮਾ ਵੱਲੋਂ ਅਵੇਸਲਾ ਹੋ ਗਿਆ ਹੈ। ਗੁਰੂ ਨਾਨਕ ਰਾਗੁ ਬਿਲਾਵਲੁ ਵਿਚ ਜੀਵ-ਇਸਤਰੀ ਨੂੰ ਸੁਚੇਤ ਕਰਦੇ ਹਨ ਕਿ ਜਿਸ ਜੀਵ ਨੂੰ ਪਰਮਾਤਮਾ ਦਾ ਪਿਆਰ ਮਾਇਆ-ਮੋਹ ਤੋਂ ਸੁਚੇਤ ਕਰ ਦਿੰਦਾ ਹੈ, ਜਗਾ ਦਿੰਦਾ ਹੈ, ਜਿਹੜੀ ਜੀਵ-ਇਸਤਰੀ ਗੁਰੂ ਦੇ ਸ਼ਬਦ ਰਾਹੀਂ ਜਾਗ ਪੈਂਦੀ ਹੈ ਉਹ ਵਿਕਾਰਾਂ ਤੋਂ ਬਚੀ ਰਹਿੰਦੀ ਹੈ। ਪਰਮਾਤਮਾ ਦੇ ਨਾਮ-ਰਸ ਵਿਚ ਭਿੱਜੀ ਹੋਈ ਉਸ ਜੀਵ-ਇਸਤਰੀ ਨੂੰ ਰਾਤਾਂ ਅਤੇ ਦਿਨ ਸਭ ਸੁਹਣੇ ਲਗਦੇ ਹਨ ਭਾਵ ਜੀਵਨ-ਸਫਰ ਚੰਗਾ ਲਗਦਾ ਹੈ। ਉਹ ਨਾਸ਼ਵੰਤ ਪਦਾਰਥਾਂ ਦਾ ਮੋਹ, ਫ਼ਰੇਬ, ਮਾਇਆ ਨਾਲ ਪਿਆਰ ਅਤੇ ਲੋਕਾਂ ਦੀ ਮੁਥਾਜੀ ਛੱਡਣ ਕਰ ਕੇ ਪ੍ਰਭੂ-ਪਤੀ ਨੂੰ ਪਿਆਰੀ ਲੱਗਣ ਲੱਗਦੀ ਹੈ,

ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ॥
ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ॥
(ਪੰਨਾ 844)

ਗੁਰੂ ਨਾਨਕ ਕਹਿੰਦੇ ਹਨ ਕਿ ਮਨੁੱਖ ਜਦੋਂ ਮਾਇਆ ਦੇ ਮੋਹ ਵਿਚ ਸੌਂ ਜਾਂਦਾ ਹੈ ਤਾਂ ਜਾਗਦਾ ਉਦੋਂ ਹੀ ਹੈ ਜਦੋਂ ਪਰਮਾਤਮਾ ਦੀ ਉਸ ਉਤੇ ਮਿਹਰ ਹੁੰਦੀ ਹੈ। ਉਹ ਆਪ ਹੀ ਜਗਾਉਂਦਾ ਹੈ। ਜੇ ਜੀਵ ਨੂੰ ਆਪਣੇ ਅਸਲੇ ਦੀ ਸੋਝੀ ਹੋ ਜਾਵੇ ਕਿ ਉਸ ਦਾ ਅਸਲੀ ਘਰ ਕਿਹੜਾ ਹੈ, ਫਿਰ ਉਹ ਸੌਂਦਾ ਨਹੀਂ। ਗੁਰੂ ਨਾਨਕ ਕਹਿੰਦੇ ਹਨ ਕਿ ਧਰਮ ਨੂੰ ਧਰਤੀ ਬਣਾ ਅਤੇ ਉਸ 'ਚ ਸਤਿ ਦਾ, ਸੁੱਚੇ ਆਚਰਣ ਦਾ ਬੀਜ ਪਾ। ਇਹੋ ਜਿਹੇ ਆਤਮਕ ਜੀਵਨ ਨੂੰ ਪ੍ਰਫੁਲਿਤ ਕਰਨ ਵਾਲੀ ਵਾਹੀ ਕਰੋ। ਜੇ ਤੁਸੀਂ ਅਜਿਹੀ ਆਤਮਕ ਖੇਤੀ ਨਾਲ ਲਾਭ ਖੱਟ ਕੇ ਲੈ ਜਾਵੋਗੇ ਫਿਰ ਵਧੀਆ ਸੌਦਾਗਰ ਸਮਝੇ ਜਾਵੋਗੇ,

ਧਰਮੁ ਭੂਮਿ ਸਤੁ ਬੀਜੁ ਕਰਿ
ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ
ਲਾਹਾ ਲੈ ਜਾਵਹੁ॥8॥ (ਪੰਨਾ 418)

**(ਚਲਦਾ)**

ਗੁਰਬਾਣੀ ਗਿਆਨ

## ਹੁਕਮੀ ਵਰਸਣ ਲਗੇ ਮੇਹਾ

ਹੁਕਮੀ ਵਰਸਣ ਲਗੇ ਮੇਹਾ
ਮਾਝ ਮਹਲਾ ੫
ਹੁਕਮੀ ਵਰਸਣ ਲਗੇ ਮੇਹਾ॥
ਸਾਜਨ ਸੰਤ ਮਿਲਿ ਨਾਮੁ ਜਪੇਹਾ॥
ਸੀਤਲ ਸਾਂਤਿ ਸਹਜ ਸੁਖੁ ਪਾਇਆ,
ਠਾਢਿ ਪਾਈ ਪ੍ਰਭਿ ਆਪੇ ਜੀਉ॥
ਸਭੁ ਕਿਛੁ ਬਹੁਤੋ ਬਹੁਤ ਉਪਾਇਆ॥
ਕਰਿ ਕਿਰਪਾ ਪ੍ਰਭਿ ਸਗਲ ਰਜਾਇਆ॥
ਦਾਤਿ ਕਰਹੁ ਮੇਰੇ ਦਾਤਾਰਾ
ਜੀਅ ਜੰਤ ਸਭਿ ਧ੍ਰਾਪੇ ਜੀਉ॥
ਸਚਾ ਸਾਹਿਬੁ ਸਚੀ ਨਾਈ॥
ਗੁਰ ਪਰਸਾਦਿ ਤਿਸੁ ਸਦਾ ਧਿਆਈ॥
ਜਨਮ ਮਰਣ ਭੈ ਕਾਟੇ ਮੋਹਾ
ਬਿਨਸੇ ਸੋਗ ਸੰਤਾਪੇ ਜੀਉ॥
ਸਾਸਿ ਸਾਸਿ ਨਾਨਕੁ ਸਾਲਾਹੇ॥
ਸਿਮਰਤ ਨਾਮੁ ਕਾਟੇ ਸਭਿ ਫਾਹੇ॥
ਪੂਰਨ ਆਸ ਕਰੀ ਖਿਨ ਭੀਤਰਿ
ਹਰਿ ਹਰਿ ਹਰਿ ਗੁਣ ਜਾਪੇ ਜੀਉ॥

ਗੁਰਦੇਵ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਜਦੋਂ ਵਰਖਾ ਦੀ ਰੁੱਤ ਆਉਂਦੀ ਹੈ ਤੇ ਮੀਂਹ ਵੱਸਦਾ ਹੈ ਤਾਂ ਸੜਦੀ ਸ੍ਰਿਸ਼ਟੀ ਨੂੰ ਠੰਢ ਪੈ ਜਾਂਦੀ ਹੈ। ਪਾਣੀ ਮਿਲਣ ਕਰ ਕੇ ਫਸਲਾਂ ਵੀ ਵੱਧ ਹੁੰਦੀਆਂ ਹਨ। ਇਸੇ ਤਰ੍ਹਾਂ ਸਾਜਨ ਸੰਤ, ਭਾਵ ਪ੍ਰਭੂ ਦੇ ਪਿਆਰੇ ਜਦ ਸਤਸੰਗ ਵਿਚ ਬੈਠ ਕੇ ਪ੍ਰਭੂ ਦਾ ਨਾਮ ਜਪਦੇ ਹਨ ਤਾਂ ਉਥੇ ਵੀ ਨਾਮ ਦੀ ਵਰਖਾ ਹੀ ਹੋ ਰਹੀ ਹੁੰਦੀ ਹੈ। ਇਸ ਵਿਚ ਪ੍ਰਭੂ ਦੇ ਪਿਆਰੇ ਆਤਮਿਕ ਠੰਢ ਪਾਉਣ ਵਾਲੀ ਸ਼ਾਂਤੀ ਅਤੇ ਸਹਿਜ ਅਵਸਥਾ ਦਾ ਅਨੰਦ ਮਾਣਦੇ ਹਨ। ਪ੍ਰਭੂ ਆਪ ਉਨ੍ਹਾਂ ਨੂੰ ਅਨੰਦ ਦਿੰਦਾ ਹੈ।

ਸਭੁ ਕਿਛੁ ਬਹੁਤੋ ਬਹੁਤ ਉਪਾਇਆ॥
ਕਰਿ ਕਿਰਪਾ ਪ੍ਰਭਿ ਸਗਲ ਰਜਾਇਆ॥
ਦਾਤਿ ਕਰਹੁ ਮੇਰੇ ਦਾਤਾਰਾ
ਜੀਅ ਜੰਤ ਸਭਿ ਧ੍ਰਾਪੇ ਜੀਉ॥

ਹੇ ਪ੍ਰਭੂ ਜੀਉ! ਜਿਵੇਂ ਧਰਤੀ 'ਤੇ ਮੀਂਹ ਪੈਣ ਕਰ ਕੇ ਬਹੁਤ ਜ਼ਿਆਦਾ ਅੰਨ ਪੈਦਾ ਹੁੰਦਾ ਹੈ ਅਤੇ ਸਾਰੇ ਜੀਵ ਰਿਜਕ ਨਾਲ ਰੱਜ ਜਾਂਦੇ ਹਨ, ਉਸੇ ਤਰ੍ਹਾਂ ਹੀ ਹੇ ਪਰਮੇਸ਼ਵਰ ਜੀਉ! ਤੂੰ ਆਪਣੇ ਨਾਮ ਸਿਮਰਨ ਦੀ ਦਾਤ ਦੀ ਬਾਰਸ਼ ਕਰ ਕੇ ਇਸ ਜਗਤ ਦੇ ਜੀਵਾਂ ਨੂੰ ਤ੍ਰਿਪਤ ਕਰ ਦਿੰਦਾ ਹੈਂ, ਭਾਵ ਨਾਮ ਸਿਮਰਨ ਕਰਨ ਵਾਲੇ ਸਤਿਸੰਗੀ ਜੀਵ ਤੇਰੀ ਕ੍ਰਿਪਾ ਦੇ ਪਾਤਰ ਬਣ ਜਾਂਦੇ ਹਨ। ਉਹ ਧ੍ਰਾਪੇ, ਭਾਵ ਪੂਰਨ ਤੌਰ 'ਤੇ ਰੱਜ ਜਾਂਦੇ ਹਨ ਅਤੇ ਜਗਤ ਦੇ ਮਾਇਆ ਰੂਪੀ ਪਦਾਰਥਾਂ ਨੂੰ ਤਿਆਗ ਕੇ ਪ੍ਰਭੂ ਦੇ ਨਾਮ ਸਿਮਰਨ ਨਾਲ ਜੁੜ ਜਾਂਦੇ ਹਨ।

ਸਚਾ ਸਾਹਿਬੁ ਸਚੀ ਨਾਈ॥
ਗੁਰ ਪਰਸਾਦਿ ਤਿਸੁ ਸਦਾ ਧਿਆਈ॥
ਜਨਮ ਮਰਣ ਭੈ ਕਾਟੇ ਮੋਹਾ
ਬਿਨਸੇ ਸੋਗ ਸੰਤਾਪੇ ਜੀਉ॥

ਹੁਣ ਗੁਰਦੇਵ ਆਖਦੇ ਹਨ ਕਿ ਹੇ ਭਾਈ! ਉਹ ਸੱਚਾ ਸਾਹਿਬ, ਭਾਵ ਸਦਾ ਹੀ ਕਾਇਮ ਰਹਿਣ ਵਾਲਾ ਜੋ ਪਰਮਾਤਮਾ ਹੈ, ਜਿਸ ਦੀ ਸਿਫਤ ਭੀ ਸਦਾ ਹੀ ਕਾਇਮ ਰਹਿਣ ਵਾਲੀ ਹੈ, ਉਸ ਪ੍ਰਭੂ ਦਾ ਨਾਮ ਮੈਂ ਗੁਰੂ ਕ੍ਰਿਪਾ ਨਾਲ ਸਦਾ ਹੀ ਸਿਮਰਦਾ ਹਾਂ ਅਤੇ ਇਸ ਸਦਕਾ ਮੇਰੇ ਜਨਮ ਤੇ ਮਰਨ ਦੇ ਡਰ ਅਤੇ ਮੋਹ ਦੇ ਸਾਰੇ ਹੀ ਬੰਧਨ ਕੱਟੇ ਗਏ ਹਨ ਅਤੇ ਪ੍ਰਭੂ ਦੀ ਕ੍ਰਿਪਾ ਸਦਕਾ ਹੀ ਮੇਰੇ ਜੀਵਨ ਦੇ ਸਾਰੇ ਫਿਕਰਾਂ ਅਤੇ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋ ਗਿਆ ਹੈ।

ਸਾਸਿ ਸਾਸਿ ਨਾਨਕੁ ਸਾਲਾਹੇ॥
ਸਿਮਰਤ ਨਾਮੁ ਕਾਟੇ ਸਭਿ ਫਾਹੇ॥
ਪੂਰਨ ਆਸ ਕਰੀ ਖਿਨ ਭੀਤਰਿ
ਹਰਿ ਹਰਿ ਹਰਿ ਗੁਣ ਜਾਪੇ ਜੀਉ॥

ਸ਼ਬਦ ਦੇ ਅਖੀਰ 'ਚ ਗੁਰਦੇਵ ਪ੍ਰਭੂ ਦੀ ਉਸਤਤ ਕਰਦੇ ਹਨ ਕਿ ਹੇ ਭਾਈ! ਇਹ ਨਾਨਕ ਤਾਂ ਸਵਾਸ ਸਵਾਸ ਉਸ ਪ੍ਰਭੂ ਦੀ ਸਿਫ਼ਤ ਸਾਲਾਹ ਕਰਦਾ ਹੈ, ਕਿਉਂਕਿ ਉਸ ਸੋਹਣੇ ਪ੍ਰਭੂ ਜੀ ਦੇ ਸਿਮਰਨ ਕਰ ਕੇ ਸੰਸਾਰਕ ਮੋਹ-ਮਾਇਆ ਦੇ ਸਾਰੇ ਫਾਹੇ ਕੱਟੇ ਜਾਂਦੇ ਹਨ। ਸੋ, ਇਸ ਨਾਨਕ ਦੀ ਇਹ ਆਸ ਭੀ ਉਸ ਬਖ਼ਸ਼ਿਸ਼ਾਂ ਦੇ ਮਾਲਕ ਪ੍ਰਭੂ ਜੀ ਨੇ ਇਕ ਪਲ ਵਿਚ ਹੀ ਪੂਰੀ ਕਰ ਦਿੱਤੀ ਹੈ ਤੇ ਨਾਨਕ ਹੁਣ ਹਰ ਸਮੇਂ ਹੀ ਪ੍ਰਭੂ ਦੇ ਗੁਣਾਂ ਦਾ ਜਾਪ ਕਰਦਾ ਹੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਕਮਲਿਆਂ ਦੇ ਟੱਬਰ ਦੇ ਆਸ ਪਾਸ

***ਪੰਜਾਬ ਟਾਈਮਜ਼ ਦੇ 18 ਅਗਸਤ ਦੇ ਅੰਕ ਵਿਚ ਲੇਖ 'ਕਮਲਿਆਂ ਦਾ ਟੱਬਰ' ਛਪਿਆ ਸੀ ਜੋ ਕਰੀਬ 4 ਸਾਲ ਪਹਿਲਾਂ ਇਨ੍ਹਾਂ ਕਾਲਮਾਂ ਵਿਚ ਛਪਿਆ ਸੀ। ਇਸ ਲੇਖ ਤੋਂ ਬਾਅਦ ਮੈਂ ਕੁਝ ਹੋਰ ਲੇਖ ਵੀ ਇਸੇ ਸਿਲਸਿਲੇ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਾਈ ਦੇ ਦਿਨਾਂ ਬਾਰੇ ਲਿਖੇ ਸਨ। 'ਕਮਲਿਆਂ ਦਾ ਟੱਬਰ' ਲੇਖ ਪੜ੍ਹਨ ਤੋਂ ਬਾਅਦ ਬਹੁਤ ਸਾਰੇ ਪਾਠਕਾਂ ਨੇ ਮੰਗ ਕੀਤੀ ਹੈ ਕਿ ਇਹ ਸਾਰੀ ਲੇਖ ਲੜੀ ਮੁੜ ਛਾਪੀ ਜਾਵੇ। ਉਨ੍ਹਾਂ ਦੇ ਇਸਰਾਰ 'ਤੇ ਇਹ ਲੇਖ ਛਾਪ ਰਹੇ ਹਾਂ।-ਸੰਪਾਦਕ***

**ਅਮੋਲਕ ਸਿੰਘ ਜੰਮੂ**
**ਫੋਨ: 847-359-0746**

ਮੇਰੇ ਹੈਲੋ ਆਖਦਿਆਂ ਹੀ ਦੂਜੇ ਪਾਸਿਓਂ ਪੂਰੇ ਗੁੱਸੇ ਵਾਲੀ ਆਵਾਜ਼ ਵਿਚ ਉਹ ਬੋਲੀ, "ਤੂੰ ਚੰਗੀ ਕੀਤੀ, ਤੈਨੂੰ ਦਿਲ ਦੀ ਗੱਲ ਕੀ ਦੱਸੀ, ਤੂੰ ਮੈਨੂੰ ਜੱਗ ਵਿਚ ਨਸ਼ਰ ਹੀ ਕਰਨ ਤੁਰ ਪਿਆ!"

ਇਸ ਤੋਂ ਪਹਿਲਾਂ ਕਿ ਮੈਂ ਕੁਝ ਵੀ ਬੋਲਦਾ ਉਹ ਫਰੰਟੀਅਰ ਮੇਲ ਵਾਂਗੂ ਬੋਲਦੀ ਹੀ ਤੁਰੀ ਗਈ, "ਤੈਨੂੰ ਪਤਾ ਨਹੀਂ ਇਥੇ ਮੇਰੇ ਸਹੁਰੇ ਨੇ? ਮੇਰੇ ਸਹੁਰੇ ਘਰ ਵਿਚ ਕਿਸੇ ਨੂੰ ਪਤਾ ਲੱਗਾ, ਕਿਸੇ ਦਿਓਰ-ਜੇਠ ਨੇ ਪੜ੍ਹੀ ਤੇ ਪਤਾ ਲੱਗਾ ਕਿ ਇਹ ਮੈਂ ਹਾਂ ਤਾਂ ਮੇਰੀ ਰਹਿ ਕੀ ਜਾਊ? ਖੰਭਾਂ ਦੀਆਂ ਡਾਰਾਂ ਬਣ ਜਾਣੀਆਂ ਹਨ। ਤੂੰ ਤੇ ਬਹੁਤੀ ਮਾੜੀ ਕੀਤੀ। ਮੇਰੀਆਂ ਨਣਾਨਾਂ, ਮੇਰਾ ਆਲਾ ਦੁਆਲਾ ਪਤਾ ਨਹੀਂ ਕੀ ਕੀ ਗੱਲਾਂ ਕਰਨਗੇ?"

ਮਨਿੰਦਰ ਪੰਜਾਬ ਟਾਈਮਜ਼ ਦੇ 28 ਮਾਰਚ 2009 ਦੇ ਅੰਕ ਵਿਚ ਛਪੇ ਲੇਖ "ਕਮਲਿਆਂ ਦਾ ਟੱਬਰ" ਨੂੰ ਪੜ੍ਹਨ ਪਿਛੋਂ ਲੋਹੀ-ਲਾਖੀ ਹੋ ਗਈ ਸੀ। ਜਿਹੜੀ ਗੱਲ ਮੈਂ ਪਹਿਲਾਂ ਨਹੀਂ ਸੀ ਸੋਚੀ, ਉਸ ਦੇ ਇਸ ਤਰ੍ਹਾਂ ਗੱਲ ਕਰਨ ਦੇ ਬਾਅਦ ਮੇਰੇ ਦਿਮਾਗ ਵਿਚ ਇਕਦਮ ਘੁੰਮ ਗਈ ਕਿ ਗੱਲ ਤਾਂ ਵਾਕਿਆ ਹੀ ਮਨਿੰਦਰ ਦੀ ਠੀਕ ਹੈ। ਸਾਡਾ ਸਮਾਜ ਹੀ ਅਜਿਹਾ ਹੈ ਜਿਥੇ ਬੰਦੇ ਦੀਆਂ ਅਛੋਹ ਭਾਵਨਾਵਾਂ ਦਾ ਵੀ ਕੁਝ ਦਾ ਕੁਝ ਬਣ ਜਾਂਦਾ ਹੈ। ਮੈਂ ਉਤੋਂ ਫੜ੍ਹੇ ਗਏ ਚੋਰ ਵਾਂਗ ਕੁਝ ਕੱਚੇ ਹੁੰਦੇ ਨੇ ਆਖਿਆ, "ਪਰ ਮਨਿੰਦਰ ਮੈਂ ਗਲਤ ਤੇ ਕੁਝ ਵੀ ਨਹੀਂ ਲਿਖਿਆ। ਤੇਰੇ ਮਨ ਦੀ ਭਾਵਨਾ ਜਿਹੀ ਤਾਂ ਹਰ ਕਿਸੇ ਦੇ ਮਨ ਵਿਚ ਕਿਸੇ ਨਾ ਕਿਸੇ ਲਈ ਉਠਦੀ ਹੈ ਜਾਂ ਉਠ ਸਕਦੀ ਹੈ, ਬਸ ਇਹ ਜ਼ਿੰਦਗੀ ਦੀ ਤ੍ਰਾਸਦੀ ਹੈ ਕਿ ਤੇਰੀ ਭਾਵਨਾ ਨੂੰ ਜੇ ਫਲ ਲੱਗਦਾ ਤਾਂ ਨਤੀਜਾ ਉਹੋ ਹੀ ਹੋਣਾ ਸੀ ਜੋ ਨਾ ਹੋਣ 'ਤੇ ਹੋਇਆ।"

ਇੰਨੇ ਨੂੰ ਮਨਿੰਦਰ ਪਹਿਲਾਂ ਨਾਲੋਂ ਕੁਝ ਠੰਢੀ ਹੋ ਗਈ ਸੀ ਪਰ ਫਿਰ ਵੀ ਉਸ ਦਾ ਰੋਸ ਅਜੇ ਬਿਲਕੁਲ ਸ਼ਾਂਤ ਨਹੀਂ ਸੀ ਹੋਇਆ, "ਤਾਂ ਵੀ, ਤੂੰ ਕੁਝ ਤੇ ਖਿਆਲ ਕਰਦਾ। ਇਹੋ ਜਿਹੀਆਂ ਗੱਲਾਂ ਕੋਈ ਲਿਖਣ ਨੂੰ ਥੋੜੇ ਹੁੰਦੀਆਂ। ਉਂਜ ਜਾਣੀ ਨਾ..." ਉਸ ਗੱਲ ਵਿਚੇ ਅਧੂਰੀ ਛੱਡ ਦਿਤੀ।

ਮੈਂ ਉਸ ਦੀ ਗੱਲ ਵਿਚੋਂ ਬੋਚਦਿਆਂ ਆਖਿਆ, "ਉਂਜ ਜਾਣੀ ਨਾ ਕੀ?"

"ਉਂਜ ਜਾਣੀ ਤੇਰਾ ਇਹ ਲੇਖ ਪੜ੍ਹ ਕੇ ਮਨ ਵਿਚ ਕਿਧਰੇ ਠਾਰੀ ਜਿਹੀ ਵੀ ਪੈ ਗਈ, ਬੜਾ ਕੁਝ ਚੇਤੇ ਆਇਆ ਯੂਨੀਵਰਸਿਟੀ ਵੇਲਿਆਂ ਦਾ। ਪਹਿਲਾਂ ਤੇ ਮੈਨੂੰ ਭਾਵੇਂ ਤੇਰੇ ਉਤੇ ਬੜਾ ਗੁੱਸਾ ਆਇਆ ਸੀ ਪਰ ਮੇਰਾ ਦਿਲ ਕਹਿੰਦਾ ਸੀ ਕਿ ਗਲਤ ਵੀ ਤੇ ਕੁਝ ਨਹੀਂ ਲਿਖਿਆ। ਅਸਲ ਵਿਚ ਮੇਰਾ ਗੁੱਸਾ ਮੇਰੇ ਮੁੰਡੇ ਨੇ ਅਤੇ ਵਿਰਕ ਸਾਹਿਬ (ਉਸ ਦੇ ਪਤੀ) ਨੇ ਹੀ ਠੰਡਾ ਕੀਤਾ ਸੀ।" ਉਹ ਹੁਣ ਕਾਫੀ ਸ਼ਾਂਤ ਹੋ ਚੁੱਕੀ ਸੀ। ਆਪਣੀ ਗੱਲ ਜਾਰੀ ਰੱਖਦਿਆਂ ਬੋਲੀ, "ਤੈਨੂੰ ਹੋਰ ਦੱਸਾਂ ਮੈਂ ਜਦੋਂ ਇਹ ਗੱਲ ਆਪਣੇ ਮੁੰਡੇ ਨੂੰ ਦੱਸੀ, ਤੈਨੂੰ ਪਤਾ ਉਹ ਕੀ ਕਹਿੰਦਾ, ਯੂ ਨੋ ਹੀ ਡਿਡ ਦਾ ਰਾਈਟ ਥਿੰਗ, ਹੀ ਡਿਡ ਨੌਟ ਡੂ ਐਨੀਥਿੰਗ ਰੌਂਗ (ਮੇਰਾ ਖਿਆਲ ਹੈ ਉਨ੍ਹਾਂ ਕੁਝ ਵੀ ਗਲਤ ਨਹੀਂ ਕੀਤਾ ਸਗੋਂ ਠੀਕ ਕੀਤਾ)। ਫਿਰ ਉਸੇ ਨੇ ਹੀ ਮੇਰੇ 'ਤੇ ਜੋਰ ਪਾ ਕੇ ਇਹ ਲੇਖ ਆਪਣੇ ਡੈਡੀ ਨੂੰ ਪੜ੍ਹ ਕੇ ਸੁਣਾਉਣ ਤੇ ਸਾਰੀ ਗੱਲ ਦੱਸਣ ਲਈ ਆਖਿਆ ਸੀ।"

ਮੈਂ ਉਤਸੁਕਤਾ ਵਸ ਪੁੱਛਿਆ, "ਤਾਂ ਫੇਰ ਤੂੰ ਸੁਣਾਈ?"

"ਲੈ ਹੋਰ, ਨਵਦੀਪ ਨੇ ਮੇਰੀ ਜਾਨ ਹੀ ਉਦੋਂ ਛੱਡੀ ਜਦੋਂ ਮੈਂ ਉਸ ਦੇ ਡੈਡੀ ਨੂੰ ਇਹ ਲੇਖ ਪੜ੍ਹ ਕੇ ਸੁਣਾ ਦਿੱਤਾ। ਤੇ ਤੈਨੂੰ ਪਤਾ ਨਵਦੀਪ ਦੇ ਡੈਡੀ ਨੇ ਪਹਿਲਾਂ ਤਾਂ ਮੇਰੇ ਕੋਲੋਂ ਸੁਣਿਆ ਤੇ ਫਿਰ ਖੁਦ ਔਖਿਆਂ ਹੋ ਕੇ ਵੀ ਇਹ ਲੇਖ ਆਪ ਪੜ੍ਹਿਆ। ਮੈਂ ਕੰਪਿਊਟਰ ਤੋਂ ਪ੍ਰਿੰਟ ਕੱਢ ਕੇ ਉਨ੍ਹਾਂ ਨੂੰ ਦੇ ਦਿੱਤਾ ਸੀ। ਉਂਜ ਤੇ ਮੈਂ ਆਪ ਵੀ ਤੇਰਾ ਇਹ ਲੇਖ ਤਿੰਨ ਵਾਰੀ ਪੜ੍ਹਿਆ।" ਹੁਣ ਤੱਕ ਉਹ ਪੂਰੀ ਤਰ੍ਹਾਂ ਸਹਿਜ ਹੋ ਚੁੱਕੀ ਸੀ।

"ਹੁਣ ਫਿਰ ਗੁੱਸਾ ਲੱਥ ਗਿਆ ਨਾ? ਤੈਨੂੰ ਪਤਾ ਆਪਣੇ ਡਿਪਾਰਟਮੈਂਟ ਦੇ ਕਿੰਨੇ ਹੀ ਲੋਕਾਂ ਨੇ ਇਹ ਲੇਖ ਪੜ੍ਹਨ ਤੋਂ ਬਾਅਦ ਮੈਨੂੰ ਫੋਨ ਕੀਤਾ ਹੈ। ਤੇ ਸਾਰਿਆਂ ਦੀਆਂ ਆਪੋ ਆਪਣੀਆਂ ਯਾਦਾਂ ਸਨ। ਕਿਸੇ ਨੂੰ ਚਾਚਾ ਗੁਲਾਟੀ ਚੇਤੇ ਆ ਰਿਹਾ ਸੀ, ਕਿਸੇ ਨੂੰ ਅਮਿਤੋਜ, ਕਿਸੇ ਨੂੰ ਤਿਵਾੜੀ ਤੇ ਕਿਸੇ ਨੂੰ ਕੋਈ ਹੋਰ। ਉਂਜ ਚਿੰਤਾ ਨਾ ਕਰ ਆਪਣੇ ਕਿਸੇ ਕਲਾਸਫੈਲੋ ਦਾ ਫੋਨ ਨਹੀਂ ਆਇਆ, ਸ਼ਾਇਦ ਕਿਸੇ ਨੇ ਪੜ੍ਹਿਆ ਹੀ ਨਾ ਹੋਵੇ। ਉਂਜ ਜਿੰਨਿਆਂ ਦੇ ਵੀ ਫੋਨ ਆਏ ਉਹ ਆਪਣੇ ਤੋਂ ਬਹੁਤਾ ਹੀ ਅੱਗੇ-ਪਿਛੇ ਸਨ। ਸੱਚ ਫਿਰ ਵਿਰਕ ਸਾਹਿਬ ਕੀ ਕਹਿਣ ਲੱਗੇ?"

"ਆਖਣਾ ਉਨ੍ਹਾਂ ਕੀ ਸੀ, ਤੈਨੂੰ ਪਤਾ ਬੋਲ ਤਾਂ ਉਹ ਹੁਣ ਸਕਦੇ ਹੀ ਨਹੀਂ। ਪਰ ਕਾਫੀ ਵੱਡੀ ਮੁਸਕਰਾਹਟ ਉਨ੍ਹਾਂ ਦੇ ਚਿਹਰੇ ਉਤੇ ਜ਼ਰੂਰ ਆਈ ਸੀ। ਤੇ ਫਿਰ ਉਨ੍ਹਾਂ ਭਰਵੱਟੇ ਕੁਝ ਇਸ ਤਰ੍ਹਾਂ ਘੁਮਾਏ ਸਨ ਜਿਵੇਂ ਕਹਿ ਰਹੇ ਹੋਣ ਕਿ ਸਭ ਕਿਸਮਤਾਂ ਦੇ ਸੌਦੇ।"

ਫਿਰ ਜਿਵੇਂ ਅਚਾਨਕ ਕੁਝ ਚੇਤੇ ਆ ਗਿਆ ਹੁੰਦਾ ਹੈ, ਉਹ ਥੋੜ੍ਹਾ ਜਿਹਾ ਚਾਂਭਲ ਕੇ ਬੋਲੀ, "ਤੈਨੂੰ ਰਵੀ ਯਾਦ ਹੈ? ਜਿਹੜੀ ਆਪਣੇ ਨਾਲ ਪੜ੍ਹਦੀ ਹੁੰਦੀ ਸੀ। ਮੇਰੀ ਉਹਦੇ ਨਾਲ ਕੱਲ੍ਹ ਹੀ ਗੱਲ ਹੋਈ ਸੀ। ਉਹ ਚੰਡੀਗੜ੍ਹ ਹੀ ਹੁੰਦੀ ਹੈ ਕਿਸੇ ਸਰਕਾਰੀ ਮਹਿਕਮੇ ਵਿਚ ਨੌਕਰੀ ਕਰਦੀ ਹੈ। ਮੈਨੂੰ ਉਸ ਦਾ ਨੰਬਰ ਗਿਆਨ ਨੇ ਦਿੱਤਾ ਸੀ। ਉਸ ਸਾਡੇ ਇਕ ਹੋਰ ਜਮਾਤੀ ਦਾ ਨਾਂ ਲਿਆ ਜੋ ਅੱਜ ਕੱਲ੍ਹ ਇੰਗਲੈਂਡ ਹੈ।"

ਮੈਨੂੰ ਚੇਤੇ ਆਇਆ ਕਿ ਇਕ ਮਲੂਕ ਜਿਹੀ ਕੁੜੀ ਸੀ ਰਵੀ, ਹਮੇਸ਼ਾਂ ਦੋ ਗੁਤਾਂ ਕਰਦੀ। ਡਿਪਾਰਟਮੈਂਟ ਦਾ ਇਕ ਟੂਰ ਚੰਡੀਗੜ੍ਹ ਤੋਂ ਕਸੌਲੀ ਗਿਆ ਸੀ ਅਤੇ ਕਾਲਕਾ ਤੋਂ ਪੈਦਲ ਜਾਣ ਦਾ ਪ੍ਰੋਗਰਾਮ ਤੈਅ ਹੋਇਆ ਸੀ। ਰਾਸਤੇ ਵਿਚ ਮੁੰਡੇ ਕੁੜੀਆਂ, ਅਧਿਆਪਕ ਸਾਰੇ ਹੱਸਦੇ-ਖੇਡਦੇ, ਨੱਚਦੇ-ਟੱਪਦੇ ਜਾ ਰਹੇ ਸਨ। ਇਕ ਥਾਂ ਛਾਂ ਵੇਖ ਕੇ ਰਵੀ ਇਕ ਪੱਥਰ 'ਤੇ ਬਹਿਣ ਲੱਗੀ, ਉਸ ਨੇ ਇਕ ਬੂਟੀ ਨੂੰ ਹੱਥ ਪਾ ਲਿਆ ਤੇ ਨਾਲ ਹੀ ਉਸ ਦੀਆਂ ਚੀਕਾਂ ਨਿੱਕਲ ਗਈਆਂ। ਬਾਅਦ ਵਿਚ ਪਤਾ ਲੱਗਾ, ਇਹ ਬਿੱਛੂ ਬੂਟੀ ਸੀ ਜਿਹੜੀ ਬਿੱਛੂ ਵਾਂਗ ਹੀ ਡੰਗ ਮਾਰਦੀ ਹੈ, ਸਾੜ ਪਾ ਦਿੰਦੀ ਹੈ। ਕੁਦਰਤ ਦੀ ਖੇਡ ਇਸ ਬਿੱਛੂ ਬੂਟੀ ਦੇ ਕੋਲ ਹੀ ਪਾਲਕ ਵਰਗਾ ਇਕ ਹੋਰ ਬੂਟਾ ਹੁੰਦਾ ਹੈ ਜਿਸ ਦੇ ਪੱਤੇ ਤੋੜ ਕੇ ਮਲਿਆਂ ਬਿੱਛੂ ਬੂਟੀ ਦੇ ਲੱਗੇ ਕੰਡਿਆਂ ਦੇ ਸਾੜ ਤੋਂ ਤੁਰਤ ਹੀ ਆਰਾਮ ਮਿਲ ਜਾਂਦਾ ਹੈ। ਸਾਡੇ ਨਾਲ ਪੜ੍ਹਦੇ ਖਮਾਣੋਂ ਵਾਲੇ ਮੋਹਨ ਨੇ ਝੱਟ ਪਾਲਕ ਤੋੜੀ ਤੇ ਰਵੀ ਦਾ ਹੱਥ ਫੜ ਉਸ 'ਤੇ ਮਲਣੀ ਸ਼ੁਰੂ ਕਰ ਦਿੱਤੀ। ਪਾਲਕ ਰਗੜਨ ਦਾ ਅਸਰ ਤੇ ਸ਼ਾਇਦ ਹਾਲੇ ਹੋਣਾ ਸੀ ਪਰ ਇਹੋ ਮਨਿੰਦਰ ਬੋਲੀ, "ਉਏ ਮੋਹਨ, ਇੰਨੀ ਤੇ ਕੁੜੀ ਨੂੰ ਬਿੱਛੂ ਬੂਟੀ ਦੀ ਤਕਲੀਫ ਨਹੀਂ ਹੋਈ ਹੋਣੀ ਜਿੰਨੀ ਤੇਰੇ ਡੱਫਲ ਤੇ ਖੁਰਦਰੇ ਹੱਥਾਂ ਦੀ ਹੋਈ ਹੋਣੀ ਹੈ।" ਮੋਹਨ ਦੇ ਵੱਡੇ ਵੱਡੇ ਹੱਥ ਵੇਖ ਕੇ ਸਾਰਿਆਂ ਦਾ ਹਾਸਾ ਨਿਕਲ ਗਿਆ, ਨਾਲ ਹੀ ਰਵੀ ਦਾ ਵੀ। ਫਿਰ ਰਵੀ ਤੇ ਕੁਝ ਹੋਰ ਕੁੜੀਆਂ ਹਰਨੀਆਂ ਵਾਂਗ ਚੁੰਘੀਆਂ ਭਰਦੀਆਂ ਅੱਗੇ ਨਿਕਲ ਗਈਆਂ ਅਤੇ ਇਕ ਹੋਰ ਪੱਥਰ ਉਤੇ ਜਾ ਬੈਠੀਆਂ। ਜਦੋਂ ਕੋਲ ਦੀ ਮੁੰਡੇ ਨਿਕਲੇ ਤਾਂ ਉਨ੍ਹਾਂ ਨਿੱਕੀਆਂ ਨਿੱਕੀਆਂ ਰੋੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਮੁੰਡਿਆਂ ਨੇ ਪਿਛੇ ਪਿਛੇ ਤੁਰੇ ਆਉਂਦੇ ਅਧਿਆਪਕਾਂ ਨੂੰ ਆਖਿਆ, "ਦੇਖ ਲਓ ਸੰਧੂ ਸਾਹਿਬ ਕੁੜੀਆਂ ਪੱਥਰ ਮਾਰਦੀਆਂ।" ਸੰਧੂ ਸਾਹਿਬ ਦਾ ਅੱਗੋਂ ਜਵਾਬ ਸੀ, "ਉਏ ਮੁੰਡਿਓ ਤੁਸੀਂ ਸ਼ਿਕਾਇਤਾਂ ਕਰਦੇ ਓ ਤੁਹਾਨੂੰ ਤੇ ਇਹ ਪੱਥਰ ਸਾਂਭ ਸਾਂਭ ਰੱਖਣੇ ਚਾਹੀਦੇ ਹਨ ਕਿ ਕੁੜੀਆਂ ਨੇ ਮਾਰੇ ਹਨ।" ਮੈਂ ਮਨਿੰਦਰ ਨੂੰ ਇਹ ਸਾਰੀ ਗੱਲ ਚੇਤੇ ਕਰਾਈ, ਉਹ ਆਪਣਾ ਗੁੱਸਾ ਉਕਾ ਹੀ ਭੁੱਲ ਗਈ ਤੇ ਕਿੰਨਾ ਹੀ ਚਿਰ ਮੇਰੇ ਨਾਲ ਗੱਲ ਕਰਦੀ ਰਹੀ-ਆਪਣੇ ਪਤੀ ਵਿਰਕ ਸਾਹਿਬ ਦੀਆਂ, ਆਪਣੇ ਬੇਟੇ ਦੀਆਂ, ਫਿਲਮਾਂ ਵਾਲੇ ਅਮਰੀਕ ਗਿੱਲ ਦੀਆਂ।

ਫਰਿਜ਼ਨੋ ਰਹਿੰਦੇ ਪ੍ਰੋ. ਕੁਲਵੰਤ ਸਿੰਘ ਰੋਮਾਣਾ, ਜਿਨ੍ਹਾਂ ਦੇ ਲੇਖ ਅਕਸਰ ਪੰਜਾਬ ਟਾਈਮਜ਼ ਵਿਚ ਛਪਦੇ ਰਹਿੰਦੇ ਹਨ (ਹੁਣ ਪਤਾ ਨਹੀਂ ਕਿੱਥੇ ਗੁੰਮ ਹੋ ਗਏ ਕੁਝ ਸਮੇਂ ਤੋਂ ਸਮੇਤ ਸ਼ੈਰੀ ਦੇ) ਅਤੇ ਉਨ੍ਹਾਂ ਦੇ ਹਾਲ ਹੀ ਵਿਚ ਛਪੇ ਇਕ ਲੇਖ "ਇਥੇ ਕਿਵੇਂ ਗੁਜ਼ਾਰੀਏ ਜ਼ਿੰਦਗੀ ਨੂੰ, ਇਹੋ ਸੋਚਦੇ ਸੋਚਦੇ ਗੁਜ਼ਰ ਚੱਲੇ" ਬਾਰੇ ਤਾਂ ਕਈ ਪਾਠਕਾਂ ਦਾ ਕਹਿਣਾ ਸੀ ਕਿ ਇਹ ਤਾਂ ਮੇਰੀ ਹੀ ਕਹਾਣੀ ਹੈ, ਦਾ ਫੋਨ ਆਇਆ ਉਨ੍ਹਾਂ ਨੂੰ "ਕਮਲਿਆਂ ਦਾ ਟੱਬਰ" ਪੜ੍ਹ ਕੇ ਆਪਣੇ ਵੇਲੇ ਦਾ ਚਾਚਾ ਗੁਲਾਟੀ ਚੇਤੇ ਆ ਗਿਆ। ਉਹ ਵੇਲਾ ਜਦੋਂ ਚਾਚੇ ਗੁਲਾਟੀ ਦੇ ਅਜੇ ਦੰਦ ਕਾਇਮ ਸਨ, ਚੰਡੀਗੜ੍ਹ ਵਸੇ ਨੂੰ ਅਜੇ ਬਹੁਤਾ ਸਮਾਂ ਨਹੀਂ ਸੀ ਹੋਇਆ ਅਤੇ ਸ਼ਹਿਰ ਹੁਣ ਵਾਂਗ ਭੀੜ-ਭੜੱਕੇ ਅਤੇ ਮਿੱਟੀ ਘੱਟੇ ਦਾ ਸ਼ਿਕਾਰ ਨਹੀਂ ਸੀ ਹੋਇਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੇਲਿਆਂ ਵਿਚ ਵੀ ਚਾਚੇ ਗੁਲਾਟੀ ਦੀ ਹੱਟੀ ਉਤੇ ਇਸੇ ਤਰ੍ਹਾਂ ਰੌਣਕਾਂ ਲੱਗਦੀਆਂ ਸਨ, ਮੁੰਡੇ ਕੁੜੀਆਂ ਇਸੇ ਤਰ੍ਹਾਂ ਝੁਰਮਟ ਪਾਇਆ ਕਰਦੇ ਸਨ। ਸ਼ਾਇਰ ਅਮਿਤੋਜ, ਕੁਮਾਰ ਵਿਕਲ, ਜਗਤਾਰ, ਹਿੰਦੀ ਵਾਲੇ ਵਰਿੰਦਰ ਮਹਿੰਦੀਰੱਤਾ ਪੰਜਾਬੀ ਵਿਭਾਗ ਦੇ ਕਮਰਾ ਨੰਬਰ 6 ਵਿਚ ਡਾ. ਵਿਸ਼ਵ ਨਾਥ ਤਿਵਾੜੀ ਦੀਆਂ ਕਵਿਤਾਵਾਂ ਦਰੁਸਤ ਕਰਦਿਆਂ ਚਾਚੇ ਗੁਲਾਟੀ ਦੀ ਕੰਟੀਨ ਦੀ ਚਾਹ ਦੀਆਂ ਕਈ ਕਈ ਪਿਆਲੀਆਂ ਛਕ ਜਾਇਆ ਕਰਦੇ ਸਨ।

ਡਿਟਰਾਇਟ, ਮਿਸ਼ੀਗਨ ਤੋਂ ਬਲਜੀਤ ਬਾਸੀ ਦਾ ਫੋਨ ਆਇਆ। ਉਸ ਨੂੰ "ਕਮਲਿਆਂ ਦਾ ਟੱਬਰ" ਪੜ੍ਹ ਕੇ ਚਾਚੇ ਗੁਲਾਟੀ ਦੀ ਕੰਟੀਨ ਤੋਂ ਪੀਤੀ ਆਪਣੀ ਚਾਹ ਚੇਤੇ ਆ ਗਈ। ਉਨ੍ਹਾਂ ਦਿਨਾਂ ਵਿਚ ਉਹ ਡਿਕਸ਼ਨਰੀ ਡਿਪਾਰਟਮੈਂਟ ਵਿਚ ਕੰਮ ਕਰਿਆ ਕਰਦਾ ਸੀ ਅਤੇ ਇਸ ਵਿਭਾਗ ਦੇ ਮੁਲਾਜ਼ਮਾਂ ਬਾਰੇ ਅਕਸਰ ਆਖਿਆ ਜਾਂਦਾ ਸੀ ਕਿ ਇਹ ਤਾਂ ਦਫਤਰ ਬਸ ਗੇੜੀ ਮਾਰਨ ਤੇ ਚਾਚੇ ਗੁਲਾਟੀ ਦੀ ਚਾਹ ਪੀਣ ਹੀ ਆਉਂਦੇ ਹਨ। ਬਾਸੀ ਵੀ ਉਨ੍ਹਾਂ ਵਿਚ ਹੀ ਸ਼ਾਮਲ ਸੀ ਜਿਹੜੇ ਬਾਹਰ ਧੁੱਪ ਵਿਚ ਬੈਠੇ ਸਰਦੀਆਂ ਵਿਚ ਗੁਲਾਟੀ ਦੀ ਚਾਹ ਉਤੇ ਗੱਪ ਸ਼ੱਪ ਕਰਕੇ ਹੀ ਦਿਹਾੜੀ ਪਾਇਆ ਕਰਦੇ ਸਨ। ਮੈਨੂੰ ਯਾਦ ਹੈ ਕਿ ਬਾਸੀ ਬੜਾ ਮਲੂਕ ਜਿਹਾ ਤੇ ਬੜਾ ਸੋਹਣਾ ਮੁੰਡਾ ਹੋਇਆ ਕਰਦਾ ਸੀ। ਹੱਥ ਲਾਇਆਂ ਮੈਲਾ ਹੋਣ ਵਾਲਾ। ਬੜਾ ਬਣ ਠਣ ਕੇ ਰਹਿੰਦਾ। ਅੱਠ ਕੁ ਸਾਲ ਪਹਿਲਾਂ ਜਦੋਂ ਫੈਮਿਲੀ ਪਟੀਸ਼ਨ ਉਤੇ ਉਹ ਅਮਰੀਕਾ ਪਹੁੰਚਿਆ ਤੇ ਮੈਨੂੰ ਉਸ ਦੀ ਕਾਲ ਆਈ ਤਾਂ ਮੈਂ ਪੁਛਿਆ ਸੀ ਐਥੇ ਕੀ ਕਰਦਾ ਹੁੰਨਾਂ, ਉਸ ਨੇ ਟਕੇ ਵਰਗਾ ਜਵਾਬ ਦਿੱਤਾ ਸੀ, "ਲੋਹਾ ਕੁੱਟਦਾਂ, ਹੋਰ ਕੀ ਕਰਨਾ ਸੀ?" ਮੈਂ ਉਸ ਦੀ ਗੱਲ 'ਤੇ ਹੱਸਿਆ ਤਾਂ ਉਸ ਦਾ ਜਵਾਬ ਸੀ ਇਥੇ ਕਾਰਾਂ ਦੇ ਪੁਰਜੇ ਬਣਾਉਣ ਵਾਲੀ ਇਕ ਕੰਪਨੀ ਵਿਚ ਕੰਮ ਕਰਦਾ ਹਾਂ ਜਿਥੇ ਲੋਹਾ ਢਲਦਾ ਹੈ ਤੇ ਪੁਰਜੇ ਬਣਦੇ ਹਨ।

ਮੈਂ ਹੈਰਾਨ ਹੋਇਆ ਸਾਂ ਕਿ ਇਹ ਉਹੀ ਬਲਜੀਤ ਬਾਸੀ ਹੈ ਜਿਹੜਾ ਡਿਕਸ਼ਨਰੀ ਡਿਪਾਰਟਮੈਂਟ ਵਿਚ ਕੰਮ ਕਰਦਾ ਸੀ! ਪੰਜਾਬੀ ਯੂਨੀਵਰਸਿਟੀ ਪਟਿਆਲੇ ਵਾਲੇ ਕੁਲਵੰਤ ਗਰੇਵਾਲ ਦੀ ਸਾਂਗ ਲਾਉਂਦਿਆਂ ਉਹ ਵੀ ਕਿਹਾ ਕਰਦਾ ਸੀ, ਚਿੜੀਆਂ ਕੋਈ ਕੰਮ ਕਰਦੀਆਂ, ਕਬੂਤਰ ਕੋਈ ਕੰਮ ਕਰਦੇ ਆ, ਰੱਬ ਉਨ੍ਹਾਂ ਨੂੰ ਵੀ ਤਾਂ ਰੋਟੀ ਦਿੰਦਾ ਫੇਰ ਭਲਾ ਅਸੀਂ ਕੰਮ ਕਿਉਂ ਕਰੀਏ। ਪਰ ਹੁਣ ਇਹ ਪੁਰਾਣੀ ਗੱਲ ਹੋ ਗਈ ਹੈ। ਬਾਸੀ ਨੇ ਆਪਣੇ ਬੱਚਿਆਂ ਦੇ ਭਵਿੱਖ ਖਾਤਰ ਇਸ ਹੋਣੀ ਨੂੰ ਸਵੀਕਾਰ ਕਰ ਲਿਆ ਹੈ। ਹੁਣ ਜੇ ਉਸ ਨੂੰ ਕੋਈ ਫਿਕਰ ਹੁੰਦਾ ਹੈ ਤਾਂ ਸਿਰਫ ਇਹ ਕਿ ਮੰਦੇ ਕਾਰਨ ਲੇਅ ਆਫ ਹੁੰਦੀ ਹੁੰਦੀ ਨੌਕਰੀ ਤੋਂ ਉਕਾ ਹੀ ਜਵਾਬ ਨਾ ਹੋ ਜਾਵੇ।

ਖੈਰ! ਗੱਲ ਹੋਰ ਪਾਸੇ ਤੁਰ ਪਈ। ਮਨਿੰਦਰ ਉਸ ਦਿਨ ਕਿੰਨਾ ਚਿਰ ਗੱਲਾਂ ਕਰਦੀ ਰਹੀ। ਹੁਣ ਤੱਕ ਉਹ ਗੁੱਸਾ ਪੂਰਾ ਭੁੱਲ ਚੁੱਕੀ ਸੀ ਅਤੇ ਇਕ ਤਰ੍ਹਾਂ ਉਹ ਲੇਖ ਛਪਣ 'ਤੇ ਖੁਸ਼ ਹੀ ਸੀ। ਕਹਿਣ ਲੱਗੀ, "ਚੱਲ ਜਦ ਮੇਰਾ ਵਿਰਕ ਸਾਬ੍ਹ ਖੁਸ਼ ਹੈ, ਮੈਨੂੰ ਨ੍ਹੀਂ ਕਿਸੇ ਦੀ ਪਰਵਾਹ, ਕੋਈ ਜੋ ਮਰਜੀ ਆਖੇ।"

***

"ਕਮਲਿਆਂ ਦੇ ਟੱਬਰ" ਯਾਨਿ ਮਨਿੰਦਰ ਨਾਲ ਕਈ ਦਿਨ ਗੱਲ ਨਾ ਹੋ ਸਕੀ। ਮੈਂ ਉਸ ਨੂੰ ਫੋਨ ਵੀ ਕੀਤਾ ਪਰ ਨਾ ਤੇ ਉਸ ਚੁੱਕਿਆ ਹੀ ਅਤੇ ਨਾ ਹੀ ਆਂਸਰਿੰਗ ਮਸ਼ੀਨ 'ਤੇ ਛੱਡੇ ਸੁਨੇਹੇ ਦਾ ਕੋਈ ਜਵਾਬ ਦਿੱਤਾ। ਪਹਿਲਾਂ ਵੀ ਦੋ ਦੋ ਮਹੀਨੇ ਗੱਲ ਨਹੀਂ ਸੀ ਹੋਇਆ ਕਰਦੀ। ਮੈਂ ਸੋਚਿਆ ਕਿ ਉਸ ਨੂੰ ਟਾਈਮ ਨਹੀਂ ਮਿਲਿਆ ਹੋਵੇਗਾ ਆਪਣੀ ਨੌਕਰੀ ਵਿਚੋਂ, ਆਪਣੇ ਪਤੀ ਵਿਰਕ ਸਾਬ੍ਹ ਦੀ ਸੇਵਾ ਸੰਭਾਲ ਵਿਚੋਂ। ਬਸ ਬੈਠੇ ਨੂੰ ਜਦੋਂ ਵੀ ਕਦੀ ਉਸ ਦਾ ਖਿਆਲ ਆਉਂਦਾ ਹੈ ਉਸ ਦੇ ਨਾਲ ਯੂਨੀਵਰਸਿਟੀ ਵਿਚ ਗੁਜ਼ਾਰੇ ਦਿਨ ਚੇਤੇ ਆ ਜਾਂਦੇ ਹਨ। ਜਿਵੇਂ ਫਿਲਮਾਂ ਵਿਚ ਪਲੇਅ ਬੈਕ ਹੋਇਆ ਕਰਦਾ ਹੈ, ਉਸੇ ਤਰ੍ਹਾਂ ਮੇਰੇ ਦਿਮਾਗ ਦੀਆਂ ਸੂਈਆਂ ਵੀ ਪਲੇਅ ਬੈਕ ਕਰਕੇ ਤਿੰਨ ਦਹਾਕੇ ਪਹਿਲਾਂ ਦੇ ਸਮੇਂ ਵਿਚ ਪਹੁੰਚ ਜਾਂਦੀਆਂ ਹਨ। ਉਂਜ ਵੀ ਯਾਦਾਂ ਬੰਦੇ ਨੂੰ ਜਿਊਣ ਲਈ ਬੜਾ ਵੱਡਾ ਸਹਾਰਾ ਦਿੰਦੀਆਂ ਹਨ।

ਜਵਾਨੀ ਦੇ ਦਿਨ ਭਾਵੇਂ ਕਿੰਨੇ ਵੀ ਔਖਿਆਂ ਨਿਕਲੇ ਹੋਣ ਪਿਛਲੀ ਉਮਰੇ ਸਭ ਨੂੰ ਸੁਹਾਵਣੇ ਲੱਗਦੇ ਹਨ। ਖਾਸ ਕਰਕੇ ਜਦੋਂ ਕੋਈ ਮੇਰੇ ਵਾਂਗ ਕਿਸੇ ਰੋਗ ਦਾ ਸ਼ਿਕਾਰ ਹੋ ਘਰ ਹੀ ਬਹਿ ਜਾਂਦਾ ਹੈ। ਮੈਨੂੰ ਮਨਿੰਦਰ ਦੀ ਇਕ ਸਹੇਲੀ ਯਾਦ ਆਈ, ਜਿਸ ਨੂੰ ਸਾਰੇ ਨੇਤਾ ਜੀ ਆਖਿਆ ਕਰਦੇ ਸਨ। ਮੈਨੂੰ ਉਸ ਦਾ ਨਾਂ ਤੇ ਚੇਤੇ ਨਹੀਂ ਆ ਰਿਹਾ ਪਰ ਉਹ ਮਨਿੰਦਰ ਦੀ ਸਿਧਵਾਂ ਕਾਲਜ ਵੇਲਿਆਂ ਤੋਂ ਹੀ ਸਹੇਲੀ ਸੀ ਅਤੇ ਯੂਨੀਵਰਸਿਟੀ ਵਿਚ ਪੋਲੀਟੀਕਲ ਸਾਇੰਸ ਦੀ ਐਮ.ਏ. ਕਰ ਰਹੀ ਸੀ। ਨੇਤਾਗੀਰੀ ਕਰਨਾ ਉਸ ਦਾ ਸ਼ੌਕ ਸੀ। ਯੂਨੀਵਰਸਿਟੀ ਵਿਚ ਵੀ ਉਹ ਕੁੜੀਆਂ ਵਾਂਗ ਘੱਟ ਤੇ ਮੁੰਡਿਆਂ ਵਾਂਗ ਵੱਧ ਵਿਚਰਦੀ। ਉਸ ਦੀ ਪਿੱਠ ਪਿਛੇ ਕੁੜੀਆਂ ਉਸ ਨੂੰ ਮਾਹੀ ਮੁੰਡਾ ਆਖਿਆ ਕਰਦੀਆਂ ਸਨ। ਕਿਸੇ ਮਾੜੇ-ਧੀੜੇ ਮੁੰਡੇ ਦੀ ਉਸ ਨਾਲ ਕੋਈ ਛੇੜਖਾਨੀ ਕਰਨ ਦਾ ਕਦੇ ਹੀਆ ਹੀ ਨਹੀਂ ਪੈਂਦਾ ਸੀ। ਖਾਸ ਕਰ ਉਸ ਘਟਨਾ ਤੋਂ ਬਾਅਦ ਜਿਹੜੀ 15 ਸੈਕਟਰ ਦੀ ਮਾਰਕੀਟ ਵਿਚ ਵਾਪਰੀ। ਇਹੋ ਮਨਿੰਦਰ ਤੇ ਉਸ ਦੇ ਨਾਲ ਇਕ ਕੁੜੀ ਹੋਰ ਸ਼ਾਮ ਨੂੰ 15 ਸੈਕਟਰ ਦੀ ਮਾਰਕੀਟ ਕੁਝ ਖਰੀਦੋ-ਫਰੋਖਤ ਕਰਨ ਨਿਕਲੀਆਂ। ਉਂਜ ਵੀ ਮੁੰਡੇ-ਕੁੜੀਆਂ ਸ਼ਾਮ ਨੂੰ ਅਕਸਰ ਤਫਰੀਹ ਲਈ 15 ਸੈਕਟਰ ਵੱਲ ਨਿਕਲ ਹੀ ਜਾਇਆ ਕਰਦੇ ਸਨ। ਸ਼ੈਸਨ ਦੀ ਅਜੇ ਇਹ ਸ਼ੁਰੂਆਤ ਹੀ ਸੀ ਅਤੇ ਕਾਲਜਾਂ ਵਿਚੋਂ ਆਏ ਮੁੰਡੇ ਕਈ ਵਾਰ ਕੁੜੀਆਂ ਨਾਲ ਹਲਕੀ ਫੁਲਕੀ ਛੇੜਖਾਨੀ ਵੀ ਕਰ ਬੈਠਦੇ। ਅਜਿਹਾ ਹੀ ਕੁਝ ਇਕ ਮੁੰਡਾ ਮਨਿੰਦਰ ਦੀ ਸਹੇਲੀ ਨਾਲ ਕਰ ਬੈਠਾ। ਦਰਅਸਲ ਮੁੰਡੇ ਨੇ ਨਾਲੋਂ ਲੰਘਦਿਆਂ ਕੁੜੀ ਦੇ ਜਾਣ ਕੇ ਮੋਢਾ ਮਾਰਿਆ ਸੀ। ਜ਼ਰਾ ਕੁ ਪਿਛੇ ਰਹਿ ਗਈ ਨੇਤਾ ਜੀ ਨੇ ਇਹ ਵੇਖ ਲਿਆ। ਪਤਾ ਉਦੋਂ ਹੀ ਲੱਗਾ ਜਦੋਂ ਨੇਤਾ ਜੀ




***ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਲਾਇਬਰੇਰੀ***

## ਰੰਗ-ਬੇਰੰਗ

ਨੇ ਘਸੁੰਨ ਮੁੰਡੇ ਦੇ ਕੱਢ ਮਾਰਿਆ। ਇਸ ਤੋਂ ਪਹਿਲਾਂ ਕਿ ਮੁੰਡਾ ਸੰਭਲਦਾ ਨੇਤਾ ਜੀ ਨੇ ਇਕ ਹੋਰ ਛੱਡ ਦਿੱਤੀ। ਮੁੰਡੇ ਦੀ ਪੱਗ ਢਹਿ ਗਈ। ਬਾਜ਼ਾਰ 'ਚ ਤੁਰੇ ਜਾਂਦੇ ਲੋਕਾਂ ਤੇ ਦੁਕਾਨਦਾਰਾਂ ਦੀ ਇਕ ਦਮ ਭੀੜ ਇਕੱਠੀ ਹੋ ਗਈ। ਮੁੰਡਾ ਇੰਨੀ ਕੁ ਸ਼ਰਮ ਖਾ ਗਿਆ ਕਿ ਬਿਨਾਂ ਕੁਝ ਕਿਹਾਂ ਬਸ ਉਸੇ ਵੇਲੇ ਪੱਤਰਾ ਵਾਚ ਗਿਆ। ਫਿਰ ਪਤਾ ਲੱਗਾ ਉਹ ਮੁੰਡਾ ਸ਼ਰਮ ਦਾ ਮਾਰਾ ਯੂਨੀਵਰਸਿਟੀ ਹੀ ਛੱਡ ਗਿਆ। ਨੇਤਾ ਜੀ ਦੀ ਇਸ ਕਾਰਵਾਈ ਤੋਂ ਬਾਅਦ ਯੂਨੀਵਰਸਿਟੀ ਵਿਚ ਧਾਂਕ ਹੋਰ ਵੀ ਵਧ ਗਈ।

ਉਨ੍ਹੀਂ ਦਿਨੀਂ ਕੁਆਲਾਲੰਪੁਰ ਵਿਚ ਹੋਣ ਵਾਲੇ ਵਿਸ਼ਵ ਹਾਕੀ ਕੱਪ-1975 ਵਿਚ ਹਿੱਸਾ ਲੈਣ ਲਈ ਜਾਣ ਵਾਲੀ ਹਾਕੀ ਟੀਮ ਦਾ ਤਿਆਰੀ ਕੈਂਪ ਯੂਨੀਵਰਸਿਟੀ ਵਿਚ ਹੀ ਲੱਗਾ ਹੋਇਆ ਸੀ। ਅਜੀਤ ਪਾਲ ਸਿੰਘ ਦੀ ਅਗਵਾਈ ਹੇਠਲੀ ਇਹ ਟੀਮ ਕੁੜੀਆਂ ਦੇ ਤਿੰਨ ਨੰਬਰ ਹੋਸਟਲ ਦੇ ਸਾਹਮਣੇ ਨਵੇਂ ਬਣੇ ਚਾਰ ਨੰਬਰ ਹੋਸਟਲ ਵਿਚ ਠਹਿਰੀ ਹੋਈ ਸੀ। ਇਸ ਹੋਸਟਲ ਵਿਚ ਅਜੇ ਕੁੜੀਆਂ ਨੇ ਰਹਿਣਾ ਸ਼ੁਰੂ ਨਹੀਂ ਕੀਤਾ ਸੀ। ਹਾਕੀ ਟੀਮ ਦੇ ਮੁੰਡਿਆਂ ਨੇ ਹੋਸਟਲ ਦੇ ਬਾਹਰ ਅਤੇ ਅੰਦਰ ਥਾਂ ਥਾਂ ਵੱਡੇ ਵੱਡੇ ਅੱਖਰਾਂ ਵਿਚ ਲਿਖਿਆ ਹੋਇਆ ਸੀ- ਸਾਡਾ ਨਿਸ਼ਾਨਾ-ਵਿਸ਼ਵ ਕੱਪ। ਪ੍ਰੈਕਟਿਸ ਲਈ ਸਵੇਰੇ ਸ਼ਾਮ ਹੋਸਟਲ ਤੋਂ ਬਾਹਰ ਨਿਕਲਦੇ ਹਾਕੀ ਟੀਮ ਦੇ ਮੁੰਡਿਆਂ ਨੂੰ ਕੁੜੀਆਂ ਰੋਜ਼ ਤੱਕਦੀਆਂ ਤੇ ਕਦੇ ਕਦੇ ਕੋਈ ਮਨਚਲੀ ਕੋਈ ਟਿੱਪਣੀ ਵੀ ਕਰਦੀ। ਕਈ ਵਾਰ ਇਕੱਠੀਆਂ ਹੋਈਆਂ ਇਲਤੀ ਕੁੜੀਆਂ ਹੋਸਟਲ ਦੀ ਬਾਲਕਾਨੀ ਵਿਚੋਂ ਕੋਈ ਨਾ ਕੋਈ ਆਵਾਜ਼ਾ ਵੀ ਕੱਸ ਦਿੰਦੀਆਂ ਪਰ ਹਾਕੀ ਵਾਲੇ ਮੁੰਡੇ ਜ਼ਾਬਤੇ ਦੇ ਬੱਧੇ ਚਾਹ ਕੇ ਵੀ ਕੁਝ ਨਾ ਬੋਲ ਪਾਉਂਦੇ। ਇਹੋ ਨੇਤਾ ਜੀ ਇਕ ਦਿਨ ਬਾਰਾਂ-ਤੇਰਾਂ ਕੁੜੀਆਂ ਨੂੰ ਨਾਲ ਲੈ ਕੇ ਹਾਕੀ ਟੀਮ ਵਾਲੇ ਹੋਸਟਲ ਦੇ ਦਰਵਾਜ਼ੇ ਅੱਗੇ ਜਾ ਖੜ੍ਹੀ ਹੋਈ ਤੇ ਜਦੋਂ ਟੀਮ ਬਾਹਰ ਨਿਕਲੀ ਤਾਂ ਉਨ੍ਹਾਂ ਨੂੰ ਰੋਕ ਕੇ ਕਹਿਣ ਲੱਗੀ, "ਜੇ ਮੈਡਲ ਜਿੱਤ ਕੇ ਆਏ ਤਾਂ ਇਨ੍ਹਾਂ ਸਮੇਤ ਯੂਨੀਵਰਸਿਟੀ ਦੀ ਜਿਹੜੀ ਕੁੜੀ ਨੂੰ ਵੀ ਆਖੋਗੇ ਤਾਂ ਉਹ ਤੁਹਾਡੇ ਨਾਲ ਵਿਆਹ ਕਰਵਾਉਣ ਲਈ ਤਿਆਰ ਹੋਵੇਗੀ ਤੇ ਜੇ ਹਾਰ ਕੇ ਆਏ ਤਾਂ ਅਸੀਂ ਮੁੜ ਯੂਨੀਵਰਸਿਟੀ ਵਿਚ ਨਹੀਂ ਵੜਨ ਦੇਣੇ, ਇੰਨਾ ਚੇਤੇ ਰੱਖਿਓ।"

ਹਾਕੀ ਟੀਮ ਦੇ ਮੁੰਡੇ ਹੱਸ ਕੇ ਅੱਗੇ ਵੱਧ ਗਏ ਪਰ ਨੇਤਾ ਜੀ ਦੇ ਇਸ ਨਵੇਂ ਕਾਰਨਾਮੇ ਦਾ ਚਰਚਾ ਯੂਨੀਵਰਸਿਟੀ ਵਿਚ ਕਈ ਦਿਨ ਚਲਦਾ ਰਿਹਾ। ਉਂਜ ਉਸ ਸਾਲ ਭਾਰਤੀ ਹਾਕੀ ਟੀਮ ਗੋਲਡ ਮੈਡਲ ਜਿੱਤ ਗਈ ਸੀ। ਅਜ ਵੀ ਮੰਨਿਆ ਜਾਂਦਾ ਹੈ ਕਿ ਸਾਹਮਣੇ 3 ਨੰਬਰ ਹੋਸਟਲ ਵਿਚ ਰਹਿੰਦੀਆਂ ਕੁੜੀਆਂ ਵਲੋਂ ਦਿਤੀ ਗਈ ਪ੍ਰੇਰਣਾ ਦਾ ਭਾਰਤੀ ਹਾਕੀ ਟੀਮ ਦੀ ਜਿੱਤ ਵਿਚ ਵਡਾ ਰੋਲ ਸੀ।

ਉਨ੍ਹੀਂ ਦਿਨੀਂ ਇੰਦਰਾ ਗਾਂਧੀ ਵਿਰੁੱਧ ਜੈ ਪ੍ਰਕਾਸ਼ ਨਾਰਾਇਣ ਨੇ ਆਪਣਾ ਅੰਦੋਲਨ ਅਰੰਭਿਆ ਹੋਇਆ ਸੀ। ਇੰਦਰਾ ਗਾਂਧੀ ਰਾਜ ਨਾਰਾਇਣ ਪਾਸੋਂ ਕੇਸ ਹਾਰ ਚੁੱਕੀ ਸੀ। ਸੀ.ਪੀ.ਆਈ. ਨਾਲ ਸਬੰਧਤ ਵਿਦਿਆਰਥੀ ਜਥੇਬੰਦੀ ਜੈ ਪ੍ਰਕਾਸ਼ ਨਾਰਾਇਣ ਵਿਰੁੱਧ ਭੁਗਤ ਰਹੀ ਸੀ। ਯੂਨੀਵਰਸਿਟੀ ਦੀਆਂ ਕੰਧਾਂ ਉਤੇ ਨਾਅਰੇ ਲਿਖੇ ਹੁੰਦੇ-ਜੇ.ਪੀ. ਸੀ.ਆਈ.ਏ. ਏਜੰਟ ਹੈ। ਫਿਰ ਐਮਰਜੈਂਸੀ ਲੱਗ ਗਈ। ਯੂਨੀਵਰਸਿਟੀ ਵਿਚ ਇਕ ਖਾਸ ਕਿਸਮ ਦਾ ਸਹਿਮ ਸੀ। ਸੀ.ਪੀ.ਆਈ. ਦੀ ਵਿਦਿਆਰਥੀ ਜਥੇਬੰਦੀ ਨਾਲ ਸਬੰਧਤ ਕਾਮਰੇਡ ਕੁਲਦੀਪ ਦੀ ਚੜ੍ਹ ਮੱਚੀ ਹੋਈ ਸੀ। ਅਸੀਂ ਇਕੋ ਹੋਸਟਲ ਵਿਚ ਰਹਿੰਦੇ ਸਾਂ। ਇਕੋ ਫਲੋਰ 'ਤੇ ਇਕੋ ਸਾਈਡ ਨੂੰ ਨਾਲ ਨਾਲ ਹੀ ਸਾਡੇ ਕਮਰੇ ਸਨ। ਬਸ ਵਿਚਕਾਰ ਜੁਗਰਾਫੀ ਦੀ ਐਮ.ਏ. ਕਰਦੇ ਸੰਗਰੂਰ ਦੇ ਮੁੰਡੇ ਪੂਰਨ ਦਾ ਕਮਰਾ ਸੀ। ਕਾਮਰੇਡ ਕੁਲਦੀਪ ਨੇ ਜੇ.ਪੀ. ਦੇ ਵਿਰੁੱਧ ਬੋਲਿਆ ਕਰਨਾ ਤੇ ਅਸੀਂ ਐਮਰਜੈਂਸੀ ਦੇ ਵਿਰੁੱਧ। ਪਰ ਸਾਡੀਆਂ ਇਹ ਬਹਿਸਾਂ ਬਹੁਤਾ ਕਰਕੇ ਹਾਸੇ ਠੱਠੇ ਵਿਚ ਹੀ ਗਵਾਚ ਜਾਂਦੀਆਂ। ਕੋਈ ਵੀ ਇਸ ਗੱਲ 'ਤੇ ਗੰਭੀਰ ਨਾ ਹੋਇਆ। ਜੁਗਰਾਫੀ ਵਾਲਾ ਸੇਖੋਂ ਵੀ ਇਸੇ ਫਲੋਰ 'ਤੇ ਸੀ। ਸਾਡੀ ਚਾਰਾਂ ਦੀ ਚੰਗੀ ਨਿਭਦੀ। ਕਿਸੇ ਦੇ ਘਰੋਂ ਖਾਣ ਪੀਣ ਦੀ ਕੋਈ ਚੀਜ਼ ਆਉਂਦੀ ਸਾਰੇ ਵੰਡ ਕੇ ਖਾਂਦੇ ਬਲਕਿ ਇਕ ਦੂਜੇ ਤੋਂ ਵੱਧ ਹੱਕ ਜਤਾ ਕੇ ਖਾਂਦੇ।

ਕਾਮਰੇਡ ਕੁਲਦੀਪ ਲੋਹੜੀ 'ਤੇ ਪਿੰਡ ਗਿਆ ਆਉਂਦਾ ਖੋਏ ਤੇ ਤਿਲਾਂ ਦੀਆਂ ਪਿੰਨੀਆਂ ਬਣਵਾ ਲਿਆਇਆ। ਦੋ ਕੁ ਵਾਰ ਤਾਂ ਅਸਾਂ ਸਾਰਿਆਂ ਰਲ ਕੇ ਖਾਧੀਆਂ। ਫਿਰ ਉਸ ਪਿੰਨੀਆਂ ਦੇ ਮਾਮਲੇ 'ਤੇ ਚੁੱਪ ਹੀ ਵੱਟ ਲਈ, ਕਦੀ ਸੁਲਾਹ ਨਾ ਮਾਰੀ।

***(ਬਾਕੀ ਸਫਾ 33 'ਤੇ)***

# ਡਾ. ਗੁਰਮੀਤ ਸਿੰਘ ਸਿੱਧੂ ਦਾ 'ਅਜੋਕਾ ਵਿਸ਼ਵ ਚਿੰਤਨ'

ਵਿਚਾਰ-ਚਰਚਾ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕਾਂ ਵਿਚ ਛਪੀ ਸ. ਗੁਰਬਚਨ ਸਿੰਘ ਦੀ ਲੇਖ ਲੜੀ ਬਾਰੇ ਡਾ. ਗੁਰਮੀਤ ਸਿੰਘ ਸਿੱਧੂ ਦੀ ਟਿੱਪਣੀ ਅਸੀਂ ਪਿਛਲੇ ਅੰਕ ਵਿਚ ਛਾਪੀ ਸੀ ਜਿਸ ਦੇ ਜਵਾਬ ਵਿਚ ਹਥਲੀ ਟਿੱਪਣੀ ਸ. ਗੁਰਬਚਨ ਸਿੰਘ ਹੋਰਾਂ ਭੇਜੀ ਹੈ। 'ਪੰਜਾਬ ਟਾਈਮਜ਼' ਦੇ ਕਾਲਮਾਂ ਵਿਚ ਪਹਿਲਾਂ ਵੀ ਵੱਖ-ਵੱਖ ਮਸਲਿਆਂ ਬਾਰੇ ਤਿੱਖੀਆਂ ਬਹਿਸਾਂ ਹੁੰਦੀਆਂ ਰਹੀਆਂ ਹਨ। ਸਾਡੀ ਧਾਰਨਾ ਹੈ ਕਿ ਅਜਿਹੇ ਮਸਲਿਆਂ ਬਾਰੇ ਵਿਚਾਰਾਂ ਦੇ ਭੇੜ ਹੋਣੇ ਹੀ ਚਾਹੀਦੇ ਹਨ ਤਾਂ ਕਿ ਸਾਡੀਆਂ ਆਉਣ ਵਾਲੀ ਪੀੜ੍ਹੀਆਂ ਲਈ ਮੋਕਲਾ ਰਾਹ ਖੁੱਲ੍ਹ ਸਕੇ। ਸਾਡੀ ਕੋਸ਼ਿਸ਼ ਪਾਠਕਾਂ ਨੂੰ ਬਹਿਸ ਦਾ ਉਸਾਰੂ ਮੰਚ ਮੁਹੱਈਆ ਕਰਨਾ ਹੈ। ਕ੍ਰਮ-ਪ੍ਰਤੀਕਰਮ ਇਸੇ ਦਿਸ਼ਾ ਵੱਲ ਕਦਮ ਹੈ। ਇਸ ਸਬੰਧੀ ਆਏ ਹੋਰ ਵਿਚਾਰਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਛਾਪਿਆ ਜਾਏਗਾ। -ਸੰਪਾਦਕ***

ਡਾ. ਗੁਰਮੀਤ ਸਿੰਘ ਸਿੱਧੂ ਨੇ ਅੱਗਿਓਂ ਵਿਚਾਰ-ਚਰਚਾ ਬੰਦ ਕਰਨ ਦਾ ਐਲਾਨ ਪਹਿਲਾਂ ਕਰ ਕੇ ਮੇਰੀ ਲਿਖਤ ਵਿਚ ਚਰਚਾ ਅਧੀਨ ਧਾਰਨਾਵਾਂ ਬਾਰੇ ਕੁਝ ਕਹਿਣ ਦੀ ਬਜਾਇ ਮੇਰੇ ਲਿਖਣ ਢੰਗ ਉਤੇ ਕੁਝ ਟਿੱਪਣੀਆਂ ਕੀਤੀਆਂ ਹਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਇਨ੍ਹਾਂ ਟਿੱਪਣੀਆਂ ਰਾਹੀਂ ਇਸ ਚਰਚਾ ਨੂੰ ਸਹੀ ਦਿਸ਼ਾ 'ਚ ਤੋਰਨ ਦੀ

**ਗੁਰਬਚਨ ਸਿੰਘ**
ਫੋਨ: 91-98156-98451

ਬਜਾਇ ਗਲਤ ਪਾਸੇ ਵੱਲ ਲਿਜਾਣ ਦਾ ਯਤਨ ਕੀਤਾ ਹੈ। ਇਸ ਲਈ ਮੈਂ ਉਨ੍ਹਾਂ ਦੀਆਂ ਇਨ੍ਹਾਂ ਟਿੱਪਣੀਆਂ ਦਾ ਵਿਸਥਾਰੀ ਜੁਆਬ ਦੇਣ ਦੀ ਜ਼ਰੂਰਤ ਨਹੀਂ ਸਮਝਦਾ, ਪਰ ਮੈਂ ਉਨ੍ਹਾਂ ਦੀਆਂ ਮੇਰੇ ਬਾਰੇ ਪਹਿਲਾਂ ਤੋਂ ਹੀ ਬਣੀਆਂ ਹੋਈਆਂ ਧਾਰਨਾਵਾਂ ਦਾ ਖੰਡਨ ਕਰਨਾ ਜ਼ਰੂਰੀ ਸਮਝਦਾ ਹਾਂ। ਉਨ੍ਹਾਂ ਦੇ ਮਨ ਵਿਚ ਇਹ ਧਾਰਨਾ ਪਹਿਲਾਂ ਹੀ ਬਣੀ ਹੋਈ ਹੈ ਕਿ ਅਜੋਕੇ ਵਿਸ਼ਵ ਚਿੰਤਨ ਬਾਰੇ ਜਿੰਨਾ ਕੁਝ ਡਾ. ਸਿੱਧੂ ਜਾਂ ਪ੍ਰੋ. ਗੁਰਭਗਤ ਸਿੰਘ ਜਾਣਦੇ ਹਨ, ਓਨਾ ਕੁਝ ਹੋਰ ਕੋਈ ਨਹੀਂ ਜਾਣਦਾ। ਇਸ ਲਈ ਇਹ ਗੱਲ ਉਹ ਵਾਰ-ਵਾਰ ਦੁਹਰਾਉਂਦੇ ਹਨ, "ਪ੍ਰੋ. ਗੁਰਭਗਤ ਸਿੰਘ ਦੀਆਂ ਲਿਖਤਾਂ ਨੂੰ ਸਮਝਣ ਲਈ ਅਜੋਕੇ ਵਿਸ਼ਵ ਚਿੰਤਨ ਨੂੰ ਸਮਝਣ ਦੀ ਲੋੜ ਹੈ।"

ਇਹ 'ਅਜੋਕਾ ਵਿਸ਼ਵ ਚਿੰਤਨ' ਇਹੋ ਜਿਹਾ ਅਮੂਰਤ ਸ਼ਬਦ ਹੈ ਜਿਸ ਦਾ ਨਾ ਕੋਈ ਆਦਿ ਹੈ, ਨਾ ਅੰਤ। ਇਸ ਦੀ ਪੁਸ਼ਟੀ ਡਾ. ਸਿੱਧੂ ਅਤੇ ਪ੍ਰੋ. ਗੁਰਭਗਤ ਸਿੰਘ ਦੀਆਂ ਆਪਣੀਆਂ ਧਾਰਨਾਵਾਂ ਤੋਂ ਹੁੰਦੀ ਹੈ। ਡਾ. ਗੁਰਭਗਤ ਸਿੰਘ ਦੀ ਅਮਰੀਕਾ ਬਾਰੇ ਧਾਰਨਾ ਹੈ, "ਇੱਕੀਵੀਂ ਸਦੀ ਦੀ ਮਹੱਤਵਪੂਰਨ ਘਟਨਾ ਜੋ ਵੀਹਵੀਂ ਸਦੀ ਦੇ ਅਖ਼ੀਰਲੇ ਹਿੱਸੇ ਵਿਚ ਹੀ ਆਰੰਭ ਹੋਈ, ਇਹ ਹੈ ਕਿ ਹਰ ਸਭਿਆਚਾਰ ਜਾਂ ਦੇਸ਼ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਉਸ ਦੇ ਪ੍ਰਮੁੱਖ ਚਿੰਨ੍ਹ ਜਾਂ ਚਿੰਨ੍ਹਾਂ ਨੂੰ ਅਜਿਹਾ ਰੂਪ ਦਿੱਤਾ ਜਾਵੇ ਜਿਸ ਨਾਲ ਦੂਜੇ ਸੱਭਿਆਚਾਰ ਜਾਂ ਕੌਮਾਂ ਵੀ ਆਪਣੀ ਪਛਾਣ ਲੰਘ ਕੇ ਸਾਂਝ ਪਾ ਸਕਣ। ਇਸ ਯਤਨ ਦੀਆਂ ਵੱਡੀਆਂ ਮਿਸਾਲਾਂ ਅਮਰੀਕਾ ਅਤੇ ਕੈਨੇਡਾ ਦੇ ਬਹੁ-ਸੱਭਿਆਚਾਰਕ ਫ਼ੈਡਰਲਿਜ਼ਮ ਜਾਂ ਸੰਘਵਾਦ ਹਨ। ਇਨ੍ਹਾਂ ਨੂੰ ਲਚਕੀਲਾ ਬਣਾ ਕੇ ਕਨਫ਼ੈਡਰੇਸ਼ਨੀ ਬਣਾਇਆ ਜਾ ਰਿਹਾ ਹੈ ਜਿਸ ਨਾਲ ਹੋਰਾਂ ਸੱਭਿਆਚਾਰਾਂ ਦੀਆਂ ਪਛਾਣਾਂ ਸਹਿਜੇ ਹੀ ਆਪਣੇ ਆਪ ਨੂੰ ਜੋੜ ਸਕਣ। ਅਮਰੀਕਾ ਅਤੇ ਕੈਨੇਡਾ ਦੇ ਬਹੁ-ਸੱਭਿਆਚਾਰਕ ਸੰਘ, ਗੁਲਦਸਤਿਆਂ ਵਾਂਗ ਨਵ-ਰੂਪਤ ਕੀਤੇ ਜਾ ਰਹੇ ਹਨ ਜਿਨ੍ਹਾਂ ਨਾਲ ਵਿਲੱਖਣ ਸੱਭਿਆਚਾਰਾਂ ਦੇ ਨੌਜਵਾਨ ਪੋਚ ਆਪਣੇ ਆਪ ਨੂੰ ਜੋੜ ਰਹੇ ਹਨ। ਇਨ੍ਹਾਂ ਗੁਲਦਸਤਾ ਬਣੇ ਬਹੁ-ਸੱਭਿਆਚਾਰਕ ਸੰਘਾਂ ਵਿਚ ਅਨੇਕਾਂ ਸੁਗੰਧਾਂ ਪਹਿਲਾਂ ਵੀ ਸ਼ਾਮਿਲ ਹਨ, ਕੁਝ ਹੋਰ ਵੀ ਸ਼ਾਮਿਲ ਹੋਣ ਦੀ ਸੰਭਾਵਨਾ ਬਣਾ ਦਿੱਤੀ ਗਈ ਹੈ। ਅਜਿਹਾ ਯਤਨ ਇਨ੍ਹਾਂ ਦੇਸ਼ਾਂ ਦੀ ਆਰਥਿਕ ਅਤੇ ਰਾਜਨੀਤਕ ਲੋੜ ਵੀ ਹੈ, ਪਰ ਇਹ ਇਤਿਹਾਸ ਦੇ ਵੱਡੇ ਮੋੜ ਦਾ ਲਖਾਇਕ ਵੀ ਹੈ।" ('ਵਿਸਮਾਦੀ ਪੂੰਜੀ', ਸਫਾ 15)

"ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਕੈਨੇਡਾ ਸਰਕਾਰ ਨੇ ਆਪਣੇ ਦੇਸ਼ ਨੂੰ ਵਿਲੱਖਣ ਅਨੇਕ ਸੱਭਿਆਚਾਰਾਂ ਦਾ ਦੇਸ਼ ਮੰਨ ਲਿਆ ਹੈ। ਇੱਕਸਾਰਵਾਦ ਨੂੰ ਸਦਾ ਲਈ ਤਿਲਾਂਜਲੀ ਦੇ ਦਿੱਤੀ ਹੈ। ਅਮਰੀਕਾ ਵੀ ਇਸੇ ਨੀਤੀ ਨੂੰ ਅਪਨਾ ਰਿਹਾ ਹੈ।" ('ਵਿਸਮਾਦੀ ਪੂੰਜੀ', ਸਫਾ 100)

ਹੁਣ ਡਾ. ਸਿੱਧੂ ਅਨੁਸਾਰ 'ਅਮਰੀਕਾ ਆਪਣੀ ਜਮਹੂਰੀਅਤ ਦਾ ਕੇਵਲ ਪ੍ਰਚਾਰ ਹੀ ਕਰ ਰਿਹਾ ਹੈ, ਜਦੋਂ ਕਿ ਉਥੋਂ ਦੇ ਲੋਕਾਂ ਵਿਚ ਸਹਿਣਸ਼ੀਲਤਾ ਅਤੇ ਧਾਰਮਿਕ ਸਹਿ-ਹੋਂਦ ਦੀ ਘਾਟ ਹੈ। ਇਸ ਮੁਲਕ ਦੇ ਲੋਕਾਂ ਵਿਚ ਆਪਣੀ ਤਾਕਤ ਦਾ ਹੰਕਾਰ ਹੋਣ ਕਰ ਕੇ ਇਹ 9/11 ਦੇ ਹਮਲੇ ਦੇ ਸਦਮੇ ਵਿਚੋਂ ਬਾਹਰ ਨਹੀਂ ਨਿਕਲ ਸਕੇ। ਇਸ ਕਰ ਕੇ ਇਨ੍ਹਾਂ ਨੂੰ ਹਰ ਪਗੜੀਧਾਰੀ ਹਮਲਾਵਰ ਹੀ ਨਜ਼ਰ ਆਉਂਦਾ ਹੈ। ਸਿੱਖਾਂ ਉਤੇ ਹੋਏ ਹਮਲਿਆਂ ਤੋਂ ਇਹ ਪਤਾ ਲੱਗਦਾ ਹੈ ਕਿ ਹਮਲਾਵਰ ਮਾਨਸਿਕ ਰੋਗੀ ਨਹੀਂ, ਬਲਕਿ ਉਹ ਜਾਣ-ਬੁੱਝ ਕੇ ਆਪਣੇ ਨਸਲੀ ਤੁਅਸਬ ਕਰ ਕੇ ਨਿਰਦੋਸ਼ ਸਿੱਖਾਂ ਉਤੇ ਹਮਲੇ ਕਰਦੇ ਹਨ। ਅਮਰੀਕਾ ਵਿਚ ਸਿੱਖਾਂ 'ਤੇ ਹਮਲੇ ਕਰਨ ਵਾਲੇ ਅਤੇ ਇਨ੍ਹਾਂ ਨੂੰ ਈਰਖਾ ਭਰੀਆਂ ਨਜ਼ਰਾਂ ਨਾਲ ਵੇਖਣ ਵਾਲੇ ਲੋਕਾਂ ਦੀ ਮਾਨਸਿਕਤਾ ਤੋਂ ਇਹ ਅੰਦਾਜ਼ਾ ਲੱਗਦਾ ਹੈ ਕਿ ਵਿਦੇਸ਼ਾਂ, ਖਾਸ ਕਰ ਕੇ ਅਮਰੀਕਾ ਵਿਚ ਰਹਿੰਦੇ ਸਿੱਖ ਸੁਰੱਖਿਅਤ ਨਹੀਂ ਹਨ।' (ਰੋਜ਼ਾਨਾ 'ਅਜੀਤ', 12 ਅਗਸਤ 2012)

ਅਮਰੀਕਾ ਬਾਰੇ ਬਣੀਆਂ ਆਪਣੀਆਂ ਵਿਰੋਧੀ ਧਾਰਨਾਵਾਂ ਬਾਰੇ ਹੁਣ ਇਹ ਦੋਵੇਂ ਚਿੰਤਕ ਹੀ ਦੱਸ ਸਕਦੇ ਹਨ ਕਿ ਦੋਵਾਂ ਵਿਚੋਂ ਕਿਸ ਨੇ 'ਅਜੋਕੇ ਵਿਸ਼ਵ ਚਿੰਤਨ' ਦਾ ਸਹੀ ਮਨਨ ਕੀਤਾ ਹੈ? ਅਸਲ ਵਿਚ ਪੱਛਮੀ ਵਿਦਵਾਨਾਂ ਵਾਂਗ ਹੀ ਸਾਡੇ ਇਹ ਦੋਵੇਂ ਚਿੰਤਕ 'ਅਜੋਕੇ ਵਿਸ਼ਵ ਚਿੰਤਨ' ਦੇ ਨਾਂ ਉਤੇ ਕੁਝ ਵੀ ਲਿਖੀ ਜਾਣ ਨੂੰ ਜਾਇਜ਼ ਠਹਿਰਾਉਣ ਦਾ ਭਰਮ ਪਾਲ ਰਹੇ ਹਨ।

ਇਸੇ ਕਰ ਕੇ ਉਹ ਲਿਖਦੇ ਹਨ, ਮੈਂ "ਸਿੱਖ ਸਿਧਾਂਤ ਨਾਲ ਜੁੜੇ ਪ੍ਰਸ਼ਨਾਂ ਦੇ ਉੱਤਰ ਅਜੋਕੇ ਸਿੱਖਾਂ ਦੇ ਅਮਲ/ਵਿਹਾਰ ਵਿਚੋਂ ਲੱਭਦਾ" ਹਾਂ ਅਤੇ "ਪ੍ਰੋ. ਗੁਰਭਗਤ ਸਿੰਘ 'ਵਿਸਮਾਦੀ ਪੂੰਜੀ' ਦੇ ਸੰਕਲਪ ਅਤੇ ਸਿਧਾਂਤ ਨੂੰ ਅਜੋਕੇ ਪ੍ਰਸੰਗ ਵਿਚ ਸਮਝਣ ਦੀ ਗੱਲ ਕਰਦੇ ਹਨ। ਇਸ ਕਰ ਕੇ ਉਨ੍ਹਾਂ ਦੀਆਂ ਧਾਰਨਾਵਾਂ ਨੂੰ ਅਜੋਕੀਆਂ ਲੋੜਾਂ ਅਤੇ ਚਿੰਤਨ ਦੇ ਪ੍ਰਸੰਗ ਵਿਚ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ", ਅਤੇ "ਇਹ ਵੀ ਸਪਸ਼ਟ ਕਰਨ ਦੀ ਲੋੜ ਹੈ ਕਿ ਗੁਰਮਤਿ ਵਿਚ ਪੇਸ਼ ਹੋਇਆ ਵਿਸਮਾਦ ਦਾ ਸੰਕਲਪ ਅਜੋਕੇ ਵਿਸ਼ਵ ਜਾਂ ਆਲਮੀ ਸੰਸਾਰ ਨਾਲੋਂ ਸਦੀਵੀ ਹੈ ਕਿਉਂਕਿ ਇਹ ਸੱਚਾਈ ਦੀ ਤਰ੍ਹਾਂ ਅਸੀਮਤ ਹੈ। ਇਹ ਧਰਤੀ ਜਾਂ ਗਲੋਬ ਤੱਕ ਸੀਮਤ ਨਾ ਹੋ ਕੇ ਇਕ ਬ੍ਰਹਿਮੰਡੀ ਸੰਕਲਪ ਹੈ ਜਿਥੇ ਹਰ ਸਿਰਜਣਾ ਆਪਣੇ ਸਿਰਜਕ ਦੇ ਗੁਣਾਂ ਦਾ ਗਾਇਨ ਕਰਦੀ ਹੋਈ ਅਨੰਦ ਵਿਚ ਹੈ ਪਰ ਮਨੁੱਖ ਦੀ ਬਦਕਿਸਮਤੀ ਹੈ ਕਿ ਇਹ ਉਸ ਅਨੰਦ ਨਾਲੋਂ ਟੁੱਟ ਰਿਹਾ ਹੈ। ਗੁਰਬਾਣੀ ਦਾ ਵਿਸਮਾਦੀ ਸੰਕਲਪ ਮਨੁੱਖੀ ਜੀਵਨ ਨੂੰ ਅਨੰਦਮਈ ਬਣਾਉਣ ਲਈ ਪ੍ਰੇਰਕ ਹੈ। ਸੋ, ਵਿਸਮਾਦ ਦੇ ਸੰਕਲਪ ਅਤੇ ਸਿਧਾਂਤ ਨੂੰ ਅਜੋਕੇ ਵਿਸ਼ਵ ਚਿੰਤਨ ਦੇ ਸਨਮੁਖ ਪੇਸ਼ ਕਰਨ ਦੀ ਲੋੜ ਹੈ।"

ਸੱਚ ਕੀ ਹੈ ਅਤੇ 'ਸੱਚਾਈ ਦੀ ਤਰ੍ਹਾਂ ਅਸੀਮਤ' ਕੀ ਹੈ, 'ਅਜੋਕਾ ਵਿਸ਼ਵ', 'ਆਲਮੀ ਸੰਸਾਰ', 'ਬ੍ਰਹਿਮੰਡੀ ਸੰਕਲਪ', 'ਅਨੰਦ', 'ਵਿਸਮਾਦ' ਇਹ ਧਾਰਨਾਵਾਂ ਡਾ. ਸਿੱਧੂ ਲਈ ਅਮੂਰਤ ਸ਼ਬਦੀ ਜੰਜਾਲ ਹਨ, ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਗੁਰਮਤਿ ਦੀਆਂ ਇਨ੍ਹਾਂ ਧਾਰਨਾਵਾਂ ਦੇ ਅੱਜ ਦੇ ਪ੍ਰਸੰਗ ਵਿਚ ਸਪਸ਼ਟ ਅਰਥ ਕੀ ਹਨ? ਇਸੇ ਕਰ ਕੇ ਉਨ੍ਹਾਂ ਨੂੰ ਮੇਰੀਆਂ ਇਨ੍ਹਾਂ ਧਾਰਨਾਵਾਂ ਦੀ ਸਮਝ ਨਹੀਂ ਆ ਰਹੀ, ਕਿਉਂਕਿ ਉਹ ਸੋਚ ਅਤੇ ਵਿਹਾਰ, ਸੱਚ ਅਤੇ ਮਨੁੱਖੀ ਜ਼ਿੰਦਗੀ ਦੇ ਅਮਲ ਨੂੰ ਇਕ-ਦੂਜੇ ਤੋਂ ਤੋੜ ਕੇ ਦੇਖ ਰਹੇ ਹਨ। ਗੁਰਮਤਿ ਦੀ ਇਹ ਸਪਸ਼ਟ ਧਾਰਨਾ ਹੈ ਕਿ ਜਿਹੜਾ ਸੱਚ ਮਨੁੱਖੀ ਆਚਾਰ ਜਾਂ ਵਿਹਾਰ ਦਾ ਹਿੱਸਾ ਨਹੀਂ ਬਣਦਾ, ਉਹ ਸੱਚ ਫਜ਼ੂਲ ਹੈ, ਅਰਥਹੀਣ ਹੈ, 'ਮੂੰਹ ਕਾ ਵਾਉ' ਹੈ, 'ਕਾਲੇ ਲੇਖ' ਹਨ। (ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 62)

ਗੁਰਮਤਿ ਦੇ ਸੱਚ ਨੇ ਅਮਲੀ ਰੂਪ ਕਿਵੇਂ ਧਾਰਨਾ ਹੈ, ਇਸ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ ਹੋਈ ਹੈ,

ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥

ਹੁਕਮ ਕੀ ਹੈ, ਇਹ ਵੀ ਗੁਰੂ ਸਾਹਿਬ ਨੇ ਸਪਸ਼ਟ ਕੀਤਾ ਹੋਇਆ ਹੈ, (ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ -ਗੁਰੂ ਗ੍ਰੰਥ ਸਾਹਿਬ, ਪੰਨਾ 472), ਭਾਵ ਮਨੁੱਖ ਦਾ ਜੰਮਣਾ ਮਰਨਾ ਜਾਂ ਇਸ ਧਰਤੀ 'ਤੇ ਆਉਣਾ-ਜਾਣਾ ਕੁਦਰਤੀ ਨੇਮਾਂ ਅਨੁਸਾਰ ਹੈ। ਅੱਜ ਦੀ ਹਾਲਤ ਵਿਚ ਇਨ੍ਹਾਂ ਕੁਦਰਤੀ ਨੇਮਾਂ ਨੂੰ ਰਾਜਨੀਤਕ ਅਰਥਾਂ ਵਿਚ ਢਾਲ ਕੇ ਹੀ ਅਮਲੀ ਰੂਪ ਦਿੱਤਾ ਜਾ ਸਕਦਾ ਹੈ। ਇਸ ਸੱਚ ਨੂੰ ਅਮਲੀ ਰੂਪ ਦੇਣ ਲਈ ਹੀ ਗੁਰੂ ਸਾਹਿਬ ਨੇ 'ਹਲੇਮੀ ਰਾਜ' ਦਾ ਸੰਕਲਪ ਸਪਸ਼ਟ ਕੀਤਾ ਹੋਇਆ ਹੈ; ਭਾਵ ਕੁਦਰਤੀ ਨੇਮਾਂ ਅਨੁਸਾਰ ਰਾਜ ਦੀ ਜਥੇਬੰਦੀ। ਅੱਜ ਦੀ ਹਾਲਤ ਵਿਚ ਇਸ ਆਧਾਰ ਉਤੇ ਸਪਸ਼ਟ ਰਾਜਨੀਤੀ ਦੀ ਗੱਲ ਕੀਤੇ ਬਿਨਾਂ ਅਮੂਰਤ ਸੰਕਲਪਾਂ ਦੀ ਵਿਆਖਿਆ ਕਰੀ ਜਾਣੀ, ਅਸਲ ਵਿਚ ਲੋਕਾਂ ਨੂੰ ਗੁੰਮਰਾਹ ਕਰਨ ਦਾ ਇਕ ਯਤਨ ਹੈ। ਇਹ ਯਤਨ ਜਾਣੇ 'ਚ ਜਾਂ ਅਣਜਾਣੇ 'ਚ ਹੋ ਰਹੇ ਹਨ, ਇਹ ਨਹੀਂ ਕਿਹਾ ਜਾ ਸਕਦਾ।

ਗੁਰਮਤਿ ਦੇ ਇਸ ਸੱਚ ਦੀ ਪੁਸ਼ਟੀ ਮਾਰਕਸ-ਏਂਗਲਜ ਨੇ ਵੀ ਕੀਤੀ ਹੈ। ਏਂਗਲਜ ਦੇ ਕਥਨ ਅਨੁਸਾਰ "ਮਨੁੱਖੀ ਆਜ਼ਾਦੀ ਕੁਦਰਤੀ ਨੇਮਾਂ ਤੋਂ ਕਾਲਪਨਿਕ ਮੁਕਤੀ ਨਹੀਂ, ਸਗੋਂ ਇਨ੍ਹਾਂ ਨੇਮਾਂ ਦਾ ਗਿਆਨ ਅਤੇ ਇਸ ਗਿਆਨ ਦੀ ਸੋਝੀ ਨਾਲ ਨਿਸ਼ਚਿਤ ਨਿਸ਼ਾਨੇ ਪ੍ਰਾਪਤ ਕਰਨ ਲਈ, ਅਮਲੀ ਜ਼ਿੰਦਗੀ ਵਿਚ ਇਨ੍ਹਾਂ ਨੇਮਾਂ ਨੂੰ ਬਾਕਾਇਦਾ ਢੰਗ ਨਾਲ ਲਾਗੂ ਕਰਨ ਦੀ ਸਮੱਰਥਾ ਹੈ।"

("Freedom does not consist in an imaginary independence from natural laws, but in the knowledge of these laws and in the possibility which is thus given of systematically making them work towards definite ends.")

"ਇੱਛਾ ਦੀ ਆਜ਼ਾਦੀ (ਭਾਵ ਮਨ ਦੀ ਮਰਜ਼ੀ) ਦਾ ਅਰਥ ਹੋਰ ਕੁਝ ਨਹੀਂ, ਸਗੋਂ ਤੱਥਾਂ ਦੇ ਗਿਆਨ ਨਾਲ ਫੈਸਲੇ ਲੈਣ ਦੀ ਤਾਕਤ ਹੈ।"

("Freedom of the will therefore means nothing but the capacity to make decisions with knowledge of the facts.")

"ਇਸ ਲਈ ਆਜ਼ਾਦੀ ਦਾ ਅਰਥ ਬਾਹਰੀ ਕੁਦਰਤ ਅਤੇ ਆਪਣੇ ਸਵੈ ਉਤੇ ਕਾਬੂ ਪਾਉਣਾ ਹੈ, ਕਾਬੂ ਜਿਸ ਦੀ ਬੁਨਿਆਦ ਕੁਦਰਤੀ ਲੋੜਾਂ ਦਾ ਗਿਆਨ ਹੋਵੇ।"

("Freedom therefore consists in command over ourselves and over external nature, a command founded on knowledge of natural necessity; it is therefore necessarily a product of historial development.") (Anti duhring)

ਕੁਦਰਤੀ ਨੇਮਾਂ ਉਤੇ ਆਧਾਰਤ ਰਾਜ ਦੀ ਜਥੇਬੰਦੀ ਬਾਰੇ ਵੀ ਮਾਰਕਸ ਨੇ ਬੜਾ ਸਪੱਸ਼ਟ ਕੀਤਾ ਹੋਇਆ ਹੈ;

Communist Philosophy: "Looks on the state as the great organism in which legal, moral and political freedom, must realize and in which individual citizen in obeying the laws of the state only obeys the natural laws of his own reason of human reason."(Marx, C.W. Page 202)

ਅਸਲ ਵਿਚ ਇਸ ਰਾਜਨੀਤਕ ਆਧਾਰ ਉਤੇ ਸਪੱਸ਼ਟ ਕੀਤੇ ਸੰਕਲਪ ਹੀ ਮਨੁੱਖੀ ਵਿਸਮਾਦੀ ਜੀਵਨ ਜਾਂ ਕੁਦਰਤ ਨਾਲ ਇਕਸੁਰ ਜ਼ਿੰਦਗੀ ਦੇ ਅਮਲ ਨੂੰ ਸਹੀ ਰਾਹ ਵਿਖਾ ਸਕਦੇ ਹਨ। ਡਾ. ਗੁਰਮੀਤ ਸਿੰਘ ਸਿੱਧੂ ਇਹ ਗੱਲ ਸਮਝਣ ਤੋਂ ਇਨਕਾਰੀ ਹਨ।

# ਅਸੀਂ ਅਤੇ ਸਾਡੀ ਧਾਰਮਿਕਤਾ

ਸੱਚੋ-ਸੱਚ

ਕਿਸੇ ਵਿਦਵਾਨ ਦਾ ਕਥਨ ਹੈ, 'ਅਸੀਂ ਉਪਦੇਸ਼ ਸੁਣਦੇ ਹਾਂ ਮਣ ਭਰ, ਦਿੰਦੇ ਹਾਂ ਟਨ ਭਰ ਅਤੇ ਗ੍ਰਹਿਣ ਕਰਦੇ ਹਾਂ ਕਣ ਭਰ।' ਇਹ ਕਥਨ ਮੈਨੂੰ ਸੱਚ ਪ੍ਰਤੀਤ ਹੁੰਦਾ ਹੈ। ਮੈਂ ਆਪਣੀਆਂ ਇਨ੍ਹਾਂ ਗੁਨਾਹਗਾਰ ਅੱਖਾਂ ਨਾਲ ਅਣਗਿਣਤ ਅਜਿਹੇ ਲੋਕ ਵੇਖੇ ਹਨ ਜਿਹੜੇ ਬੜੇ ਧਾਰਮਿਕ ਬਣ ਕੇ ਧਰਮ ਸਥਾਨਾਂ 'ਤੇ ਜਾਂਦੇ ਹਨ, ਹੱਥ ਜੋੜ ਕੇ, ਅੱਖਾਂ ਬੰਦ

**ਦਲਵਿੰਦਰ ਸਿੰਘ ਅਜਨਾਲਾ**
ਫੋਨ: 661-834-9770

ਕਰ ਕੇ, ਝੁਕ ਕੇ ਮੱਥੇ ਟੇਕਦੇ ਹਨ, ਮਾਇਆ ਭੇਟ ਕਰਦੇ ਹਨ, ਲੰਗਰ ਲਾਉਂਦੇ ਹਨ, ਤੇ ਸਮਾਧੀ ਲੀਨ ਹੋ ਕੇ ਕਥਾ-ਕੀਰਤਨ ਸੁਣਦੇ ਹਨ ਅਤੇ ਰਸਮੀ ਸੇਵਾ ਵੀ ਕਰਦੇ ਹਨ, ਪਰ ਆਪਣੇ ਅਮਲੀ ਜੀਵਨ ਵਿਚ ਧਰਮ ਤੋਂ ਬਿਲਕੁਲ ਸੱਖਣੇ ਹੁੰਦੇ ਹਨ। ਪੰਚਮ ਪਾਤਸ਼ਾਹ ਫਰਮਾਉਂਦੇ ਹਨ,

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਜੇ ਕੋਈ ਸਿੱਖ ਕਹਾਉਂਦਾ ਤਕੜਾ, ਸਾਧਨ ਸੰਪੰਨ ਬੰਦਾ ਕਿਸੇ ਮਜਬੂਰ ਕਮਜ਼ੋਰ ਅਤੇ ਗਰੀਬ ਬੰਦੇ ਨਾਲ, ਸਿੱਖੀ ਵਿਹਾਰ ਤਾਂ ਛੱਡੋ ਘੱਟੋ ਘੱਟ ਇਨਸਾਨਾਂ ਵਾਲਾ ਵਿਹਾਰ ਵੀ ਨਾ ਕਰੇ ਤਾਂ ਕੀ ਤੁਸੀਂ ਇਸ ਨੂੰ ਨਿਰਮਲ ਕਰਮ ਕਹੋਗੇ, ਧਰਮ ਕਹੋਗੇ? ਗੁਰਬਾਣੀ ਵਿਚ ਗੁਰੂ ਜੀ ਦਾ ਫਰਮਾਨ ਹੈ,

ਗੁਰੂ ਦੁਆਰੈ ਹੋਇ ਸੋਝੀ ਪਾਇਸੀ॥

ਇਸ ਤੁਕ ਦਾ ਅਰਥ ਸਮਝਣ ਲਈ ਕਿਸੇ ਮਹਾਂ ਗਿਆਨੀ ਦੀ ਜ਼ਰੂਰਤ ਨਹੀਂ। ਜੇ ਗੁਰਦੁਆਰੇ, ਸਾਧ ਸੰਗਤ ਕਰ ਕੇ ਵੀ ਸਾਨੂੰ ਭਲੇ ਬੁਰੇ ਅਤੇ ਇਸ ਜੀਵਨ ਮਨੋਰਥ ਦੀ ਸੋਝੀ ਨਾ ਆਵੇ ਤਾਂ ਫਿਰ ਗੁਰਦੁਆਰੇ ਜਾਣ ਦਾ ਕੀ ਅਰਥ ਰਹਿ ਗਿਆ? ਜਿਹੜੇ ਲੋਕ ਸਿੱਖ ਗੁਰੂਆਂ ਬਾਰੇ ਥੋੜ੍ਹੀ-ਬਹੁਤੀ ਜਾਣਕਾਰੀ ਰੱਖਦੇ ਹਨ, ਉਨ੍ਹਾਂ ਨੂੰ ਇਸ ਗੱਲ ਦੀ ਜ਼ਰੂਰ ਸੋਝੀ ਹੋਵੇਗੀ ਕਿ ਕਿਸੇ ਇਕ ਵੀ ਗੁਰੂ ਨੇ ਇਹ ਦੁਨਿਆਵੀ ਧਨ ਦੌਲਤ ਨਾ ਇਕੱਠੀ ਕੀਤੀ ਅਤੇ ਨਾ ਆਪਣੇ ਪੈਰੋਕਾਰਾਂ ਨੂੰ ਇਕੱਠੀ ਕਰਨ ਦਾ ਉਪਦੇਸ਼ ਦਿੱਤਾ; ਸਗੋਂ ਗੁਰੂ ਜੀ ਤਾਂ ਆਪਣੀ ਬਾਣੀ ਵਿਚ ਦੱਸਦੇ ਹਨ,

ਇਸੁ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ॥

ਭਾਵ, ਇਸ ਧਨ ਦੌਲਤ ਨੂੰ ਇਕੱਠੀ ਕਰਨ ਲਈ ਪਹਿਲਾਂ ਬਹੁਤ ਖਰਾਬ ਅਤੇ ਦੁਖੀ ਹੋਏ, ਫਿਰ ਇਸ ਇਕੱਠੀ ਹੋਈ ਧਨ ਦੌਲਤ ਨੇ ਬਹੁਤ ਖਰਾਬ ਕੀਤਾ। ਗੁਰੂ ਜੀ ਕਹਿੰਦੇ ਹਨ ਕਿ ਪਾਪਾਂ ਤੋਂ ਬਗੈਰ ਇਹ ਧਨ ਦੌਲਤ ਇਕੱਠੀ ਨਹੀਂ ਹੋ ਸਕਦੀ ਅਤੇ ਮਰਨ ਉਪਰੰਤ ਨਾਲ ਵੀ ਨਹੀਂ ਜਾਂਦੀ। ਗੁਰਦੇਵ ਮਾਇਆਧਾਰੀ ਬੰਦੇ ਨੂੰ ਅਤਿ ਅੰਨ੍ਹਾ ਤੇ ਬੋਲਾ ਦੱਸਦੇ ਹਨ ਅਤੇ ਮਾਇਆਧਾਰੀ ਬੰਦੇ ਨਾਲ ਦੋਸਤੀ ਪਾਉਣ ਤੋਂ ਵਰਜਦੇ ਹਨ,

ਨਾਲਿ ਕਿਰਾੜਾ ਦੋਸਤੀ
ਕੂੜੈ ਕੂੜੀ ਪਾਇ॥

ਸਿੱਖ ਗੁਰੂ ਸਾਹਿਬਾਨ ਨੂੰ ਜਾਨਣ ਵਾਲੇ ਇਹ ਵੀ ਚੰਗੀ ਤਰ੍ਹਾਂ ਜਾਣਦੇ ਹੋਣਗੇ ਕਿ ਸਾਰੇ ਦੇ ਸਾਰੇ ਗੁਰੂਆਂ ਨੇ ਦੁੱਖਾਂ ਦਰਦਾਂ ਮਾਰੀ ਖਲਕਤ ਦੀ ਸੇਵਾ ਹਿੱਤ ਬਹੁਤ ਵੱਡੀਆਂ ਕੁਰਬਾਨੀਆਂ ਅਤੇ ਤਿਆਗ ਕੀਤੇ। ਅਸੀਂ ਕਹਿੰਦੇ ਹਾਂ ਕਿ ਅਸੀਂ ਗੁਰੂਆਂ ਵਾਂਗੂੰ ਨਾ ਕਰ ਸਕਦੇ ਹਾਂ ਅਤੇ ਨਾ ਹੀ ਅਸੀਂ ਕਰਨ ਦੀ ਕੋਸ਼ਿਸ਼ ਹੀ ਕਰਾਂਗੇ, ਕਿਉਂਕਿ ਗੁਰੂ ਸਾਹਿਬਾਨ ਦੀ ਵਡਿਆਈ ਉਨ੍ਹਾਂ ਦੇ ਮਹਾਨ, ਬੇਮਿਸਾਲ ਅਤੇ ਪਵਿੱਤਰ ਵਿਚਾਰਾਂ, ਕਾਰਜਾਂ ਅਤੇ ਬਚਨਾਂ ਕਰ ਕੇ ਹੀ ਹੈ ਅਤੇ ਜੇ ਅਸੀਂ ਉਨ੍ਹਾਂ ਦੇ ਸਿੱਖ ਕਹਾਉਣ ਵਾਲੇ ਵੀ ਉਨ੍ਹਾਂ ਵਰਗੇ ਬਣਨ ਲੱਗ ਪਏ ਤਾਂ ਗੁਰੂਆਂ ਦੀ ਵਡਿਆਈ ਅਤੇ ਮਹਾਨਤਾ ਨੂੰ ਆਂਚ ਆਵੇਗੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਇਹ ਵੀ ਫਰਮਾਇਆ ਹੈ,

ਗੁਰੂ ਸਿਖੁ ਸਿਖੁ ਗੁਰੂ ਹੈ
ਏਕੋ ਗੁਰ ਉਪਦੇਸੁ ਚਲਾਏ॥

ਭਾਵ, ਗੁਰੂ ਅਤੇ ਸਿੱਖ ਇਕੋ ਕੁਝ ਹੀ ਹਨ ਅਤੇ ਸਿਰਫ ਗੁਰੂ ਨੇ ਹੀ ਨਹੀਂ, ਸਿੱਖ ਨੇ ਵੀ ਗੁਰੂ ਦਾ ਉਪਦੇਸ਼ ਪ੍ਰਚਾਰਨਾ ਹੈ। ਚਲੋ, ਮੰਨ ਲਿਆ ਕਿ ਅਸੀਂ ਆਪਣੇ ਮਹਾਨ ਗੁਰੂਆਂ ਵਰਗੇ ਨਹੀਂ ਬਣ ਸਕਦੇ ਅਤੇ ਨਾ ਹੀ ਸਾਨੂੰ ਅਜਿਹੀ ਸੋਚ ਰੱਖਣੀ ਚਾਹੀਦੀ ਹੈ ਪਰ ਸਾਡਾ ਉਨ੍ਹਾਂ ਲੋਕਾਂ ਬਾਰੇ ਕੀ ਖਿਆਲ ਹੈ ਜਿਹੜੇ ਆਮ ਆਦਮੀ ਨਾਲੋਂ ਵੀ ਕਈ ਗੁਣਾਂ ਵੱਧ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਰਕੇ ਹੋਏ ਹਨ, ਆਪਣੇ ਆਪ ਨੂੰ ਗੁਰੂ, ਬਾਬੇ, ਸੰਤ, ਬ੍ਰਹਮ ਗਿਆਨੀ ਅਤੇ ਮਹਾਂਪੁਰਖ ਕਹਾਉਂਦੇ ਹਨ। ਇਨ੍ਹਾਂ ਕਲਜੁਗੀ ਸੰਤ-ਬਾਬਿਆਂ ਦੀ ਅਸਲੀਅਤ ਦਾ ਪਤਾ ਲੱਗਣ ਦੇ ਬਾਵਜੂਦ ਭੋਲੇ-ਭਾਲੇ, ਅਨਪੜ੍ਹ ਅਤੇ ਆਮ ਲੋਕ ਤਾਂ ਛੱਡੋ, ਪੜ੍ਹੇ ਲਿਖੇ ਗੁਰਸਿੱਖ, ਸਿਆਣੇ-ਬਿਆਣੇ ਲੋਕ ਵੀ ਅਜਿਹੇ ਬੰਦਿਆਂ ਨੂੰ ਆਪਣੇ ਗੁਰੂ ਅਤੇ ਮੁਕਤੀਦਾਤੇ ਮੰਨ ਕੇ ਉਨ੍ਹਾਂ ਦੀਆਂ ਚੌਕੀਆਂ ਭਰਦੇ ਹਨ ਤਾਂ ਫਿਰ ਮਹਾਨ ਅਤੇ ਇਲਾਹੀ ਗੁਰੂ ਸਾਹਿਬਾਨ ਨੂੰ ਕਿਹੜੇ ਖਾਤੇ ਵਿਚ ਰੱਖੋਗੇ?

ਅਸੀਂ ਇਹ ਵੀ ਕਹਿੰਦੇ ਹਾਂ ਕਿ ਅਸੀਂ ਸੰਸਾਰੀ ਲੋਕ ਹਾਂ; ਇਸ ਲਈ ਅਸੀਂ ਗੁਰੂ ਸਾਹਿਬਾਨ ਨੇ ਸਾਨੂੰ ਜੋ ਕਰਨ ਦੀ ਸਿੱਖਿਆ ਦਿੱਤੀ ਹੈ, ਉਸ ਉਤੇ ਵੀ ਨਹੀਂ ਚੱਲ ਸਕਦੇ। ਉਂਜ, ਗੁਰੂ ਸਾਹਿਬਾਨ ਵੀ ਇਸ ਧਰਤੀ ਉਪਰ ਸੰਸਾਰੀ ਲੋਕਾਂ ਵਾਂਗੂੰ ਹੀ ਵਿਚਰੇ ਸਨ। ਅਸੀਂ ਗੁਰੂ ਨੂੰ ਖੁਸ਼ ਕਰਨ ਲਈ ਗੁਰਦੁਆਰੇ ਜਾ ਸਕਦੇ ਹਾਂ, ਮਾਇਆ ਭੇਟ ਕਰ ਕੇ ਮੱਥਾ ਟੇਕ ਸਕਦੇ ਹਾਂ, ਬਾਣਾ ਪਹਿਨ ਸਕਦੇ ਹਾਂ, ਲੰਗਰ ਲਾ ਸਕਦੇ ਹਾਂ, ਰਸਮੀ ਤੌਰ ਤੇ ਕਥਾ-ਕੀਰਤਨ ਸੁਣ ਸਕਦੇ ਹਾਂ, ਕੀਰਤਨ ਦਰਬਾਰ ਤੇ ਨਗਰ ਕੀਰਤਨ ਸਜਾ ਸਕਦੇ ਹਾਂ ਅਤੇ ਹੋਰ ਵੀ ਸਭ ਕਰਮ ਕਾਂਡ ਕਰ ਸਕਦੇ ਹਾਂ। ਕੀ ਹੈ ਇਹ ਸਭ ਕੁਝ? ਗੁਰੂ ਜੀ ਨੇ ਆਪਣੀ ਬਾਣੀ ਵਿਚ ਦੱਸਿਆ,

ਬਧਾ ਚਟੀ ਜੋ ਭਰੇ
ਨਾ ਗੁਣੁ ਨਾ ਉਪਕਾਰੁ॥
ਦੇਖਾ ਦੇਖੀ ਸਭ ਕਰੇ
ਮਨਮੁਖਿ ਬੂਝ ਨਾ ਪਾਇ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ
ਸੇਵ ਪਈ ਤਿਨ ਥਾਇ॥

ਗੁਰੂ ਨਾਨਕ ਪਾਤਸ਼ਾਹ ਨੇ ਪਾਖੰਡੀ, ਦੰਭੀ ਅਤੇ ਅਡੰਬਰੀ ਕਿਸਮ ਦੇ ਧਾਰਮਿਕ ਲੋਕਾਂ ਦੇ ਸਬੰਧ ਵਿਚ ਕਿਹਾ ਹੈ,

ਗਲੀ ਅਸੀ ਚੰਗੀਆ ਅਚਾਰੀ ਬੁਰਿਆਹ॥
ਮਨਹੁ ਕੁਸੁਧਾ ਕਾਲੀਆ
ਬਾਹਰਿ ਚਿਟਵੀਆਹ॥

ਪੰਜ ਕੁ ਸਾਲ ਪਹਿਲਾਂ, ਮੈਂ ਜਦੋਂ ਅਮਰੀਕਾ ਆਇਆ ਤਾਂ ਆਪਣੇ ਭਾਰਤੀ, ਖਾਸ ਤੌਰ 'ਤੇ ਸਿੱਖ ਜਾਪਦੇ ਵੀਰਾਂ-ਭੈਣਾਂ ਨੂੰ ਦੇਖ ਕੇ, ਮਿਲ ਕੇ ਬਹੁਤ ਖੁਸ਼ ਹੋਣਾ ਅਤੇ ਮੈਂ ਹਰ ਕਿਸੇ ਨੂੰ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਬੁਲਾ ਦੇਣੀ ਪਰ ਮੈਂ ਇਹ ਦੇਖਿਆ ਕਿ ਕਿਸੇ ਨੇ ਵੀ ਮੇਰੀ 'ਸਤਿ ਸ੍ਰੀ ਅਕਾਲ' ਦਾ ਸਤਿਕਾਰ ਸਹਿਤ ਹੁੰਗਾਰਾ ਨਾ ਭਰਨਾ; ਇੱਥੋਂ ਤੱਕ ਕਿ ਇਕ ਪੜ੍ਹੀ-ਲਿਖੀ ਬੀਬੀ ਨੇ ਨਾਰਾਜ਼ਗੀ ਜਿਹੀ ਵਰਗਾ ਮੂੰਹ ਬਣਾ ਕੇ ਮੇਰੀ 'ਸਤਿ ਸ੍ਰੀ ਅਕਾਲ' ਤੋਂ ਮੂੰਹ ਹੀ ਪਰ੍ਹੇ ਫੇਰ ਲਿਆ। ਮੈਂ ਸ਼ਰਮਸਾਰ ਹੋਇਆ। ਇਕ ਚੰਗੇ ਪੜ੍ਹੇ-ਲਿਖੇ ਸਿਆਣੇ ਬੰਦੇ ਨੂੰ ਇੱਥੋਂ ਦੇ ਲੋਕਾਂ ਦੀ ਅਜਿਹੀ ਬੇਰੁਖੀ ਅਤੇ ਬੇਮੁੱਖਤਾ ਦਾ ਕਾਰਨ ਪੁੱਛਿਆ ਤਾਂ ਉਹਨੇ ਮੈਨੂੰ ਹੈਰਾਨੀ ਭਰਿਆ ਉਤਰ ਦਿੱਤਾ ਕਿ ਇਸ ਦੇਸ਼ ਵਿਚ ਕਿਸੇ ਨਾਲ ਇਸ ਤਰ੍ਹਾਂ ਬੋਲਣਾ ਬੁਲਾਉਣਾ ਉਜੱਡਪੁਣਾ ਅਤੇ ਮੂਰਖਤਾ ਸਮਝਿਆ ਜਾਂਦਾ ਹੈ।

ਮੈਂ ਇਹ ਦੇਖਿਆ ਕਿ ਇੱਥੇ ਹੋਰ ਕੌਮਾਂ ਦੇ ਬਾਸ਼ਿੰਦੇ ਤਾਂ ਸਗੋਂ ਦੇਖ ਕੇ ਮੁਸਕਰਾ ਪੈਂਦੇ ਹਨ ਅਤੇ ਹਾਲਚਾਲ ਵੀ ਪੁੱਛ ਲੈਂਦੇ ਹਨ, ਸਗੋਂ ਕਈ ਗੋਰੇ-ਕਾਲੇ ਤਾਂ 'ਸਤਿ ਸ੍ਰੀ ਅਕਾਲ' ਵੀ ਬੁਲਾ ਦਿੰਦੇ ਹਨ। ਹੁਣ ਮੈਂ ਭਾਵੇਂ ਇਹ ਗੁਸਤਾਖੀ ਨਹੀਂ ਕਰਦਾ ਪਰ ਫਿਰ ਵੀ ਜਦੋਂ ਕਿਤੇ ਕੋਈ ਸਿੱਖੀ ਸਰੂਪ ਵਾਲਾ ਭਾਈ ਆਪਣੀ ਵਡੱਤਣ ਕਰ ਕੇ ਮੇਰੇ ਨਾਲ ਬੋਲ ਨਹੀਂ ਸਕਦਾ ਪਰ ਜਦੋਂ ਮੇਰੇ ਵੱਲ ਘੜੀ-ਮੁੜੀ ਵੇਖੀ ਜਾਂਦਾ ਹੈ ਤਾਂ ਮੈਂ ਸ਼ਰਮਿੰਦਾ ਜਿਹਾ ਹੋ ਕੇ 'ਸਤਿ ਸ੍ਰੀ ਅਕਾਲ' ਪਹਿਲਾਂ ਬੁਲਾਉਣ ਦੀ ਗੁਸਤਾਖੀ ਫਿਰ ਕਰ ਲੈਂਦਾ ਹਾਂ।

## ਕਹਾਣੀ

# ਟੇਢੀ ਖੀਰ



**ਚਰਨਜੀਤ ਸਿੰਘ ਪੰਨੂ**
ਫੋਨ: 408-608-4961

ਪਹਿਲੀ ਸਾਮੀ ਭੁਗਤਾ ਕੇ ਪਟਵਾਰੀ ਬਹੁਤ ਖ਼ੁਸ਼ ਹੋਇਆ। ਬੋਹਣੀ ਹੀ ਬਹੁਤ ਚੰਗੀ ਰਹੀ, ਜਿਸ ਨੇ ਬਿਨਾ ਕਿਸੇ ਹੀਲ ਹੁੱਜਤ ਤੋਂ ਮੂੰਹ ਮੰਗੇ ਪੰਜ ਸੌ ਰੁਪਏ ਮੇਜ਼ 'ਤੇ ਢੇਰੀ ਕਰ ਦਿੱਤੇ। ਕੰਮ ਤਾਂ ਛੋਟਾ ਜਿਹਾ ਸੀ, ਇੱਕ ਮਿੰਟ ਦਾ, ਬੱਸ ਤਸਦੀਕ ਹੀ ਤਾਂ ਕਰਨਾ ਸੀ ਕਿ ਉਸ ਦੀ ਇੱਕ ਲੜਕੀ ਜੋ ਵਿਆਹੁਣਯੋਗ ਹੈ, ਅਜੇ ਅਣਵਿਆਹੀ ਹੈ। ਪੰਚਾਂ-ਸਰਪੰਚਾਂ ਨੇ ਪਹਿਲਾਂ ਹੀ ਤਸਦੀਕ ਕੀਤੀ ਹੋਈ ਸੀ, ਬੱਸ ਉਸ ਨੇ ਤਾਂ ਇੱਕ ਘੁੱਗੀ ਜਿਹੀ ਹੀ ਮਾਰਨੀ ਸੀ। ਅੱਜ ਦਾ ਉਸ ਦਾ ਟਾਰਗੈਟ ਕੰਪਿਊਟਰ ਬਜਟ ਪੂਰਾ ਕਰਨ ਦਾ ਸੀ ਜਿਸ ਦੀ ਉਸ ਦੀ ਪਤਨੀ ਨੇ ਬੜੇ ਜ਼ੋਰ ਨਾਲ ਸਿਫਾਰਿਸ਼ ਕੀਤੀ ਸੀ। ਪਟਵਾਰੀ ਨੇ ਉਂਗਲ 'ਚ ਨਵੇਂ-ਨਵੇਂ ਪਾਏ ਚਮਕਦੇ ਪੁਖਰਾਜ ਨਗ ਨੂੰ ਚੁੰਮਿਆ ਤੇ ਨਾ-ਮੁਕੰਮਲ ਪਏ ਗਿਰਦਾਵਰੀ ਰਜਿਸਟਰ ਦੀ ਖਾਨਾਪੂਰੀ ਕਰਨ ਲੱਗਾ। ਸਫਾਵਾਰ ਜੋੜ ਕਰਨ ਤੋਂ ਬਿਨਾਂ ਹੀ ਫਰਜ਼ੀ ਜਿਨਸ ਗੋਸ਼ਵਾਰਾ ਉਹ ਪਹਿਲਾਂ ਹੀ ਭੇਜ ਚੁੱਕਾ ਸੀ ਤੇ ਸਮੇਂ ਸਿਰ ਗੋਸ਼ਵਾਰਾ ਭੇਜਣ ਲਈ ਉਪਰਲੇ ਅਧਿਕਾਰੀਆਂ ਤੋਂ ਸ਼ਾਬਾਸ਼ ਵੀ ਲੈ ਚੁੱਕਾ ਸੀ।

ਇੱਕ ਘੁੱਗੀ ਰੰਗੀ ਮਰਸੀਡਜ਼-ਬੈਂਜ਼ ਕਾਰ ਪਟਵਾਰਖ਼ਾਨੇ ਸਾਹਮਣੇ ਆ ਖੜੀ ਹੋਈ ਵੇਖ ਕੇ ਭਿੰਦੇ ਪਟਵਾਰੀ ਦੀਆਂ ਰੀਝਾਂ ਅਸਮਾਨੀ ਉਡਾਰੀ ਮਾਰਨ ਲੱਗੀਆਂ। ਪਰ ਇਕਦਮ ਉਸ ਦਾ ਮੱਥਾ ਠਣਕਿਆ। ਉਸ ਦੇ ਹੱਥ ਦੀ ਕਲਮ ਖਿੜਕ ਗਈ। ਸਾਹ ਸੂਤ ਕੇ ਉਸ ਨੇ ਸ਼ਿਕਾਰੀ ਵਾਲੀ ਨਜ਼ਰ ਦੁੜਾਈ। ਉਹ ਜਰਕ ਗਿਆ, ਜ਼ਰੂਰ ਕੋਈ ਵੱਡਾ ਅਫ਼ਸਰ ਹੈ, ਕੋਈ ਵਿਜੀਲੈਂਸ ਵਾਲਾ ਜਾਂ ਐਸ. ਡੀ. ਐਮ. ਹੋਵੇ। ਨਹੀਂ ਨਹੀਂ... ਡੀ. ਸੀ.! ਨਹੀਂ! ਉਨ੍ਹਾਂ ਕੋਲ ਅਜਿਹੀ ਕਾਰ ਕਿਥੋਂ ਆ ਸਕਦੀ ਹੈ। ਉਨ੍ਹਾਂ ਦੇ ਤਾਂ ਸਰਕਾਰੀ ਛਕੜੇ ਹੀ ਹਨ। ਚੌਕਸੀ ਵਿਭਾਗ ਦਾ ਛਾਪਾ ਵੀ ਅੱਜ ਕੱਲ੍ਹ ਹਰ ਸਰਕਾਰੀ ਦਫ਼ਤਰ ਵਿਚ ਹਊਆ ਬਣਿਆ ਪਿਆ ਹੈ। ਉਹ ਭੇਸ ਬਦਲ ਕੇ ਆਉਂਦੇ ਹਨ। ਉਨ੍ਹਾਂ ਨੇ ਕਈ ਮੁਲਾਜ਼ਮ ਗ਼ੈਰਹਾਜ਼ਰ ਫੜ੍ਹ ਕੇ ਮੁਅੱਤਲ ਕਰਾਏ ਹਨ। ਕਈਆਂ ਨੂੰ ਰਿਸ਼ਵਤ, ਗ਼ਬਨ ਤੇ ਹੋਰ ਮਾਮਲਿਆਂ ਵਿਚ ਫੜਿਆ ਹੈ। ਸਰਕਾਰੀ ਮਸ਼ੀਨਰੀ ਸਾਰੀ ਨਹੀਂ ਤਾਂ ਕੁੱਝ ਕੁੱਝ ਇਨ੍ਹਾਂ ਦੇ ਡਰੋਂ ਆਪਣੇ ਕੰਮ ਵਿਚ ਚੁਸਤ ਚੌਕੰਨੀ ਹੋਈ ਹੈ। ਮੁਲਾਜ਼ਮ ਕੁੱਝ ਕੁ ਨੇਕ ਨੀਤੀ ਨਾਲ ਕੰਮ ਕਰਨ ਲੱਗੇ ਹਨ। ਇੱਕ ਲੰਮੀ ਰੰਗ-ਬਿਰੰਗੀ ਫਿਰਕੀ ਉਸ ਦੇ ਦਿਮਾਗ਼ ਵਿਚ ਘੁੰਮ ਗਈ। ਉਸ ਨੂੰ ਹੱਥਾਂ ਪੈਰਾਂ ਦੀ ਪੈ ਗਈ। ਟੇਬਲ ਤੋਂ ਉਘੜ-ਦੁੱਗੜੇ ਪਏ ਨੋਟ ਚੁੱਕ ਕੇ ਪਿੱਛੇ ਚੁੱਲ੍ਹੇ ਦੀ ਚਿਮਨੀ ਵਿਚ ਤੁੰਨ ਦਿੱਤੇ। ਪਤਾ ਨਹੀਂ ਕੀ ਬਲਾ ਸੀ ਜੋ ਹੁਣੇ ਗਿਆ। ਕਿਸੇ ਦੇ ਦਿਲ ਦੀ ਬਦਨੀਤੀ ਦਾ ਕੀ ਪਤਾ! ਪੰਜ ਸੌ ਦੇ ਕੇ ਜਾ ਘੱਲਿਆ ਵਿਜੀਲੈਂਸ ਵਾਲਿਆਂ ਨੂੰ! ਉਨ੍ਹਾਂ ਕੁੱਟ ਕੁੱਟ ਹੱਡ ਭੰਨ ਸੁੱਟਣੇ ਨੇ ਤੇ ਇਹ ਪੁਰਾਣੇ ਪੁਰਜ਼ੇ ਦੁਬਾਰਾ ਪੈਣੇ ਵੀ ਨਹੀਂ।

ਉਹ ਦੌੜਨ ਵਾਲਾ ਹੀ ਸੀ ਕਿ ਕਾਰ 'ਚੋਂ ਇੱਕ ਬਾਬੂ ਦੇ ਨਾਲ ਇੱਕ ਮੈਡਮ ਹੱਥ ਵਿਚ ਤਿਕੋਣਾ ਜਿਹਾ ਪਰਸ ਲਟਕਾਈ ਬਾਹਰ ਨਿਕਲੀ। ਉਸ ਦੇ ਸਾਹ ਵਿਚ ਸਾਹ ਆਇਆ। ਜ਼ਰੂਰ ਇਹ ਵਲੈਤੀਏ ਹਨ ਜਾਂ ਅਮਰੀਕੀ, ਉਸ ਨੇ ਆਪਣੇ ਪ੍ਰੌਢ ਤਜਰਬੇ ਨਾਲ ਉਨ੍ਹਾਂ ਨੂੰ ਸਿਰ ਤੋਂ ਪੈਰਾਂ ਤੱਕ ਮਿਣਿਆ। ਚੰਗਾ ਚੋਖਾ ਸੀ ਖ਼ੂਬ ਭਰਵਾਂ ਰਜਵਾਂ। ਉਹ ਅੰਦਰੇ ਅੰਦਰ ਬਹੁਤ ਖ਼ੁਸ਼ ਹੋਇਆ।

"ਨਮਸਕਾਰ ਪਟਵਾਰੀ ਸਾਹਿਬ!" ਦੋਹਾਂ ਨੇ ਇੱਕੋ ਆਵਾਜ਼ 'ਚ ਦੋਵੇਂ ਹੱਥ ਜੋੜ ਕੇ ਪ੍ਰਣਾਮ ਕੀਤਾ।

"ਨਮਸਕਾਰ!" ਪਟਵਾਰੀ ਨੇ ਵੀ ਉਤਨੇ ਸਲੀਕੇ ਨਾਲ ਹੀ ਉੱਠ ਕੇ ਉਨ੍ਹਾਂ ਨੂੰ ਹੱਥ ਜੋੜ ਕੇ ਜੀ ਆਇਆਂ ਕਿਹਾ। ਪਟਿਆਂ ਵਾਲੀ ਖ਼ੁਸ਼ਬੂਆਂ ਨਾਲ ਲੱਦੀ ਮੇਮ ਆਪਣੇ ਕਮਰੇ ਵਿਚ ਵੇਖ ਕੇ ਉਹ ਪੈਰ ਦੇ ਪੋਟੇ ਤੋਂ ਸਿਰ ਦੇ ਗੰਜ ਤੱਕ ਨਸ਼ਿਆ ਗਿਆ।

ਬੜੇ ਚਾਵਾਂ ਨਾਲ ਨੁੱਕਰ 'ਚ ਪਈ ਠੰਢੇ ਪਾਣੀ ਵਾਲੀ ਝੱਜਰ ਵਿਚੋਂ ਗਿਲਾਸ ਭਰ ਕੇ ਚੰਗੇ ਮੇਜ਼ਬਾਨਾਂ ਵਾਲਾ ਸਬੂਤ ਦਿੰਦਿਆਂ ਉਨ੍ਹਾਂ ਨੂੰ ਪੇਸ਼ ਕੀਤੇ। ਉਨ੍ਹਾਂ ਨੇ ਗਿਲਾਸ ਚੁੱਕ ਕੇ ਇੱਕੋ ਸਾਹੇ ਖ਼ਾਲੀ ਕਰ ਦਿੱਤੇ। "ਥੈਂਕ ਯੂ।" ਮੈਡਮ ਨੇ ਕਿਹਾ।

"ਸ਼ੁਕਰੀਆ, ਬਹੁਤ ਧੰਨਵਾਦ।" ਬਾਬੂ ਜੀ ਦੀ ਆਵਾਜ਼ ਸੀ। ਮੇਮ ਸਾਹਿਬ ਪਾਣੀ ਪੀ ਕੇ ਠੰਢੀ ਠਾਰ ਹੋ ਗਈ। ਸ਼ਾਇਦ ਪੰਜਾਬੀ ਘੱਟ ਜਾਣਦੀ ਸੀ ਜਾਂ ਵਿਦੇਸ਼ੀ ਭਾਸ਼ਾ ਬੋਲ ਕੇ ਪਟਵਾਰੀ 'ਤੇ ਧੌਂਸ ਜਮਾਉਣਾ ਚਾਹੁੰਦੀ ਸੀ। "ਥੈਂਕ ਯੂ ਪਲੀਜ਼।" ਉਸ ਨੇ ਫਿਰ ਦੂਹਰਾ ਕੇ ਪਟਵਾਰੀ ਨੂੰ ਖ਼ੁਸ਼ ਕਰ ਦਿੱਤਾ।

"ਮੈਂ ਸਾਹਿਬ ਜੀ! ਦਰੁਸਤੀ ਕਰਾਉਣੀ ਹੈ ਆਪਣੀ ਜਮਾਂਬੰਦੀ ਦੀ।" ਬਾਬੂ ਨੇ ਆਉਣ ਦਾ ਕਾਰਨ ਦੱਸਿਆ। ਮੇਮ ਸਾਹਿਬ ਨੇ ਗਲੇ ਸੜੇ ਪੁਰਾਣੇ ਕਾਗ਼ਜ਼ ਕੱਢ ਕੇ ਮੇਜ਼ 'ਤੇ ਰੱਖ ਦਿੱਤੇ।

"ਕੋਈ ਨਾ! ਲਿਆਓ ਜੀ! ਹੁਣੇ ਹੀ ਕਰਦੇ ਹਾਂ, ਗੋਲੀ ਕੀਹਦੀ ਤੇ ਗਹਿਣੇ ਕੀਹਦੇ।" ਪਟਵਾਰੀ ਨੇ ਕਾਗਜ਼ਾਂ ਦੀ ਤਹਿ ਖੋਲ੍ਹ ਕੇ ਸਿੱਧੇ ਕੀਤੇ।

"ਹਾਂ ਜੀ ਠੀਕ ਹੈ, ਕੀ ਕਰਨਾਂ ਇਨ੍ਹਾਂ ਦਾ?" ਪਟਵਾਰੀ ਹੁਣ ਆਪਣੇ ਪਟਵਾਰ ਲਹਿਜ਼ੇ ਵਿਚ ਆ ਗਿਆ।

"ਇਹ ਜਨਾਬ ਤੁਹਾਡੇ ਪਟਵਾਰੀ ਦੀ ਹੀ ਮਿਹਰਬਾਨੀ ਹੋਈ ਹੈ ਕਿ ਮੇਰੀ ਵਾਈਫ਼ ਦਾ ਨਾਮ ਦਿਲਜੀਤ ਕੌਰ ਦੀ ਥਾਂ ਮਨਜੀਤ ਕੌਰ ਲਿਖ ਦਿੱਤਾ। ਇਹ ਤਾਂ ਦਿਲਜੀਤ ਕੌਰ ਹੈ ਤੇ ਹੁਣ ਤੁਸੀਂ ਮਿਹਰਬਾਨੀ ਕਰ ਕੇ ਇਹਨੂੰ ਠੀਕ ਕਰ ਦਿਓ।" ਬਾਬੂ ਨੇ ਨਿਹੋਰੇ ਭਰੇ ਸ਼ਬਦਾਂ 'ਚ ਧੌਂਸ ਜਿਹੀ ਦੇ ਕੇ ਪਟਵਾਰੀ ਨੂੰ ਹਲੂਣ ਦਿੱਤਾ।

"ਜਨਾਬ ਇਹ ਕੰਮ ਏਨਾ ਛੋਟਾ ਨਹੀਂ! ਇੰਨਾ ਸੌਖਾ ਵੀ ਨਹੀਂ! ਇਹਦੇ ਵਾਸਤੇ ਤੁਹਾਨੂੰ ਅਖ਼ਬਾਰ ਵਿਚ ਇਸ਼ਤਿਹਾਰ ਕਢਾਉਣਾ ਪਵੇਗਾ, ਤਹਿਸੀਲਦਾਰ ਕੋਲ ਜਾਣਾ ਪਵੇਗਾ, ਐਸ ਡੀ ਐਮ ਦੇ ਪੇਸ਼ ਹੋਣਾ ਪਵੇਗਾ ਤੇ ਉਪਰ ਡੀ ਸੀ ਤੱਕ ਵੀ ਪਹੁੰਚਣਾ ਪਵੇਗਾ। ਉਹ ਜੋ ਹੁਕਮ ਕਰਨਗੇ, ਮੈਂ ਉਹੀ ਕਰਾਂਗਾ।" ਪਟਵਾਰੀ ਨੇ ਵੀ ਆਪਣੀ ਚਾਲ ਚੱਲਦਿਆਂ ਕੁਰਸੀ ਤੋਂ ਜ਼ਰਾ ਕੁ ਉਪਰ ਉਠ ਕੇ ਕਾਗਜ਼ ਨੂੰ ਉਲਟੇ-ਸਿੱਧੇ ਕਰਦਿਆਂ ਉਨ੍ਹਾਂ ਨੂੰ ਚੱਕਰਾਂ ਵਿਚ ਪਾ ਦਿੱਤਾ।

ਪਟਵਾਰੀ ਹੋਵੇ ਸਿਫ਼ਾਰਸ਼ੀ, ਆਪਣੀ ਮਰਜ਼ੀ ਦੀ ਸੀਟ, ਧਨਾਢ ਵਿਦੇਸ਼ੀ ਲੋਕ ਉਸ ਦੀ ਸਾਮੀ! ਤੇ ਉਸ ਦੇ ਬੱਚਿਆਂ ਦੀ ਰੀਝ ਪੂਰੀ ਨਾ ਹੋਵੇ? ਲਾਹਨਤ ਹੈ। ਉਸ ਨੇ ਬੱਚਿਆਂ ਦੀ ਕੰਪਿਊਟਰ ਦੀ ਲੋੜ ਮਹਿਸੂਸ ਕਰਦਿਆਂ ਪਹਿਲੀ ਤਰੀਕ ਤੋਂ ਸਾਰੀ ਆਮਦਨ ਅਲੱਗ ਇਕੱਠੀ ਕਰਨ ਦੀ ਠਾਣ ਲਈ ਸੀ। ਜਿੰਨਾ ਚਿਰ ਤੀਹ ਹਜ਼ਾਰ ਨਹੀਂ ਬਣ ਜਾਂਦਾ, ਉਤਨਾ ਚਿਰ ਉਹ ਦਰਾਜ਼ ਵਿਚੋਂ ਨਹੀਂ ਕੱਢੇਗਾ।

ਪਹਿਲਾਂ ਵਾਲਾ ਪੁਰਾਣਾ ਮੁਹਾਵਰਾ "ਤੂੰ ਕਾਹਦਾ ਪਟਵਾਰੀ ਮੁੰਡਾ ਮੇਰਾ ਰੋਵੇ ਅੰਬ ਨੂੰ" ਹੁਣ ਹੰਢ ਚੁੱਕਿਆ ਹੈ। ਹੁਣ ਅੰਬ ਨਾਲ ਨਹੀਂ ਸਰਨਾ।" ਉਸ ਨੇ ਮਨ ਹੀ ਮਨ ਵਿਚ ਘੋੜ ਦੌੜ ਕੀਤੀ।

"ਓ ਛੱਡੋ ਜਨਾਬ ਐਸੀ ਬਾਤੇਂ... ਮੈਂ ਅਮਰੀਕਾ ਤੋਂ ਆਇਆ ਹਾਂ। ਤੁਸੀਂ ਆਪ ਹੀ ਮਿਹਰਬਾਨੀ ਕਰ ਦਿਓ।"

"ਸਰ ਜੀ ਮੇਰੀ ਗੱਲ ਸਮਝੋ! ਚੰਗੀ ਤਰ੍ਹਾਂ! ਇਹ ਮੇਰੇ ਵੱਸੋਂ ਬਾਹਰ ਦੀ ਗੱਲ ਹੈ। ਮੈਂ ਤੁਹਾਡੇ 'ਤੇ ਮਿਹਰਬਾਨੀ ਕਰ ਕੇ ਆਪਣੀ ਨੌਕਰੀ ਗਵਾਉਣੀ ਐ?" ਪਟਵਾਰੀ ਦੇ ਬੋਲਾਂ 'ਚ ਰੁੱਖਾਪਨ ਭਾਰੂ ਹੋ ਗਿਆ।

"ਭਾਈ ਸਾਹਿਬ! ਜੇ ਪਟਵਾਰੀ ਦੀ ਗ਼ਲਤੀ ਨਾਲ ਦਿਲਜੀਤ ਕੌਰ ਮਨਜੀਤ ਕੌਰ ਬਣ ਸਕਦੀ ਹੈ ਤਾਂ ਹੁਣ ਮਨਜੀਤ ਕੌਰ ਦਿਲਜੀਤ ਕੌਰ ਵੀ ਤਾਂ ਬਣ ਹੀ ਸਕਦੀ ਹੈ। ਪਟਵਾਰੀ ਦੀ ਮਰਜ਼ੀ ਨਾਲ ਜਾਂ ਗ਼ਲਤੀ ਨਾਲ ਸਮਝ ਲਓ।" ਬਾਬੂ ਨੇ ਆਪਣੇ ਹੰਢੇ ਵਰਤੇ ਹੋਣ ਦਾ ਸਬੂਤ ਦਿੰਦਿਆਂ ਹੱਸ ਕੇ ਕਿਹਾ।

"ਇਹ ਤਾਂ ਤੁਹਾਡੀ ਗੱਲ ਠੀਕ ਹੈ ਜਨਾਬ! ਪਰ ਉਹ ਜ਼ਮਾਨਾ ਹੋਰ ਸੀ, ਹੁਣ ਹੋਰ ਹੈ, ਬੜਾ ਖ਼ਤਰਨਾਕ ਜ਼ਮਾਨਾ ਹੈ ਅੱਜ ਕੱਲ੍ਹ। ਉਪਰੋਂ ਬੜੀ ਸਖ਼ਤੀ ਹੈ। ਬੜੀ ਚੈਕਿੰਗ ਹੈ, ਚੌਕਸੀ ਵਾਲੇ ਕੰਧਾਂ ਨਾਲ ਕੰਨ ਲਾਈ ਸੁੰਘਦੇ ਫਿਰਦੇ ਨੇ।"

"ਤੁਹਾਡੇ ਮਹਿਕਮੇ ਦੀ ਇਸ ਬੱਜਰ ਗ਼ਲਤੀ ਨੇ ਸਾਥੋਂ ਕਿੰਨੇ ਅਣਚਾਹੇ ਜੁਰਮ ਕਰਾਏ, ਕਿੰਨੇ ਗੁਨਾਹ ਕਰਵਾਏ। ਉਨ੍ਹਾਂ ਦਿਨਾਂ ਵਿਚ ਕੁੱਝ ਸੋਕੇ ਦੀ ਮਾਰ ਤੇ ਫਿਰ ਇੱਕ ਸਾਲ ਹੜ੍ਹਾਂ ਦੀ ਤਬਾਹੀ ਨੇ ਕਿਸਾਨੀ ਦਾ ਲੱਕ ਤੋੜ ਦਿੱਤਾ। ਸਰਕਾਰ ਦੇ ਮਨ ਮਿਹਰ ਪਈ। ਖ਼ਰਾਬੇ ਦੇ ਆਰਡਰ ਹੋ ਗਏ। ਪਟਵਾਰੀ ਦੇ ਪਿੱਛੇ ਪੈ ਕੇ ਦੋ ਸੌ ਰੁਪਏ ਕਿੱਲੇ ਦੇ ਹਿਸਾਬ ਉਸ ਨੂੰ ਦੇ ਕੇ ਖ਼ਰਾਬਾ ਲਿਖਾਇਆ ਤੇ ਕਈ ਪਾਪੜ ਵੇਲ ਕੇ ਇੱਕ ਚੈਕ ਮਿਲਿਆ ਪੰਦਰਾਂ ਸੌ ਰੁਪਏ ਦਾ। ਉਹ ਵੀ ਵੇਖ ਕੇ ਮੈਂ ਹੱਕਾ-ਬੱਕਾ ਰਹਿ ਗਿਆ। ਚੈਕ ਦਿਲਜੀਤ ਕੌਰ ਦਾ ਨਾ ਹੋ ਕੇ ਮਨਜੀਤ ਕੌਰ ਦਾ ਸੀ। ਮੈਂ ਪਟਵਾਰੀ ਨੂੰ ਮੋੜਿਆ ਤੇ ਠੀਕ ਕਰਨ ਦੀ ਬੇਨਤੀ ਕੀਤੀ। 'ਸਰਦਾਰ ਜੀ ਪੀ ਜਾਓ ਇਹ ਸਭ ਕੁੱਝ! ਜੇ ਹੋਰ ਬੋਲੇ ਤਾਂ ਫਿਰ ਕਊਆ ਕਾਟੇ।' ਉਹ ਸ਼ੈਤਾਨਾਂ ਵਾਲੀ ਹਾਸੀ ਹੱਸਿਆ ਸੀ। ਮੈਂ ਸਮਝ ਗਿਆ ਕਿ ਇਹ ਜਾਦੂਗਰੀ ਸਾਡੇ ਪਟਵਾਰੀ ਦੀ ਹੀ ਹੈ। ਉਸ ਕਿਹਾ ਸੀ, ਇਹ ਖੇਤਾਂ ਦੀ ਮਾਲਕ ਮਨਜੀਤ ਕੌਰ ਹੈ, ਦਿਲਜੀਤ ਕੌਰ ਨਹੀਂ...ਤੇ ਜੇ ਤੁਸੀਂ ਦਰੁਸਤੀ ਦੇ ਚੱਕਰ 'ਚ ਪੈ ਗਏ ਤਾਂ ਪਤਾ ਨਹੀਂ ਗੱਲ ਕਿੱਥੇ ਜਾ ਕੇ ਨਿੱਬੜੇ। ਇਹ ਚੈਕ ਵੀ ਨਹੀਂ ਮਿਲਣਾ। ਪਤਾ ਨੀਂ ਕਿੰਨੀ ਵੀਹੀਂ ਸੌ ਹੋਊ ਫਿਰ।' ਖ਼ੁਰਾਕ ਇੰਸਪੈਕਟਰ ਨੂੰ ਅਸਲੀਅਤ ਦੱਸ ਕੇ ਉਸ ਦੀ ਮੁੱਠੀ ਗਰਮ ਕਰ ਕੇ ਜਾਲ੍ਹੀ ਰਾਸ਼ਨ ਕਾਰਡ ਬਣਾਇਆ। ਬੈਂਕ 'ਚ ਖਾਤਾ ਖੁਲ੍ਹਵਾਇਆ ਤੇ ਮਨਜੀਤ ਕੌਰ ਖ਼ਰਾਬੇ ਵਾਲੇ ਚੈਕ ਦੀ ਮਾਲਕ ਬਣੀ। ਇਸ ਮਨਜੀਤ ਕੌਰ ਦੇ ਦਸਤਖ਼ਤਾਂ ਨਾਲ ਪੰਦਰਾਂ ਸੌ ਰੁਪਏ, ਖ਼ਰਾਬਾ ਵਸੂਲ ਕੀਤਾ ਸਰਕਾਰ ਤੋਂ।"

"ਬਹੁਤ ਖ਼ੂਬ, ਬਹੁਤ ਚੰਗਾ, ਸਰਦਾਰ ਜੀ! ਫਿਰ ਤਾਂ ਬਣ ਗਿਆ ਕੰਮ। ਉਹ ਪੰਦਰਾਂ ਸੌ ਤੁਹਾਨੂੰ ਨਾ ਹੀ ਮਿਲੇ ਸਮਝ ਲਓ। ਉਸੇ ਵਿਚ ਹੋਰ ਹੰਗਾਲ ਪਾ ਕੇ ਬਾਹਰੇ ਬਾਹਰ ਅੱਜ ਤੁਹਾਡਾ ਇਹ ਕੰਮ ਸਿੱਧਾ ਹੋ ਜਾਊ। ਨਾਇਬ ਸਾਹਿਬ ਬਹੁਤ ਦਇਆਵਾਨ ਹਨ।" ਪਟਵਾਰੀ ਨੇ ਆਪਣੀ ਔਕਾਤ ਦੀ ਹੱਦ ਸੁੱਤੇ ਸਿੱਧ ਸਪਸ਼ਟ ਕਰ ਦਿੱਤੀ।

"ਤੇ ਪਟਵਾਰੀ ਸਾਹਿਬ! ਜਿਹੜਾ ਸਾਡੇ ਮਨ ਦਾ ਖੌਂ, ਭੈ, ਧੁੜਕੂ, ਜੇਲ੍ਹ ਦੀ ਸਜ਼ਾ ਦਾ ਡਰ, ਇਹ ਸਾਰੇ ਪੰਦਰਾਂ ਸਾਲ ਸਾਨੂੰ ਵੱਢ ਵੱਢ ਖਾਂਦਾ ਰਿਹਾ ਹੈ। ਇਸ ਦਾ ਕੌਣ ਜ਼ਿੰਮੇਵਾਰ ਹੈ?" ਗਾਹਕ ਆਪਣਾ ਮੁਆਵਜ਼ਾ ਵਸੂਲਣ ਦੇ ਚੱਕਰ ਵਿਚ ਸੀ। ਉਸ ਦੀ ਆਵਾਜ਼ ਤਲਖ਼ ਹੋ ਗਈ।

"ਸ਼ੁਕਰ ਕਰੋ! ਧੰਨਵਾਦ ਕਰੋ ਉਸ ਪਟਵਾਰੀ ਦਾ। ਪੈਰ ਧੋ ਧੋ ਪੀਓ, ਜਿਸ ਨੇ ਮਨਜੀਤ ਕੌਰ ਦਾ ਨਾਮ ਹੀ ਲਿਖਿਆ ਹੈ। ਜੇ ਕਿਤੇ ਵਾਹੀਕਾਰ ਦਾ ਨਾਮ ਲਿਖ ਦਿੰਦਾ ਤਾਂ ਹੁਣ ਤਾਈਂ ਕਚਹਿਰੀਆਂ ਵਿਚ ਖੱਜਲ ਹੁੰਦਿਆਂ ਆਪਣੀ ਮਲਕੀਅਤ ਲੱਭਦੇ ਫਿਰਦੇ।" ਪਟਵਾਰੀ ਖਚਰੀ ਜਿਹੀ ਹਾਸੀ ਹੱਸਿਆ।

"ਅੱਗੇ ਕਿਹੜੇ ਸੁਖੀ ਆਂ ਅਸੀਂ? ਮਕਾਨਾਂ ਦੇ ਕਿਰਾਏਦਾਰ ਤੇ ਦੇਖਭਾਲ ਕਰਨ ਵਾਲੇ ਜਿਨ੍ਹਾਂ ਨੂੰ ਅਸੀਂ ਜ਼ਿੰਮੇਵਾਰੀ ਸੰਭਾਲ ਕੇ ਗਏ ਸੀ ਮਾਲਕ ਬਣੇ ਫਿਰਦੇ ਨੇ ਤੇ ਜ਼ਮੀਨ ਦੇ ਮਾਲਕ ਕਾਸ਼ਤਕਾਰ।"

"ਠੀਕ ਆ। ਮੇਰੀ ਤੁਹਾਡੇ ਨਾਲ ਹਮਦਰਦੀ ਹੈ। ਚਲੋ ਨਾਇਬ ਸਾਹਿਬ ਨੂੰ ਪੁੱਛ ਵੇਖਦੇ ਹਾਂ। ਤੁਸੀਂ ਬਾਹਰ ਜਾ ਕੇ ਏਨੀ ਮਿਹਨਤ ਕਰਦੇ ਹੋ, ਆਪਣੇ ਦੇਸ਼ ਦੀ ਸੇਵਾ ਕਰਦੇ ਓ। ਟੂਰਨਾਮੈਂਟ ਕਰਾਉਂਦੇ ਹੋ, ਇੱਥੇ ਮੰਦਰਾਂ ਡੇਰਿਆਂ ਵਾਸਤੇ ਲੱਖਾਂ ਰੁਪਏ ਦਿੰਦੇ ਹੋ। ਸਾਡਾ ਵੀ ਤਾਂ ਫ਼ਰਜ਼ ਬਣਦਾ ਹੈ ਕਿ ਅਸੀਂ ਵੀ ਤੁਹਾਡੇ ਕਿਸੇ ਕੰਮ ਆ ਸਕੀਏ।"

"ਇਸੇ ਲਈ ਹੀ ਤਾਂ ਬਾਹਰਲਿਆਂ ਦੀ ਮਿੱਟੀ ਪਲੀਤ ਹੁੰਦੀ ਹੈ ਇੱਥੇ! ਦਿੱਲੀ ਏਅਰਪੋਰਟ ਤੋਂ ਲੈ ਕੇ ਰਸਤੇ ਦੀ ਪੁਲਿਸ ਤੇ ਹੋਰ ਮਹਿਕਮੇ ਸਭ ਵਿਦੇਸ਼ੀਆਂ ਦੇ ਖੀਸੇ ਟੋਹਣ ਲਈ ਬਾਂਹਾਂ ਚੜ੍ਹਾਈ ਖੜੇ ਹਨ।" ਬੀਬੀ ਨੇ ਪਟਵਾਰੀ ਨੂੰ ਛਿੱਥਾ ਕਰ ਦਿੱਤਾ।

ਪਟਵਾਰੀ ਨੇ ਸੈਲ ਫ਼ੋਨ ਕੱਢ ਕੇ ਨੰਬਰ ਘੁਮਾਇਆ, "ਨਾਇਬ ਸਾਹਿਬ! ਸਰ ਇੱਕ ਸੱਜਣ ਆਏ ਬੈਠੇ ਨੇ ਮੇਰੇ ਕੋਲ ਅਮਰੀਕਾ ਤੋਂ... ਉਹ ਕੁੱਝ ਸੋਧ ਕਰਾਉਣੀ ਚਾਹੁੰਦੇ ਨੇ ਜਮ੍ਹਾਂਬੰਦੀ ਦੀ। ਹਾਂ ਹਾਂ, ਠੀਕ ਹੈ ਜਨਾਬ! ਹੁਣੇ ਹਾਜ਼ਰ ਹੁੰਦੇ ਹਾਂ।"

ਪਟਵਾਰੀ ਨੇ ਤੋਲਿਆ ਕਿ ਉਸ ਦਾ ਸ਼ੁਕਰਾਨਾ ਘੱਟੋ ਘੱਟ ਦੋ ਸੌ ਡਾਲਰ ਤਾਂ ਉਹ ਦੇ ਹੀ ਦੇਣਗੇ। ਇਸ ਦਾ ਮਤਲਬ ਗਿਆਰਾਂ ਹਜ਼ਾਰ ਰੁਪਿਆ। ਬੱਸ! ਗ਼ਲਤੀ ਤਾਂ ਭਾਵੇਂ ਸਾਡੇ ਮਹਿਕਮੇ ਦੀ ਹੀ ਹੈ। ਨਾਲੇ ਸਾਡੀ ਗ਼ਲਤੀ ਦੀ ਦਰੁਸਤੀ ਹੋ ਜਾਏਗੀ ਨਾਲੇ ਮੇਰੀ ਜੇਬ ਵਿਚ ਰੌਣਕ ਹੋ ਜਾਏਗੀ। ਟੈਲੀਫ਼ੋਨ, ਬਿਜਲੀ, ਪਾਣੀ ਦੇ ਬਿੱਲ ਭੁਗਤ ਜਾਣਗੇ ਤੇ ਨਾਲੇ ਨਾਇਬ ਸਾਹਿਬ ਵੀ ਖ਼ੁਸ਼ ਹੋ ਜਾਣਗੇ।

"ਤੁਹਾਡੇ ਤਾਂ ਜਨਾਬ ਜੀ! ਦੋ ਸੌ ਡਾਲਰਾਂ ਦੀ ਕੋਈ ਪ੍ਰਵਾਹ ਨਹੀਂ ਉਧਰ। ਕਹਿੰਦੇ ਇੱਕ ਦਿਨ ਦੀ ਮਾਰ ਹੈ ਪਰ ਅਸੀਂ ਤਾਂ ਇਨ੍ਹਾਂ ਨੂੰ ਬੜਾ ਪਿਆਰ ਕਰਦੇ ਹਾਂ, ਬੜੀ ਬਰਕਤ ਹੋ ਜਾਂਦੀ ਹੈ ਇਨ੍ਹਾਂ ਦੀ। ਬਾਹਰਲਾ ਜੋ ਵੀ ਆਉਂਦਾ ਹੈ, ਸੌ, ਦੋ ਸੌ ਤਾਂ ਹੱਸ ਕੇ ਦੇ ਜਾਂਦੈ। ਅਸੀਂ ਵੀ ਜ਼ਿਆਦਾ ਕਿਸੇ ਨੂੰ ਤੰਗ ਨਹੀਂ ਕਰਦੇ।"

"ਨੋ ਪਲੀਜ਼ ਨੋ, ਐਸੇ ਨਹੀਂ ਬਨਤਾ। ਰਾਤ ਦਿਨ ਮਿਹਨਤ ਕਰ ਕੇ ਜਾਨ ਕੋ ਬਹੁਤ ਕਸ਼ਟ ਦੇਣਾ ਪੜਤਾ ਹੈ।" ਮੈਡਮ ਨੇ ਟੁੱਟੀ ਫੁੱਟੀ ਹਿੰਦੀ ਬੋਲ ਕੇ ਦੱਸ ਦਿੱਤਾ ਕਿ ਉਹ ਸਾਰੀ ਗੱਲਬਾਤ ਸਮਝ ਰਹੀ ਹੈ।

"ਹਮ ਆਪ ਕੀ ਸੇਵਾ ਕਰੇਗਾ, ਪੂਰੀ ਫ਼ੀਸ ਦੇਗਾ ਸਰਕਾਰੀ ਫ਼ੀਸ ਨਕਦ! ਜਾਂ ਜਹਾਂ ਕਹੋ ਬੈਂਕ ਮੇਂ ਜਮਾਂ ਕਰਾ ਦੇਂਗੇ।" ਪਟਵਾਰਖ਼ਾਨੇ ਦੀ ਕੰਧ 'ਤੇ ਲੱਗੀ ਫ਼ੀਸਾਂ ਦੀ ਲਿਸਟ ਵੱਲ ਇਸ਼ਾਰਾ ਕਰਦਿਆਂ ਉਸ ਨੇ ਸਿਰ ਹਿਲਾਇਆ।

ਕੰਧਾਂ 'ਤੇ ਉਜ਼ਰਤਾਂ ਦੀ ਸੂਚੀ ਚਿਪਕਾ ਕੇ ਵੀ ਸਰਕਾਰ ਨੇ ਨਵਾਂ ਕਜ਼ੀਆ ਖੜ੍ਹਾ ਕਰ ਦਿੱਤਾ। ਪਟਵਾਰੀ ਮਨ ਹੀ ਮਨ ਵਿਚ ਕਲਪ ਉਠਿਆ।

"ਚਲੋ ਮੈਡਮ! ਹੁਣੇ ਨਾਇਬ ਸਾਹਿਬ ਤੋਂ ਪੁੱਛ ਲੈਂਦੇ ਹਾਂ। ਅਸਲੀ ਤਾਂ ਉਹੀ ਮਾਲਕ ਹਨ, ਅਸੀਂ ਤਾਂ ਨੌਕਰ ਹਾਂ।" ਪਟਵਾਰੀ ਰਜਿਸਟਰ, ਜਮ੍ਹਾਂਬੰਦੀ ਤੇ ਹੋਰ ਕਾਗ਼ਜ਼ ਪੱਤਰ ਲੈ ਕੇ ਉਨ੍ਹਾਂ ਨਾਲ ਕਾਰ ਵਿਚ ਜਾ ਬੈਠਾ।

"ਤੁਹਾਡੇ ਡੀ. ਸੀ. ਸਾਹਿਬ ਨੇ ਨਾ...!" ਅਜਨਬੀ ਨੇ ਡੀ. ਸੀ. ਨਾਲ ਆਪਣੀ ਸਾਂਝ ਦਾ ਰੋਹਬ ਪਾ ਕੇ ਪਟਵਾਰੀ ਨੂੰ ਪ੍ਰਭਾਵਿਤ ਕਰਨ ਦੀ ਸੋਚੀ।

"ਹਾਂ ਜੀ ਹਾਂ।" ਪਟਵਾਰੀ ਨੇ ਬੜੀ ਹਲੀਮੀ ਨਾਲ ਹੁੰਗਾਰਾ ਭਰਿਆ।

"ਉਹ ਮੇਰੇ ਕਲਾਸ ਫੈਲੋ ਸਨ! ਮੈਂ ਕਿਹਾ ਉਨ੍ਹਾਂ ਨੂੰ ਕੀ ਜ਼ਹਿਮਤ ਦੇਣੀ ਆਂ, ਪਹਿਲਾਂ ਤੁਹਾਨੂੰ ਹੀ ਪੁੱਛ ਲੈਂਦੇ ਹਾਂ। ਦੂਸਰਾ ਤੁਹਾਡਾ ਮਾਲ ਮੰਤਰੀ ਵੀ ਮੇਰੀ ਭੂਆ ਦਾ ਪੁੱਤਰ ਭਰਾ ਹੈ।" ਕਾਰ ਵਿਚ ਬੈਠਦੇ ਹੀ ਇਹ ਛਵ੍ਹੀਆਂ ਵਰਗੇ ਬੋਲ ਪਟਵਾਰੀ ਦੀਆਂ ਸਕੀਮਾਂ ਦੀ ਹਿੱਕ ਬੋਟੀ ਬੋਟੀ ਛਲਣੀ ਕਰ ਗਏ। ਉਸ ਦਾ ਜੀਅ ਕੀਤਾ, ਕੋਈ ਬਹਾਨਾ ਲਾ ਕੇ ਟਰਕਾਈ ਕੀਤੀ ਜਾਏ, ਅਜਿਹੀ ਗੱਦੇਦਾਰ ਏ. ਸੀ. ਕਾਰ ਦੀ ਸਵਾਰੀ ਨੂੰ ਲਤ ਮਾਰ ਦੇਵੇ ਜਿਸ ਵਿਚ ਬੈਠ ਕੇ ਕੰਡਿਆਂ ਵਰਗੇ ਚੁੱਭਵੇਂ ਬੋਲ ਸੁਣਨੇ ਪਏ।

ਇਹ ਤਾਂ ਟੇਢੀ ਖੀਰ ਟੱਕਰ ਗਈ। ਉਸ ਦੇ ਸੁਪਨੇ ਅਸਮਾਨੀ ਤਾਰਿਆਂ ਵਾਂਗ ਟੁੱਟਣ ਲੱਗੇ। ਹਾਏ ਹੁਣ ਕੀ ਬਣੂੰ! ਨਾਇਬ ਸਾਹਿਬ ਦੇ ਕਿੱਦਾਂ ਮੱਥੇ ਲੱਗੂੰ? ਉਸ ਨੂੰ ਤਾਂ ਗੁੱਝੇ ਸੰਕੇਤਾਂ ਵਿਚ ਦੱਸਿਆ ਸੀ, ਪਈ ਚੰਗੀ ਮੋਟੀ ਬਰਾਇਲਰ ਮੁਰਗ਼ੀ ਐ ਬਾਹਰਲੀ ਅਮਰੀਕੀ। ਉਹ ਸੋਚਾਂ 'ਚ ਡੁੱਬ ਗਿਆ।

ਇਹ ਵੀ ਕੀ ਸਮਝੇਗਾ? ਵੱਡਾ ਆਇਆ ਭਰਾ ਮਨਿਸਟਰ ਦਾ! ਮੈਂ ਤਾਂ ਸੋਚਿਆ ਸੀ, ਇਸ ਦਾ ਕੰਮ ਕਰ ਦਿਆਂਗੇ ਪਹਿਲੇ ਹੱਲੇ ਹੀ ਬਾਹਰੇ ਬਾਹਰ ਪਰ ਇਹ ਖੀਰ ਸਿੱਧੀ ਉਂਗਲੀ ਨਾਲ ਨਹੀਂ ਨਿਕਲਣ ਵਾਲੀ। ਉਸ ਨੇ ਨਵੀਂ ਸਕੀਮ ਘੜੀ।

"ਬਹੁਤ ਚੰਗਾ ਹੈ ਸਰ! ਤੁਸੀਂ ਸਾਡੇ ਬਹੁਤ ਹੀ ਸਤਿਕਾਰਯੋਗ ਮਹਿਮਾਨ ਹੋ, ਨਾਲੇ ਸਾਡੇ ਡੀ. ਸੀ. ਤੇ ਮਨਿਸਟਰ ਦੇ ਕਰੀਬੀ ਖ਼ਾਸ ਬੰਦੇ ਹੋ। ਬੱਸ ਤੁਹਾਡਾ ਕੰਮ ਤਾਂ ਹੋਇਆ ਹੀ ਪਿਆ।" ਨਖਰੇਲੀ ਜਿਹੀ ਹਾਸੀ ਹੱਸਦੇ ਉਸ ਨੇ ਉਨ੍ਹਾਂ ਨੂੰ ਤਸੱਲੀ ਦਿਵਾ ਦਿੱਤੀ।

"ਚੰਗਾ ਹੋਇਆ ਵੀਰ ਜੀ! ਤੁਸੀਂ ਵੇਲੇ ਸਿਰ ਟੱਕਰ ਗਏ ਮੇਰੀ ਚੰਗੀ ਕਿਸਮਤ ਨੂੰ। ਮੇਰੀ ਬਦਲੀ ਦੇ ਆਰਡਰ ਹੋਏ ਪਏ ਨੇ। ਭਲਾ ਹੋਵੇ ਤੁਹਾਡਾ ਮੇਰੀ ਬਦਲੀ ਰੁਕਵਾ ਦਿਓ। ਇੱਥੋਂ ਦਾ ਜਲਵਾਯੂ ਮੇਰੀ ਸਿਹਤ ਨੂੰ ਚੰਗਾ ਖ਼ੁਸ਼ਗਵਾਰ ਹੋ ਕੇ ਲੱਗਾ ਹੈ।" ਪਟਵਾਰੀ ਨੇ ਆਪਣਾ ਪੈਮਾਨਾ ਲਗਾ ਕੇ ਉਨ੍ਹਾਂ ਦੀ ਵਜ਼ੀਰ ਤੇ ਡੀ. ਸੀ. ਨਾਲ ਸਾਂਝ ਦੀ ਤੰਦ ਨਾਪਣੀ ਚਾਹੀ।

"ਹਾਂ ਹਾਂ ਕਿਉਂ ਨਹੀਂ! ਪੁੱਛ ਵੇਖਾਂਗੇ ਪਰ ਉਨ੍ਹਾਂ ਨੂੰ ਕਈ ਸਾਲ ਹੋ ਗਏ ਮਿਲੇ ਵਰਤੇ ਹੀ ਨਹੀਂ। ਇੱਕ ਵੇਰਾਂ ਗਏ ਸਨ ਸਾਡੇ ਕੋਲ। ਅਸੀਂ ਉਥੇ ਚੰਦਾ ਇਕੱਠਾ ਕਰ ਕੇ ਉਨ੍ਹਾਂ ਦੀ ਧੰਨ ਧੰਨ ਕਰਵਾ ਦਿੱਤੀ ਸੀ। ਉਸ ਦੀ ਪਿੰਕੀ ਦਾ ਰਿਸ਼ਤਾ ਵੀ ਉਦੋਂ ਹੀ ਕਰਵਾਇਆ ਸੀ ਅਮਰੀਕਾ ਵਿਚ ਜੋ ਬਾਅਦ ਵਿਚ ਠੁੱਸ ਹੋ ਗਿਆ। ਸਾਕ ਤਾਂ ਮਿਲੇ ਵਰਤੇ ਦੇ ਹੀ ਹੁੰਦੇ ਨੇ ਪਰ ਹਾਂ ਤੁਹਾਡੇ ਬਹਾਨੇ ਉਨ੍ਹਾਂ ਨੂੰ ਮਿਲਿਆ ਜਾ ਸਕਦਾ ਹੈ।"

"ਵਾਹ ਜੀ ਵਾਹ ਸਰਕਾਰ ਜੀ! ਮੈਂ ਉਨ੍ਹਾਂ ਨੂੰ ਤੁਹਾਡੇ ਬਹਾਨੇ ਮਿਲਣਾ ਸੋਚਿਆ ਸੀ ਤੇ ਤੁਸੀਂ ਮੇਰਾ ਬਹਾਨਾ ਭਾਲਦੇ ਹੋ।" ਪਟਵਾਰੀ ਖੁੱਲ੍ਹ ਕੇ ਹੱਸਿਆ। ਉਹ ਦੋਨੋਂ ਤੀਵੀਂ ਆਦਮੀ ਝੇਪ ਗਏ।

"ਬੈਠੋ ਮੈਂ ਹੁਣੇ ਅੰਦਰ ਜਾ ਕੇ ਆਇਆ।" ਉਨ੍ਹਾਂ ਨੂੰ ਬਾਹਰ ਬੈਂਚ 'ਤੇ ਬਿਠਾ ਕੇ ਉਹ ਨਾਇਬ ਸਾਹਿਬ ਦੇ ਅੰਦਰ ਗਿਆ ਤੇ ਇੱਕ ਦੋ ਮਿੰਟ ਵਿਚ ਹੀ ਅੰਦਰੋਂ ਬੁਲਾਵਾ ਆ ਗਿਆ।

ਟਰਨ ਟਰਨ। ਛੋਟੀ ਉਮਰੇ ਬਣੇ ਸਿਫਾਰਸ਼ੀ ਨਾਇਬ ਸਾਹਿਬ ਨੇ ਘੰਟੀ ਟੁਣਕਾ ਕੇ ਚਪੜਾਸੀ ਨੂੰ, 'ਪਹਿਲਾਂ ਪਾਣੀ ਤੇ ਫਿਰ ਫ਼ਸਟ ਕਲਾਸ ਚਾਹ।' ਕਹਿ ਕੇ ਦੋਹਾਂ ਮਹਿਮਾਨਾਂ ਨੂੰ ਬਾਗ਼ੋ-ਬਾਗ਼ ਕਰ ਦਿੱਤਾ। ਉਨ੍ਹਾਂ ਵੱਲ ਦੇਖਣ ਤੋਂ ਬਿਨਾਂ ਹੀ ਕਿਸੇ ਫਾਈਲ ਵਿਚ ਸਿਰ ਗੱਡੀ ਕਲਮ ਘਸਾਉਣ ਲੱਗਾ।

"ਮੁਆਫ਼ ਕਰਨਾ! ਦੋ ਮਿੰਟ।" ਉਸ ਨੇ ਚੰਗੇ ਸ਼ਿਸ਼ਟਾਚਾਰ ਦਾ ਵਿਖਾਵਾ ਕੀਤਾ।

"ਨੋ ਮੈਟਰ! ਗੋ ਆਨ।" ਉਨ੍ਹਾਂ ਘੜੀ ਵੱਲ ਝਾਤੀ ਮਾਰੀ। ਕੁੱਝ ਦੇਰ ਉਹ ਦੋਨੋਂ ਜੀਅ ਇੱਕ ਦੂਜੇ ਦੇ ਕੰਨ ਵਿਚ ਕਾਨਾ-ਫੂਸੀ ਕਰਦੇ ਰਹੇ।

"ਹਾਂ ਜੀ! ਫਰਮਾਓ! ਹੁਕਮ ਕਰੋ!" ਬੜੀ ਮਿੱਠੀ ਬੋਲੀ ਨਾਲ ਉਹ ਕਲਮ ਛੱਡ ਕੇ ਉਨ੍ਹਾਂ ਵੱਲ ਸਿੱਧਾ ਹੋਇਆ।

"ਐਹ ਸੋਧ ਕਰਾਉਣੀ ਹੈ ਜੀ... ਅਸੀਂ ਪਿਛਲੇ ਪੰਦਰਾਂ ਸਾਲ ਤੋਂ ਬੜੇ ਪ੍ਰੇਸ਼ਾਨ ਹੋਏ ਆਂ। ਉਮਰ ਪੱਕੀ ਹੋਈ ਹੈ, ਪਤਾ ਨਹੀਂ ਕਿਹੜੇ ਵੇਲੇ ਉਪਰ ਤੋਂ ਬੁਲਾਵਾ ਆ ਜਾਣਾ ਹੈ। ਸਾਡੇ 'ਤੇ ਮਿਹਰਬਾਨੀ ਕਰੋ।"

ਪਟਵਾਰੀ ਨੇ ਉਹੀ ਕਾਗ਼ਜ਼ ਖੋਲ੍ਹ ਕੇ ਸਾਹਿਬ ਦੇ ਸਾਹਮਣੇ ਰੱਖ ਦਿੱਤੇ। "ਇਹ ਤਾਂ ਬੜਾ ਗੰਭੀਰ ਮਾਮਲਾ ਹੈ ਜਨਾਬ!...ਪਰ ਵੇਖੋ, ਇਹ ਵੀ ਸੱਜਣ ਬੜੀ ਆਸਾਂ ਉਮੀਦਾਂ ਨਾਲ ਆਏ ਨੇ!" ਉਸ ਦੇ ਕੰਨ ਲਾਗੇ ਹੋ ਕੇ ਕੁੱਝ ਛੁਪਾ ਕੇ, ਕੁੱਝ ਉਨ੍ਹਾਂ ਨੂੰ ਸੁਣਾ ਕੇ ਪਟਵਾਰੀ ਨੇ ਭਰਵੱਟੇ ਝਟਕਾਏ।

"ਹਾਂ... ਅੱਛਾ... ਇਹ ਉਹ ਕੇਸ ਹੈ? ਸਮਝ ਗਏ।" ਕਾਗ਼ਜ਼ ਹੱਥਾਂ 'ਚ ਮਸਲਦੇ ਸਾਹਿਬ ਨੇ ਗੰਭੀਰਤਾ ਜਿਹੀ ਜਤਾਈ। ਨਾਇਬ ਤਹਿਸੀਲਦਾਰ ਅੱਖਾਂ ਮੀਟ ਕੇ ਮੱਥੇ ਨੂੰ ਫੜ੍ਹ ਬੈਠਾ ਜਿਵੇਂ ਕਿਸੇ ਬੜੀ ਪੇਚੀਦਾ ਸਮੱਸਿਆ ਨੂੰ ਸੁਲਝਾਉਣ ਦਾ ਤਰੀਕਾ ਢੂੰਡ ਰਿਹਾ ਹੋਵੇ।

"ਤੁਸੀਂ ਜ਼ਰਾ ਬਾਹਰ ਜਾਓ ਬੈਠੋ!" ਉਸ ਨੇ ਪਟਵਾਰੀ ਨੂੰ ਇਸ਼ਾਰਾ ਕੀਤਾ, ਜਿਵੇਂ ਉਹ ਉਨ੍ਹਾਂ ਇਕੱਲਿਆਂ ਨਾਲ ਕੋਈ ਗੁਪਤ ਗੱਲ ਕਰਨੀ ਚਾਹੁੰਦਾ ਹੋਵੇ। ਪਟਵਾਰੀ ਬਾਹਰ ਚਲਾ ਗਿਆ।

"ਵੀਰ ਜੀ! ਭੈਣ ਜੀ!" ਉਹ ਦੋਹਾਂ ਨੂੰ ਮੁਖ਼ਾਤਬ ਸੀ।

"ਹਾਂ ਜੀ! ਹਾਂ... ਵੀਰ ਜੀ।"

"ਤੁਸੀਂ ਪੜ੍ਹੇ ਲਿਖੇ ਜਾਪਦੇ ਓ! ਤੁਹਾਨੂੰ ਪਤੈ ਆਪਣੇ ਆਪ ਦੀ ਗ਼ਲਤ ਸ਼ਨਾਖ਼ਤ ਤੇ ਗ਼ਲਤ ਬਿਆਨੀ ਕਿੰਨਾ ਵੱਡਾ ਜੁਰਮ ਹੈ ਤੇ ਇਸ ਦੀ ਘੱਟੋ ਘੱਟ ਪੰਜ ਸਾਲ ਕੈਦ ਦੀ ਸਜ਼ਾ ਹੈ।" ਉਸ ਦੇ ਸ਼ਹਿਦ ਲਿੱਬੜੇ ਬੋਲਾਂ ਨੇ ਪਹਿਲੀ ਸੱਟੇ ਉਨ੍ਹਾਂ ਦੇ ਕਾਲਜੇ ਧੂਹ ਪਾ ਦਿੱਤੀ।

"ਸਰ! ਅਸੀਂ ਤੁਹਾਡੀ ਗੱਲ ਸਮਝ ਗਏ ਹਾਂ ਪਰ ਇਹ ਗ਼ਲਤ ਕੰਮ ਅਸੀਂ ਮਜਬੂਰੀ ਤਹਿਤ ਕੀਤਾ ਸੀ। ਸਾਨੂੰ ਕਰਨਾ ਪਿਆ ਸੀ।"

"ਸਜ਼ਾ ਭੁਗਤੋ ਫਿਰ, ਕੀਤਾ ਤਾਂ ਹੈ ਨਾ! ਬੜਾ ਵੱਡਾ ਗ਼ਬਨ! ਫ਼ੌਜਦਾਰੀ ਕੇਸ ਹੈ ਇਹ!" ਨਾਇਬ ਦੀਆਂ ਅੱਖਾਂ 'ਚ ਲਾਲ ਡੋਰੇ ਉਤਰ ਆਏ।

"ਸਰਕਾਰ ਇਹੋ ਜਿਹੇ ਕੇਸਾਂ ਦੀ ਪੁਨਰ-ਪੜਤਾਲ ਕਰ ਰਹੀ ਹੈ। ਬਹੁਤੇ ਕੇਸ ਵਿਜੀਲੈਂਸ ਮਹਿਕਮੇ ਕੋਲ ਜਾ ਚੁੱਕੇ ਨੇ! ਤੁਹਾਡੀ ਕਿਸਮਤ ਚੰਗੀ! ਤੁਸੀਂ ਆ ਗਏ, ਨਹੀਂ ਤੇ ਇਹ ਵੀ ਤਾਂ ਜਾਣ ਹੀ ਵਾਲਾ ਸੀ।"

"ਨਮਾਜ਼ ਬਖ਼ਸ਼ਾਉਣ ਗਏ ਰੋਜ਼ੇ ਗਲ ਪੈ ਗਏ।" ਉਨ੍ਹਾਂ ਇੱਕ ਦੂਸਰੇ ਵੱਲ ਦੇਖਿਆ। ਦੋਹਾਂ ਦੀਆਂ ਡਰੀਆਂ ਨਜ਼ਰਾਂ ਵਿਚ ਭਵਿੱਖ ਵਿਚ ਹੋਣ ਵਾਲਾ ਹਸ਼ਰ ਹਾਵੀ ਹੋ ਗਿਆ।

"ਜਨਾਬ ਅਸੀਂ ਤਾਂ ਆਪ ਹੀ ਆਏ ਹਾਂ। ਸਾਨੂੰ ਪਤੈ ਅਸੀਂ ਮੁਜਰਮ ਹਾਂ ਪਰ ਸਾਨੂੰ ਇਸ ਗਧੀ-ਗੇੜ 'ਚੋਂ ਕੱਢੋ। ਸਾਡੀ ਤਾਂ ਵਾਪਸੀ ਟਿਕਟ ਵੀ ਇੱਕ ਹਫ਼ਤੇ ਦੀ ਹੈ।"

"ਨਹੀਂ! ਤੁਸੀਂ ਵਾਪਸ ਕਿੱਦਾਂ ਜਾ ਸਕਦੇ ਹੋ! ਜਦ ਇਹ ਗ਼ਬਨ, ਹੇਰਾਫੇਰੀ ਤੇ ਧੋਖਾਧੜੀ ਦਾ ਫ਼ੌਜਦਾਰੀ ਕੇਸ ਚੱਲੇਗਾ ਤੇ ਫਿਰ ਤੁਹਾਡੇ ਪਾਸਪੋਰਟ ਵੀ ਤਾਂ ਜ਼ਬਤ ਹੋ ਜਾਣਗੇ।" ਅਧਿਕਾਰੀ ਦਬਕੇ 'ਤੇ ਉਤਰ ਆਇਆ।

"ਪਲੀਜ਼! ਇਹ ਪਾਪ ਨਾ ਕਰਿਓ! ਅਸੀਂ ਤਾਂ ਆਪਣਾ ਕੰਮ ਛੱਡ ਕੇ ਆਏ ਹਾਂ...ਇੱਕ ਵੀਕ ਦੀ ਛੁੱਟੀ ਐ ਸਿਰਫ਼।"

"ਭਾਅ ਜੀ, ਤੁਸੀਂ ਸਰਕਾਰੀ ਤਿਕੜਮਬਾਜ਼ੀਆਂ ਤੋਂ ਅਣਜਾਣ ਹੋ। ਮੈਨੂੰ ਭਲੇ ਲੋਕ ਲਗਦੇ ਹੋ, ਇਸ ਲਈ ਮੈਂ ਤੁਹਾਡੀ ਸ਼ਰਾਫ਼ਤ ਦੀ ਕਦਰ ਕਰਦਾ ਹਾਂ, ਨਹੀਂ ਤੇ ਹੁਣ ਤੱਕ ਪੁਲਿਸ, ਬੈਂਕ ਵਾਲੇ, ਖ਼ੁਰਾਕ ਸਪਲਾਈ ਮਹਿਕਮਾ ਤੇ ਵਿਜੀਲੈਂਸ ਵਾਲੇ ਤੁਹਾਡੇ ਪਿੱਛੇ ਪੁਆ ਦਿੰਦਾ, ਮੈਂ ਬਲੈਕਮੇਲਿੰਗ ਦੇ ਬੜਾ ਖ਼ਿਲਾਫ਼ ਹਾਂ।

ਵੀਰ ਜੀ! ਇਹ ਰਿਵਾਲਵਰ ਕਿਹੜਾ ਜੇ? ਕਦੋਂ ਲਿਆ? ਲਾਇਸੈਂਸ ਕਿੱਥੋਂ ਲਿਆ?

ਮੈਨੂੰ ਪਤਾ ਤੁਹਾਡੀ ਅਮੀਰਾਂ ਵਜ਼ੀਰਾਂ ਤੇ ਵੱਡੇ ਵੱਡੇ ਅਧਿਕਾਰੀਆਂ ਨਾਲ ਰਿਸ਼ਤੇਦਾਰੀ ਹੈ ਤੇ ਯਾਰੀ ਹੈ ਤੇ ਇਹ ਲਾਇਸੈਂਸ ਵੀ ਤਾਂ ਏਦਾਂ ਹੀ ਮਿਲੇ ਹਨ, ਫੋਕਟ ਵਿਚ ਮੁਲਾਹਜ਼ੇਦਾਰੀ ਨਾਲ ਜਾਂ ਮੋਟਾ ਨਾਂਵਾਂ ਖਰਚ ਕੇ।"

"ਹਾਂ ਜੀ ਹਾਂ। ਤੁਸੀਂ ਤਾਂ ਜਾਣਦੇ ਹੀ ਹੋ,

*(ਬਾਕੀ ਸਫਾ 33 'ਤੇ)*

# ਗਦਰ ਲਹਿਰ ਦਾ ਚੌਮੁਖੀਆ ਚਿਰਾਗ-ਕਰਤਾਰ ਸਿੰਘ ਸਰਾਭਾ

ਸਥਾਪਤ ਤਾਕਤਾਂ ਵੱਲੋਂ ਸੁਚੇਤ ਤੌਰ 'ਤੇ ਅਣਗੌਲੀ ਕੀਤੀ ਤੇ ਲੋਕ-ਚੇਤਿਆਂ ਵਿਚੋਂ ਬਹੁਤ ਹੱਦ ਤੱਕ ਵਿਸਾਰ ਦਿੱਤੀ ਗਈ ਆਜ਼ਾਦੀ ਸੰਗਰਾਮ ਦੀ ਸ਼ਾਨਾਂਮੱਤੀ ਵਿਰਾਸਤ ਦੇ ਗੌਰਵ ਨੂੰ ਮੁੜ ਉਜਾਗਰ ਕਰਨ ਅਤੇ ਲੋਕ-ਮਨਾਂ ਉਤੇ ਇਸ ਦੇ ਮਹੱਤਵ ਨੂੰ ਮੁੜ ਉਕਰਨ ਦਾ ਹਰ ਹੀਲਾ ਜ਼ਰੂਰੀ ਹੈ ਕਿਉਂਕਿ ਇਸ ਹੀਲੇ ਰਾਹੀਂ ਅਸੀਂ ਆਪਣੇ ਸੁੱਤੇ ਹੋਏ ਇਤਿਹਾਸ ਨੂੰ ਜਗਾਉਂਦੇ ਹਾਂ, ਉਸ ਨੂੰ ਮੁਰਦਾ ਹੋ ਜਾਣ ਤੋਂ ਬਚਾਉਂਦੇ ਹਾਂ।



■ ਵਰਿਆਮ ਸਿੰਘ ਸੰਧੂ

## ਸੁੱਤਾ ਕਿਉਂ ਰਹਿ ਗਿਆ ਗ਼ਦਰ ਦਾ ਇਤਿਹਾਸ!

*ਅਗਲਾ ਵਰ੍ਹਾ 2013, ਗ਼ਦਰ ਦਾ ਸ਼ਤਾਬਦੀ ਵਰ੍ਹਾ ਹੈ। ਦਰਅਸਲ ਇਹ ਸਮਾਂ ਹੁਣ ਗ਼ਦਰ ਲਹਿਰ ਬਾਰੇ ਨਿੱਠ ਕੇ ਵਿਚਾਰ ਕਰਨ ਦਾ ਹੈ। ਅੱਜ ਤੋਂ ਸੌ ਸਾਲ ਪਹਿਲਾਂ ਅਮਰੀਕੀ ਧਰਤੀ ਉਤੇ ਆਏ ਸਾਡੇ ਪੁਰਖਿਆਂ ਨੇ ਆਜ਼ਾਦੀ ਦਾ ਸੁਫਨਾ ਲਿਆ ਸੀ। ਇਸ ਸੁਫਨੇ ਦੀ ਖੂਬਸੂਰਤੀ ਇਹ ਸੀ ਕਿ ਇਸ ਵਿਚ ਮੁਕੰਮਲ ਇਨਕਲਾਬ ਦਾ ਟੀਚਾ ਮਿਥਿਆ ਗਿਆ। ਇਨ੍ਹਾਂ ਗ਼ਦਰੀਆਂ ਲਈ ਮਸਲਾ ਸਿਰਫ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾਉਣ ਦਾ ਨਹੀਂ ਸੀ, ਸਗੋਂ ਇਸ ਤੋਂ ਵੀ ਦੋ ਕਦਮ ਅਗਾਂਹ ਜਾ ਕੇ ਮੁਕੰਮਲ ਬਰਾਬਰੀ ਦਾ ਟੀਚਾ ਰੱਖਿਆ ਗਿਆ। ਗ਼ਦਰ ਸ਼ਤਾਬਦੀ ਦੇ ਪ੍ਰਸੰਗ ਤਹਿਤ ਇਸ ਲਹਿਰ ਅਤੇ ਇਸ ਲਹਿਰ ਦੇ ਨਾਇਕਾਂ ਬਾਰੇ 'ਪੰਜਾਬ ਟਾਈਮਜ਼' ਨੇ ਪਿਛਲੇ ਸਮੇਂ ਦੌਰਾਨ ਲਗਾਤਾਰ ਲਿਖਤਾਂ ਛਾਪੀਆਂ ਹਨ। ਇਸੇ ਸਿਲਸਿਲੇ ਵਿਚ ਹੁਣ ਸਾਨੂੰ ਨਾਮੀ ਲੇਖਕ ਵਰਿਆਮ ਸਿੰਘ ਸੰਧੂ ਦੀ ਲਿਖਤ 'ਗ਼ਦਰ ਲਹਿਰ ਦਾ ਚੌਮੁਖੀਆ ਚਿਰਾਗ਼: ਕਰਤਾਰ ਸਿੰਘ ਸਰਾਭਾ' ਮਿਲੀ ਹੈ। ਇਸ ਲਿਖਤ ਵਿਚ ਉਨ੍ਹਾਂ ਕਰਤਾਰ ਸਿੰਘ ਸਰਾਭੇ ਬਾਰੇ ਤਾਂ ਦੁਰਲੱਭ ਜਾਣਕਾਰੀ ਦਿੱਤੀ ਹੀ ਹੈ, ਗ਼ਦਰ ਬਾਰੇ ਵੀ ਵਿਸਥਾਰ ਸਹਿਤ ਵੇਰਵੇ ਮੁਹੱਈਆ ਕਰਵਾਏ ਹਨ। ਆਪਣੇ ਪਾਠਕਾਂ ਲਈ ਇਹ ਲਿਖਤ ਅਸੀਂ ਰਤਾ ਕੁ ਸੰਖੇਪ ਕਰਕੇ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*



ਇਤਿਹਾਸ ਅਤੇ ਲੋਕਾਂ ਦਾ ਆਪਸੀ ਸਬੰਧ ਅਸਲ ਵਿਚ ਦੁਵੱਲਾ ਹੁੰਦਾ ਹੈ। ਲੋਕ ਇਤਿਹਾਸ ਨੂੰ ਮੁੜ ਤੋਂ ਪੜ੍ਹ-ਸੁਣ-ਜਾਣ ਕੇ ਆਪਣੇ ਇਤਿਹਾਸ ਨੂੰ ਜਗਾਉਂਦੇ ਤੇ ਜ਼ਿੰਦਾ ਰੱਖਦੇ ਹਨ ਤੇ ਪਰਤਵੇਂ ਰੂਪ ਵਿਚ ਇਤਿਹਾਸ ਆਪਣੇ ਲੋਕਾਂ ਨੂੰ ਜਗਾਉਂਦਾ ਤੇ ਜ਼ਿੰਦਾ ਰੱਖਦਾ ਹੈ ਅਤੇ ਉਸ ਤੋਂ ਪ੍ਰੇਰਨਾ ਲੈ ਕੇ ਲੋਕ ਜ਼ਿੰਦਗੀ ਦੇ ਕਾਰਜ-ਖੇਤਰ ਵਿਚ ਕੁਝ ਸੁਕਾਰਥਾ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਜਿਹੜੀਆਂ ਕੌਮਾਂ ਦਾ ਇਤਿਹਾਸ ਸੁੱਤਾ ਰਹਿ ਜਾਂਦਾ ਹੈ, ਉਨ੍ਹਾਂ ਦੀ ਕਿਸਮਤ ਵੀ ਸੁੱਤੀ ਰਹਿ ਜਾਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਗ਼ਦਰ ਪਾਰਟੀ ਦਾ ਸੰਘਰਸ਼ ਸਮੁੱਚੇ ਦੇਸ਼ ਵਾਸੀਆਂ ਦੀ ਕਿਸਮਤ ਦਾ ਸੁਨਹਿਰੀ ਕਾਂਡ ਲਿਖੇ ਜਾਣ ਦਾ ਸੁਲੱਖਣਾ ਉਦਮ ਸੀ। ਆਪਣੇ ਲੋਕਾਂ ਦੇ ਸੁਨਹਿਰੀ ਭਵਿੱਖ ਦੀ ਆਸ ਆਪਣੀਆਂ ਅੱਖਾਂ 'ਚ ਲੈ ਕੇ, ਬਾਹਰਲੇ ਮੁਲਕਾਂ ਵਿਚ ਬਣਾਈਆਂ ਵੱਡੀਆਂ ਜਾਇਦਾਦਾਂ ਦਾ ਮੋਹ ਤਿਆਗ ਕੇ, 'ਪਹਿਲਾਂ ਮਰਨ ਕਬੂਲ ਕਰ' ਦੀ ਭਾਵਨਾ ਅਧੀਨ ਆਪਣੇ ਵਤਨ ਨੂੰ ਮੁਕੰਮਲ ਆਜ਼ਾਦੀ ਦਿਵਾਉਣ ਦੇ ਸੰਕਲਪ ਨਾਲ ਗ਼ਦਰੀ ਸੂਰਬੀਰ ਵਤਨ ਪਰਤੇ ਸਨ। ਉਨ੍ਹਾਂ ਦਾ ਨਿਸ਼ਾਨਾ, ਲੜੇ ਜਾਣ ਵਾਲੇ ਸੰਘਰਸ਼ ਵਿਚ ਅਥਾਹ ਦੁੱਖ ਝੱਲ ਕੇ ਤੇ ਲੋੜ ਪੈਣ 'ਤੇ ਆਪ ਮਰ ਕੇ ਵੀ, ਸਾਨੂੰ ਜ਼ਿੰਦਗੀ ਦੇਣ ਦਾ ਸੀ। ਇਨ੍ਹਾਂ ਵਿਚੋਂ ਕਈ ਸਿਰਲੱਥ ਯੋਧੇ ਫਾਂਸੀਆਂ ਦੇ ਰੱਸੇ ਚੁੰਮ ਗਏ; ਕਈ ਕਾਲੇ ਪਾਣੀਆਂ ਦੀ ਮਾਰੂ ਕੈਦ ਵਿਚ ਆਪਣੀਆਂ ਉਮਰਾਂ ਗਾਲ ਗਏ।

ਪਰ ਹਾਕਮ ਧਿਰ ਦੀਆਂ ਚੁਸਤੀਆਂ ਤੇ ਸਾਡੀ ਲਾਪ੍ਰਵਾਹੀ ਅਤੇ ਬੇਸਮਝੀ ਸਦਕਾ ਸਾਡਾ ਇਹ ਰਾਂਗਲਾ ਇਤਿਹਾਸ ਸੁੱਤਾ ਹੀ ਰਿਹਾ। ਅਸੀਂ ਇਸ ਨੂੰ ਜਗਾ ਕੇ ਇਸ ਨਾਲ ਆਪਣੇ ਦਿਲ ਦਾ ਦੁਖੜਾ ਫੋਲਣ ਦਾ ਯਤਨ ਹੀ ਨਾ ਕੀਤਾ। ਸਾਡੀ 'ਲਾਪ੍ਰਵਾਹੀ' ਨੇ ਸਾਡੇ ਇਤਿਹਾਸ ਨੂੰ ਸਾਡੇ ਪ੍ਰਤੀ 'ਬੇਪ੍ਰਵਾਹ' ਬਣਾ ਦਿੱਤਾ। ਸਿੱਟੇ ਵਜੋਂ ਸ਼ਹੀਦਾਂ ਦੇ ਸੁਫਨੇ ਸਿਰੇ ਲੱਗਣ ਤੋਂ ਪਹਿਲਾਂ ਹੀ ਪ੍ਰਾਣ ਤਿਆਗਣ ਲੱਗੇ। ਸੁਪਨਿਆਂ ਦੇ ਕਤਲ ਪਿਛੇ ਸਥਾਪਤ ਤਾਕਤਾਂ ਦਾ ਬੜਾ ਸੂਖ਼ਮ ਹੱਥ ਤੇ ਹਿੱਸਾ ਸੀ।

ਇਥੇ ਇਹ ਗੱਲ ਵੀ ਧਿਆਨ ਰੱਖਣ ਵਾਲੀ ਹੈ ਕਿ ਵੱਖੋ-ਵੱਖਰੀਆਂ ਧਿਰਾਂ ਦਾ ਇਤਿਹਾਸ ਵੀ ਆਪੋ ਆਪਣਾ ਹੁੰਦਾ ਹੈ। ਜਿਹੜੀ ਧਿਰ ਜ਼ੋਰ ਵਾਲੀ ਹੁੰਦੀ ਹੈ; ਜਿਸ ਕੋਲ ਰਾਜ-ਸੱਤਾ ਹੁੰਦੀ ਹੈ; ਉਸ ਕੋਲ ਆਪਣੀ ਗੱਲ ਕਹਿਣ ਅਤੇ ਪ੍ਰਚਾਰਨ ਦੇ ਵਿਆਪਕ ਸਾਧਨ ਅਤੇ ਵਸੀਲੇ ਵੀ ਹੁੰਦੇ ਹਨ। ਉਹ ਧਿਰ 'ਆਪਣੇ ਇਤਿਹਾਸ' ਨੂੰ ਅਗਰਭੂਮੀ ਵਿਚ ਲਿਆ ਖੜ੍ਹਾ ਕਰਦੀ ਹੈ ਅਤੇ ਦੂਜੀ ਧਿਰ ਦੇ ਇਤਿਹਾਸ ਨੂੰ ਓਹਲੇ ਵਿਚ ਰੱਖਦੀ, ਉਸ ਵਿਚ ਰਲਾ ਪਾਉਂਦੀ ਅਤੇ ਹੌਲੀ-ਹੌਲੀ ਲੋਕ-ਚੇਤਿਆਂ ਵਿਚੋਂ ਉਸ ਨੂੰ ਲੋਪ ਕਰਨ ਦੇ ਸੂਖ਼ਮ ਢੰਗ ਵਰਤਦੀ ਰਹਿੰਦੀ ਹੈ। ਕਹਾਵਤ ਤਾਂ ਇਹ ਹੈ ਕਿ 'ਸੌ ਵਾਰ ਬੋਲਿਆ ਝੂਠ ਸੱਚ ਹੋ ਜਾਂਦਾ ਹੈ' ਪਰ ਜਦੋਂ ਝੂਠ ਸੌ ਵਾਰ ਦੀ ਥਾਂ ਲੱਖਾਂ-ਕਰੋੜਾਂ ਵਾਰ ਬੋਲਿਆ ਗਿਆ ਹੋਵੇ ਤੇ ਹੁਣ ਤੱਕ ਵੀ ਬੋਲਿਆ ਜਾ ਰਿਹਾ ਹੋਵੇ ਤਾਂ ਉਸ ਦੇ ਸੱਚ ਮੰਨੇ ਜਾਣ ਵਿਚ ਕਸਰ ਰਹਿ ਹੀ ਨਹੀਂ ਜਾਂਦੀ। ਸਾਡੇ ਇਨਕਲਾਬੀ ਇਤਿਹਾਸ ਨਾਲ ਸਾਡੇ ਮੁਲਕ ਵਿਚ ਵੀ ਅਜਿਹਾ ਹੀ ਵਾਪਰਿਆ।

'ਖੂਨ ਦੀ ਇਕ ਵੀ ਬੂੰਦ ਵਹਾਏ ਬਿਨਾਂ' ਆਜ਼ਾਦੀ ਪ੍ਰਾਪਤ ਕਰਨ ਦਾ ਪ੍ਰਚਾਰ ਕਰਨ ਵਾਲੀ ਤਾਕਤਵਰ ਧਿਰ ਨੇ ਲੋਕਾਂ ਦੇ ਇਨਕਲਾਬੀ ਘੋਲ ਨੂੰ ਲੋਕ-ਚੇਤਨਾ ਤੋਂ ਅਸਲੋਂ ਓਹਲੇ ਵਿਚ ਰੱਖੀ ਰੱਖਿਆ। ਜੇ ਕਦੀ ਗੱਲ ਕੀਤੀ ਵੀ ਤਾਂ ਉਨ੍ਹਾਂ ਜਾਂ-ਬਾਜ਼ ਸੂਰਮਿਆਂ ਦੇ ਲਾਸਾਨੀ ਕਾਰਨਾਮਿਆਂ ਨੂੰ ਦਹਿਸ਼ਤਗਰਦ ਕੰਮ ਆਖ ਕੇ ਛੁਟਿਆਉਣ ਦੀ ਹੀ ਕੋਸ਼ਿਸ਼ ਕੀਤੀ। ਕਿਸੇ ਪਾਠ-ਪੁਸਤਕ ਵਿਚ ਅਜਿਹੀਆਂ ਇਨਕਲਾਬੀ ਲਹਿਰਾਂ ਦਾ ਜ਼ਿਕਰ ਕਰਨਾ ਵਰਜਿਤ ਹੋ ਗਿਆ। ਰਾਜ-ਸੱਤਾ ਉਤੇ ਕਾਬਜ਼ ਧਿਰ ਨੇ ਆਪਣੇ ਪ੍ਰਚਾਰ ਰਾਹੀਂ ਇਨਕਲਾਬੀ ਧਿਰ ਨੂੰ ਡਾਕੂ, ਕਾਤਲ, ਲੁਟੇਰੇ, 'ਹੋਸ਼ ਤੋਂ ਬਿਨਾਂ ਜੋਸ਼' ਵਾਲੇ 'ਭੁੱਲੜ ਦੇਸ਼-ਭਗਤ' ਬਣਾ ਦਿੱਤਾ ਅਤੇ ਇਨਕਲਾਬੀ ਇਤਿਹਾਸ ਨੂੰ ਹਾਸ਼ੀਏ ਵਿਚ ਧੱਕ ਦਿੱਤਾ। ਇਸ ਧਿਰ ਨੇ ਪ੍ਰਚਾਰ ਸਾਧਨਾਂ ਰਾਹੀਂ ਦਿਨ ਰਾਤ ਇੱਕ ਕਰਕੇ 'ਲੇ ਦੀ ਆਜ਼ਾਦੀ ਹਮੇ ਬਿਨ ਖੜਗ ਬਿਨ ਢਾਲ, ਸਾਬਰਮਤੀ ਕੇ ਸੰਤ ਤੂ ਨੇ ਕਰ ਦੀਆਂ ਕਮਾਲ' ਵਾਲੇ ਆਪਣੇ ਇਤਿਹਾਸ ਨੂੰ ਆਉਣ ਵਾਲੀਆਂ ਨਸਲਾਂ ਦੇ ਚੇਤੇ ਦਾ ਅੰਗ ਬਣਾ ਧਰਿਆ। ਸਾਨੂੰ ਆਪਣੇ ਸ਼ਹੀਦਾਂ ਦਾ ਇਤਿਹਾਸ ਨਾ ਪੜ੍ਹਾਇਆ ਗਿਆ ਅਤੇ ਨਾ ਹੀ ਉਸ ਇਤਿਹਾਸ ਨੂੰ ਪ੍ਰਚਾਰਿਆ ਗਿਆ।

ਉਹ ਅਜਿਹਾ ਕਰਦੇ ਵੀ ਕਿਉਂ ਨਾ? ਉਹ ਤਾਂ ਹੁਣ ਤੱਕ ਨਾਮਧਾਰੀਆਂ ਵੱਲੋਂ ਪੰਜਾਬ ਵਿਚ ਸਭ ਤੋਂ ਪਹਿਲਾਂ ਸ਼ੁਰੂ ਕੀਤੀ, ਅੰਗਰੇਜ਼ੀ ਸਰਕਾਰ ਨਾਲ ਨਾਮਿਲਵਰਤਣ ਦੀ ਲਹਿਰ ਅਤੇ ਕਾਮਾਗਾਟਾ ਮਾਰੂ ਜਹਾਜ਼ ਦੇ ਸਾਕੇ ਨੂੰ ਆਜ਼ਾਦੀ ਸੰਗਰਾਮ ਦਾ ਹਿੱਸਾ ਮੰਨਣ ਲਈ ਤਿਆਰ ਨਹੀਂ ਸਨ। ਉਨ੍ਹਾਂ ਤਾਂ ਭਗਤ ਸਿੰਘ ਜਿਹੀ ਲਿਸ਼ਕਦੀ ਸ਼ਖ਼ਸੀਅਤ ਨੂੰ ਵੀ ਹੁਣ ਤੱਕ 'ਦਹਿਸ਼ਤਗਰਦ' ਜਾਂ 'ਦੇਸ਼ ਭਗਤ', 'ਪੱਗ ਵਾਲੇ' ਜਾਂ 'ਟੋਪੀ ਵਾਲੇ' ਦੀ ਬਹਿਸ ਦੇ ਧੁੰਦੂਕਾਰੇ ਵਿਚ ਫਸਾ ਰੱਖਿਆ ਹੈ। ਅੱਵਲ ਤਾਂ ਇਨਕਲਾਬੀ ਸ਼ਹੀਦ-ਸੂਰਮਿਆਂ ਨਾਲ ਸਬੰਧਤ ਯਾਦਗਾਰਾਂ ਉਸਾਰਨ ਜਾਂ ਸਾਂਭਣ ਵੱਲ ਧਿਆਨ ਹੀ ਨਹੀਂ ਦਿੱਤਾ ਤੇ ਜੇ ਕਿਧਰੇ ਕੁਝ ਸ਼ਹੀਦਾਂ ਦੀ ਲੋਕਪ੍ਰਿਅਤਾ ਨੂੰ ਆਪਣੇ ਹੱਕ ਵਿਚ ਭੁਨਾਉਣ ਲਈ ਕੋਈ ਯਾਦਗਾਰਾਂ ਬਣਾਈਆਂ ਜਾਂ ਸਾਂਭੀਆਂ ਹਨ ਤਾਂ ਉਨ੍ਹਾਂ ਦਾ ਮਹੱਤਵ ਵੀ ਸਿਰਫ਼ ਚਿੰਨ੍ਹ ਰੂਪ ਵਿਚ ਹੀ ਰਹਿ ਗਿਆ ਹੈ। ਇਨ੍ਹਾਂ ਰਾਜਨੀਤਕ ਮੰਚਾਂ 'ਤੇ ਕੁੱਕੜ-ਖੇਹ ਉਡਦੀ ਵੇਖ ਕੇ ਸ਼ਹੀਦਾਂ ਦੀ ਆਤਮਾ ਅੱਡੀਆਂ ਚੁੱਕ ਕੇ ਭੀੜ ਵਿਚ ਦੂਰ ਕਿਧਰੇ ਪਿੱਛੇ ਖਲੋਤੇ ਆਪਣੇ ਵਾਰਸਾਂ ਨੂੰ ਲੱਭਦੀ ਵਿਲਕਦੀ ਫਿਰਦੀ ਹੈ। ਇਨਕਲਾਬੀ ਇਤਿਹਾਸ ਬਾਰੇ ਸੰਵੇਦਨਾਹੀਣ ਇਨ੍ਹਾਂ ਤਾਕਤਾਂ ਵੱਲੋਂ ਹੀ ਪਿਛਲੇ ਸਮੇਂ ਵਿਚ ਜੱਲ੍ਹਿਆਂ ਵਾਲੇ ਬਾਗ਼ ਦੇ ਇਤਿਹਾਸਕ ਮਹੱਤਤਾ ਵਾਲੇ ਸਰੂਪ ਨੂੰ ਤਬਾਹ ਕਰਕੇ ਤੇ ਉਸ ਦੀ ਇਤਿਹਾਸਕ ਖੁਸ਼ਬੂ ਨੂੰ ਖ਼ਤਮ ਕਰਕੇ ਸਾਧਾਰਨ ਸੈਰਗਾਹ ਵਿਚ ਤਬਦੀਲ ਕਰਨ ਦੀ ਕਾਰਵਾਈ ਕੀਤੀ ਗਈ, ਜਿਸ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੀ ਅਗਵਾਈ ਵਿਚ ਲੜੇ ਘੋਲ ਕਾਰਨ ਠੱਲ੍ਹ ਪਈ। ਸ਼ਹੀਦ ਮਦਨ ਲਾਲ ਢੀਂਗਰਾ ਦੇ ਜੱਦੀ ਮਕਾਨ ਨੂੰ ਸ਼ਹੀਦੀ-ਵਿਰਾਸਤ ਵਜੋਂ ਸਾਂਭਣ ਦੀ ਥਾਂ ਢਾਹੁਣਾ ਵੀ ਉਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਨੂੰ ਘੱਟੇ ਕੌਡੀ ਰੋਲਣ ਦਾ ਕਾਰਾ ਹੀ ਆਖਿਆ ਜਾ ਸਕਦਾ ਹੈ। ਅਜਿਹੀਆਂ ਦਰਜਨਾਂ ਮਿਸਾਲਾਂ ਹਨ, ਕਿਸ ਕਿਸ ਦਾ ਜ਼ਿਕਰ ਕਰੀਏ?

ਇਹ ਭਾਣਾ ਸਿਰਫ਼ ਪੰਜਾਬ ਦੇ ਇਤਿਹਾਸ ਨਾਲ ਹੀ ਨਹੀਂ ਵਾਪਰਿਆ, ਦੇਸ਼ ਦੇ ਦੂਜੇ ਭਾਗਾਂ ਵਿਚ ਵੀ ਇਨਕਲਾਬੀ ਇਤਿਹਾਸ ਦਾ ਅਜਿਹਾ ਹੀ ਹਸ਼ਰ ਹੋਇਆ ਹੈ। ਇਸ ਦੀ ਇਕ ਮਿਸਾਲ ਦੇਣੀ ਹੀ ਕਾਫ਼ੀ ਹੋਵੇਗੀ। ਭਾਰਤ ਵਿਚ ਉਠੀਆਂ ਇਨਕਲਾਬੀ ਲਹਿਰਾਂ ਵਿਚ ਬੰਗਾਲ ਦੇ ਬੇਮਿਸਾਲ ਯੋਗਦਾਨ ਬਾਰੇ ਅਸੀਂ ਸਾਰੇ ਜਾਣਦੇ ਹਾਂ, ਪਰ ਪੰਜਾਬੀ ਪਾਠਕਾਂ ਲਈ ਇਹ ਤੱਥ ਹੈਰਾਨ ਤੇ ਪਰੇਸ਼ਾਨ ਕਰਨ ਵਾਲਾ ਹੋਵੇਗਾ ਕਿ ਬੰਗਾਲ ਦੇ ਇਨਕਲਾਬੀ ਇਤਿਹਾਸ ਤੇ ਇਨਕਲਾਬੀਆਂ ਦੀਆਂ ਯਾਦਗਾਰਾਂ ਸਾਂਭਣ-ਸੰਭਾਲਣ ਦਾ ਕੰਮ ਪੰਜਾਬ ਨਾਲੋਂ ਵੀ ਗਿਆ ਗੁਜ਼ਰਿਆ ਹੈ। ਇਨਕਲਾਬੀ ਲਹਿਰਾਂ ਦੇ ਇਤਿਹਾਸ ਦੇ ਖੋਜੀ ਬੰਗਾਲੀ ਸੱਜਣ ਕੌਸ਼ਿਕ ਬੈਨਰਜੀ ਜੋ ਪਿਛਲੇ ਦਿਨੀਂ ਇਤਿਹਾਸ ਦੀ ਖੋਜ ਦੇ ਸਿਲਸਿਲੇ ਵਿਚ ਦੇਸ਼ ਭਗਤ ਯਾਦਗਾਰ ਕੇਂਦਰ ਜਲੰਧਰ ਆਏ ਹੋਏ ਸਨ, ਤੋਂ ਇਸ ਹਕੀਕਤ ਦਾ ਪਤਾ ਲੱਗਿਆ ਕਿ ਰਾਸ ਬਿਹਾਰੀ ਬੋਸ ਤੇ ਸਚਿੰਦਰ ਨਾਥ ਸਾਨਿਆਲ ਵਰਗੇ ਪ੍ਰਸਿੱਧ ਬੰਗਾਲੀ ਇਨਕਲਾਬੀਆਂ ਬਾਰੇ ਬੰਗਾਲੀ ਵਿਚ ਕੋਈ ਜੀਵਨੀ ਲਿਖੀ ਪ੍ਰਾਪਤ ਨਹੀਂ ਹੁੰਦੀ। ਉਨ੍ਹਾਂ ਦਾ ਬੰਗਾਲੀ ਵਿਚ ਜੇ ਕਿਧਰੇ ਜ਼ਿਕਰ-ਜ਼ਕਾਰ ਹੈ ਵੀ ਤਾਂ ਵੱਖ-ਵੱਖ ਲਿਖਤਾਂ ਵਿਚ ਕਿਤੇ-ਕਿਤੇ ਤੇ ਬਹੁਤ ਹੀ ਅਲਪ ਮਾਤਰਾ ਵਿਚ ਹੈ। ਹੈਰਾਨੀ ਤਾਂ ਇਸ ਗੱਲ ਦੀ ਵੀ ਹੋਈ ਕਿ ਸਾਨਿਆਲ ਦੀ ਬਹੁ-ਚਰਚਿਤ ਇਤਿਹਾਸਕ ਪੁਸਤਕ 'ਬੰਦੀ ਜੀਵਨ' ਵੀ ਅੱਜਕੱਲ੍ਹ ਬੰਗਾਲੀ ਭਾਸ਼ਾ ਵਿਚ ਉਪਲਬਧ ਨਹੀਂ। ਇਸ ਇਤਿਹਾਸ ਦੀ ਖੋਜ ਕਰਨ ਵਾਲਿਆਂ ਨੂੰ ਇਨ੍ਹਾਂ ਦੋਵਾਂ ਤੇ ਹੋਰ ਬੰਗਾਲੀ ਇਨਕਲਾਬੀ ਕਾਰਕੁਨਾਂ ਬਾਰੇ ਜਾਣਕਾਰੀ ਵੀ ਬਹੁਤਾ ਕਰਕੇ ਉਸ ਦੌਰ ਬਾਰੇ ਪੰਜਾਬ ਵਿਚ ਲਿਖੀਆਂ ਗਈਆਂ ਇਤਿਹਾਸਕ ਪੁਸਤਕਾਂ ਤੋਂ ਹੀ ਮਿਲਦੀ ਹੈ। ਇਹ ਵੀ ਇਤਿਹਾਸ ਦੀ ਵਿਡੰਬਨਾ ਹੈ ਕਿ ਕਦੀ ਬੰਗਾਲੀ ਇਨਕਲਾਬੀਆਂ ਤੋਂ ਲਿਖਤੀ ਤੇ ਅਮਲੀ ਅਗਵਾਈ ਲੈਣ ਲਈ ਪੰਜਾਬ ਦੇ ਇਨਕਲਾਬੀਆਂ ਨੇ ਬੰਗਾਲ ਦੇ ਇਨਕਲਾਬੀਆਂ ਤੇ ਬੁੱਧੀਮਾਨਾਂ ਤੱਕ ਪਹੁੰਚ ਕੀਤੀ ਸੀ ਅਤੇ ਅੱਜ ਬੰਗਾਲ ਦੇ ਖੋਜੀਆਂ ਵੱਲੋਂ ਆਪਣੇ ਇਨਕਲਾਬੀ ਨਾਇਕਾਂ ਦੇ ਇਤਿਹਾਸ ਤੇ ਪ੍ਰਾਪਤੀਆਂ ਨੂੰ ਜਾਣਨ ਤੇ ਖੋਜਣ ਲਈ ਪੰਜਾਬ ਦਾ ਰੁਖ਼ ਕੀਤਾ ਜਾ ਰਿਹਾ ਹੈ। ਕੁਝ ਵੀ ਹੋਵੇ, ਇਹ ਗੱਲ ਹੈ ਬੜੀ ਦੁਖਦਾਈ ਤੇ ਚਿੰਤਾ ਵਾਲੀ ਕਿ ਬੰਗਾਲ ਵਰਗੇ ਸੂਬੇ ਵਿਚ ਵੀ ਇਨਕਲਾਬੀ ਇਤਿਹਾਸ ਨਾਲ ਅਜਿਹਾ ਸਲੂਕ ਹੋਇਆ ਹੈ ਜਦ ਕਿ ਉਥੇ ਇੰਨਾ ਲੰਮਾ ਸਮਾਂ ਹਕੂਮਤ ਵੀ ਕਮਿਊਨਿਸਟਾਂ ਦੀ ਰਹੀ ਹੈ।

ਸ਼ਹੀਦਾਂ ਦੀਆਂ ਯਾਦਗਾਰਾਂ ਸੰਭਾਲਣ ਬਾਰੇ ਇੱਕ ਹੀ ਵੇਰਵਾ ਕਾਫ਼ੀ ਹੋਵੇਗਾ। ਸ਼ਹੀਦ ਭਗਤ ਸਿੰਘ ਦੇ ਯੁੱਧ-ਸਾਥੀ ਤੇ ਅਸੈਂਬਲੀ ਵਿਚ ਬੰਬ ਸੁੱਟਣ ਦੀ ਇਤਿਹਾਸਕ ਘਟਨਾ ਵਿਚ ਭਗਤ ਸਿੰਘ ਨਾਲ ਸ਼ਾਮਲ ਸਾਥੀ ਬੀ.ਕੇ. ਦੱਤ ਦੇ ਪਿੰਡ ਵਿਚ ਅਜੇ ਤੱਕ ਉਸ ਦੀ ਯਾਦਗਾਰ ਨਹੀਂ ਬਣਾਈ ਗਈ। ਦੱਤ ਦੇ ਪ੍ਰਸ਼ੰਸਕਾਂ ਦੇ ਲਗਾਤਾਰ ਦਬਾਓ ਪਾਉਣ 'ਤੇ ਕਮਿਊਨਿਸਟ ਸਰਕਾਰ ਨੇ ਦੱਤ ਦੇ ਨਿਵਾਸ ਅਸਥਾਨ ਨੂੰ ਇਤਿਹਾਸਕ ਯਾਦਗਾਰ ਬਣਾਉਣ ਦਾ ਕਾਗਜ਼ੀ ਫ਼ੈਸਲਾ ਤਾਂ ਦਸ ਸਾਲ ਪਹਿਲਾਂ ਕਰ ਦਿੱਤਾ, ਪਰ ਇਸ 'ਤੇ ਅਮਲ-ਦਰਾਮਦ ਅੱਜ ਤੱਕ ਨਹੀਂ ਹੋ ਸਕਿਆ। ਯਾਦਗਾਰ ਬਣਾਉਣ ਲਈ ਵਿਧੀਵਤ ਸਰਕਾਰੀ ਮਨਜ਼ੂਰੀ ਲੈਣ ਵਾਲੀ ਫ਼ਾਈਲ ਸਰਕਾਰੀ ਦਫ਼ਤਰਾਂ ਵਿਚ ਪਿਛਲੇ ਦਸ ਸਾਲਾਂ ਤੋਂ ਰੁਲ ਰਹੀ ਹੈ।

ਅੰਗਰੇਜ਼ ਸਰਕਾਰ ਨੇ ਆਪਣੇ ਪ੍ਰਚਾਰ ਰਾਹੀਂ ਲੋਕ-ਮਨਾਂ ਵਿਚ ਗ਼ਦਰੀਆਂ ਨੂੰ ਚੋਰ, ਡਾਕੂ ਤੇ ਹਿੰਸਕ ਬਿਰਤੀ ਵਾਲੇ ਦੱਸ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸੀਂ ਜਾਣਦੇ ਹਾਂ ਕਿ ਗ਼ਦਰ ਲਹਿਰ ਕਾਤਲਾਂ, ਡਾਕੂਆਂ ਤੇ ਲੁਟੇਰਿਆਂ ਦੀ ਲਹਿਰ ਨਹੀਂ ਸੀ। ਇਹ ਤਾਂ ਆਪਣੇ ਲੋਕਾਂ ਲਈ ਖ਼ੁਦ ਲੁੱਟੇ ਜਾਣ ਵਾਲੇ ਤੇ ਉਨ੍ਹਾਂ ਦੇ ਭਲੇ ਲਈ ਮੌਕਾ ਆਉਣ 'ਤੇ ਖ਼ੁਦ ਕਤਲ ਤੇ ਕੁਰਬਾਨ ਹੋ ਜਾਣ ਲਈ ਤਿਆਰ ਰਹਿਣ ਵਾਲੇ ਲੋਕਾਂ ਦੀ ਲਹਿਰ ਸੀ। 'ਗ਼ਦਰ' ਅਖ਼ਬਾਰ ਦੇ ਪਹਿਲੇ ਪੰਨੇ ਉਤੇ ਬਣਾਏ ਚਿੰਨ੍ਹਾਂ ਨੂੰ ਧਿਆਨ ਨਾਲ ਵੇਖਣ ਦੀ ਜ਼ਰੂਰਤ ਹੈ। ਉਥੇ ਦੋ ਤਲਵਾਰਾਂ ਦੇ ਨਾਲ ਫੁੱਲ ਵੀ ਛਪਿਆ ਹੁੰਦਾ ਸੀ, ਜਿਹੜਾ ਇਸ ਗੱਲ ਦਾ ਸੂਚਕ ਸੀ ਕਿ ਉਹ ਇਨਕਲਾਬੀ ਆਪਣੇ ਲੋਕਾਂ ਲਈ ਫੁੱਲਾਂ ਦੀ ਖ਼ੁਸ਼ਬੂ ਵਰਗਾ ਖ਼ੁਸ਼ੀਆਂ ਖੇੜਿਆਂ ਦਾ ਰਾਜ ਲਿਆਉਣ ਲਈ ਹੀ ਤਲਵਾਰਾਂ ਜਾਂ ਸ਼ਸਤਰ ਫੜ ਕੇ ਜੂਝਣ ਨਿਕਲੇ ਹਨ। ਆਪਣੇ ਲੋਕਾਂ ਲਈ ਮਹਿਕਾਂ ਭਰਿਆ, ਖੁਸ਼ੀਆਂ-ਖੇੜਿਆਂ ਵਾਲਾ ਫੁੱਲਾਂ ਵਰਗਾ ਜੀਵਨ ਲਿਆਉਣ ਦੇ ਅਭਿਲਾਖੀ ਇਹ ਸਿਰੜੀ-ਸੂਰਮੇ ਸਾਰੀ ਉਮਰ ਆਪ ਅੰਗਿਆਰਾਂ 'ਤੇ ਤੁਰਦੇ ਰਹੇ, ਆਪਣੇ ਪਰਿਵਾਰਾਂ ਨੂੰ ਅਸੁਰੱਖਿਆ ਦੀ ਬਲਦੀ ਅੱਗ ਵਿਚ ਸੁੱਟ ਕੇ ਆਪਣੇ ਸੀਨਿਆਂ ਨਾਲ ਅੰਗਿਆਰਾਂ ਨੂੰ ਘੁੱਟਦੇ ਰਹੇ ਤਾਂ ਕਿ ਸਾਡੇ ਸੀਨਿਆਂ ਵਿਚ ਠੰਢ ਪੈ ਸਕੇ।

ਅਸੀਂ ਅਕਸਰ ਗੱਲ ਕਰਦੇ ਰਹਿੰਦੇ ਹਾਂ ਕਿ ਮਹਾਨ ਪੰਜਾਬੀ ਲੋਕ ਇਤਿਹਾਸ ਦੇ ਸਿਰਜਕ ਤਾਂ ਹਨ, ਪਰ ਇਸ ਨੂੰ ਲਿਖਣ ਤੇ ਸਾਂਭਣ ਵੱਲੋਂ ਇਕ ਹੱਦ ਤੱਕ ਲਾਪ੍ਰਵਾਹ ਹੀ ਰਹੇ ਹਨ। ਗ਼ਦਰ ਪਾਰਟੀ ਦੇ ਇਤਿਹਾਸ ਨਾਲ ਵੀ ਇਹੋ ਭਾਣਾ ਵਾਪਰਿਆ ਹੈ। ਅੰਡਰਗਰਾਊਂਡ ਵਿਚਰ ਰਹੀਆਂ ਲਹਿਰਾਂ ਦੀ ਇਕ ਸੀਮਾ ਇਹ ਹੁੰਦੀ ਹੈ ਕਿ ਪੁਲਿਸ ਦੇ ਹੱਥ ਆ ਜਾਣ ਦੇ ਡਰੋਂ ਇਸ ਦੇ ਕੰਮਾਂ ਜਾਂ ਵੇਰਵਿਆਂ ਦਾ ਲਿਖਤੀ ਰਿਕਾਰਡ ਰੱਖਣਾ ਸੰਭਵ ਨਹੀਂ ਹੁੰਦਾ। ਕੋਈ ਦਸਤਾਵੇਜ਼ੀ ਸਬੂਤ ਨਾ ਹੋਣ ਦੀ ਸੂਰਤ ਵਿਚ ਪਿੱਛੋਂ ਇਤਿਹਾਸ ਲਿਖਣ ਵਾਲੇ ਪ੍ਰਮਾਣਿਕ ਸਮਗਰੀ ਦੀ ਘਾਟ ਨੂੰ ਬਚ ਗਏ ਇਨਕਲਾਬੀਆਂ ਨਾਲ ਮੇਲ-ਮੁਲਾਕਾਤਾਂ ਰਾਹੀਂ ਪੂਰਾ ਕਰਨ ਦਾ ਯਤਨ ਕਰਦੇ ਹਨ। ਸਾਡੇ ਕੁਝ ਇਤਿਹਾਸਕਾਰਾਂ ਨੇ ਉਨ੍ਹਾਂ ਗ਼ਦਰੀ ਬਾਬਿਆਂ ਕੋਲੋਂ, ਜਿਹੜੇ ਲੰਮੀਆਂ ਕੈਦਾਂ ਭੋਗਣ ਉਪਰੰਤ ਦੇਰ ਤੱਕ ਜਿਉਂਦੇ ਰਹੇ, ਪੁੱਛ-ਗਿੱਛ ਕਰਕੇ ਇਸ ਇਤਿਹਾਸ ਦਾ ਖ਼ਾਕਾ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਯਾਦਦਾਸ਼ਤ ਦੇ ਆਧਾਰ 'ਤੇ ਦਿੱਤੀ ਜਾਣਕਾਰੀ ਵਿਚ ਬਹੁਤ ਸਾਰੇ ਤੱਥਾਤਮਕ ਖੱਪੇ ਰਹਿ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਦਾ ਪ੍ਰਮਾਣ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਲਿਖੀ ਇਕ ਚਿੱਠੀ ਤੋਂ ਭਲੀ-ਭਾਂਤ ਮਿਲ ਜਾਂਦਾ ਹੈ। ਜਦੋਂ ਗੁਰਚਰਨ ਸਿੰਘ ਸਹਿੰਸਰਾ 'ਦੇਸ਼ ਭਗਤ ਯਾਦਗਾਰ ਕਮੇਟੀ' ਦੀ ਅਗਵਾਈ ਵਿਚ 'ਗ਼ਦਰ ਪਾਰਟੀ ਦਾ ਇਤਿਹਾਸ' ਲਿਖਣ ਲਈ ਮਸਾਲਾ ਇਕੱਠਾ ਕਰ ਰਿਹਾ ਸੀ ਤਾਂ ਉਸ ਨੇ ਗ਼ਦਰ ਪਾਰਟੀ ਦੀ ਸਥਾਪਨਾ ਤੇ 'ਗ਼ਦਰ' ਅਖ਼ਬਾਰ ਦੀ ਪ੍ਰਕਾਸ਼ਨਾ ਨਾਲ ਮੁੱਢੋਂ ਜੁੜੇ ਰਹੇ ਪ੍ਰਸਿੱਧ ਗ਼ਦਰੀ ਦੇਸ਼ ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਚਿੱਠੀਆਂ ਲਿਖ ਕੇ ਉਸ ਦੌਰ ਦੀਆਂ ਯਾਦਾਂ ਨੂੰ ਕਲਮਬੰਦ ਕਰਕੇ ਭੇਜਣ ਦੀ ਬੇਨਤੀ ਕੀਤੀ। ਬਾਬਾ ਹਰਨਾਮ ਸਿੰਘ

*ਅੰਗਰੇਜ਼ ਸਰਕਾਰ ਨੇ ਆਪਣੇ ਪ੍ਰਚਾਰ ਰਾਹੀਂ ਲੋਕ-ਮਨਾਂ ਵਿਚ ਗ਼ਦਰੀਆਂ ਨੂੰ ਚੋਰ, ਡਾਕੂ ਤੇ ਹਿੰਸਕ ਬਿਰਤੀ ਵਾਲੇ ਦੱਸ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸੀਂ ਜਾਣਦੇ ਹਾਂ ਕਿ ਗ਼ਦਰ ਲਹਿਰ ਕਾਤਲਾਂ, ਡਾਕੂਆਂ ਤੇ ਲੁਟੇਰਿਆਂ ਦੀ ਲਹਿਰ ਨਹੀਂ ਸੀ। ਇਹ ਤਾਂ ਆਪਣੇ ਲੋਕਾਂ ਲਈ ਖ਼ੁਦ ਲੁੱਟੇ ਜਾਣ ਵਾਲੇ ਤੇ ਉਨ੍ਹਾਂ ਦੇ ਭਲੇ ਲਈ ਮੌਕਾ ਆਉਣ 'ਤੇ ਖ਼ੁਦ ਕਤਲ ਤੇ ਕੁਰਬਾਨ ਹੋ ਜਾਣ ਲਈ ਤਿਆਰ ਰਹਿਣ ਵਾਲੇ ਲੋਕਾਂ ਦੀ ਲਹਿਰ ਸੀ। 'ਗ਼ਦਰ' ਅਖ਼ਬਾਰ ਦੇ ਪਹਿਲੇ ਪੰਨੇ ਉਤੇ ਬਣਾਏ ਚਿੰਨ੍ਹਾਂ ਨੂੰ ਧਿਆਨ ਨਾਲ ਵੇਖਣ ਦੀ ਜ਼ਰੂਰਤ ਹੈ। ਉਥੇ ਦੋ ਤਲਵਾਰਾਂ ਦੇ ਨਾਲ ਫੁੱਲ ਵੀ ਛਪਿਆ ਹੁੰਦਾ ਸੀ, ਜਿਹੜਾ ਇਸ ਗੱਲ ਦਾ ਸੂਚਕ ਸੀ ਕਿ ਉਹ ਇਨਕਲਾਬੀ ਆਪਣੇ ਲੋਕਾਂ ਲਈ ਫੁੱਲਾਂ ਦੀ ਖ਼ੁਸ਼ਬੂ ਵਰਗਾ ਖ਼ੁਸ਼ੀਆਂ ਖੇੜਿਆਂ ਦਾ ਰਾਜ ਲਿਆਉਣ ਲਈ ਹੀ ਤਲਵਾਰਾਂ ਜਾਂ ਸ਼ਸਤਰ ਫੜ ਕੇ ਜੂਝਣ ਨਿਕਲੇ ਹਨ। ਆਪਣੇ ਲੋਕਾਂ ਲਈ ਮਹਿਕਾਂ ਭਰਿਆ, ਖੁਸ਼ੀਆਂ-ਖੇੜਿਆਂ ਵਾਲਾ ਫੁੱਲਾਂ ਵਰਗਾ ਜੀਵਨ ਲਿਆਉਣ ਦੇ ਅਭਿਲਾਖੀ ਇਹ ਸਿਰੜੀ-ਸੂਰਮੇ ਸਾਰੀ ਉਮਰ ਆਪ ਅੰਗਿਆਰਾਂ 'ਤੇ ਤੁਰਦੇ ਰਹੇ। ਆਪ ਆਪਣੇ ਪਰਿਵਾਰਾਂ ਨੂੰ ਅਸੁਰੱਖਿਆ ਦੀ ਬਲਦੀ ਅੱਗ ਵਿਚ ਸੁੱਟ ਕੇ ਆਪਣੇ ਸੀਨਿਆਂ ਨਾਲ ਅੰਗਿਆਰਾਂ ਨੂੰ ਘੁੱਟਦੇ ਰਹੇ ਤਾਂ ਕਿ ਸਾਡੇ ਸੀਨਿਆਂ ਵਿਚ ਠੰਢ ਪੈ ਸਕੇ।*



*ਸੈਨ ਫਰਾਂਸਿਸਕੋ (ਅਮਰੀਕਾ) ਵਿਚ 436 ਹਾਲ ਸਟ੍ਰੀਟ 'ਤੇ ਬਣਿਆ ਯੁਗਾਂਤਰ ਆਸ਼ਰਮ ਜਿੱਥੋਂ 1913 ਵਿਚ ਗ਼ਦਰੀਆਂ ਨੇ ਆਪਣੀਆਂ ਪਲੇਠੀਆਂ ਸਰਗਰਮੀਆਂ ਸ਼ੁਰੂ ਕੀਤੀਆਂ ਸਨ। ਇਹ ਫੋਟੋ 1951 ਵਿਚ ਟੀ.ਐਸ. ਸਿਬੀਆ ਨੇ ਖਿੱਚੀ ਸੀ।*

(ਬਾਕੀ ਅਗਲੇ ਸਫੇ 'ਤੇ)

# ਗਦਰ ਲਹਿਰ ਦਾ ਚੌਮੁਖੀਆ ਚਿਰਾਗ ਕਰਤਾਰ ਸਿੰਘ ਸਰਾਭਾ

ਟੁੰਡੀਲਾਟ ਨੇ ਜਵਾਬ ਵਿਚ ਲਿਖਿਆ ਸੀ, "ਮੁਝੇ ਕਿਸੇ ਭੀ ਨਏ ਪੁਰਾਨੇ ਸਾਥੀ ਕੀ ਇਮਦਾਦ ਸੇ ਅਖ਼ਬਾਰ 'ਗ਼ਦਰ' ਕੇ ਜਾਰੀ ਹੋਨੇ ਕੀ ਤਾਰੀਖ਼ ਕੇ ਬਾਰੇ ਮੇਂ ਕੋਈ ਸਹਾਇਤਾ ਨਹੀਂ ਮਿਲ ਸਕੀ। ਦੋ ਤੀਨ ਪੁਰਾਨੇ ਸਾਥੀਓਂ ਸੇ ਪੂਛਾ ਗਇਆ। ਉਨਕੀ ਯਾਦਦਾਸ਼ਤ ਸਿਫਰ ਸੇ ਭੀ ਨੀਚੇ ਚਲੀ ਗਈ ਹੈ। ਅਪਨੀ ਏਕ ਲਿਖੀ ਹੁਈ ਕਾਪੀ ਕਾਗ਼ਜ਼ਾਤ ਮੇਂ ਦਬੀ ਪੜੀ ਦੇਖਨੇ ਕੋ ਮਿਲ ਗਈ। ਇਸ ਸੇ ਇਸ ਬਾਤ ਕੀ ਸਹੀ ਰੌਸ਼ਨੀ ਪੜੀ।"

ਚੇਤੇ ਦੀ ਘਾਟ ਤੋਂ ਇਲਾਵਾ ਦਿੱਤੀ ਜਾਣਕਾਰੀ ਵਿਚ ਅੰਤਰਮੁਖਤਾ ਦਾ ਦਖ਼ਲ ਵੀ ਇਤਿਹਾਸ ਲਿਖਣ ਲਈ ਲੋੜੀਂਦੀ ਵਿੱਥ-ਸੋਝੀ ਦੇ ਰਾਹ ਦਾ ਰੋੜਾ ਬਣ ਖਲੋਂਦਾ ਹੈ। ਖ਼ੁਦ ਇਨ੍ਹਾਂ ਬਾਬਿਆਂ ਨੇ ਆਪਣੇ ਕੰਮਾਂ ਤੇ ਸਾਥੀਆਂ ਦੀਆਂ ਕੁਰਬਾਨੀਆਂ ਨਾਲ ਸਬੰਧਤ ਇਤਿਹਾਸ ਨੂੰ ਲਿਖਤੀ ਰੂਪ ਵਿਚ ਸਾਂਭਣ ਦਾ ਘੱਟ ਹੀ ਉਦਮ ਕੀਤਾ ਹੈ। ਇਤਿਹਾਸ ਲਿਖਣ ਤੇ ਸਾਂਭਣ ਵਾਲੀ ਇਤਿਹਾਸਕ ਦ੍ਰਿਸ਼ਟੀ ਤੋਂ ਉਹ ਬਹੁਤ ਹੱਦ ਤੱਕ ਅਣਜਾਣ ਸਨ। ਉਂਜ ਵੀ ਉਹ ਸੁਭਾਅ ਦੇ ਨਿਰਮਾਣ ਸਨ। ਆਪਣੇ ਕੀਤੇ ਦਾ ਵਿਖਾਲਾ ਨਾ ਪਾਉਣ ਦੀ ਉਨ੍ਹਾਂ ਦੇ ਸੁਭਾਅ ਵਿਚਲੀ ਨਿਰਮਾਣਤਾ ਵੀ ਉਨ੍ਹਾਂ ਨੂੰ ਆਪਣੇ ਬਾਰੇ ਲਿਖਣ ਤੋਂ ਰੋਕਦੀ ਸੀ। ਇਨ੍ਹਾਂ ਵਿਚੋਂ ਬਹੁਤੇ ਪੜ੍ਹੇ-ਲਿਖੇ ਨਾ ਹੋਣ ਕਰਕੇ ਆਪਣੀਆਂ ਇਤਿਹਾਸਕ ਯਾਦਾਂ ਨੂੰ ਲਿਖਣ ਤੋਂ ਅਸਮਰੱਥ ਸਨ। ਉਸ ਵੇਲੇ ਅਜੇ ਵੱਡੇ ਪੱਧਰ 'ਤੇ ਪੰਜਾਬੀ ਵਿਚ ਨੁੱਕਦਾਰ ਵਾਰਤਕ ਲਿਖੇ ਜਾਣ ਦਾ ਪ੍ਰਚਲਨ ਵੀ ਨਹੀਂ ਸੀ ਹੋਇਆ। ਸ਼ਹਿਰੀ ਮੱਧ-ਸ਼੍ਰੇਣੀ ਤਾਂ ਠੀਕ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਕੁਝ ਹੱਦ ਤੱਕ ਵਾਰਤਕ ਲਿਖਣ ਲੱਗੀ ਸੀ ਪਰ ਪੰਜਾਬ ਦਾ ਪਿੰਡ ਅਜੇ ਕਿੱਸਿਆਂ-ਕਹਾਣੀਆਂ ਦੀ ਪਰੰਪਰਾ ਵਿਚੋਂ ਬਾਹਰ ਨਹੀਂ ਸੀ ਨਿਕਲ ਸਕਿਆ। ਗ਼ਦਰ ਪਾਰਟੀ ਦੇ ਆਗੂ ਤੇ ਕਾਰਕੁਨ ਬਹੁਤਾ ਕਰਕੇ ਪੰਜਾਬ ਦੇ ਪਿੰਡ ਨਾਲ ਹੀ ਸਬੰਧਤ ਸਨ। ਇਹੋ ਕਾਰਨ ਹੈ ਕਿ ਇਨ੍ਹਾਂ ਗ਼ਦਰੀ ਬਾਬਿਆਂ ਵਿਚੋਂ ਜਿਨ੍ਹਾਂ ਨੇ ਆਪਣੀਆਂ ਯਾਦਾਂ ਲਿਖਣ ਦੀ ਕੋਸ਼ਿਸ਼ ਕੀਤੀ ਵੀ, ਉਨ੍ਹਾਂ ਨੇ ਬਹੁਤੀ ਵਾਰ ਕਵਿਤਾ ਦਾ ਆਸਰਾ ਹੀ ਲਿਆ। ਇਸ ਪ੍ਰਸੰਗ 'ਚ ਬਾਬਾ ਵਸਾਖਾ ਸਿੰਘ ਦਦੇਹਰ ਅਤੇ ਸੱਜਣ ਸਿੰਘ ਨਾਰੰਗਵਾਲ ਦੇ ਲਿਖੇ ਕਾਵਿਕ-ਇਤਿਹਾਸ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਹੱਥਲੀ ਪੁਸਤਕ ਵਿਚ ਬਾਬਾ ਹਰਨਾਮ ਸਿੰਘ ਚਮਿੰਡਾ ਵੱਲੋਂ ਲਿਖੇ ਬਿਰਤਾਂਤ ਵਿਚ ਉਹ ਵਾਰ-ਵਾਰ ਆਪਣੀ ਗੱਲ ਨੂੰ ਖ਼ਾਸ ਘਟਨਾਵੀ ਮੁਕਾਮ 'ਤੇ ਪਹੁੰਚਾ ਕੇ ਕਾਵਿ ਟੁਕੜਿਆਂ ਦੀ ਮਦਦ ਨਾਲ ਸਿਖ਼ਰਲਾ ਤੋੜਾ ਝਾੜਦਾ ਨਜ਼ਰ ਆਉਂਦਾ ਹੈ। ਇਹ ਠੀਕ ਹੈ ਕਿ ਇਹ ਗ਼ਦਰੀ ਬਾਬੇ ਜਿਉਂਦਾ-ਜਾਗਦਾ ਸਾਹ ਲੈਂਦਾ ਇਤਿਹਾਸ ਸਨ ਪਰ ਇਹ ਆਪਣੀਆਂ ਹਿੱਕਾਂ ਅੰਦਰ ਦੱਬੇ ਇਤਿਹਾਸ ਨੂੰ ਕਿਵੇਂ ਲਿਖਦੇ ਜਾਂ ਦੱਸਦੇ ਜਦੋਂ ਕਿ ਉਨ੍ਹਾਂ ਨੂੰ ਖ਼ੁਦ ਸਾਹ ਲੈਂਦੇ ਰਹਿਣ ਲਈ ਡਾਢੀਆਂ ਔਖੀਆਂ ਘਾਟੀਆਂ ਵਿਚੋਂ ਲੰਘਣਾ ਪੈ ਰਿਹਾ ਸੀ। ਹਾਲਾਤ ਦੀ ਸਿਤਮ-ਜ਼ਰੀਫ਼ੀ ਤਾਂ ਇਹ ਹੈ ਕਿ ਦੇਸ਼ 'ਅਜ਼ਾਦ' ਹੋਣ ਪਿੱਛੋਂ ਉਨ੍ਹਾਂ ਵਿਚੋਂ ਬਹੁਤਿਆਂ ਦੀ ਆਰਥਿਕ ਹਾਲਤ ਅਜਿਹੀ ਬਣੀ ਰਹੀ ਕਿ ਉਨ੍ਹਾਂ ਨੂੰ ਦੋ ਡੰਗ ਦੀ ਰੋਟੀ ਦਾ ਧੰਦਾ ਸਾਰਨ ਲਈ ਵੀ ਡਾਢਾ ਔਖਾ ਹੋਣਾ ਪਿਆ। ਬਾਬਾ ਹਰਨਾਮ ਸਿੰਘ ਟੁੰਡੀਲਾਟ ਵੱਲੋਂ ਕਾਮਰੇਡ ਸਹਿਸਰਾ ਨੂੰ ਲਿਖੀਆਂ ਚਿੱਠੀਆਂ ਵਿਚੋਂ ਮੈਨੂੰ ਬਾਬਾ ਜੀ ਦੀ ਉਹ ਚਿੱਠੀ ਪੜ੍ਹ ਕੇ ਨਿਹਾਇਤ ਦੁੱਖ ਅਤੇ ਸ਼ਰਮਿੰਦਗੀ ਦਾ ਅਹਿਸਾਸ ਹੋਇਆ ਜਿਸ ਵਿਚ ਉਨ੍ਹਾਂ ਨੇ ਲਿਖਿਆ ਸੀ, "ਕਈ ਮਹੀਨੇ ਹੂਏ ਮੈਨੇ ਆਪਕੋ ਏਕ ਖ਼ਤ ਕੇ ਜਵਾਬ ਮੇਂ ਲਿਖਾ ਥਾ ਕਿ ਅਖ਼ਬਾਰ 'ਗ਼ਦਰ' ਕਾ ਪਹਿਲਾ ਪਰਚਾ ਛਾਇਆ ਹੋਨੇ ਕੀ ਤਾਰੀਖ਼ ਕਾ ਅਸਲੀ ਪਤਾ, ਕੁਛ ਔਰ ਸਬੂਤ ਦਰਿਆਫ਼ਤ ਕਰਕੇ ਬਤਲਾਊਂਗਾ। ਮਗਰ ਮਾਹ ਅਪ੍ਰੈਲ ਸੇ ਹੀ ਰੋਟੀ ਵਗ਼ੈਰਾ ਕੀ ਤੰਗੀ ਹੋਨੇ ਸੇ ਮੇਰੀ ਜਿਸਮਾਨੀ ਸਿਹਤ ਪਰ ਭੀ ਇਸਕਾ ਅਸਰ ਹੂਆ ਹੈ। ਇਸਕੇ ਸਾਥ ਪ੍ਰੇਸ਼ਾਨੀ ਜਾਂ ਚਿੰਤਾ ਫ਼ਿਕਰ ਕਾ ਦਬਾਓ ਹੋਨਾ ਭੀ ਜ਼ਰੂਰੀ ਥਾ। ਇਨ ਹਾਲਾਤ ਮੇਂ, ਮੈਂ ਉਪਰ ਵਾਲੀ ਬਾਤ ਕਾ ਜਵਾਬ ਦੇਨੇ ਕੇ ਕਾਬਲ ਨਹੀਂ ਹੋ ਸਕਾ।"

ਆਜ਼ਾਦੀ ਲਈ ਆਪਾ ਵਾਰਨ ਤੇ ਜ਼ਿੰਦਗੀ ਦੇ ਸੁਖ-ਚੈਨ ਨਿਛਾਵਰ ਕਰਨ ਵਾਲੇ ਬਾਬਾ ਟੁੰਡੀਲਾਟ ਵਰਗਿਆਂ ਦੀ ਅਜਿਹੀ ਹਾਲਤ, ਪ੍ਰਾਪਤ ਆਜ਼ਾਦੀ ਦੇ ਖੋਖਲੇਪਨ ਦਾ ਉਛਾੜ ਤਾਂ ਪਾੜਦੀ ਹੀ ਹੈ, ਨਾਲ ਇਹ ਵੀ ਦੱਸਦੀ ਹੈ ਕਿ ਜਦੋਂ ਉਨ੍ਹਾਂ ਲਈ ਰੋਜ਼ ਦਾ ਜਿਊਣਾ ਹੀ ਪਹਾੜ ਬਣਿਆ ਹੋਇਆ ਸੀ ਤਾਂ ਉਨ੍ਹਾਂ ਨੂੰ ਆਪਣਾ ਜੀਵਨ ਲਿਖਣ ਦੀ ਕਿੱਥੋਂ ਸੁੱਝਣੀ ਸੀ! ਅਜਿਹੇ ਦੁਸ਼ਵਾਰ ਹਾਲਾਤ ਵਿਚ ਬਹੁਤ ਥੋੜ੍ਹੇ ਗ਼ਦਰੀ ਬਾਬੇ ਆਪਣੇ ਜੀਵਨ ਤੇ ਯਾਦਾਂ ਨੂੰ ਲਿਖਤੀ ਰੂਪ ਵਿਚ ਸਾਂਭ ਸਕੇ, ਤੇ ਉਹ ਵੀ ਉਨ੍ਹਾਂ ਦੇ ਪ੍ਰਸ਼ੰਸਕਾਂ ਵੱਲੋਂ ਵਾਰ-ਵਾਰ ਬੇਨਤੀਆਂ ਕਰਨ 'ਤੇ। ਖੋਜ ਦੀ ਪੱਧਰ 'ਤੇ ਗ਼ਦਰ ਪਾਰਟੀ ਬਾਰੇ ਸਭ ਤੋਂ ਪਹਿਲਾ ਯਾਦਗਾਰੀ ਕੰਮ ਜਗਜੀਤ ਸਿੰਘ ਨੇ ਵੱਡ ਆਕਾਰੀ ਪੁਸਤਕ 'ਗ਼ਦਰ ਪਾਰਟੀ ਲਹਿਰ' ਲਿਖ ਕੇ ਕੀਤਾ। ਉਸ ਤੋਂ ਪਿੱਛੋਂ ਦੇਸ਼ ਭਗਤ ਯਾਦਗਾਰ ਕਮੇਟੀ ਦੀ ਰਹਿਨੁਮਾਈ ਅਧੀਨ ਗੁਰਚਰਨ ਸਿੰਘ ਸਹਿਸਰਾ ਨੇ 'ਗ਼ਦਰ ਪਾਰਟੀ ਦਾ ਇਤਿਹਾਸ' ਲਿਖਿਆ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਈ ਸਾਲ 'ਦੇਸ਼ ਭਗਤ ਯਾਦਾਂ' ਨਾਂ ਦਾ ਪਰਚਾ ਕੱਢ ਕੇ ਵੀ ਇਸ ਇਤਿਹਾਸ ਨੂੰ ਲਿਖਣ ਤੇ ਸਾਂਭਣ ਦਾ ਉਪਰਾਲਾ ਕੀਤਾ ਗਿਆ। ਪਿੱਛੋਂ ਕਾਮਰੇਡ ਸੋਹਨ ਸਿੰਘ ਜੋਸ਼, ਡਾ. ਹਰੀਸ਼ ਪੁਰੀ, ਡਾ. ਗੁਰਦੇਵ ਸਿੰਘ ਦਿਓਲ ਤੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਇਸ ਖੇਤਰ ਵਿਚ ਸਰਾਹੁਣਯੋਗ ਕੰਮ ਕੀਤਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਰਹੇ ਬਾਬਾ ਭਗਤ ਸਿੰਘ ਬਿਲਗਾ ਨੇ ਵੀ ਕੁਝ ਪੁਸਤਕਾਂ ਲਿਖ ਕੇ ਗ਼ਦਰ ਪਾਰਟੀ ਦੇ ਤਤਕਾਲੀ ਤੇ ਉਤਰਕਾਲੀ ਇਤਿਹਾਸ ਨੂੰ ਸਾਂਭਣ ਦਾ ਚਾਰਾ ਕੀਤਾ। ਕੁਝ ਨਵੇਂ ਖੋਜਾਰਥੀ ਹੁਣ ਵੀ ਆਪਣੀ ਸਮਰੱਥਾ ਮੁਤਾਬਕ ਇਸ ਦਿਸ਼ਾ ਵੱਲ ਚੰਗੇ ਉਪਰਾਲੇ ਕਰ ਰਹੇ ਹਨ, ਪਰ ਅਜੇ ਵੀ ਇਹ ਸਭ ਯਤਨ ਗੋਹੜੇ ਵਿਚੋਂ ਪੂਣੀ ਛੂਹਣ ਦੇ ਬਰਾਬਰ ਹੀ ਹਨ।



ਜਲੰਧਰ ਦਾ ਦੇਸ਼ ਭਗਤ ਯਾਦਗਾਰ ਹਾਲ

***ਇਤਿਹਾਸ ਪ੍ਰਤੀ ਸਾਡੀ ਲਾਪ੍ਰਵਾਹੀ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਗ਼ਦਰ ਲਹਿਰ ਦੇ ਕਰਤਾਰ ਸਿੰਘ ਸਰਾਭੇ ਜਿਹੇ ਮਹਾਨ ਸੰਗਰਾਮੀਏ ਦੇ ਜੀਵਨ ਬਾਰੇ ਵੀ ਸਾਡੇ ਕੋਲ ਬਹੁਤ ਹੀ ਘੱਟ ਪ੍ਰਮਾਣਿਕ ਸਮੱਗਰੀ ਉਪਲਬਧ ਹੈ। ਉਸ ਬਾਰੇ ਜਿੰਨੀਆਂ ਵੀ ਪੁਸਤਕਾਂ ਮਿਲਦੀਆਂ ਹਨ, ਉਨ੍ਹਾਂ ਵਿਚ ਮੁੜ-ਘਿੜ ਉਹੋ ਹੀ ਆਮ ਜਾਣੇ ਤੇ ਪੜ੍ਹੇ-ਸੁਣੇ ਗਏ ਵੇਰਵੇ ਬਿਆਨ ਹੋਏ ਮਿਲਦੇ ਹਨ। ਨਿਰਸੰਦੇਹ, ਉਹ ਵੇਰਵੇ ਵੀ ਮਹੱਤਵਪੂਰਨ ਹਨ ਪਰ, ਜਿਵੇਂ ਅਸੀਂ ਚਾਹੁੰਦੇ ਹਾਂ, ਇਨ੍ਹਾਂ ਵੇਰਵਿਆਂ ਵਿਚ ਕੁਝ ਹੋਰ ਵੀ ਨਵਾਂ ਲੱਭ ਕੇ ਜੋੜਨ ਦੀ ਲੋੜ ਹੈ। ਅਸੀਂ ਇਥੇ ਇਤਿਹਾਸ ਦੀਆਂ ਪੁਸਤਕਾਂ ਵਿਚ ਟੋਟਾ-ਟੋਟਾ ਖਿਲਰੇ ਸਰਾਭੇ ਨੂੰ ਇਕ ਥਾਂ ਜੋੜ ਕੇ ਉਸ ਦੀ ਇਨਕਲਾਬੀ ਸ਼ਖ਼ਸੀਅਤ ਦਾ ਸੰਗਠਤ ਬਿੰਬ ਉਸਾਰਨ ਦਾ ਉਪਰਾਲਾ ਕੀਤਾ ਹੈ। ਸਰਾਭੇ ਦੇ ਸਮਕਾਲੀਆਂ ਤੇ ਸੰਗੀਆਂ-ਸਾਥੀਆਂ ਨੇ ਸਰਾਭੇ ਬਾਰੇ ਆਪਣੇ ਵਿਚਾਰ ਵਿਅਕਤ ਕਰਕੇ ਉਹਦੀ ਸ਼ਖ਼ਸੀਅਤ ਦੇ ਕੁਝ ਰੰਗ ਉਭਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਇਹ ਕੋਸ਼ਿਸ਼ ਭਾਵੇਂ ਸਰਾਭੇ ਦੇ ਜੀਵਨ ਦਾ ਮੁਕੰਮਲ ਚਿਤਰ ਪੇਸ਼ ਨਾ ਵੀ ਕਰ ਸਕੀ ਹੋਵੇ, ਤਦ ਵੀ ਇਤਿਹਾਸ ਦੇ ਪਾਠਕਾਂ ਲਈ ਇਹ ਇਸ ਕਰਕੇ ਜ਼ਰੂਰ ਲਾਹੇਵੰਦ ਹੋਵੇਗੀ, ਕਿਉਂਕਿ ਇਸ ਰਾਹੀਂ ਸਰਾਭੇ ਬਾਰੇ ਹੋਰ ਪੜ੍ਹਨ ਤੇ ਖੋਜਣ ਦੀ ਪ੍ਰੇਰਨਾ ਮਿਲ ਸਕੇਗੀ।***

ਇਨ੍ਹਾਂ ਖੋਜੀਆਂ ਵੱਲੋਂ ਨਿਰਸੰਦੇਹ ਗ਼ਦਰ ਪਾਰਟੀ ਦੇ ਸਿਧਾਂਤਾਂ, ਸੰਕਲਪਾਂ, ਕੁਰਬਾਨੀਆਂ, ਪ੍ਰਾਪਤੀਆਂ ਤੇ ਕਮਜ਼ੋਰੀਆਂ ਦੇ ਵਿਸ਼ਲੇਸ਼ਣ ਰਾਹੀਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਇਸ ਲਹਿਰ ਦੇ ਮਹੱਤਵ ਨੂੰ ਸਥਾਪਤ ਕਰਨ ਦਾ ਸੁਯੋਗ ਉਪਰਾਲਾ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਗ਼ਦਰ ਲਹਿਰ ਦੇ ਬਹੁਤ ਸਾਰੇ ਨਾਇਕਾਂ ਦਾ ਜੀਵਨ ਆਪਣੇ ਪੂਰੇ ਖਿੜਾਓ ਤੇ ਜਲੌਅ ਸਮੇਤ ਸਾਡੇ ਰੂ-ਬ-ਰੂ ਨਹੀਂ ਹੋਇਆ। ਉਨ੍ਹਾਂ ਗ਼ਦਰੀ ਸੂਰਬੀਰਾਂ ਦੇ ਜੀਵਨ ਤੇ ਕਾਰਜਾਂ ਬਾਰੇ ਖਿੰਡੇ ਪੁੰਡੇ ਵੇਰਵੇ ਤਾਂ ਸਾਨੂੰ ਇਸ ਲਹਿਰ ਨਾਲ ਸਬੰਧਤ ਇਤਿਹਾਸਾਂ ਅਤੇ ਕੁਝ ਗ਼ਦਰੀ ਬਾਬਿਆਂ ਵੱਲੋਂ ਲਿਖੀਆਂ ਯਾਦਾਂ ਵਿਚੋਂ ਨਜ਼ਰ ਆ ਜਾਂਦੇ ਹਨ ਪਰ ਉਨ੍ਹਾਂ ਦੇ ਜੀਵਨ ਉਤੇ ਮੁਕੰਮਲ ਤੇ ਸੰਗਠਤ ਝਾਤ ਪਾਉਣ ਵਾਲੀਆਂ ਅਜਿਹੀਆਂ ਜੀਵਨੀਆਂ ਤਾਂ ਅਸਲੋਂ ਹੀ ਨਦਾਰਦ ਹਨ, ਜਿਨ੍ਹਾਂ ਵਿਚ ਉਨ੍ਹਾਂ ਦਾ ਜੀਵਨ ਪੂਰੀ ਤਰਤੀਬ ਨਾਲ ਬਰੀਕ ਵੇਰਵਿਆਂ ਸਹਿਤ ਵਿਭਿੰਨ ਪਰਤਾਂ ਸਮੇਤ ਪੇਸ਼ ਹੋਇਆ ਹੋਵੇ। ਨਵੀਆਂ ਪੀੜ੍ਹੀਆਂ ਨੂੰ ਇਸ ਲਹਿਰ ਦੇ ਇਤਿਹਾਸਕ ਗੌਰਵ ਤੋਂ ਜਾਣੂ ਕਰਾਉਣ ਲਈ ਇਨ੍ਹਾਂ ਪ੍ਰਾਪਤ ਇਤਿਹਾਸਾਂ ਵਿਚ ਗ਼ਦਰ ਲਹਿਰ ਦੇ ਨਾਇਕਾਂ ਬਾਰੇ ਖਿੰਡੇ ਤੇ ਟੁੱਟਵੇਂ ਵੇਰਵਿਆਂ ਨੂੰ ਇੱਕ ਥਾਂ ਇਕੱਤਰ ਕਰਕੇ ਤੇ ਹੋਰ ਖੋਜ ਕਰਕੇ ਉਸ ਮਸਾਲੇ ਵਿਚ ਕੁਝ ਹੋਰ ਨਵਾਂ ਜੋੜਨ ਨਾਲ ਉਨ੍ਹਾਂ ਦੀਆਂ ਜੀਵਨੀਆਂ ਤਿਆਰ ਕਰਨ ਦੀ ਡਾਢੀ ਲੋੜ ਹੈ।

ਇਤਿਹਾਸ ਪ੍ਰਤੀ ਸਾਡੀ ਲਾਪ੍ਰਵਾਹੀ ਦਾ ਇਸ ਤੋਂ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਗ਼ਦਰ ਲਹਿਰ ਦੇ ਕਰਤਾਰ ਸਿੰਘ ਸਰਾਭੇ ਜਿਹੇ ਮਹਾਨ ਸੰਗਰਾਮੀਏ ਦੇ ਜੀਵਨ ਬਾਰੇ ਵੀ ਸਾਡੇ ਕੋਲ ਬਹੁਤ ਹੀ ਘੱਟ ਪ੍ਰਮਾਣਿਕ ਸਮੱਗਰੀ ਹੈ। ਉਸ ਬਾਰੇ ਜਿੰਨੀਆਂ ਵੀ ਪੁਸਤਕਾਂ ਮਿਲਦੀਆਂ ਹਨ, ਉਨ੍ਹਾਂ ਵਿਚ ਮੁੜ-ਘਿੜ ਉਹੋ ਹੀ ਆਮ ਜਾਣੇ ਤੇ ਪੜ੍ਹੇ-ਸੁਣੇ ਗਏ ਵੇਰਵੇ ਬਿਆਨ ਹੋਏ ਮਿਲਦੇ ਹਨ। ਨਿਰਸੰਦੇਹ, ਉਹ ਵੇਰਵੇ ਵੀ ਅਹਿਮ ਹਨ ਪਰ ਇਨ੍ਹਾਂ ਵਿਚ ਕੁਝ ਹੋਰ ਵੀ ਨਵਾਂ ਲੱਭ ਕੇ ਜੋੜਨ ਦੀ ਲੋੜ ਹੈ। ਅਸੀਂ ਇਥੇ ਇਤਿਹਾਸ ਦੀਆਂ ਪੁਸਤਕਾਂ ਵਿਚ ਟੋਟਾ-ਟੋਟਾ ਖਿਲਰੇ ਸਰਾਭੇ ਨੂੰ ਇਕ ਥਾਂ ਜੋੜ ਕੇ ਉਸ ਦੀ ਇਨਕਲਾਬੀ ਸ਼ਖ਼ਸੀਅਤ ਦਾ ਸੰਗਠਤ ਬਿੰਬ ਉਸਾਰਨ ਦਾ ਉਪਰਾਲਾ ਕੀਤਾ ਹੈ। ਸਰਾਭੇ ਦੇ ਸਮਕਾਲੀਆਂ ਤੇ ਸੰਗੀ-ਸਾਥੀਆਂ ਨੇ ਉਸ ਬਾਰੇ ਆਪਣੇ ਵਿਚਾਰ ਪ੍ਰਗਟਾ ਕੇ ਉਹਦੀ ਸ਼ਖ਼ਸੀਅਤ ਦੇ ਕੁਝ ਰੰਗ ਉਭਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ।

ਇਹ ਕੋਸ਼ਿਸ਼ ਭਾਵੇਂ ਸਰਾਭੇ ਦੇ ਜੀਵਨ ਦਾ ਮੁਕੰਮਲ ਚਿਤਰ ਪੇਸ਼ ਨਾ ਵੀ ਕਰ ਸਕੀ ਹੋਵੇ, ਤਦ ਵੀ ਇਤਿਹਾਸ ਦੇ ਪਾਠਕਾਂ ਲਈ ਇਹ ਇਸ ਕਰਕੇ ਲਾਹੇਵੰਦ ਹੋਵੇਗੀ ਕਿ ਇਸ ਰਾਹੀਂ ਸਰਾਭੇ ਬਾਰੇ ਹੋਰ ਪੜ੍ਹਨ ਤੇ ਖੋਜਣ ਦੀ ਪ੍ਰੇਰਨਾ ਮਿਲ ਸਕੇਗੀ।

(ਚਲਦਾ)

# ਟੇਢੀ ਖੀਰ

(ਸਫਾ 31 ਦੀ ਬਾਕੀ)

ਆਪਣਾ ਮਿੱਤਰ ਲੱਗਾ ਸੀ ਕਿਸੇ ਵੇਲੇ ਡੀ. ਸੀ., ਕਹਿੰਦਾ ਜੋ ਮਰਜ਼ੀ ਕਰਾ ਲਓ। ਉਸ ਦੀ ਹੀ ਮਿਹਰਬਾਨੀ ਹੋਈ ਹੈ ਕਿ ਇਹ ਹਥਿਆਰ ਮੇਰੇ ਹੱਥ ਲੱਗਾ। ਲਾਇਸੈਂਸ ਵੀ ਮੁਫ਼ਤ ਤੇ ਇਹ ਵੀ ਕੌਡੀਆਂ ਦੇ ਭਾਅ, ਸਰਕਾਰੀ ਨੀਲਾਮੀ ਵਿਚ।" ਉਸ ਨੇ ਡੱਬ ਨੂੰ ਹੱਥ ਪਾਉਂਦਿਆਂ ਬੜੇ ਮਾਣ ਨਾਲ ਦੱਸਿਆ।

"ਮੈਂ ਵੀ ਤਾਂ ਇਸੇ ਕਰ ਕੇ ਤੁਹਾਨੂੰ ਪੁੱਛਿਆ? ਵੀਰ ਜੀ ਕਿਸੇ ਹੋਰ ਕੋਲ ਨਾ ਗੱਲ ਕਰ ਬੈਠਿਓ! ਇਸ ਪਿੱਛੇ ਵੀ ਬੜੀ ਲੰਮੀ ਚੌੜੀ ਇਨਕੁਆਰੀ ਚੱਲ ਰਹੀ ਹੈ। ਕਈ ਅਫ਼ਸਰ ਫਸੇ ਹਨ। ਕਈ ਬੇਨਾਮੀ ਲਾਇਸੈਂਸਧਾਰੀ ਅੜਿੱਕੇ ਆ ਰਹੇ ਹਨ। ਅਜਿਹੇ ਲੋਕਾਂ ਨੂੰ ਲਾਇਸੈਂਸ ਇਸ਼ੂ ਹੋਏ ਜਿਨ੍ਹਾਂ ਦਾ ਕੋਈ ਨਾਂ, ਪਤਾ, ਥਾਂ ਟਿਕਾਣਾ ਨਹੀਂ ਮਿਲਦਾ। ਜ਼ਾਹਿਰ ਹੈ ਤੁਹਾਡਾ ਵੀ ਅਜਿਹਾ ਹੀ ਕੇਸ ਹੋਵੇਗਾ। ਤੁਹਾਨੂੰ ਬਾਹਰ ਬੈਠੇ ਬਿਠਾਏ ਹੀ ਇੱਥੋਂ ਲਾਇਸੈਂਸ ਵੀ ਮਿਲ ਗਿਆ ਤੇ ਪੁਰਜ਼ਾ ਵੀ।"

ਨਾਇਬ ਸਾਹਿਬ ਦੀ ਇੱਕ ਇੱਕ ਮਿੱਠੀ ਕਾਟ ਜਿਵੇਂ ਉਨ੍ਹਾਂ ਦਾ ਕੀਮਾ ਕਰ ਰਹੀ ਸੀ। ਉਹ ਪਿੱਛਾ ਛੁਡਾਉਣ ਦੀ ਤਾਕ ਵਿਚ ਸਨ। ਪਸੀਨੇ ਨਾਲ ਗੜੁੱਚ ਦੋਹਾਂ ਨੇ ਇੱਕ ਦੂਸਰੇ ਦੀਆਂ ਡਰੀਆਂ ਘਬਰਾਈਆਂ ਅੱਖਾਂ 'ਚੋਂ ਹਾਲਾਤ ਦੀ ਭਿਆਨਕ ਗਹਿਰਾਈ ਨਾਪੀ।

"ਚਲੋ ਜੀ! ਸਰ! ਇਕੇਰਾਂ ਸਾਡਾ ਛੁਟਕਾਰਾ ਕਰਾ ਦਿਓ।" ਉਹ ਦੋਵੇਂ ਝੁਕੇ ਪਏ ਸਨ।

"ਤੁਸੀਂ ਤਾਂ ਮੈਨੂੰ ਵੀ ਫਸਾ ਲਿਆ ਵਿਚ ਆ ਕੇ। ਮੇਰੇ ਸਾਹਮਣੇ ਏਨੇ ਵੱਡੇ ਘਿਨਾਉਣੇ ਅਪਰਾਧੀ ਪਿਛੋਕੜ ਵਾਲੇ ਮੁਜਰਮ ਬੈਠੇ ਹੋਣ, ਪਟਵਾਰੀ ਨੂੰ ਇਸ ਦੀ ਭਿਣਕ ਹੋਵੇ, ਮੈਂ ਤੁਹਾਨੂੰ ਛੱਡ ਦੇਵਾਂ...ਤੇ ਫਿਰ ਪਤਾ ਕਿਵੇਂ ਅਨਰਥ ਹੋਊ? ਮੇਰੀ ਨੌਕਰੀ! ਪਟਵਾਰੀ ਦੀ ਤੇ ਮੇਰੇ ਬਾਲ ਬੱਚੇ ਦਾ ਭਵਿੱਖ? ਇਹ ਤਾਂ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਗੱਲ ਬਣ ਗਈ।"

"ਚਲੋ ਜਿਵੇਂ ਆਪ ਦੀ ਮਰਜ਼ੀ! ਆਪ ਹਮੇਂ ਹੱਥਕੜੀ ਲਗਾਈਏ।" ਅੱਖਾਂ ਤੇ ਜ਼ਬਾਨ ਦੋਹਾਂ 'ਚੋਂ ਤਰਲ ਹੋਈ ਮਨਜੀਤ ਕੌਰ ਨੇ ਆਪਣੀਆਂ ਸੋਨੇ ਭਰੀਆਂ ਦੋਨੋਂ ਕਲਾਈਆਂ ਉਸ ਅੱਗੇ ਕਰ ਦਿੱਤੀਆਂ।

"ਨਹੀਂ! ਨਹੀਂ! ਮਾਫ਼ ਕਰਨਾ ਭੈਣ ਜੀ! ਆਪ ਪਹਿਲੇ ਕਹਿ ਰਹੇ ਥੇ ਨਾ ਕਿ ਇੰਡੀਆ ਮੇਂ ਸਭ ਘਪਲੇਬਾਜ਼ੀ, ਰਿਸ਼ਵਤਖ਼ੋਰੀ ਤੇ ਜੰਗਲੀ ਰਾਜ ਚੱਲ ਰਿਹਾ ਹੈ। ਇਸ ਪੀਛੇ ਔਰ ਇਸ ਕੇ ਸਾਥ ਆਪ ਕਾ ਭੀ ਹਿੱਸਾ ਹੈ, ਆਪ ਜ਼ਿੰਮੇਵਾਰ ਹੈਂ ਇਸ ਕੇ।"

"ਹਾਂ, ਹਾਂ, ਇਸ ਹਮਾਮ ਮੇਂ ਸਾਰੇ ਨੰਗੇ, ਹਮ ਮਾਨਤੇ ਹੈਂ, ਆਪ ਜੁਰਮਾਨਾ ਕਰੋ। ਹਮ ਦੇਨੇ ਕੋ ਤਿਆਰ ਹੈਂ ਪਰ ਆਪ ਸੀਧੇ ਬਾਤ ਕਰੋ। ਧਮਕੀਆਂ ਦੇ ਕੇ ਜ਼ਲੀਲ ਮੱਤ ਕਰੋ...ਪਾਣੀ ਪਲੀਜ਼!"

ਸਰਕਾਰੀ ਪੇਚੀਆਂ ਦੇ ਦੋ ਚਾਰ ਟੁਣਕਿਆਂ 'ਤੇ ਹੀ ਉਨ੍ਹਾਂ ਹਥਿਆਰ ਸੁੱਟ ਦਿੱਤੇ। ਸੱਚਮੁੱਚ ਹੀ ਪਾਣੀ ਪਾਣੀ ਹੋਈ ਮਨਜੀਤ ਕੌਰ ਨੇ ਪਾਣੀ ਦੇ ਗਿਲਾਸ ਦੀ ਤਲਬ ਜ਼ਾਹਿਰ ਕੀਤੀ ਤੇ ਪੂਰੀ ਦੀ ਪੂਰੀ ਨਾਇਬ ਸਾਹਿਬ ਨੂੰ ਅਰਪਣ ਹੋ ਗਈ।

"ਹਮੇਂ ਯਹ ਵੀ ਪਤਾ ਹੈ ਕਿ ਆਪ ਨੇ ਸਿੱਧੇ ਅਸਿੱਧੇ ਤਰੀਕੇ ਸੇ ਨੌਜੁਆਨ ਲੜਕੇ ਲੜਕੀਓਂ ਕੋ ਵਰਗਲਾ ਕੇ ਵਿਦੇਸ਼ ਭੇਜਣ ਕੇ ਬਹਾਨੇ ਲਾਖੋਂ ਕਰੋੜੋਂ ਰੁਪਏ ਬਟੋਰੇ ਹੈਂ। ਆਪ ਹਾਕੀ, ਕਬੱਡੀ ਦੇ ਖਿਲਾੜੀ ਲੇਜਾਤੇ ਹੋ, ਗਾਇਕ ਤੇ ਪਤਾ ਨਹੀਂ ਕੀ ਕੀ ਬਣਾ ਕੇ ਲੋਕਾਂ ਨੂੰ ਬਾਹਰ ਲਿਜਾਣ ਦੀ ਚਾਟ ਖਿਲਾਰਦੇ ਹੋ। ਮੈਂ ਔਰ ਨਵਾਂ ਚੈਪਟਰ ਨਹੀਂ ਖੋਲਨਾ ਚਾਹਤਾ। ਮੈਂ ਸੱਚ ਕਹਿੰਦਾ ਹਾਂ। ਆਪ ਕੋ ਸਪਸ਼ਟ ਕਰਤਾ ਹੂੰ ਕਿ ਅਗਰ ਆਪ ਕਹੀਂ ਭੀ ਕਿਸੀ ਏਕ ਕੇਸ ਮੇਂ ਟਰੈਪ ਹੋ ਗਏ ਤੋਂ ਸਾਰੀ ਉਮਰ ਯਹਾਂ ਹੀ ਕੇਸ ਭੁਗਤਦੇ ਭੁਗਤਦੇ ਨਿਕਲ ਜਾਏਗੀ ਆਪ ਕੀ।" ਹਿੰਦੀ ਪੰਜਾਬੀ ਮਿਲਗੋਭੇ ਹਥੌੜੇ ਦੀ ਇੱਕ ਹੋਰ ਸੱਟ ਮਾਰ ਕੇ ਉਨ੍ਹਾਂ ਦਾ ਰਹਿੰਦਾ-ਖੂੰਹਦਾ ਸਾਹ ਸੱਤ ਚਿੱਤ ਕਰ ਦਿੱਤਾ।

"ਹਮ ਨੇ ਏਕ ਬਾਰ ਬਤਾ ਦੀਆ। ਆਪ ਜੋ ਕਹੇਂ, ਜੈਸੇ ਕਹੇਂ ਹਮ ਤਿਆਰ ਹੈਂ।"

"ਤਾਂ ਫਿਰ ਪਲੀਜ਼ ਤੁਸੀਂ ਮੇਰੇ ਕੋਲ ਨਾ ਆਓ। ਪਟਵਾਰੀ ਹੀ ਸਭ ਕੁੱਝ ਹੈ। ਉਹ ਹੀ ਖੇਤਾਂ ਦਾ ਮਾਲਕ ਹੈ ਤੇ ਨਾਲ ਸਾਡਾ ਵੀ... ਅਸੀਂ ਵੀ ਪਟਵਾਰੀ ਤੋਂ ਚਾਲੂ ਹਾਂ। ਤੁਸੀਂ ਸੁਣਿਆ ਨਹੀਂ! ਪਟਵਾਰੀ ਤੋਂ ਤਾਂ ਰੱਬ ਵੀ ਡਰਦਾ ਹੈ ਕਿ ਕਿਤੇ ਉਸ ਦਾ ਸਿੰਘਾਸਨ ਅਰਸ਼ੋਂ ਲਾਹ ਕੇ ਫ਼ਰਸ਼ 'ਤੇ ਨਾ ਪਟਕ ਦੇਵੇ ਜਾਂ ਇਹ ਖ਼ੁਦਾ ਦੇ ਨਾਮ ਨਾ ਕਰ ਦੇਵੇ ਜਿਵੇਂ ਤੁਹਾਡਾ ਕੀਤਾ ਹੈ। ਇਹ ਇਸੇ ਦੀ ਹੀ ਕਲਮ ਦਾ ਕ੍ਰਿਸ਼ਮਾ ਐ।" ਨਾਇਬ ਸਾਹਿਬ ਦੀ ਮੁਸਕਰਾਹਟ ਨਾਲ ਉਨ੍ਹਾਂ ਦੇ ਬੁੱਲ੍ਹਾਂ ਦੀ ਜੰਮੀ ਪਿੱਛੀ ਕੁੱਝ ਕੁੱਝ ਮੱਠੀ ਹੋਈ।

"ਲਓ ਚਾਹ ਪੀਓ।" ਸੇਵਾਦਾਰ ਚਾਹ ਰੱਖ ਗਿਆ। "ਇਹ ਚਾਹ ਸਾਨੂੰ ਕਿਵੇਂ ਲੰਘੇਗੀ? ਤੁਸੀਂ ਤਾਂ ਸਾਨੂੰ ਨੜਿੰਨਵੇਂ ਦੇ ਚੱਕਰ 'ਚ ਪਾ ਦਿੱਤਾ।"

"ਮੁਆਫ਼ ਕਰਨਾ ਸਰ! ਇਹ ਤਾਂ ਸਰਕਾਰੀ ਫਾਰਮੈਲਿਟੀ ਸੀ। ਤੁਸੀਂ ਪਟਵਾਰੀ ਨਾਲ ਗੱਲ ਕਰ ਲਓ, ਇਹ ਹੀ ਸਾਰੇ ਮਾਲ ਮਹਿਕਮੇ ਦੀ ਰੀੜ ਦੀ ਹੱਡੀ ਹੈ, ਚਾਹੇ ਤਾਂ ਭਾਵੇਂ ਮਨਮੋਹਨ ਸਿੰਘ ਦੀ ਕੋਠੀ ਵੇਚ ਦੇਵੇ। (ਹੱਸਦਾ ਹੈ) ਹੋ ਜਾਏਗਾ... ਜਿਵੇਂ ਕਹੋ ਕਰ ਦਿਆਂਗੇ। ਚਿੰਤਾ ਨਾ ਕਰੋ! ਲਓ ਚਾਹ ਲਓ ਪਲੀਜ਼। ਸਾਡੀ ਕੋਈ ਮੰਗ ਨਹੀਂ ਹੁੰਦੀ, ਸਿਰਫ਼ ਉਪਰਲੇ ਅਫ਼ਸਰਾਂ ਵਜ਼ੀਰਾਂ ਦੀ ਸੇਵਾ ਪਾਣੀ ਲਈ ਸਾਨੂੰ ਜ਼ਹਿਰ ਫੱਕਣਾ ਪੈਂਦਾ ਹੈ, ਉਹ ਤੁਸੀਂ ਆਪਣੀ ਵਿੱਤ ਅਨੁਸਾਰ ਜੋ ਮਰਜ਼ੀ ਤਿਲ ਫੁਲ ਹਿੱਸਾ ਪਾ ਜਾਓ।"

"ਧੰਨਵਾਦ ਤੁਹਾਡਾ, ਅਸੀਂ ਤਿਆਰ ਹਾਂ।" ਦੋਹਾਂ ਨੇ ਹੱਥ ਜੋੜੇ।

"ਪਟਵਾਰੀ ਸਾਹਿਬ! ਇਹ ਠੀਕ ਬੰਦੇ ਨੇ, ਇਨ੍ਹਾਂ ਦਾ ਕੰਮ ਕਰ ਦਿਓ, ਜੇਕਰ ਸਕਦੇ ਹੋ ਤਾਂ।" ਨਾਇਬ ਸਾਹਿਬ ਨੇ ਪਟਵਾਰੀ ਨੂੰ ਸੈਨਤ ਮਾਰੀ।

ਪਟਵਾਰੀ ਜੋ ਓਹਲੇ ਬੈਠਾ ਸਭ ਕੁੱਝ ਸੁਣ ਰਿਹਾ ਸੀ ਸਾਹਮਣੇ ਆਇਆ। "ਸਰ ਕੰਪਿਊਟਰ ਲੈਣਾ! ਮੇਰੀ ਤਾਂ ਘਰਵਾਲੀ ਨੇ ਘਰ ਨਹੀਂ ਵੜਨ ਦੇਣਾ ਇਸ ਤੋਂ ਬਿਨਾਂ।"

"ਤੇ ਹਾਂ ਲਓ! ਇਹ ਕਿਹੜਾ ਨਾਂਹ ਕਰਦੇ ਨੇ! ਬੜੇ ਸੇਵਾਦਾਰ ਨੇ। ਤੁਸੀਂ ਕੰਪਿਊਟਰ ਲਓ ਤੇ ਇੱਕ ਮੇਰੇ ਵਾਸਤੇ ਵੀ ਲੈਪਟਾਪ ਪਰ ਇਨ੍ਹਾਂ ਦਾ ਕੰਮ ਪੂਰਾ ਤਸੱਲੀਬਖ਼ਸ਼ ਕਰ ਦਿਓ। ਕੋਈ ਸ਼ਿਕਾਇਤ ਦੀ ਗੁੰਜਾਇਸ਼ ਨਾ ਰਹੇ।" ਸਾਹਿਬ ਨੇ ਅੱਖ ਦਾ ਕੋਨਾ ਨੱਪਿਆ।

"ਕਿਉਂ ਜੀ! ਠੀਕ ਹੈ ਨਾ? ਨਾਇਬ ਸਾਹਿਬ ਨੇ ਆਦਮੀ ਵੱਲ ਹੱਥ ਵਧਾਇਆ।

"ਹਾਂ ਜੀ ਠੀਕ! ਬਿਲਕੁਲ ਠੀਕ।" ਉਸ ਨੇ ਵੀ ਅੱਗੋਂ ਮੁਸਕਰਾਉਂਦੇ ਹੋਏ ਤਹਿਸੀਲਦਾਰ ਨਾਲ ਹੱਥ ਮਿਲਾ ਲਿਆ।

# ਕਮਲਿਆਂ ਦੇ ਟੱਬਰ ਦੇ ਆਸ ਪਾਸ

(ਸਫਾ 29 ਦੀ ਬਾਕੀ)

ਇਸ ਗੱਲ ਦਾ ਪੂਰਨ ਨੇ ਬਹੁਤ ਗੁੱਸਾ ਮਨਾਇਆ ਤੇ ਉਸ ਕਾਮਰੇਡ ਨੂੰ ਸਬਕ ਸਿਖਾਉਣ ਦੀ ਸਾਧ ਲਈ। ਕਾਮਰੇਡ ਕੁਲਦੀਪ ਲਾਇਬ੍ਰੇਰੀ ਗਿਆ ਹੋਇਆ ਸੀ। ਪੂਰਨ ਨੇ ਬਾਲਕਾਨੀ ਵੱਲ ਦੀ ਕੁਲਦੀਪ ਦੇ ਕਮਰੇ ਵੱਲ ਝਾਤੀ ਮਾਰੀ। ਉਸ ਨੂੰ ਕੁਲਦੀਪ ਦੇ ਕਮਰੇ ਦਾ ਬਾਲਕਾਨੀ ਵਾਲਾ ਦਰਵਾਜ਼ਾ ਖੁੱਲ੍ਹਾ ਦਿਸ ਪਿਆ। ਬਾਲਕਾਨੀ ਵਿਚ ਬਾਂਦਰ ਵਾਂਗੂੰ ਲਮਕਦਾ ਉਹ ਕੁਲਦੀਪ ਦੇ ਕਮਰੇ ਵਿਚ ਜਾ ਵੜਿਆ ਤੇ ਫੋਲਾ ਫਾਲੀ ਕਰਕੇ ਪਿੰਨੀਆਂ ਵਾਲੀ ਪੀਪੀ ਚੁੱਕ ਲਿਆਇਆ। ਅੱਧੀ ਕੁ ਪੀਪੀ ਅਜੇ ਬਾਕੀ ਸੀ। ਆਪਣੇ ਕਮਰੇ 'ਚ ਮੁੜ ਕੇ ਆਉਂਦਿਆਂ ਹੀ ਪੂਰਨ ਨੇ ਨਾਲ ਦੇ ਕਮਰਿਆਂ ਦੇ ਮੁੰਡਿਆਂ ਨੂੰ ਵੀ ਸੱਦ ਲਿਆ। ਚਾਹ ਕੰਟੀਨ ਤੋਂ ਆ ਗਈ। ਝੱਟ ਵਿਚ ਹੀ ਸਾਰੀਆਂ ਪਿੰਨੀਆਂ ਚਟਮ ਹੋ ਗਈਆਂ। ਪੂਰਨ ਨੇ ਪੀਪੀ ਵਿਚ ਕੁਝ ਰੱਦੀ ਕਾਗਜ਼ ਪਾਏ ਤੇ ਪੀਪੀ ਵਾਪਸ ਕੁਲਦੀਪ ਦੇ ਕਮਰੇ ਵਿਚ ਥਾਂ ਸਿਰ ਟਿਕਾ ਆਇਆ। ਇਹ ਵੇਲਾ ਦੁਪਹਿਰ ਕੁ ਦਾ ਸੀ। ਉਸ ਸ਼ਾਮ ਕਾਮਰੇਡ ਕੁਲਦੀਪ ਆਪਣੇ ਨਾਲ ਤਿੰਨ ਚਾਰ ਕਾਮਰੇਡ ਸਾਥੀ ਲੈ ਕੇ ਆਇਆ। ਸ਼ਾਇਦ ਉਨ੍ਹਾਂ ਨੂੰ ਪਿੰਨੀਆਂ ਦਾ ਸਵਾਦ ਚਖਾਉਣ ਲਈ। ਕੰਟੀਨ ਵਿਚ ਚਾਹ ਲਈ ਉਹ ਆਉਂਦਿਆਂ ਹੀ ਹੋਕਰਾ ਦੇ ਆਏ ਸਨ। ਕਮਰਾ ਖੋਲ ਕੇ ਸਾਥੀ ਕਾਮਰੇਡਾਂ ਨੂੰ ਮੰਜੇ 'ਤੇ ਬਿਠਾ ਜਦੋਂ ਉਸ ਪੀਪੀ ਨੂੰ ਹੱਥ ਲਾਇਆ ਤਾਂ ਉਸ ਵਿਚ ਕੁਝ ਵੀ ਨਹੀਂ ਸੀ। ਕਾਮਰੇਡ ਕੁਲਦੀਪ ਇਸ ਗੱਲ ਨੂੰ ਸਾਥੀਆਂ ਦਾ ਹਾਸਾ ਠੱਠਾ ਸਮਝ ਟਾਲ ਜਾਣ ਦੀ ਥਾਂ ਪਤਾ ਨਹੀਂ ਕਿਹੜੇ ਰਉਂ ਵਿਚ ਬੁਰਾ ਮਨਾ ਗਿਆ। ਪਹਿਲਾਂ ਤੇ ਉਸ ਆਂਢ-ਗਵਾਂਢ ਦੇ ਮੁੰਡਿਆਂ ਨਾਲ ਇਸ ਗੱਲੋਂ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਸਾਰੇ ਹੀ ਪੈਰ 'ਤੇ ਮੁੱਕਰ ਗਏ ਕਿ ਸਾਨੂੰ ਤੇ ਪਿੰਨੀਆਂ ਬਾਰੇ ਪਤਾ ਹੀ ਨਹੀਂ। ਕਾਮਰੇਡ ਕੁਲਦੀਪ ਨੇ ਚੜ੍ਹੇ ਗੁੱਸੇ ਵਿਚ ਹੀ ਪਿੰਨੀਆਂ ਦੀ ਚੋਰੀ ਬਾਰੇ ਸ਼ਿਕਾਇਤ ਸ਼ਾਮੀ 5 ਤੋਂ 7 ਤੱਕ ਆਉਂਦੇ ਹੋਸਟਲ ਦੇ ਵਾਰਡਨ ਪਾਸ ਕਰ ਦਿੱਤੀ। ਵਾਰਡਨ ਆਪ ਹੋਸਟਲ ਦੀ ਜ਼ਿੰਦਗੀ ਜਿਉਂ ਚੁੱਕਾ ਸੀ। ਉਸ ਨੇ ਕੁਲਦੀਪ ਨੂੰ ਇਹ ਕਹਿ ਕੇ ਸ਼ਾਂਤ ਕਰ ਦਿੱਤਾ ਕਿ ਮੈਂ ਸਾਰੇ ਮਾਮਲੇ ਦੀ ਸਖ਼ਤੀ ਨਾਲ ਪੜਤਾਲ ਕਰਾਂਗਾ। ਬਾਅਦ ਵਿਚ ਵਾਰਡਨ ਨੇ ਸਾਨੂੰ ਚਾਰਾਂ-ਪੰਜਾਂ ਮੁੰਡਿਆਂ ਨੂੰ ਬੁਲਾ ਲਿਆ ਤੇ ਸਾਰੀ ਗੱਲ ਪੁੱਛੀ। ਅਸੀਂ ਸੱਚੋ-ਸੱਚ ਦੱਸ ਵੀ ਦਿੱਤਾ ਪਰ ਵਾਰਡਨ ਨੂੰ ਬੇਨਤੀ ਕੀਤੀ ਕਿ ਉਹ ਕਾਮਰੇਡ ਕੁਲਦੀਪ ਦੀ ਸ਼ਿਕਾਇਤ ਵਾਪਸ ਨਾ ਮੋੜਨ। ਅਗਲੇ ਦਿਨ ਅਸੀਂ ਸਾਰੇ ਹੋਸਟਲ ਵਿਚ ਰੌਲਾ ਪਾ ਦਿੱਤਾ ਕਿ ਕੁਲਦੀਪ ਦੀਆਂ ਪਿੰਨੀਆਂ ਚੋਰੀ ਹੋ ਗਈਆਂ ਤੇ ਉਸ ਨੇ ਵਾਰਡਨ ਕੋਲ ਸ਼ਿਕਾਇਤ ਕੀਤੀ ਹੈ। ਮੁੰਡੇ ਜਾਣ ਜਾਣ ਕੇ ਉਸ ਨੂੰ ਛੇੜਨ, "ਕਿਉਂ ਕਾਮਰੇਡ! ਤੇਰੀਆਂ ਪਿੰਨੀਆਂ ਚੋਰੀ ਹੋ ਗਈਆਂ?" ਕੋਈ ਕਹਿੰਦਾ, "ਮੈਂ ਤੇ ਸੁਣਿਆ ਕਾਮਰੇਡ ਵੰਡ ਕੇ ਖਾਂਦੇ ਆ, ਤੂੰ ਵੰਡ ਕੇ ਨਹੀਂ ਖਾਧੀਆਂ ਹੋਣੀਆਂ, ਇਸ ਲਈ ਤੇਰੇ ਪਰੋਲੇਤਾਰੀਆਂ (ਸਾਥੀਆਂ) ਨੇ ਚੋਰੀ ਕਰ ਲਈਆਂ।"

ਇਸ ਤੋਂ ਬਾਅਦ ਕੁਲਦੀਪ ਨੇ ਲੱਖ ਮੁਕਰਨ ਦੀ ਕੋਸ਼ਿਸ਼ ਕੀਤੀ ਕਿ ਉਸ ਨੇ ਸ਼ਿਕਾਇਤ ਨਹੀਂ ਕੀਤੀ। ਉਹ ਵਾਰਡਨ ਕੋਲ ਆਪਣੀ ਸ਼ਿਕਾਇਤ ਵਾਪਸ ਲੈਣ ਲਈ ਵੀ ਗਿਆ ਪਰ ਵਾਰਡਨ ਨੇ ਸਾਡੇ ਨਾਲ ਕੀਤਾ ਵਾਅਦਾ ਨਿਭਾਇਆ ਤੇ ਸ਼ਿਕਾਇਤ ਨਾ ਮੋੜੀ। ਕਾਮਰੇਡ ਕੁਲਦੀਪ ਦੀ ਇਹ ਸ਼ਿਕਾਇਤ ਕਿੰਨਾ ਹੀ ਚਿਰ ਉਸ ਦਾ ਪਿੱਛਾ ਕਰਦੀ ਰਹੀ। ਇਹ ਸ਼ਿਕਾਇਤ ਉਸ ਨੂੰ ਸਾਲ ਦੇ ਅਖੀਰ ਉਤੇ ਹੋਏ ਹੋਸਟਲ ਦੇ ਵਿਦਾਇਗੀ ਸਮਾਗਮ ਵੇਲੇ ਇਕ ਸ਼ੀਸ਼ੇ ਵਿਚ ਮੜੀ ਵਿਸ਼ੇਸ਼ ਸਨਮਾਨ ਵਜੋਂ ਹੀ ਮਿਲੀ ਪਰ ਉਦੋਂ ਤੱਕ ਕਾਮਰੇਡ ਕੁਲਦੀਪ ਸੰਜੀਦਗੀ ਵਿਚੋਂ ਬਾਹਰ ਆ ਚੁੱਕਾ ਸੀ ਅਤੇ ਉਹ ਵੀ ਇਸ ਸ਼ਰਾਰਤ ਉਤੇ ਉਨ੍ਹਾਂ ਹੀ ਹੱਸਿਆ ਜਿੰਨੇ ਕਿ ਬਾਕੀ। ਬਸ ਯੂਨੀਵਰਸਿਟੀ ਦੇ ਉਹ ਦਿਨ ਇਹੋ ਜਿਹੇ ਹੀ ਸਨ।

# ਦੂਰਬੀਨ 'ਚੋਂ ਦੇਖੀਆਂ ਓਲੰਪਿਕ ਖੇਡਾਂ

**ਪ੍ਰਿੰ. ਸਰਵਣ ਸਿੰਘ**

ਦੂਰਬੀਨ 'ਚੋਂ ਸਭ ਕੁਝ ਤਾਂ ਨਹੀਂ ਦਿਸਦਾ ਪਰ ਜੋ ਦਿਸਦਾ ਹੈ, ਬਹੁਤ ਨੇੜੇ ਦਿਸਦੈ। ਗੱਲ ਦੂਰਬੀਨ ਘੁਮਾਉਣ ਦੀ ਹੈ। ਲੰਡਨ ਓਲੰਪਿਕਸ ਕੁਝ ਇੰਜ ਹੀ ਦੇਖੀ ਗਈ। ਓਲੰਪਿਕ ਖੇਡਾਂ ਹੁਣ ਮਹਿੰਗੀਆਂ ਵੀ ਹਨ ਤੇ ਮੁਨਾਫ਼ਾਬਖ਼ਸ਼ ਵੀ। ਲੰਡਨ ਦੀਆਂ ਓਲੰਪਿਕ ਖੇਡਾਂ ਨੌਂ ਅਰਬ ਪੌਂਡ ਵਿਚ ਪਈਆਂ। ਬਹੁਤਾ ਖਰਚਾ ਕੰਪਨੀਆਂ ਤੇ ਕਾਰਪੋਰੇਟ ਅਦਾਰਿਆਂ ਨੇ ਕੀਤਾ ਜਿਸ ਕਰਕੇ ਨਫ਼ੇ 'ਚ ਰਹੀਆਂ। ਕਈ ਸਟੇਡੀਅਮ ਤੇ ਖੇਡ ਭਵਨ ਨਵਿਆਏ ਗਏ ਤੇ ਕਈ ਨਵੇਂ ਬਣਾਏ ਗਏ। ਵਧੇਰੇ ਖੇਡਾਂ 500 ਏਕੜ ਦੇ ਓਲੰਪਿਕ ਪਾਰਕ ਵਿਚ ਨੇਪਰੇ ਚੜ੍ਹੀਆਂ ਜਿਥੇ 34 ਖੇਡ ਮੈਦਾਨ ਤੇ ਸਟੇਡੀਅਮ ਸਨ। 27 ਜੁਲਾਈ ਤੋਂ 12 ਅਗਸਤ ਤਕ ਖੇਡਾਂ ਦੀ ਛਹਿਬਰ ਲੱਗੀ ਰਹੀ।

ਇਨ੍ਹਾਂ ਖੇਡਾਂ 'ਚ 204 ਮੁਲਕਾਂ ਦੇ 10820 ਖਿਡਾਰੀਆਂ ਨੇ ਭਾਗ ਲਿਆ। ਮੁਕਾਬਲੇ ਲਈ 26 ਖੇਡਾਂ ਦੀਆਂ 39 ਵੰਨਗੀਆਂ ਦੇ 302 ਈਵੈਂਟ ਸਨ। 302 ਸੋਨੇ, 304 ਚਾਂਦੀ ਤੇ 356 ਤਾਂਬੇ ਦੇ ਤਮਗੇ ਜੇਤੂਆਂ ਦੇ ਗਲੀਂ ਪਏ। 962 ਤਮਗਿਆਂ ਵਿਚੋਂ 54 ਮੁਲਕ ਸੋਨੇ ਤੇ 85 ਮੁਲਕ ਚਾਂਦੀ ਜਾਂ ਤਾਂਬੇ ਦੇ ਤਮਗੇ ਹਾਸਲ ਕਰ ਸਕੇ। 119 ਮੁਲਕ ਖਾਲੀ ਹੱਥ ਰਹੇ। 2008 ਵਿਚ ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚੋਂ 86 ਮੁਲਕ ਇਕ ਜਾਂ ਵੱਧ ਮੈਡਲ ਜਿੱਤੇ ਸਨ ਜਦ ਕਿ 118 ਮੁਲਕ ਕੋਈ ਵੀ ਮੈਡਲ ਨਹੀਂ ਸੀ ਜਿੱਤ ਸਕੇ। ਉਥੇ ਚੀਨ ਸਭ ਤੋਂ ਉਪਰ ਸੀ ਤੇ ਅਮਰੀਕਾ ਦੂਜੇ ਨੰਬਰ 'ਤੇ ਸੀ। ਲੰਡਨ ਵਿਚ ਅਮਰੀਕਾ ਉਪਰ ਚਲਾ ਗਿਆ ਤੇ ਚੀਨ ਦੂਜੇ ਨੰਬਰ 'ਤੇ ਆ ਗਿਆ। ਬੀਜਿੰਗ ਦੀ ਤਮਗਾ ਸੂਚੀ ਵਿਚ ਭਾਰਤ ਦਾ 50ਵਾਂ ਨੰਬਰ ਸੀ। ਲੰਡਨ ਦੀ ਸੂਚੀ ਵਿਚ 55ਵੇਂ ਥਾਂ ਹੈ। ਉਂਜ ਮੈਡਲ ਤਿੰਨਾਂ ਤੋਂ ਛੇ ਹੋ ਗਏ ਹਨ ਪਰ ਸੋਨੇ ਦਾ ਕੋਈ ਨਹੀਂ। ਬੀਜਿੰਗ ਵਿਚ ਇਕ ਸੋਨੇ ਦਾ ਵੀ ਸੀ।

ਲੰਡਨ ਓਲੰਪਿਕਸ ਦੇ ਉਦਘਾਟਨੀ ਸਮਾਰੋਹ ਦੀ ਸਭ ਤੋਂ ਮਹਿੰਗੀ ਟਿਕਟ 2012 ਪੌਂਡ ਦੀ ਸੀ। 20 ਪੌਂਡ ਤੋਂ ਲੈ ਕੇ 2012 ਪੌਂਡ ਤਕ ਦੀਆਂ 80 ਲੱਖ ਟਿਕਟਾਂ ਛਾਪੀਆਂ ਗਈਆਂ ਸਨ। ਇਕ ਦਿਨ ਖੇਡ ਵੇਖਣ ਦੀ ਟਿਕਟ 20 ਤੋਂ 50 ਪੌਂਡ ਸੀ ਜਿਸ ਨੂੰ ਅਸੀਂ ਡੇਢ ਹਜ਼ਾਰ ਤੋਂ ਚਾਰ ਹਜ਼ਾਰ ਰੁਪਏ ਦੀ ਕਹਿ ਸਕਦੇ ਹਾਂ। ਕੈਨੇਡਾ ਦਾ ਕਬੱਡੀ ਵਰਲਡ ਕੱਪ ਵੀ ਇਸੇ ਭਾਅ ਵਿਕਿਆ ਜਾਂਦੈ ਜਦ ਕਿ ਪੰਜਾਬ ਵਿਚ ਹੋਏ ਕਬੱਡੀ ਵਰਲਡ ਕੱਪਾਂ ਦੀ ਕੋਈ ਟਿਕਟ ਨਹੀਂ ਸੀ। ਲੰਡਨ 'ਚ 17 ਲੱਖ ਟਿਕਟਾਂ ਸਿਰਫ਼ ਫੁੱਟਬਾਲ ਦੇ ਮੈਚ ਵੇਖਣ ਲਈ ਸਨ। ਟਿਕਟਾਂ ਦੇ 40 ਕਰੋੜ ਪੌਂਡ ਵੱਟੇ ਗਏ ਪਰ ਆਮਦਨ ਦੇ ਹੋਰ ਵੀ ਵੱਡੇ ਸਾਧਨ ਸਨ। ਬਹੁਤੀ ਕਮਾਈ ਇਸ਼ਤਿਹਾਰਬਾਜ਼ੀ ਦੀ ਸੀ। ਓਲੰਪਿਕ ਖੇਡਾਂ ਕਰਾਉਣੀਆਂ ਹੁਣ ਘਾਟੇ ਦਾ ਸੌਦਾ ਨਹੀਂ। ਲਾਸ ਏਂਜਲਸ-84 ਤੇ ਖ਼ਾਸ ਕਰ ਕੇ ਕੋਕਾ ਕੋਲਾ ਦੇ ਸ਼ਹਿਰ ਐਟਲਾਂਟਾ-96 ਤੋਂ ਇਹ ਖੇਡਾਂ ਮੁਨਾਫ਼ਾਬਖ਼ਸ਼ ਬਣ ਗਈਆਂ ਹਨ। ਇਹੋ ਕਾਰਨ ਹੈ ਕਿ ਓਲੰਪਿਕ ਖੇਡਾਂ ਕਰਾਉਣ ਲਈ ਹਰ ਵਾਰ ਕਈ ਕਈ ਸ਼ਹਿਰ ਅਰਜ਼ੀਆਂ ਦਿੰਦੇ ਹਨ।

2012 ਦੀਆਂ ਖੇਡਾਂ ਹਾਸਲ ਕਰਨ ਲਈ ਨੌਂ ਸ਼ਹਿਰਾਂ ਨੇ ਅਰਜ਼ੀਆਂ ਦਿੱਤੀਆਂ ਸਨ। ਉਹ ਸਨ ਲੰਡਨ, ਪੈਰਿਸ, ਲਿਪਜ਼ਿਗ, ਮਾਸਕੋ, ਨਿਊ ਯਾਰਕ, ਹਵਾਨਾ, ਇਸਤੰਬੋਲ, ਮੈਡਰਿਡ ਤੇ ਰੀਓ ਡੀ ਜਨੇਰੀਓ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਚਾਰ ਸ਼ਹਿਰ ਛਾਂਟ ਕੇ ਪੰਜ ਸ਼ਹਿਰ ਲੰਡਨ, ਪੈਰਿਸ, ਮੈਡਰਿਡ, ਨਿਊ ਯਾਰਕ ਤੇ ਮਾਸਕੋ ਮੁਕਾਬਲੇ ਲਈ ਰੱਖ ਲਏ। 6 ਜੁਲਾਈ 2005 ਨੂੰ ਕੌਮਾਂਤਰੀ ਓਲੰਪਿਕ ਕਮੇਟੀ ਦੇ ਸਿੰਗਾਪੁਰ ਹੋਏ 117ਵੇਂ ਸੈਸ਼ਨ ਵਿਚ ਵੋਟਾਂ ਪਾਈਆਂ ਗਈਆਂ। ਆਖਰੀ ਗੇੜ ਵਿਚ ਪੈਰਿਸ ਨੂੰ 50 ਤੇ ਲੰਡਨ ਨੂੰ 54 ਵੋਟਾਂ ਪਈਆਂ। ਇਸ ਤੋਂ ਪਹਿਲਾਂ ਲੰਡਨ ਨੇ 1908 ਤੇ 1948 ਵਿਚ ਵੀ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। ਇਉਂ ਲੰਡਨ ਦੁਨੀਆਂ ਦਾ ਪਹਿਲਾ ਸ਼ਹਿਰ ਹੈ ਜਿਥੇ 3 ਓਲੰਪਿਕਸ ਹੋਈਆਂ।

ਲੰਡਨ ਨੂੰ ਦੁਨੀਆਂ ਦਾ ਦਿਲ ਤੇ ਵਿਸ਼ਵ ਸਭਿਅਤਾ ਦੀ ਰਾਜਧਾਨੀ ਕਿਹਾ ਜਾਂਦੈ। ਇਥੇ 300 ਜ਼ੁਬਾਨਾਂ ਬੋਲੀਆਂ ਜਾਂਦੀਆਂ ਹਨ। ਇਹ ਦੋ ਹਜ਼ਾਰ ਸਾਲ ਪਹਿਲਾਂ ਹੋਂਦ ਵਿਚ ਆਇਆ ਸੀ। 1831 ਤੋਂ 1925 ਤਕ ਇਹ ਦੁਨੀਆਂ ਦਾ ਸਭ ਤੋਂ ਵੱਡਾ ਸ਼ਹਿਰ ਗਿਣਿਆ ਜਾਂਦਾ ਰਿਹਾ। 2011 ਦੀ ਮਰਦਮਸ਼ੁਮਾਰੀ ਅਨੁਸਾਰ ਇਸ ਦੀ ਵਸੋਂ 80 ਲੱਖ ਤੋਂ ਉਪਰ ਹੈ ਜਿਸ ਵਿਚ ਢਾਈ ਲੱਖ ਭਾਰਤੀ ਹਨ ਜਿਨ੍ਹਾਂ ਵਿਚ ਪੰਜਾਬੀ ਚੋਖੇ ਹਨ। ਉਥੋਂ ਦਾ ਹੀਥਰੋ ਏਅਰਪੋਰਟ ਵਿਸ਼ਵ ਭਰ 'ਚ ਸਭ ਤੋਂ ਵੱਧ ਉਡਾਣਾਂ ਵਾਲਾ ਹਵਾਈ ਅੱਡਾ ਹੈ। ਲੰਡਨ ਦੀ ਮੈਟਰੋ ਸਭ ਤੋਂ ਪੁਰਾਣੀ ਹੈ ਜਿਸ ਰਾਹੀਂ ਲੱਖਾਂ ਕਰੋੜਾਂ ਮੁਸਾਫ਼ਿਰ ਢੋਏ ਜਾਂਦੇ ਹਨ। ਓਲੰਪਿਕ ਖੇਡਾਂ ਸਮੇਂ ਲੱਖਾਂ ਮੁਸਾਫ਼ਿਰ ਆਏ ਜਿਸ ਨਾਲ ਲੰਡਨ ਦੀ ਆਰਥਿਕਤਾ ਨੂੰ ਤਕੜਾ ਹੁਲਾਰਾ ਮਿਲਿਆ। ਲੰਡਨ ਦੀ ਪਬਲਿਕ ਟਰਾਂਸਪੋਰਟ ਇਕ ਘੰਟੇ 'ਚ 2 ਲੱਖ 40 ਹਜ਼ਾਰ ਸਵਾਰੀਆਂ ਢੋਣ ਦੇ ਸਮਰੱਥ ਹੈ।

ਲੰਡਨ ਥੇਮਸ ਦਰਿਆ ਦੇ ਕੰਢਿਆਂ 'ਤੇ ਵਸਿਆ ਵਿਸ਼ਵ ਦਾ ਸਭ ਤੋਂ ਵੱਧ ਸੈਰ ਸਪਾਟੇ ਵਾਲਾ ਸ਼ਹਿਰ ਹੈ। ਇਤਿਹਾਸਕ ਇਮਾਰਤਾਂ, ਅਜਾਇਬਘਰ, ਗਿਰਜੇ, ਮਹੱਲ, ਕਿਲੇ, ਟਾਵਰ, ਬਾਗ਼ਬਗੀਚੇ ਤੇ ਪਾਰਕ ਅਨੇਕਾਂ ਵੇਖਣਯੋਗ ਥਾਂਵਾਂ ਹਨ। 'ਲੰਡਨ ਆਈ' ਜਿਸ ਨੂੰ ਲੰਡਨ ਦੀ ਚੰਡੋਲ ਕਿਹਾ ਜਾ ਸਕਦੈ, ਉਹਦੀ ਢਾਣੀ ਦੂਰ-ਦੂਰ ਤਕ ਉਨ੍ਹਾਂ ਦੇ ਦਰਸ਼ਨ ਕਰਾ ਦਿੰਦੀ ਹੈ। ਕਿਤੇ ਲੰਡਨ ਦੀ ਸ਼ਾਹਰਗ ਥੇਮਸ ਦਰਿਆ, ਲੰਡਨ ਟਾਵਰ, ਬਕਿੰਘਮ ਪੈਲਸ, ਪਿਕਾਡਲੀ ਸਰਕਸ, ਟ੍ਰੈਫਾਲਗਰ ਸੁਕੇਅਰ, ਵੈਂਬਲੇ ਸਟੇਡੀਅਮ, ਕਿਊ ਗਾਰਡਨਜ਼, ਲੰਡਨ ਬ੍ਰਿਜ, ਬ੍ਰਿਟਿਸ਼ ਮਿਊਜ਼ੀਅਮ, ਨੈਸ਼ਨਲ ਗੈਲਰੀ, ਬ੍ਰਿਟਿਸ਼ ਲਾਇਬ੍ਰੇਰੀ, ਨੈਸ਼ਨਲ ਹਿਸਟਰੀ ਮਿਊਜ਼ੀਅਮ ਤੇ ਕਿਤੇ ਇਤਿਹਾਸਕ ਗਿਰਜਿਆਂ ਦੇ ਮਿਨਾਰ ਦਿਸਦੇ ਹਨ।

6 ਜੁਲਾਈ 2005 ਦੇ ਦਿਨ ਲੰਡਨ ਨੂੰ 30ਵੀਆਂ ਓਲੰਪਿਕ ਖੇਡਾਂ ਸੌਂਪਣ ਦਾ ਐਲਾਨ ਹੋਇਆ ਸੀ। ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਕਿ 7 ਜੁਲਾਈ ਨੂੰ ਲੰਡਨ ਦੀ ਅੰਡਰ ਗਰਾਊਂਡ ਮੈਟਰੋ ਵਿਚ ਬੰਬ ਧਮਾਕੇ ਹੋ ਗਏ। ਪਰ ਬਰਤਾਨੀਆ ਦੀ ਹਕੂਮਤ ਤੇ ਲੰਡਨ ਵਾਸੀਆਂ ਨੇ ਦਿਲ ਨਹੀਂ ਛੱਡਿਆ ਤੇ ਖੇਡਾਂ ਦੀ ਤਿਆਰੀ ਵਿਸ਼ਾਲ ਪੈਮਾਨੇ 'ਤੇ ਕੀਤੀ। ਪੂਰਬੀ ਲੰਡਨ ਵੱਲ ਸਟੈਫੋਰਡ ਦੇ ਸਨਅਤੀ ਇਲਾਕੇ ਵਿਚ ਓਲੰਪਿਕ ਪਿੰਡ ਤੇ ਖੇਡ ਭਵਨ ਉਸਾਰੇ ਗਏ। ਓਲੰਪਿਕ ਪਾਰਕ ਵਿਚ ਹਜ਼ਾਰਾਂ ਰੁੱਖ ਤੇ ਲੱਖਾਂ ਬੂਟੇ ਲਾਏ ਗਏ ਅਤੇ ਪੰਛੀਆਂ ਦਾ ਵਸੇਬਾ ਕੀਤਾ ਗਿਆ ਤਾਂ ਜੋ ਖੇਡਾਂ ਲਈ ਵਾਤਾਵਰਣ ਅਨੁਕੂਲ ਰਹੇ। ਓਲੰਪਿਕ ਪਿੰਡ ਦੇ 2818 ਅਪਾਰਟਮੈਂਟ ਹਨ ਜਿਨ੍ਹਾਂ ਵਿਚ 16 ਹਜ਼ਾਰ ਬੈਡ ਲੱਗੇ। ਖਿਡਾਰੀ ਤੇ ਖੇਡ ਅਧਿਕਾਰੀ ਉਥੇ ਰਹਿੰਦੇ ਮਾੜੇ ਮੋਟੇ ਨਖ਼ਰੇ ਵੀ ਕਰਦੇ ਰਹੇ ਅਖੇ ਮੰਜੇ ਛੋਟੇ ਹਨ ਤੇ ਡਾਹੇ ਵੀ ਕੋਲੋ ਕੋਲ ਹਨ। ਰੋਜ਼ਾਨਾ 60000 ਬਰੇਕ ਫਾਸਟ, ਲੰਚ ਤੇ ਡਿਨਰ ਵਰਤਾਏ ਜਾਂਦੇ ਰਹੇ ਜਿਨ੍ਹਾਂ ਵਿਚ 5000 ਬਰੈਡਾਂ, 232 ਟਨ ਆਲੂ, 330 ਟਨ ਫਲ ਤੇ ਸਬਜ਼ੀਆਂ ਅਤੇ 75000 ਲੀਟਰ ਦੁੱਧ ਲੱਗਦਾ ਰਿਹਾ।



*ਲੰਡਨ ਓਲੰਪਿਕਸ ਦੇ ਸਮਾਪਤੀ ਸਮਾਗਮ ਸਮੇਂ ਚੱਲ ਰਹੀ ਆਤਿਸ਼ਬਾਜ਼ੀ*

27 ਜੁਲਾਈ ਦੀ ਰਾਤ ਨੂੰ 80 ਹਜ਼ਾਰ ਦਰਸ਼ਕਾਂ ਦੀ ਸਮਰੱਥਾ ਵਾਲੇ ਓਲੰਪਿਕ ਸਟੇਡੀਅਮ ਵਿਚ ਖੇਡਾਂ ਦਾ ਉਦਘਾਟਨੀ ਸਮਾਰੋਹ ਹੋਇਆ ਜਿਸ ਵਿਚ ਅਨੇਕਾਂ ਮੁਲਕਾਂ ਦੇ ਮੁਖੀ ਸ਼ਾਮਲ ਹੋਏ। ਮਾਰਚ ਪਾਸਟ ਵਿਚ ਸਭ ਤੋਂ ਵੱਡਾ ਦਲ ਗਰੇਟ ਬਰਤਾਨੀਆ ਦਾ ਸੀ ਜਿਸ ਵਿਚ 541 ਖਿਡਾਰੀ ਸ਼ਾਮਲ ਸਨ। ਅਮਰੀਕਾ ਦੇ ਖਿਡਾਰੀਆਂ ਦੀ ਗਿਣਤੀ 530, ਰੂਸ ਦੀ 436, ਚੀਨ ਦੀ 396 ਤੇ ਜਰਮਨੀ ਦੀ 392 ਸੀ। ਭਾਰਤ ਦੇ 83 ਖਿਡਾਰੀ ਸਨ ਜਿਨ੍ਹਾਂ ਦਾ ਝੰਡਾਬਰਦਾਰ ਸੁਸ਼ੀਲ ਕੁਮਾਰ ਸੀ। ਬੀਜਿੰਗ ਦਾ ਸੋਨ ਤਮਗਾ ਜੇਤੂ ਅਭਿਨਵ ਬਿੰਦਰਾ ਆਪਣੇ ਈਵੈਂਟ ਉਤੇ ਧਿਆਨ ਕੇਂਦਰਤ ਕਰਦਿਆਂ ਝੰਡਾਬਰਦਾਰ ਨਹੀਂ ਸੀ ਬਣਿਆ। ਹਾਕੀ ਖਿਡਾਰੀ ਅਜੀਤਪਾਲ ਸਿੰਘ ਨੇ ਭਾਰਤੀ ਦਲ ਦੀ ਅਗਵਾਈ ਕਰਨੀ ਸੀ ਪਰ ਉਹ ਬਿਮਾਰ ਹੋ ਜਾਣ ਕਾਰਨ ਲੰਡਨ ਨਾ ਜਾ ਸਕਿਆ। ਇੰਗਲੈਂਡ ਦੀ ਸਾਰ੍ਹਾ ਸਟੀਵਨਸਨ ਨੇ ਖਿਡਾਰੀਆਂ ਵੱਲੋਂ ਸਹੁੰ ਚੁੱਕੀ ਤੇ ਮਹਾਰਾਣੀ ਐਲਿਜ਼ਬੈਥ ਨੇ ਖੇਡਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਗੀਤ-ਸੰਗੀਤ ਤੇ ਆਤਿਸ਼ਬਾਜ਼ੀ ਦੇ ਰੰਗਰੱਤੇ ਓਲੰਪਿਕ ਸਮਾਰੋਹ ਨੂੰ ਕਰੋੜਾਂ ਦਰਸ਼ਕਾਂ ਨੇ ਟੀ. ਵੀ. ਤੇ ਇੰਟਰਨੈਟ ਤੋਂ ਵੇਖਿਆ।

ਓਲੰਪਿਕ ਖੇਡਾਂ ਦੀ ਮਿਸ਼ਾਲ ਉਲਿੰਪੀਆ ਦੇ ਹੇਰਾ ਮੰਦਰ ਤੋਂ 18 ਮਈ ਨੂੰ ਜਗਾਈ ਗਈ ਸੀ ਜਿਸ ਨੂੰ 8000 ਦੌੜਾਕ 8000 ਮੀਲ ਦੌੜਦਿਆਂ 70 ਦਿਨਾਂ ਵਿਚ ਓਲੰਪਿਕ ਸਟੇਡੀਅਮ ਤਕ ਲਿਆਏ ਸਨ। ਉਨ੍ਹਾਂ ਦੌੜਾਕਾਂ ਵਿਚ ਮੈਰਾਥਨ ਦਾ ਮਹਾਂਰਥੀ ਸੌ ਸਾਲ ਤੋਂ ਟੱਪਿਆ ਬਾਬਾ ਫੌਜਾ ਸਿੰਘ ਵੀ ਸੀ ਜੋ ਪਿੱਛੋਂ ਬਿਆਸ ਪਿੰਡ ਦਾ ਹੈ। ਜਿੰਦਣ ਉਹ ਦੌੜਿਆ ਸਿੱਖ ਸੰਗਤਾਂ ਨੇ ਛਬੀਲਾਂ ਲਾਈਆਂ ਤੇ ਲੰਗਰ ਵਰਤਾਏ ਜੋ ਓਲੰਪਿਕ ਮਿਸ਼ਾਲ ਦੇ ਸਫ਼ਰ ਦਾ ਅੰਗ ਬਣ ਗਏ। ਫੁਟਬਾਲ ਦੇ ਮੈਚ 25 ਜੁਲਾਈ ਨੂੰ ਹੀ ਸ਼ੁਰੂ ਹੋ ਗਏ ਜਦ ਕਿ ਬਾਕੀ ਖੇਡਾਂ ਦੇ ਮੁਕਾਬਲੇ ਉਦਘਾਟਨੀ ਸਮਾਰੋਹ ਤੋਂ ਬਾਅਦ ਸ਼ੁਰੂ ਹੋਏ। ਪਹਿਲੇ ਮੈਡਲ ਜਿੱਤਣ ਵਿਚ ਚੀਨ ਦੀ ਚੜ੍ਹਤ ਰਹੀ ਜਦ ਕਿ ਅਮਰੀਕਾ ਦੋਇਮ ਰਿਹਾ। ਪਹਿਲੇ ਦਿਨਾਂ ਵਿਚ ਲੱਗਦਾ ਰਿਹਾ ਕਿ ਚੀਨ ਫਿਰ ਝੰਡੀ ਲੈ ਜਾਵੇਗਾ ਪਰ ਬਾਅਦ ਵਿਚ ਅਮਰੀਕਾ ਅੱਗੇ ਨਿਕਲ ਗਿਆ। ਭਾਰਤ ਲਈ ਪਹਿਲਾ ਤਮਗਾ ਗਗਨ ਨਾਰੰਗ ਨੇ ਜਿੱਤਿਆ ਜੋ ਤਾਂਬੇ ਦਾ ਸੀ। ਉਸੇ ਦਿਨ ਹਰਿਆਣੇ ਦੇ ਮੁੱਖ ਮੰਤਰੀ ਵੱਲੋਂ ਉਸ ਲਈ ਕਰੋੜ ਰੁਪਏ ਦਾ ਇਨਾਮ ਐਲਾਨਿਆ ਗਿਆ। ਫਿਰ ਤਾਂ ਇਨਾਮਾਂ ਦੀ ਛਹਿਬਰ ਹੀ ਲੱਗਦੀ ਗਈ।

ਲੰਡਨ ਦੀਆਂ ਓਲੰਪਿਕ ਖੇਡਾਂ ਉਸੈਨ ਬੋਲਟ ਤੇ ਮਾਈਕਲ ਫੈਲਪਸ ਦੀਆਂ ਖੇਡਾਂ ਕਹੀਆਂ ਜਾਣਗੀਆਂ। ਉਂਜ ਤਾਂ ਹੋਰ ਵੀ ਕਈ ਖਿਡਾਰੀਆਂ ਨੇ ਰਿਕਾਰਡ ਤੋੜੇ ਪਰ ਮਾਈਕਲ ਫੈਲਪਸ ਨੇ ਤਾਂ ਕਮਾਲ ਹੀ ਕਰ ਦਿੱਤੀ। ਮਨੁੱਖੀ ਜੁੱਸੇ 'ਚ ਏਨੀ ਤਾਕਤ ਤੇ ਏਨੀ ਹੰਢਣਸਾਰੀ! ਬਾਈ ਮੈਡਲ ਕਹਿ ਦੇਣੀ ਗੱਲ ਹੈ। ਉਹ ਵੀ ਓਲੰਪਿਕ ਖੇਡਾਂ ਦੇ। ਉਸ ਨੇ ਏਥਨਜ਼, ਬੀਜਿੰਗ ਤੇ ਲੰਡਨ ਦੀਆਂ ਓਲੰਪਿਕ ਖੇਡਾਂ 'ਚੋਂ 18 ਸੋਨੇ, 2 ਚਾਂਦੀ ਤੇ 2 ਤਾਂਬੇ ਦੇ ਤਮਗੇ ਜਿੱਤ ਕੇ ਨਵਾਂ ਰਿਕਾਰਡ ਕਾਇਮ ਕੀਤਾ। ਅਜੇ ਉਸ ਦੀ ਉਮਰ ਸਤਾਈ ਸਾਲ ਦੀ ਹੀ ਹੈ। ਉਸ ਤੋਂ ਪਹਿਲਾਂ ਸਭ ਤੋਂ ਬਹੁਤੇ ਤਮਗੇ ਜਿੱਤਣ ਦਾ ਰਿਕਾਰਡ ਸੋਵੀਅਤ ਰੂਸ ਦੀ ਲਰੀਸਾ ਲਤੀਨੀਨਾ ਦਾ ਸੀ ਜਿਸ ਨੇ 18 ਤਮਗੇ ਜਿੱਤੇ ਸਨ।

ਲੰਡਨ ਜਾਣ ਤੋਂ ਪਹਿਲਾਂ ਭਾਰਤ ਨੇ ਓਲੰਪਿਕ ਖੇਡਾਂ 'ਚੋਂ 20 ਤਮਗੇ ਜਿੱਤੇ ਸਨ। 9 ਸੋਨੇ, 4 ਚਾਂਦੀ ਤੇ 7 ਤਾਂਬੇ ਦੇ। ਲੰਡਨ ਤੋਂ ਵੱਡੀਆਂ ਆਸਾਂ ਰੱਖੀਆਂ ਜਾ ਰਹੀਆਂ ਸਨ। ਮੈਥੋਂ ਲਿਖਿਆ ਗਿਆ ਸੀ ਕਿ ਆਸਾਂ ਏਡੀਆਂ ਵੱਡੀਆਂ ਵੀ ਨਾ ਜਗਾ ਦਿੱਤੀਆਂ ਜਾਣ ਕਿ ਬਾਅਦ ਵਿਚ ਨਿਰਾਸ਼ਾ ਹੋਵੇ। ਲਿਖਿਆ ਸੀ ਕਿ ਭਾਰਤੀ ਹਾਕੀ ਟੀਮ ਸੈਮੀ ਫਾਈਨਲ ਖੇਡ ਜਾਵੇ ਤਾਂ ਕਿਆ ਕਹਿਣੇ। ਅਥਲੈਟਿਕਸ ਵਿਚ ਕਿਸੇ ਅਥਲੀਟ ਦਾ ਫਾਈਨਲ ਵਿਚ ਪਹੁੰਚ ਜਾਣਾ ਵੱਡੀ ਪ੍ਰਾਪਤੀ ਹੋਵੇਗੀ। ਪੰਜ ਮੈਡਲ ਜਿੱਤ ਲੈਣੇ ਵੱਡੀ ਛਾਲ ਸਮਝੀ ਜਾਵੇਗੀ। ਉਹੀ ਗੱਲ ਹੋਈ। ਭੇਤੀ ਬੰਦੇ ਨਿਰਾਸ਼ ਨਹੀਂ ਸਗੋਂ ਸੰਤੁਸ਼ਟ ਹਨ ਕਿ ਆਖ਼ਰ ਭਾਰਤੀ ਖਿਡਾਰੀ ਓਲੰਪਿਕ ਖੇਡਾਂ ਦੇ ਜਿੱਤ ਮੰਚ 'ਤੇ ਤਾਂ ਚੜ੍ਹਨ ਲੱਗੇ ਹਨ। ਅਜਿਹੀਆਂ ਅਨੇਕਾਂ ਓਲੰਪਿਕ ਖੇਡਾਂ ਲੰਘੀਆਂ ਜਦੋਂ ਭਾਰਤ ਅਸਲੋਂ ਖਾਲੀ ਹੱਥ ਰਿਹਾ। ਲੋੜ ਹੈ ਭਾਰਤ ਵੀ ਆਪਣੇ ਗੁਆਂਢੀ ਚੀਨ ਵਾਂਗ ਖਿਡਾਰੀ ਤਿਆਰ ਕਰੇ ਨਾ ਕਿ ਗੁਆਂਢੀ ਨੂੰ ਅੱਗੇ ਵਧਦਾ ਵੇਖ ਕੇ ਸੜੇ। ਅਖੇ ਚੀਨ ਓਲੰਪਿਕ ਖੇਡਾਂ ਦੇ ਮੈਡਲ ਜਿੱਤਣ ਲਈ ਖਿਡਾਰੀਆਂ 'ਤੇ ਤਸ਼ੱਦਦ ਕਰਦੈ!

ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚ ਚੀਨ ਨੇ 51 ਸੋਨੇ, 21 ਚਾਂਦੀ ਤੇ 28 ਤਾਂਬੇ ਦੇ ਤਗਮੇ ਜਿੱਤੇ ਸਨ। ਅਮਰੀਕਾ 36, 38, 36 ਤਮਗਿਆਂ ਨਾਲ ਦੂਜੇ ਥਾਂ ਸੀ। ਭਾਰਤ ਨੇ 1 ਸੋਨੇ ਤੇ 2 ਤਾਂਬੇ ਦੇ ਤਮਗੇ ਜਿੱਤੇ ਸਨ। ਲੰਡਨ ਵਿਚ ਭਾਰਤ ਨੇ 2 ਚਾਂਦੀ ਤੇ 4 ਤਾਂਬੇ ਦੇ ਤਮਗੇ ਜਿੱਤੇ। ਸੰਭਵ ਹੈ ਰੀਓ ਡੀ ਜਨੇਰੀਓ ਦੀਆਂ ਅਗਲੀਆਂ ਓਲੰਪਿਕ ਖੇਡਾਂ 'ਚੋਂ ਭਾਰਤ ਦਸ ਦਾ ਅੰਕੜਾ ਪਾਰ ਕਰ ਲਵੇ। ਪਰ ਪਾਰ ਤਦ ਹੀ ਹੋਵੇਗਾ ਜੇ ਹੁਣੇ ਤੋਂ ਤਿਆਰੀਆਂ ਹੋਣ।

2016 ਦੀਆਂ 31ਵੀਆਂ ਓਲੰਪਿਕ ਖੇਡਾਂ ਬਰਾਜ਼ੀਲ ਦੇ ਸ਼ਹਿਰ ਰੀਓ ਡੀ ਜਨੇਰੀਓ ਵਿਚ 5 ਤੋਂ 21 ਅਗਸਤ ਤਕ ਹੋਣਗੀਆਂ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦੇ 7 ਸਤੰਬਰ 2013 ਨੂੰ ਬਿਊਨਸ ਏਅਰਜ਼ ਵਿਚ ਹੋਣ ਵਾਲੇ 125ਵੇਂ ਸੈਸ਼ਨ ਵਿਚ ਪਤਾ ਲੱਗ ਜਾਵੇਗਾ ਕਿ 2020 ਦੀਆਂ ਓਲੰਪਿਕ ਖੇਡਾਂ ਤੁਰਕੀ ਦਾ ਸ਼ਹਿਰ ਇਸਤੰਬੋਲ ਕਰਾਵੇਗਾ ਜਾਂ ਜਾਪਾਨ ਦਾ ਟੋਕੀਓ ਜਾਂ ਸਪੇਨ ਦਾ ਮੈਡਰਿਡ? ਮੈਦਾਨ ਵਿਚ ਹੁਣ ਇਹ ਤਿੰਨੇ ਸ਼ਹਿਰ ਰਹਿ ਗਏ ਹਨ। 2024 ਦੀਆਂ ਖੇਡਾਂ ਦਾ ਫੈਸਲਾ 2017 ਵਿਚ ਹੋਵੇਗਾ ਜਿਨ੍ਹਾਂ ਲਈ ਸੰਭਵ ਹੈ ਦਿੱਲੀ ਵੀ ਅਰਜ਼ੀ ਦੇਵੇ। ਯੂਰਪ, ਅਮਰੀਕਾ, ਏਸ਼ੀਆ ਤੇ ਆਸਟ੍ਰੇਲੀਆ 'ਚ ਤਾਂ ਓਲੰਪਿਕ ਖੇਡਾਂ ਹੋ ਹੀ ਚੁੱਕੀਆਂ ਹਨ ਪਰ ਅਫਰੀਕਾ ਵਿਚ ਕਦੇ ਵੀ ਨਹੀਂ ਹੋਈਆਂ।

ਲੰਡਨ ਦੀਆਂ ਖੇਡਾਂ ਵਿਚ ਉਸੈਨ ਬੋਲਟ ਫਿਰ ਦੁਨੀਆਂ ਦਾ ਸਭ ਤੋਂ ਤੇਜ਼ ਰਫਤਾਰ ਬੰਦਾ ਸਾਬਤ ਹੋਇਆ। ਲੱਗਦਾ ਸੀ ਕਿ ਉਸ ਨੂੰ ਉਹਦੇ ਆਪਣੇ ਦੇਸ਼ ਜਮਾਇਕਾ ਦਾ ਹੀ ਯੋਹਾਨ ਬਲੈਕ ਪੈ ਜਾਵੇਗਾ ਜਿਵੇਂ ਜਮਾਇਕਾ ਵਿਚ ਓਲੰਪਿਕ ਟਰਾਇਲਾਂ ਵੇਲੇ ਪਿਆ ਸੀ। ਪਰ ਲੰਡਨ ਵਿਚ ਉਸ ਨੇ ਡਾਹ ਨਾ ਦਿੱਤੀ ਤੇ 9.63 ਸੈਕਿੰਡ ਦੇ ਨਵੇਂ ਓਲੰਪਿਕ ਰਿਕਾਰਡ ਨਾਲ ਦੌੜ ਪੂਰੀ ਕੀਤੀ। ਜਿੰਦਣ ਉਹ ਦੌੜਿਆ ਓਲੰਪਿਕ ਸਟੇਡੀਅਮ ਕੰਢਿਆਂ ਤਕ ਭਰਪੂਰ ਸੀ। ਉਹ 200 ਮੀਟਰ ਦੌੜ ਵੀ ਜਿੱਤਿਆ ਤੇ ਉਸ ਨੇ 4+100 ਮੀਟਰ ਰਿਲੇਅ ਵਿਚ ਵੀ ਨਵੇਂ ਵਿਸ਼ਵ ਰਿਕਾਰਡ ਨਾਲ ਸੋਨ ਤਮਗਾ ਹਾਸਲ ਕੀਤਾ। ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਉਹ ਪਹਿਲਾ ਦੌੜਾਕ ਹੈ ਜੋ 100, 200 ਤੇ 100 ਮੀਟਰ ਦੀ ਰਿਲੇਅ ਦੌੜ ਦੂਹਰੀ ਵਾਰ ਜਿੱਤਿਆ। 4 ਅਗਸਤ ਤਕ 51 ਲੱਖ ਦਰਸ਼ਕਾਂ ਨੇ ਖੇਡਾਂ ਵੇਖ ਲਈਆਂ ਸਨ। ਸਨਿਚਰਵਾਰ ਨੂੰ ਰਿਕਾਰਡ 7 ਲੱਖ 19 ਹਜ਼ਾਰ ਦਰਸ਼ਕ ਓਲੰਪਿਕ ਪਾਰਕ ਦੇ ਸਟੇਡੀਅਮਾਂ ਵਿਚ ਦਾਖਲ ਹੋਏ। ਐਤਵਾਰ ਨੂੰ 60 ਹਜ਼ਾਰ ਦਰਸ਼ਕਾਂ ਨੇ ਔਰਤਾਂ ਦੀ ਮੈਰਾਥਨ ਦੌੜ ਲੱਗਦੀ ਵੇਖੀ। ਸਾਢੇ ਤਿੰਨ ਲੱਖ ਲੋਕਾਂ ਨੇ ਇੰਗਲੈਂਡ ਦੀਆਂ ਪਬਲਿਕ ਥਾਂਵਾਂ ਉਤੇ ਲਾਈਆਂ ਵੱਡੀਆਂ ਸਕਰੀਨਾਂ ਤੋਂ ਖੇਡਾਂ ਦੇ ਮੁਕਾਬਲੇ ਵੇਖੇ।

ਆਮ ਲੋਕਾਂ ਨੂੰ ਸ਼ਾਇਦ ਪਤਾ ਨਾ ਹੋਵੇ ਕਿ ਜਿਨ੍ਹਾਂ ਮੈਡਲਾਂ ਲਈ ਕਰੋੜਾਂ ਦੇ ਇਨਾਮ ਹਨ ਉਨ੍ਹਾਂ ਮੈਡਲਾਂ ਦੀ ਧਾਤ ਕੁਝ ਹਜ਼ਾਰਾਂ ਦੀ ਹੀ ਹੈ। ਸੋਨੇ ਦੇ ਮੈਡਲ ਵਿਚ ਸੋਨਾ ਡੇਢ ਫੀਸਦੀ ਵੀ ਨਹੀਂ।




400 ਗਰਾਮ ਦਾ ਉਹ ਗੋਲਡ ਮੈਡਲ ਹੁਣ ਦੇ ਭਾਅ ਅਨੁਸਾਰ 39 ਹਜ਼ਾਰ ਦਾ ਹੈ। ਚਾਂਦੀ ਦਾ 16 ਹਜ਼ਾਰ ਦਾ ਤੇ ਤਾਂਬੇ ਦਾ ਸਿਰਫ਼ ਢਾਈ ਸੌ ਦਾ!

ਬੀਜਿੰਗ ਦੀਆਂ ਖੇਡਾਂ ਵਿਚ 43 ਵਿਸ਼ਵ ਰਿਕਾਰਡ ਟੁੱਟੇ ਸਨ ਜਦ ਕਿ ਲੰਡਨ ਵਿਚ 30 ਟੁੱਟੇ। 5 ਚੀਨਿਆਂ ਨੇ ਤੋੜੇ, 5 ਇੰਗਲੈਂਡੀਆਂ ਨੇ ਤੇ 5 ਅਮਰੀਕਨਾਂ ਨੇ। ਵਧੇਰੇ ਰਿਕਾਰਡ ਤੈਰਾਕੀ ਵਿਚ ਨਵਿਆਏ ਗਏ। ਕੀਨੀਆ ਦਾ ਡੇਵਿਡ ਰੁਡੀਸ਼ਾ 800 ਮੀਟਰ ਦੀ ਦੌੜ 1:40.82 ਮਿੰਟ ਵਿਚ ਦੌੜ ਕੇ ਨਵਾਂ ਵਿਸ਼ਵ ਰਿਕਾਰਡ ਸਿਰਜ ਗਿਆ। ਰੂਸ ਦੀ ਈਲੇਨਾ ਲਸ਼ਮਾਨੋਵਾ ਨੇ 20 ਕਿਲੋਮੀਟਰ ਦੀ ਵਾਕ 1 ਘੰਟਾ 25.02 ਮਿੰਟ ਵਿਚ ਪੂਰੀ ਕਰ ਕੇ ਅਤੇ ਜਮਾਇਕਾ ਦੇ ਪੁਰਸ਼ਾਂ ਦੀ ਟੀਮ ਨੇ 4+100 ਮੀਟਰ ਰਿਲੇਅ ਦੌੜ 36.84 ਸੈਕਿੰਡ ਤੇ ਅਮਰੀਕਾ ਦੀਆਂ ਔਰਤਾਂ ਦੀ ਟੀਮ ਨੇ 4+100 ਮੀਟਰ ਰਿਲੇਅ ਦੌੜ 40.82 ਸੈਕਿੰਡ ਵਿਚ ਦੌੜ ਕੇ ਨਵੇਂ ਵਿਸ਼ਵ ਰਿਕਾਰਡ ਰੱਖੇ।

ਬਰਤਾਨੀਆ ਦੀ ਸਾਈਕਲਿਸਟ ਕ੍ਰਿਸ ਹੋਏ ਓਲੰਪਿਕ ਖੇਡਾਂ ਦਾ ਛੇਵਾਂ ਗੋਲਡ ਮੈਡਲ ਜਿੱਤ ਕੇ ਖ਼ੁਸ਼ ਵੀ ਹੋਈ ਤੇ ਖ਼ੁਸ਼ੀ ਵਿਚ ਫੁੱਟ ਫੁੱਟ ਕੇ ਰੋਈ ਵੀ। ਜਿੱਤ ਹਾਰ ਵਿਚ ਖਿਡਾਰੀਆਂ ਦੇ ਹੰਝੂ ਵੀ ਦਿਸੇ ਤੇ ਹਾਸੇ ਵੀ। ਚਾਂਗਰਾਂ ਵੀ ਵੱਜੀਆਂ ਤੇ ਸਿਸਕੀਆਂ ਵੀ ਨਿਕਲੀਆਂ। ਅਲੋਕਾਰ ਨਜ਼ਾਰੇ ਸਨ ਲੰਡਨ ਦੀਆਂ ਖੇਡਾਂ ਦੇ। ਪਾਣੀ ਦੀਆਂ ਪਰੀਆਂ ਪਾਣੀਆਂ ਨੂੰ ਅੱਗ ਲਾਈ ਗਈਆਂ। ਜਿਮਨਾਸਟਿਕਸ ਦੀਆਂ ਗੁੱਡੀਆਂ ਚਾਰ ਇੰਚ ਦੇ ਬੀਮ ਉਤੇ ਪੁਠੀਆਂ ਛਾਲਾਂ ਲਾਉਂਦੀਆਂ ਦਰਸ਼ਕਾਂ ਨੂੰ ਦੰਗ ਕਰਦੀਆਂ ਰਹੀਆਂ।

ਖਿਡਾਰੀਆਂ ਦੇ ਡੋਪ ਟੈਸਟ ਵੀ ਹੋਏ ਜਿਨ੍ਹਾਂ ਵਿਚ ਇੱਕਾ ਦੁੱਕਾ ਖਿਡਾਰੀ ਫੇਲ੍ਹ ਵੀ ਹੋਏ। ਹਰ ਰੋਜ਼ 400 ਨਮੂਨੇ ਲਏ ਜਾਂਦੇ ਰਹੇ ਜਿਨ੍ਹਾਂ ਦੀ ਗਿਣਤੀ 5000 ਹਜ਼ਾਰ ਤਕ ਜਾ ਅੱਪੜੀ। 3800 ਪਿਸ਼ਾਬ ਦੇ ਨਮੂਨੇ ਤੇ 1200 ਲਹੂ ਦੇ। ਆਈ. ਓ. ਸੀ. ਦੇ ਮੈਡੀਕਲ ਕਮਿਸ਼ਨ ਨੇ 2012 ਵਿਚ 240 ਰਸਾਇਣ ਤੱਤਾਂ ਦੀ ਸੂਚੀ ਜਾਰੀ ਕੀਤੀ ਸੀ ਜੋ ਖਿਡਾਰੀਆਂ ਲਈ ਵਰਜਿਤ ਹਨ। ਫਿਰ ਵੀ ਬੇਲਾਰੂਸ ਦੀ ਨਦਯੇਇਆ ਡੋਪ ਟੈਸਟ 'ਚ ਪਾਜ਼ੇਟਿਵ ਪਾਏ ਜਾਣ ਕਾਰਨ ਗੋਲਾ ਸੁੱਟਣ ਦਾ ਜਿੱਤਿਆ ਗੋਲਡ ਮੈਡਲ ਖੁਹਾ ਬੈਠੀ। ਬੈਡਮਿੰਟਨ ਚ ਮਿਲ ਕੇ ਖੇਡ ਜਾਣ ਕਾਰਨ 8 ਖਿਡਾਰੀ ਅਯੋਗ ਕਰਾਰ ਦੇਣੇ ਪਏ। ਜੱਜਾਂ ਦੇ ਕਈ ਫੈਸਲਿਆਂ 'ਤੇ ਟੀਕਾ ਟਿੱਪਣੀ ਵੀ ਹੋਈ। ਸਾਊਥ ਅਫਰੀਕਾ ਦਾ ਕੱਟੀਆਂ ਲੱਤਾਂ ਵਾਲਾ ਅਥਲੀਟ ਆਸਕਰ ਪਿਸਟੋਰੀਅਸ ਮਸਨੂਈ ਲੱਤਾਂ ਨਾਲ ਹੋਰਨਾਂ ਦੇ ਬਰਾਬਰ ਦੌੜਿਆ ਤੇ ਦਰਸ਼ਕਾਂ ਦੇ ਦਿਲ ਜਿੱਤ ਗਿਆ।

ਅੰਤਮ ਤਮਗਾ ਸੂਚੀ ਅਨੁਸਾਰ ਅਮਰੀਕਾ ਨੇ 46 ਸੋਨੇ, 29 ਚਾਂਦੀ, 29 ਤਾਂਬੇ, ਚੀਨ ਨੇ 38, 27, 24, ਗਰੇਟ ਬਰਤਾਨੀਆ ਨੇ 29, 17, 19, ਰੂਸ ਨੇ 24, 27, 32, ਦੱਖਣੀ ਕੋਰੀਆ ਨੇ 13, 8, 7, ਜਰਮਨੀ ਨੇ 11, 19, 14, ਫਰਾਂਸ ਨੇ 11, 11, 12, ਇਟਲੀ ਨੇ 8, 9, 11, ਹੰਗਰੀ ਨੇ 8, 4, 5 ਤੇ ਆਸਟ੍ਰੇਲੀਆ ਨੇ 7, 16, 12 ਤਮਗੇ ਜਿੱਤੇ। ਬੀਜਿੰਗ ਵਿਚ ਕ੍ਰਮਵਾਰ ਚੀਨ, ਅਮਰੀਕਾ, ਰੂਸ, ਬਰਤਾਨੀਆ, ਜਰਮਨੀ, ਆਸਟ੍ਰੇਲੀਆ, ਦੱਖਣੀ ਕੋਰੀਆ, ਜਪਾਨ, ਇਟਲੀ ਤੇ ਫਰਾਂਸ ਉਪਰਲੇ ਦਸਾਂ ਵਿਚ ਸਨ। ਹੁਣ ਤਕ ਹੋਈਆਂ ਸਾਰੀਆਂ ਓਲੰਪਿਕ ਖੇਡਾਂ 'ਚ 14716 ਮੈਡਲ ਦਿੱਤੇ ਗਏ ਹਨ ਜਿਨ੍ਹਾਂ 'ਚੋਂ ਅਮਰੀਕਾ 2399 ਤਮਗੇ ਜਿੱਤ ਕੇ ਮੋਹਰੀ ਹੈ। ਰੂਸ ਨੇ ਸਣੇ ਸੋਵੀਅਤ ਰੂਸ ਦੇ 1521 ਤਮਗੇ ਜਿੱਤੇ ਹਨ ਤੇ ਚੀਨ ਨੇ 9 ਵਾਰ ਹਿੱਸਾ ਲੈ ਕੇ 473 ਤਮਗੇ ਜੋੜ ਲਏ ਹਨ। ਭਾਰਤ 23 ਵਾਰ ਹਿੱਸਾ ਲੈ ਕੇ ਹਾਲੇ 26 ਤਗ਼ਮਿਆਂ ਤਕ ਪੁੱਜਾ ਹੈ। ਦੂਰਬੀਨ 'ਚੋਂ ਦੇਖਿਆ ਤਾਂ ਹੋਰ ਵੀ ਬਹੁਤ ਕੁਝ ਜੀਹਦਾ ਜ਼ਿਕਰ ਕਦੇ ਫੇਰ ਕਰਾਂਗੇ।

# ਬਈ ਐਤਕੀਂ ਤਾਂ ਸੀ ਕੁੜੀਆਂ ਦੀ ਓਲੰਪਿਕ

**ਹਰਜਿੰਦਰ ਦੁਸਾਂਝ**

ਲੰਡਨ ਵਿਚ ਦੋ ਹਫ਼ਤੇ ਚੱਲੀਆਂ 2012 ਦੀਆਂ ਓਲੰਪਿਕ ਖੇਡਾਂ ਦੌਰਾਨ ਸਭ ਹੱਦਾਂ ਤੋੜ ਕੇ ਮਨੁੱਖਤਾ ਨੇ ਗਲਵੱਕੜੀ ਪਾਈ। ਸਮਾਪਤੀ ਸਮਾਗਮ ਜਿੱਤਾਂ ਹਾਰਾਂ ਦਾ ਸਿਲਸਲਾ ਭੁੱਲਾ ਕੇ ਖੇਡਾਂ ਨੂੰ ਖੇਡ ਭਾਵਨਾ ਨਾਲ ਖੇਡਣ ਦਾ ਸੁਨੇਹਾ ਦੇ ਰਿਹਾ ਸੀ। ਖੇਡਾਂ ਦੌਰਾਨ ਸਭ ਹੱਦਾਂ ਬੰਨੇ ਪਾਰ ਕਰ ਕੇ ਅਨੇਕਾਂ ਲੋਕ ਦੋਸਤ ਬਣੇ ਜਿਨ੍ਹਾਂ 'ਚੋਂ ਕਈ ਦੋਸਤੀ ਨੂੰ ਨਵਾਂ ਅੰਜਾਮ ਦੇਣਗੇ। ਸੰਗੀਤ, ਰੋਸ਼ਨੀ ਤੇ ਰੰਗਾਂ ਦਾ ਖੇੜਾ ਵਿਛੋੜੇ ਨੂੰ ਮੱਧਮ ਕਰ ਰਿਹਾ ਸੀ। ਸ਼ੁਰੂਆਤੀ ਸਮਾਗਮ 'ਚ ਜਿੱਥੇ ਬ੍ਰਿਟਿਸ਼ ਝੰਡੇ ਦੇ ਰੰਗ ਹਾਵੀ ਸਨ, ਉਥੇ ਸਮਾਪਤੀ ਜਸ਼ਨਾਂ 'ਚ ਬ੍ਰਾਜ਼ੀਲ ਦੇ ਹਰਾ ਤੇ ਪੀਲਾ ਰੰਗ ਵੀ ਜ਼ਿੰਦਗੀ ਨੂੰ ਹੋਰ ਉਤਸ਼ਾਹਪੂਰਨ ਬਣਾਉਣ ਦਾ ਸੁਨੇਹਾ ਦੇ ਰਹੇ ਸਨ। ਪੂਰੇ ਖੇਡ ਮੇਲੇ 'ਚ ਸ਼ਾਹੀ ਪਰਿਵਾਰ 'ਚੋਂ ਕੋਈ ਨਾ ਕੋਈ ਕਿਤੇ ਨਾ ਕਿਤੇ ਦਿਖਾਈ ਦੇ ਰਿਹਾ ਸੀ, ਪਰ ਸਮਾਪਤੀ ਜਸ਼ਨਾਂ 'ਚ ਰਾਣੀ ਨਹੀਂ ਆਈ। ਉਸ ਦੀ ਨੁਮਾਇੰਦਗੀ ਉਸ ਦਾ ਪੋਤਰਾ ਪ੍ਰਿੰਸ ਹੈਰੀ ਕਰ ਰਿਹਾ ਸੀ। ਜਿਸ ਦਿਨ ਰਾਣੀ ਦੀ ਦੋਹਤੀ ਨੇ ਘੋੜਸਵਾਰੀ 'ਚੋਂ ਤਮਗਾ ਜਿੱਤਿਆ, ਉਸ ਦਿਨ ਰਾਣੀ ਦੇ ਪੂਰੇ ਪਰਿਵਾਰ ਨੇ ਜਸ਼ਨ ਮਨਾਏ। ਯਾਦ ਰਹੇ ਕਿ ਰਾਣੀ ਦੀ ਧੀ ਵੀ ਘੋੜਸਵਾਰੀ 'ਚ ਓਲੰਪਿਕ ਜੇਤੂ ਹੈ। ਇੰਗਲੈਂਡ ਦੇ ਸ਼ਾਹੀ ਪਰਿਵਾਰ ਦੇ ਖਿਡਾਰੀਆਂ ਵੱਲੋਂ ਓਲੰਪਿਕ 'ਚ ਸਧਾਰਨ ਖਿਡਾਰੀਆਂ ਵਾਂਗ ਹਿੱਸਾ ਲੈਣਾ ਦੁਨੀਆਂ ਦੇ ਹੋਰ ਸ਼ਾਹੀ ਪਰਿਵਾਰਾਂ ਲਈ ਚੰਗਾ ਸੁਨੇਹਾ ਹੈ। ਇਨ੍ਹਾਂ ਓਲੰਪਿਕ ਖੇਡਾਂ ਦਾ ਸਥਾਨਕ ਪ੍ਰਬੰਧਕ ਕਮੇਟੀ ਨੇ ਹੱਦੋਂ ਵੱਧ ਵਪਾਰੀਕਰਨ ਕਰ ਦਿੱਤਾ ਸੀ। ਬਹੁਤ ਸਾਰੇ ਲੋਕ ਇਸ ਦੇ ਖ਼ਿਲਾਫ਼ ਮੁਜ਼ਾਹਰੇ ਕਰ ਰਹੇ ਸਨ। 'ਓਲੰਪਿਕ ਬਚਾਓ ਲਹਿਰ' ਦੇ ਇਨ੍ਹਾਂ ਮੁਜ਼ਾਹਰਾਕਾਰੀਆਂ ਦਾ ਸਾਥ ਇੰਗਲੈਂਡ ਦੀ 'ਆਕੂਪਾਈ ਮੂਵਮੈਂਟ' ਵੀ ਦੇ ਰਹੀ ਸੀ। ਇਕ ਦਿਨ ਤਾਂ ਦੋ ਸੌ ਦੇ ਕਰੀਬ ਸਾਇਕਲ ਸਵਾਰ ਮੁਜ਼ਾਹਰਾਕਾਰੀ ਪੁਲਿਸ ਦੀ ਸੁਰੱਖਿਆ ਹੱਦ ਤੋੜ ਕੇ ਮੁੱਖ ਸਟੇਡੀਅਮ ਦੇ ਦੁਆਰ ਤੱਕ ਵੀ ਪੁੱਜ ਗਏ। ਇਕ ਦਿਨ ਓਲੰਪਿਕ ਕਵਰ ਕਰ ਰਹੇ ਪੱਤਰਕਾਰਾਂ ਨੇ ਵੀ ਰੋਸ ਕੀਤਾ। ਅਮਰੀਕਾ ਦੇ ਇਕ ਫਰੀਲਾਂਸ ਪੱਤਰਕਾਰ ਜਿਹੜਾ 'ਯੂ.ਐਸ.ਏ. ਟੂਡੇ' ਲਈ ਕਵਰੇਜ ਕਰ ਰਿਹਾ ਸੀ, ਨੇ ਖ਼ਬਰ ਨਸ਼ਰ ਕਰ ਦਿੱਤੀ ਕਿ ਟੀ.ਵੀ. ਉਤੇ ਓਲੰਪਿਕ ਦਿਖਾਉਣ ਦੀ ਸਭ ਤੋਂ ਵੱਡੀ ਠੇਕੇਦਾਰ ਕੰਪਨੀ ਐਨ.ਬੀ.ਸੀ. ਜਾਣ-ਬੁੱਝ ਕੇ ਕਈ ਖੇਡਾਂ ਦੀ ਰਿਕਾਰਡਿੰਗ ਦੇਰ ਸ਼ਾਮ ਦਿਖਾਉਂਦੀ ਹੈ ਤਾਂ ਕਿ ਵੱਧ ਇਸ਼ਤਿਹਾਰ ਬਟੋਰੇ ਜਾ ਸਕਣ। ਬੱਸ, ਇਸੇ ਕਾਰਨ ਇਸ ਪੱਤਰਕਾਰ ਨੂੰ ਓਲੰਪਿਕ ਪਿੰਡ 'ਚ ਹਰਾਸ ਕੀਤਾ ਜਾਣਾ ਲੱਗਾ; ਉਸ ਦਾ ਟਵਿਟਰ ਅਕਾਊਂਟ ਬੰਦ ਕਰ ਦਿੱਤਾ ਗਿਆ ਸੀ।

ਜਿਉਂ-ਜਿਉਂ ਇਨ੍ਹਾਂ ਖੇਡਾਂ ਦੇ ਮੁਕਾਬਲੇ ਸਿਖਰ ਵੱਲ ਵਧਣ ਲੱਗੇ, ਇਨ੍ਹਾਂ ਨੂੰ "ਔਰਤਾਂ ਦੀ ਓਲੰਪਿਕ" ਕਿਹਾ ਜਾਣ ਲੱਗਾ। ਹੁਣ ਤੱਕ ਹੋਈਆਂ ਸਭ ਓਲੰਪਿਕਸ 'ਚੋਂ ਇਨ੍ਹਾਂ ਖੇਡਾਂ ਦੌਰਾਨ ਸਭ ਤੋਂ ਵੱਧ ਔਰਤਾਂ ਨੇ ਹਿੱਸਾ ਲਿਆ। ਇਨ੍ਹਾਂ ਖੇਡਾਂ 'ਚ 205 ਦੇਸ਼ਾਂ ਦੇ 6098 ਖਿਡਾਰੀਆਂ ਅਤੇ 4862 ਖਿਡਾਰਨਾਂ ਨੇ ਹਿੱਸਾ ਲਿਆ। ਖਿਡਾਰਨਾਂ ਦੀ ਇਹ ਰਿਕਾਰਡ ਗਿਣਤੀ ਹੈ। ਇਨ੍ਹਾਂ ਓਲੰਪਿਕ ਖੇਡਾਂ 'ਚ ਕੁੱਲ 66 ਓਲੰਪਿਕ ਰਿਕਾਰਡ ਟੁੱਟੇ ਜਿਨ੍ਹਾਂ 'ਚੋਂ 37 ਰਿਕਾਰਡ ਔਰਤਾਂ ਨੇ ਤੋੜੇ। ਇਸੇ ਤਰ੍ਹਾਂ ਇਸ ਓਲੰਪਿਕ 'ਚ ਕੁੱਲ ਤੀਹ ਸੰਸਾਰ ਰਿਕਾਰਡ ਟੁੱਟੇ ਜਿਨ੍ਹਾਂ 'ਚੋਂ ਅੱਧੇ ਔਰਤਾਂ ਨੇ ਤੋੜੇ। ਇਹੀ ਨਹੀਂ, ਸਾਲ 2012 ਦੀ ਕੌਮਾਂਤਰੀ ਓਲੰਪਿਕ ਕਮੇਟੀ ਦੇ 109 ਮੈਂਬਰਾਂ 'ਚੋਂ 22 ਔਰਤਾਂ ਹਨ ਜੋ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਹੈ।

ਇਨ੍ਹਾਂ ਖੇਡਾਂ ਦੌਰਾਨ ਅਮਰੀਕਾ ਨੇ ਸਭ ਤੋਂ ਵੱਧ 46 ਸੋਨ ਤਮਗੇ ਜਿੱਤੇ। ਇਨ੍ਹਾਂ 'ਚੋਂ 29 ਤਮਗੇ ਕੁੜੀਆਂ ਦੇ ਹਨ। ਭਾਰਤ ਵੱਲੋਂ ਜਿੱਤੇ ਕੁੱਲ ਛੇ ਤਮਗਿਆਂ 'ਚੋਂ ਦੋ ਔਰਤਾਂ ਦੇ ਹਨ। ਸਭ ਤੋਂ ਵੱਧ ਤਮਗੇ ਜਿੱਤਣ ਵਾਲੇ ਬਹੁਤੇ ਦੇਸ਼ਾਂ ਦੀਆਂ ਕੁੜੀਆਂ ਦੇ ਤਮਗੇ ਮੁੰਡਿਆਂ ਦੇ ਮੁਕਾਬਲੇ ਜ਼ਿਆਦਾ ਹਨ। ਇਤਿਹਾਸ 'ਚ ਇਨ੍ਹਾਂ ਖੇਡਾਂ ਦਾ ਨਾਂ "ਵਿਮੈਨ ਪਾਵਰ ਓਲੰਪਿਕ" ਵਜੋਂ ਦਰਜ ਹੋ ਗਿਆ ਹੈ। ਇਨ੍ਹਾਂ ਹੀ ਖੇਡਾਂ ਦੌਰਾਨ ਸਾਊਦੀ ਅਰਬ, ਕਤਰ, ਬਹਿਰੀਨ ਤੇ ਅਫਗਾਨਿਸਤਾਨ ਵਰਗੇ ਦੇਸ਼ਾਂ ਨੇ ਪਹਿਲੀ ਵਾਰ ਓਲੰਪਿਕ 'ਚ ਖਿਡਾਰਨਾਂ ਭੇਜੀਆਂ। ਔਰਤਾਂ ਦੇ ਅਧਿਕਾਰਾਂ ਲਈ ਇਹ ਮੀਲ ਪੱਥਰ ਹੈ। ਇਨ੍ਹਾਂ ਅਰਬ ਦੇਸ਼ ਦੀਆਂ ਜਾਈਆਂ ਨੇ ਆਪਣੀਆਂ ਹਰਕਤਾਂ ਤੋਂ ਬਾਅਦ ਇਹੋ ਕਿਹਾ ਕਿ ਉਹ ਤਮਗਿਆਂ ਲਈ ਨਹੀਂ, ਸਗੋਂ ਖੇਡਣ ਲਈ ਆਈਆਂ ਹਨ। ਜਿਨ੍ਹਾਂ ਦੇਸ਼ਾਂ 'ਚ ਕੁੜੀਆਂ ਦਾ ਜਨਮ ਲੈਣਾ ਹੀ ਸਰਾਪ ਸਮਝਿਆ ਜਾਂਦਾ ਹੈ, ਉਨ੍ਹਾਂ ਦੇਸ਼ਾਂ ਵੱਲੋਂ ਓਲੰਪਿਕ ਖੇਡਣਾ ਆਪਣੇ-ਆਪ 'ਚ ਵੱਡਾ ਤਮਗਾ ਹੈ।

ਜੇ ਓਲੰਪਿਕਸ ਦੀ ਕੁੱਲ ਕਾਰਗੁਜ਼ਾਰੀ ਦੇਖਣੀ ਹੋਵੇ ਤਾਂ ਹੁਣ ਭਾਰਤ ਨੂੰ ਛੱਡ ਕੇ ਤਰੱਕੀ-ਯਾਫਤਾ ਦੇਸ਼ ਰਵਾਇਤੀ ਜੇਤੂ ਦੇਸ਼ਾਂ ਦਾ ਮੁਕਾਬਲਾ ਕਰਨ ਲੱਗੇ ਹਨ। ਚੀਨ, ਕੋਰੀਆ ਤੇ ਜਾਪਾਨ ਹੁਣ ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਨੂੰ ਵੰਗਾਰਨ ਲੱਗੇ ਹਨ। ਓਲੰਪਿਕ ਚਾਰਟਰ ਮੁਤਾਬਿਕ ਓਲੰਪਿਕ, ਦੇਸ਼ਾਂ ਵਿਚਾਲੇ ਨਹੀਂ ਸਗੋਂ ਖਿਡਾਰੀਆਂ 'ਚ ਖੇਡੀ ਜਾਂਦੀ ਹੈ; ਪਰ ਦੂਜੀ ਸੰਸਾਰ ਜੰਗ ਤੋਂ ਬਾਅਦ ਜਦੋਂ ਸਾਮਰਾਜ ਅਤੇ ਸਮਾਜਵਾਦ 'ਚ ਸਰਦ ਜੰਗ ਤਿੱਖੀ ਹੋਈ ਤਾਂ ਦੋਵਾਂ ਧਿਰਾਂ ਨੇ ਆਪਣੀ ਸ਼ਕਤੀ ਦਾ ਦਿਖਾਵਾ ਕਰਨ ਲਈ ਓਲੰਪਿਕ ਨੂੰ ਜੰਗ ਦਾ ਰੂਪ ਦੇ ਦਿੱਤਾ। ਵੈਸੇ ਬਾਰੂਦੀ ਜੰਗ ਨਾਲੋਂ ਖੇਡਾਂ ਦੀ ਜੰਗ ਲਾਹੇਵੰਦ ਸਾਬਤ ਹੋਈ। ਉਂਜ ਇਸ ਖੇਡ ਜੰਗ 'ਚ ਦੋਵਾਂ ਧਿਰਾਂ ਵੱਲੋਂ ਵੱਧ ਤਮਗੇ ਜਿੱਤਣ ਦੀ ਦੌੜ ਨੇ ਖਿਡਾਰੀਆਂ ਨੂੰ ਜਿੱਤ ਲਈ ਕਈ ਗਲਤ ਹੱਥਕੰਡੇ ਅਪਨਾਉਣ ਲਾ ਦਿੱਤਾ।

ਅਮਰੀਕਾ 1896 ਤੋਂ ਓਲੰਪਿਕ ਖੇਡ ਰਿਹਾ ਹੈ ਤੇ ਸਾਬਕਾ ਸੋਵੀਅਤ ਯੂਨੀਅਨ ਨੇ ਪਹਿਲੀ ਵਾਰ 1952 ਦੀ ਹੈਲਸਿੰਕੀ ਓਲੰਪਿਕ ਖੇਡੀ ਤੇ ਆਖਰੀ ਵਾਰ 1992 ਵਿਚ ਬਾਰਸੀਲੋਨਾ ਵਾਲੀ। ਇਸ ਤੋਂ ਮਗਰੋਂ ਦੇਸ਼ ਖਿੱਲਰ ਗਿਆ। ਜੇ ਹੁਣ ਵੀ ਸਾਬਕਾ ਸੋਵੀਅਤ ਦੇਸ਼ਾਂ ਨੂੰ ਇਕੱਠੇ ਕਰ ਦੇਈਏ ਤਾਂ ਅਮਰੀਕਾ ਪਿੱਛੇ ਰਹਿ ਜਾਂਦਾ ਹੈ। ਇਸ ਵਾਰ ਅਮਰੀਕਾ ਨੇ ਓਲੰਪਿਕ 'ਚੋਂ 46 ਤਮਗੇ ਜਿੱਤੇ ਹਨ। ਇਸ ਤੋਂ ਪਹਿਲਾਂ ਅਮਰੀਕਾ ਨੇ 1904 ਦੀ ਸੇਂਟ ਲੁਇਸ ਦੀ ਓਲੰਪਿਕ 'ਚ 78 ਸੋਨ ਤਮਗੇ ਅਤੇ 1984 ਦੀ ਲਾਸ ਏਂਜਲਸ 'ਚ 83 ਸੋਨ ਤਮਗੇ ਜਿੱਤੇ ਸਨ, ਪਰ ਉਦੋਂ ਸੋਵੀਅਤ ਬਲਾਕ ਬਾਈਕਾਟ 'ਤੇ ਸੀ।

ਇਨ੍ਹਾਂ ਓਲੰਪਿਕ ਖੇਡਾਂ 'ਚ ਸਭ ਤੋਂ ਵੱਡਾ ਫੇਰਬਦਲ ਹੋਇਆ, ਸਭ ਤੋਂ ਵੱਡੀ ਖੇਡ ਫੁੱਟਬਾਲ 'ਚ। ਇਹ ਪਹਿਲੀ ਵਾਰ ਹੈ ਕਿ ਯੂਰਪ ਦੀ ਕੋਈ ਟੀਮ ਵੀ ਉਪਰਲੀਆਂ ਚਾਰ ਟੀਮਾਂ 'ਚ ਨਹੀਂ ਪਹੁੰਚ ਸਕੀ। ਯੂਰਪ ਦੀ ਓਲੰਪਿਕ ਅਜਾਰੇਦਾਰੀ ਤੋੜ ਕੇ ਫਾਈਨਲ 'ਚ ਮੈਕਸੀਕੋ ਅਤੇ ਅਗਲੀ ਓਲੰਪਿਕ ਤੇ ਸੰਸਾਰ ਕੱਪ ਫੁੱਟਬਾਲ ਦੇ ਮੇਜ਼ਬਾਨ ਬ੍ਰਾਜ਼ੀਲ ਭਿੜੇ। ਦੋਵੇਂ ਟੀਮਾਂ ਪਹਿਲੀ ਵਾਰ ਫਾਈਨਲ 'ਚ ਪਹੁੰਚੀਆਂ ਸਨ। ਹਰ ਕੋਈ ਸੋਚਦਾ ਸੀ ਕਿ ਬ੍ਰਾਜ਼ੀਲ ਦੀ ਜਿੱਤ ਯਕੀਨੀ ਹੈ ਪਰ ਮੈਕਸੀਕੋ 2-1 ਦੇ ਫਰਕ ਨਾਲ ਬ੍ਰਾਜ਼ੀਲ ਨੂੰ ਮਾਤ ਪਾ ਗਿਆ। ਤੀਜੇ ਸਥਾਨ ਲਈ ਖੇਡਣ ਵਾਲੀਆਂ ਦੋਵੇਂ ਏਸ਼ੀਆਈ ਟੀਮਾਂ ਜਪਾਨ ਤੇ ਦੱਖਣੀ ਕੋਰੀਆ ਵੀ ਪਹਿਲੀ ਵਾਰ ਸੈਮੀਫਾਈਨਲ 'ਚ ਪਹੁੰਚੀਆਂ ਸਨ। ਇਹ ਮੁਕਾਬਲਾ ਵੀ ਲੋਕਾਂ ਦੀਆਂ ਆਸਾਂ ਦੇ ਉਲਟ ਹੋਇਆ। ਸਮਝਿਆ ਜਾਂਦਾ ਸੀ ਕਿ ਜਿੱਤ ਜਪਾਨ ਦੀ ਹੋਵੇਗੀ, ਪਰ ਦੱਖਣੀ ਕੋਰੀਆ ਨੇ ਜਪਾਨ ਨੂੰ ਦੋ ਗੋਲਾਂ 'ਤੇ ਹਰਾ ਕੇ ਕਾਂਸੀ ਦਾ ਤਮਗਾ ਚੁੰਮਿਆ। ਇਸ ਮੈਚ ਤੋਂ ਬਾਅਦ ਤਲਖੀ ਭਰਿਆ ਮਾਹੌਲ ਬਣ ਗਿਆ ਸੀ। ਜਪਾਨ ਅਤੇ ਦੱਖਣੀ ਕੋਰੀਆ 'ਚ ਇਕ ਸਮੁੰਦਰੀ ਟਾਪੂ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਦੱਖਣੀ ਕੋਰੀਆਈ ਖਿਡਾਰੀ ਨੇ ਜੇਤੂ ਰੌਂਅ 'ਚ ਉਸ ਟਾਪੂ ਸਬੰਧੀ ਜਪਾਨੀ ਖਿਡਾਰੀਆਂ ਨੂੰ ਤਾਹਨਾ ਮਾਰ ਦਿੱਤਾ ਜਿਸ ਕਾਰਨ ਮਾਹੌਲ 'ਚ ਤਲਖੀ ਆ ਗਈ। ਇਹ ਓਲੰਪਿਕ ਭਾਵਨਾ ਤੇ ਓਲੰਪਿਕ ਚਾਰਟਰ ਦੇ ਉਲਟ ਸੀ। ਕੌਮਾਂਤਰੀ ਓਲੰਪਿਕ ਕਮੇਟੀ ਨੇ ਦੋਸ਼ੀ ਕੋਰੀਆਈ ਖਿਡਾਰੀ ਉਤੇ ਇਨਾਮ ਵੰਡ ਸਮਾਗਮ ਅਤੇ ਜੇਤੂ ਮੰਚ ਉਤੇ ਖੜ੍ਹਨ 'ਤੇ ਪਾਬੰਦੀ ਲਾ ਦਿੱਤੀ। ਫੁੱਟਬਾਲ ਸੰਘ ਘੱਟੋ-ਘੱਟ ਇਕ ਸਾਲ ਲਈ ਉਸ ਦੇ ਖੇਡਣ 'ਤੇ ਪਾਬੰਦੀ ਲਾਉਣ ਬਾਰੇ ਸੋਚ ਰਿਹਾ ਹੈ।

ਇਨ੍ਹਾਂ ਖੇਡਾਂ ਦਾ ਸਭ ਤੋਂ ਵੱਡਾ ਸਕੈਂਡਲ ਬਣਿਆ ਕੁੜੀਆਂ ਦੇ ਬੈਡਮਿੰਟਨ ਮੁਕਾਬਲਿਆਂ ਦਾ। ਚੀਨ, ਇੰਡੋਨੇਸ਼ੀਆ, ਉਤਰੀ ਕੋਰੀਆ, ਦੱਖਣੀ ਕੋਰੀਆ ਤੇ ਥਾਈਲੈਂਡ ਦੀਆਂ ਖਿਡਾਰਨਾਂ ਨੇ ਆਪਣੇ ਮੈਚ ਜਾਣ-ਬੁਝ ਕੇ ਹਾਰੇ ਤਾਂ ਕਿ ਦੂਜੇ ਗੇੜ 'ਚ ਉਨ੍ਹਾਂ ਦਾ ਮੁਕਾਬਲਾ ਉਨ੍ਹਾਂ ਮੁਤਾਬਕ ਸੌਖੇ ਖਿਡਾਰੀਆਂ ਨਾਲ ਹੋਵੇ। ਇਨ੍ਹਾਂ ਖਿਡਾਰਨਾਂ ਦੇ ਖੇਡਣ ਉਤੇ ਪਾਬੰਦੀ ਲੱਗ ਗਈ ਹੈ। ਮੁੱਕੇਬਾਜ਼ੀ ਦੇ ਮੁਕਾਬਲਿਆਂ 'ਚ ਵੀ ਕੁਝ ਰੌਲਾ-ਗੌਲਾ ਰਿਹਾ। ਪਿੱਛੇ ਜਿਹੇ ਬਾਕਸਿੰਗ ਫੈਡਰੇਸ਼ਨ ਨੇ ਖੇਡ ਦੇ ਨਿਯਮਾਂ 'ਚ ਕੁਝ ਤਬਦੀਲੀਆਂ ਕੀਤੀਆਂ ਸਨ। ਹੈਰਾਨੀ ਦੀ ਗੱਲ ਇਹ ਹੋਈ ਕਿ ਕਈ ਰੈਫਰੀਆਂ ਨੂੰ ਨਵੇਂ ਨਿਯਮਾਂ ਦੀ ਜਾਣਕਾਰੀ ਹੀ ਨਹੀਂ ਸੀ। ਇਕ ਰੈਫਰੀ ਨੇ ਭਾਰਤੀ ਮੁੱਕੇਬਾਜ਼ ਨੂੰ ਜੇਤੂ ਐਲਾਨ ਦਿੱਤਾ। ਬਾਅਦ 'ਚ ਨਵੇਂ ਨਿਯਮਾਂ ਮੁਤਾਬਕ ਬਾਕਸਿੰਗ ਫੈਡਰੇਸ਼ਨ ਨੇ ਰੈਫਰੀ ਦਾ ਫੈਸਲਾ ਉਲਟਾ ਕੇ ਅਮਰੀਕਾ ਦਾ ਖਿਡਾਰੀ ਜੇਤੂ ਬਣਾ ਦਿੱਤਾ। ਓਲੰਪਿਕ ਇਤਿਹਾਸ 'ਚ ਇਹ ਵੀ ਪਹਿਲੀ ਵਾਰ ਹੋਇਆ।

ਅਮਰੀਕਾ ਦੇ ਤੈਰਾਕ ਮਾਈਕਲ ਫੈਲਪਸ ਨੇ ਤਿੰਨ ਓਲੰਪਿਕ 'ਚ ਕੁੱਲ ਬਾਈ ਤਮਗੇ ਜਿੱਤ ਕੇ ਐਤਕੀਂ ਨਵਾਂ ਇਤਿਹਾਸ ਸਿਰਜ ਦਿੱਤਾ। ਉਸ ਤੋਂ ਪਹਿਲਾਂ ਸੋਵੀਅਤ ਸੰਘ ਦੀਆਂ ਦੋ ਜਿਮਨਾਸਟ ਕੁੜੀਆਂ ਦਾ 16 ਤਮਗੇ ਜਿੱਤਣ ਦਾ ਰਿਕਾਰਡ ਸੀ। ਅਮਰੀਕਾ ਦੀ 16 ਸਾਲਾ ਯੂਸੇਨ ਬੋਸਟ ਓਲੰਪਿਕ ਜਿੱਤਣ ਵਾਲੀ ਅਫਰੀਕੀ ਮੂਲ ਦੀ ਪਹਿਲੀ ਜਿਮਨਾਸਟ ਹੀ ਨਹੀਂ ਬਣੀ, ਸਗੋਂ ਉਸ ਨੇ ਦੋ ਸੰਸਾਰ ਰਿਕਾਰਡ ਵੀ ਸਿਰਜੇ। ਇਸ ਦੇ ਨਾਲ ਹੀ ਕੈਲੀ ਹੈਰੀਸਨ ਨੇ ਕੁੜੀਆਂ ਦੇ 172 ਪਾਊਂਡ ਵਰਗ ਜੂਡੋ ਮੁਕਾਬਲੇ 'ਚ ਸੋਨ ਤਮਗਾ ਜਿੱਤਿਆ। ਅਮਰੀਕਾ ਲਈ ਓਲੰਪਿਕ ਇਤਿਹਾਸ 'ਚ ਜੂਡੋ ਦਾ ਇਹ ਪਹਿਲਾ ਸੋਨ ਤਮਗਾ ਹੈ। ਸਭ ਤੋਂ ਵੱਡੇ ਫਰਕ ਨਾਲ ਰਿਕਾਰਡ ਤੋੜਨ ਵਾਲਾ ਕਾਰਨਾਮਾ ਕੀਨੀਆ ਦੇ ਡੇਵਿਡ ਰੁਦੀਸਾ ਮਾਸੀ ਨੇ 800 ਮੀਟਰ ਦੌੜ 'ਚ ਕੀਤਾ। ਉਸ ਨੇ ਇਹ ਦੌੜ 1.40.91 ਸੈਕਿੰਡ 'ਚ ਪੂਰੀ ਕਰ ਕੇ ਆਪਣੇ ਹੀ ਰਿਕਾਰਡ 'ਚ 10 ਸੈਕਿੰਡ ਦਾ ਸੁਧਾਰ ਕੀਤਾ। ਜਮਾਇਕਾ ਦੇ ਸਭ ਤੋਂ ਤੇਜ਼ ਦੌੜਾਕ ਬਣੇ ਬੋਲਟ ਨੇ 100 ਮੀਟਰ ਦੌੜ 9.63 ਅਤੇ 200 ਮੀਟਰ ਦੌੜ 19.32 ਸੈਕਿੰਡ ਦੇ ਸਮੇਂ ਨਾਲ ਜਿੱਥੇ ਨਵੇਂ ਰਿਕਾਰਡ ਬਣਾਏ, ਉਥੇ ਲਗਾਤਾਰ ਦੋ ਓਲੰਪਿਕ 'ਚ ਇਹ ਦੌੜ ਜਿੱਤਣ ਵਾਲਾ ਦੌੜਾਕ ਬਣ ਗਿਆ। 100 ਮੀਟਰ ਦੀ ਦੌੜ ਜਦੋਂ ਖ਼ਤਮ ਹੋਈ ਤਾਂ ਇਕ ਸ਼ਰਾਬੀ ਦਰਸ਼ਕ ਨੇ ਅਥਲੀਟਾਂ 'ਤੇ ਬੋਤਲ ਹੀ ਵਗਾਹ ਮਾਰੀ ਜਿਸ ਨੂੰ ਹਾਲੈਂਡ ਦੇ ਜੂਡੋ ਜੇਤੂ ਖਿਡਾਰੀ ਨੇ ਕਾਬੂ ਕਰ ਲਿਆ ਤੇ ਬਾਅਦ 'ਚ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਇਰਾਨ ਦਾ ਭਾਰ-ਤੋਲਕ ਬਹਿਦਾਦ ਸਾਲੀਮੀ ਕੋਰਦਾਸੀ ਕੁੱਲ 455 ਕਿਲੋਗ੍ਰਾਮ (1003 ਪੌਂਡ) ਭਾਰ ਚੁੱਕ ਕੇ ਦੁਨੀਆਂ ਦਾ ਤਾਕਤਵਰ ਖਿਡਾਰੀ ਬਣਿਆ।

ਕੁੱਲ ਮਿਲਾ ਕੇ ਅਮਰੀਕਾ ਦੀ ਕਾਰਗੁਜ਼ਾਰੀ ਚੰਗੀ ਰਹੀ ਪਰ ਇਸ ਵਾਰ ਅਥਲੈਟਿਕਸ (ਟਰੈਕ ਐਂਡ ਫੀਲਡ) 'ਚ ਅਮਰੀਕਾ ਦੀ ਸਰਦਾਰੀ ਖੁੱਸ ਗਈ। ਅਥਲੈਟਿਕਸ ਨੂੰ ਅਮਰੀਕਨ ਇਕ ਤਰ੍ਹਾਂ ਨਾਲ ਆਪਣੀ ਕੌਮੀ ਖੇਡ ਸਮਝਦੇ ਹਨ। ਅਥਲੈਟਿਕਸ ਦੇ ਮੁਕਾਬਲੇ ਤੇ ਤਮਗੇ ਘਟਣ 'ਤੇ ਅਮਰੀਕਨ ਓਲੰਪਿਕ ਕਮੇਟੀ ਦੀ ਕਾਫ਼ੀ ਆਲੋਚਨਾ ਹੋ ਰਹੀ ਹੈ। ਲੋਕ ਕਹਿ ਰਹੇ ਹਨ ਕਿ ਕੀ ਅਸੀਂ ਹੁਣ ਤੈਰਾਕੀ ਜੋਗੇ ਹੀ ਰਹਿ ਗਏ ਹਾਂ? ਅਮਰੀਕਾ ਨੂੰ ਸਭ ਤੋਂ ਵੱਧ ਨਮੋਸ਼ੀ ਉਦੋਂ ਹੋਈ, ਜਦੋਂ ਇਸ ਦੇ ਜੂਡੋ ਖਿਡਾਰੀ ਵੱਲੋਂ ਭੰਗ ਪੀਣ ਦਾ ਪਤਾ ਲੱਗ ਗਿਆ। ਜੂਡੋ ਖਿਡਾਰੀ ਨਿਕੋਲਸ ਡਿਲਪਓ ਦਾ ਕਹਿਣਾ ਹੈ ਕਿ ਇਹ ਸਭ ਭੁਲੇਖੇ 'ਚ ਹੋਇਆ। ਵੈਸੇ ਵੀ ਉਹ ਸੱਤਵੇਂ ਸਥਾਨ 'ਤੇ ਆਇਆ ਸੀ। ਯੂ.ਐਸ.ਏ. ਓਲੰਪਿਕ ਇਸ ਬਾਰੇ ਜਾਂਚ ਕਰ ਰਹੀ ਹੈ ਅਤੇ ਅਥਲੈਟਿਕਸ ਦੇ ਮੈਡਲ ਘਟਣ ਕਰ ਕੇ ਕਮਿਸ਼ਨ ਬਣਾਉਣ ਜਾ ਰਹੀ ਹੈ।

ਕੁੱਲ ਮਿਲਾ ਕੇ ਇਹ ਖੇਡਾਂ ਸਫ਼ਲ ਰਹੀਆਂ। ਨਾ ਮੀਂਹ ਨੇ ਰੰਗ 'ਚ ਭੰਗ ਪਾਇਆ ਤੇ ਨਾ ਕੋਈ ਮਾੜੀ ਘਟਨਾ ਵਾਪਰੀ, ਪਰ ਟਿਕਟਾਂ ਵੰਡਣ ਤੇ ਵੇਚਣ 'ਚ ਪ੍ਰਬੰਧ ਬੁਰੀ ਤਰ੍ਹਾਂ ਫੇਲ੍ਹ ਹੋਏ। ਇਹ ਸਭ ਤੋਂ ਵੱਡੀ ਊਣਤਾਈ ਸੀ। ਪ੍ਰਬੰਧਕਾਂ ਨੇ ਕੁਲ 30% ਟਿਕਟਾਂ ਲੋਕਾਂ ਲਈ ਤੇ ਬਾਕੀ ਸਭ ਖੇਡ ਜਥੇਬੰਦੀਆਂ ਤੇ ਸਪਾਂਸਰ ਕੰਪਨੀਆਂ ਨੂੰ ਦੇ ਦਿੱਤੀਆਂ ਜਿਸ ਕਰ ਕੇ ਪਹਿਲੇ ਕਈ ਦਿਨ ਕਈ ਖੇਡਾਂ ਦੀਆਂ ਸੀਟਾਂ ਖ਼ਾਲੀ ਰਹੀਆਂ। ਸ਼ਾਇਦ ਇਸ ਬਾਰੇ ਕੌਮਾਂਤਰੀ ਓਲੰਪਿਕ ਕਮੇਟੀ ਨਵੇਂ ਨਿਯਮ ਬਣਾ ਰਹੀ ਹੈ।

ਇਨ੍ਹਾਂ ਖੇਡਾਂ ਦੌਰਾਨ ਕੈਮਰੂਨ ਦੇ 7 ਖਿਡਾਰੀ ਖੇਡ ਪਿੰਡ ਵਿਚੋਂ ਅਲੋਪ ਹੋ ਗਏ। ਸਮਝਿਆ ਜਾਂਦਾ ਹੈ ਕਿ ਇੰਗਲੈਂਡ ਦੇ ਪ੍ਰਵਾਸ ਮਹਿਕਮੇ ਦੇ ਬੰਦਿਆਂ ਦੀ ਮਿਲੀਭੁਗਤ ਨਾਲ ਖਿਸਕੇ ਹਨ ਅਤੇ ਬਾਅਦ ਵਿਚ ਸਿਆਸੀ ਪਨਾਹ ਲਈ ਅਰਜ਼ੀ ਦੇਣਗੇ। ਯਾਦ ਰਹੇ 1956 ਦੀ ਓਲੰਪਿਕਸ ਵਿਚ ਸਭ ਤੋਂ ਵੱਧ 30 ਖਿਡਾਰੀ ਓਲੰਪਿਕ ਪਿੰਡ ਵਿਚ ਦੌੜੇ ਸਨ ਤੇ ਉਹ ਸਾਰੇ ਰੋਮਾਨੀਆ ਦੇ ਸਨ।

ਉਧਰ ਲੰਡਨ ਦੇ ਆਮ ਬਿਜ਼ਨਸਮੈਨਾਂ ਨੇ ਓਲੰਪਿਕਸ ਦੀ ਸਥਾਨਕ ਪ੍ਰਬੰਧਕ ਕਮੇਟੀ ਖਿਲਾਫ਼ ਸ਼ਿਕਵਾ ਹੈ ਕਿ ਨਵੇਂ ਓਲੰਪਿਕ ਵਪਾਰ ਨਿਯਮਾਂ ਕਰਕੇ ਉਹ ਆਪਣਾ ਪੂਰਾ ਪ੍ਰਚਾਰ ਨਹੀਂ ਕਰ ਸਕੇ। ਉਂਜ ਵੀ ਓਲੰਪਿਕ ਕਰਕੇ ਸਾਧਾਰਨ ਸੈਲਾਨੀ ਘੱਟ ਆਏ। ਇਸ ਕਰਕੇ ਉਨ੍ਹਾਂ ਨੂੰ ਘਾਟਾ ਪਿਆ ਜਿਸ ਲਈ ਮੁਆਵਜ਼ਾ ਓਲੰਪਿਕ ਕਮੇਟੀ ਦੇਵੇ। ਇਕ ਹੋਰ ਦਿਲਚਸਪ ਗੱਲ ਇਹ ਰਹੀ ਕਿ ਖੇਡ ਪਿੰਡ ਵਿਚ ਫਰਨੀਚਰ ਸਪਲਾਈ ਕਰਨ ਵਾਲੀ ਕੰਪਨੀ ਨੇ ਪ੍ਰਬੰਧਕ ਕਮੇਟੀ ਨੂੰ ਪੁੱਛੇ ਬਿਨਾ ਹੀ ਫਰਨੀਚਰ ਸੇਲ 'ਤੇ ਲਾ ਦਿਤਾ, ਜਦੋਂਕਿ ਅੰਗਹੀਣਾਂ ਲਈ ਓਲੰਪਿਕ ਅਜੇ ਸ਼ੁਰੂ ਹੋਣੀ ਹੈ। ਕੰਪਨੀ ਦੀ ਕੋਸ਼ਿਸ਼ ਇਹ ਦੱਸ ਕੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਸੀ ਕਿ ਇਹ ਫਰਨੀਚਰ ਫਲਾਣੇ ਖਿਡਾਰੀ ਨੇ ਵਰਤਿਆ ਹੈ।

ਗੱਲ ਭਾਰਤ ਦੀ ਕਾਰਗੁਜ਼ਾਰੀ ਦੀ ਕਰਨੀ ਹੋਵੇ ਤਾਂ ਹਾਕੀ 'ਚ ਸਭ ਤੋਂ ਬੁਰੀ ਹਾਰ ਪਿੱਛੋਂ ਭਾਰਤ ਨੇ ਇਸ ਓਲੰਪਿਕ 'ਚ ਕੁੱਲ ਛੇ ਵਿਅਕਤੀਗਤ ਮੈਡਲ ਜਿੱਤੇ ਹਨ। ਭਾਰਤ ਨੇ ਇੰਨੇ ਤਮਗੇ ਪਹਿਲੀ ਵਾਰ ਜਿੱਤੇ ਹਨ। ਇਹ ਸ਼ੁਭ ਸ਼ਗਨ ਹੈ ਪਰ ਰਸਤਾ ਅਜੇ ਬਹੁਤ ਲੰਬਾ ਹੈ।

# ਆਰਥਿਕ ਫਰੰਟ 'ਤੇ ਅੱਵਲ ਤੇ ਖੇਡਾਂ 'ਚ ਭਾਰਤ ਫਾਡੀ ਕਿਉਂ?

**ਅਮਨਪ੍ਰੀਤ ਸਿੰਘ ਛੀਨਾ**
ਫੋਨ: 0044-788-622-9063

ਭਾਰਤ ਜੋ ਕਿਸੇ ਜ਼ਮਾਨੇ ਵਿਚ ਸੋਨੇ ਦੀ ਚਿੜੀ ਵਜੋਂ ਜਾਣਿਆ ਜਾਂਦਾ ਸੀ, ਲੰਡਨ ਓਲੰਪਿਕ-2012 ਵਿਚ ਸੋਨੇ ਦੇ ਤਗਮੇ ਨੂੰ ਤਰਸਦਾ ਰਿਹਾ। ਭਾਰਤ ਦੀ ਆਬਾਦੀ 1.22 ਅਰਬ ਤੋਂ ਵੀ ਜ਼ਿਆਦਾ ਹੈ ਅਤੇ ਇਹ ਦੁਨੀਆਂ ਵਿਚ ਆਰਥਿਕ ਪੱਖੋਂ ਪਹਿਲੇ ਪੰਜ ਮੁਲਕਾਂ ਵਿਚ ਗਿਣਿਆ ਜਾਂਦਾ ਹੈ ਪਰ ਓਲੰਪਿਕ ਖੇਡਾਂ ਵਿਚ ਚਾਂਦੀ ਦੇ ਦੋ ਅਤੇ ਤਾਂਬੇ ਦੇ ਚਾਰ ਤਮਗੇ ਦੇਸ਼ ਦੀ ਤਰੱਕੀ ਉਤੇ ਕਈ ਤਰ੍ਹਾਂ ਦੇ ਸਵਾਲੀਆ ਚਿੰਨ੍ਹ ਲਾਉਂਦੇ ਹਨ। ਹੁਣ ਭਾਰਤ ਨੂੰ 'ਸ਼ਾਇਨਿੰਗ ਇੰਡੀਆ' ਕਿਹਾ ਜਾਵੇ ਜਾਂ 'ਸਲੱਮ ਇੰਡੀਆ'? ਇੰਨੀ ਆਰਥਿਕ ਤਰੱਕੀ ਦੇ ਬਾਵਜੂਦ ਖੇਡਾਂ 'ਚ ਇਸ ਦਾ ਪ੍ਰਦਰਸ਼ਨ ਅਮਰੀਕਾ, ਚੀਨ ਤੇ ਇੰਗਲੈਂਡ ਦੇ ਮੁਕਾਬਲੇ ਐਨਾ ਮਾੜਾ ਕਿਉਂ ਰਿਹਾ?

ਆਜ਼ਾਦੀ ਤੋਂ ਬਾਅਦ ਭਾਰਤ ਕੋਲ ਨਾ ਤਾਂ ਪੈਸਾ ਸੀ ਅਤੇ ਨਾ ਹੀ ਸਾਧਨ, ਪਰ ਖਿਡਾਰੀਆਂ 'ਚ ਜੋਸ਼, ਹੋਸ਼ ਅਤੇ ਹਰ ਮੈਦਾਨ ਫਤਿਹ ਕਰਨ ਵਾਲੀ ਤਾਕਤ ਸੀ। ਮਗਰੋਂ ਮਿਲਖਾ ਸਿੰਘ ਅਤੇ ਪੀ.ਟੀ. ਊਸ਼ਾ ਵਰਗੇ ਖਿਡਾਰੀ ਨੌਜਵਾਨਾਂ ਲਈ ਸੇਧ ਬਣੇ। ਅੱਜ ਵਿਚਾਰ ਅਧੀਨ ਮਸਲਾ ਇਹ ਹੈ ਕਿ ਭਾਰਤ ਕੋਲ ਸਰਮਾਇਆ ਹੁੰਦਿਆਂ ਵੀ ਹੁਣ ਇਹ ਖੇਡਾਂ ਵਿਚ ਪਿੱਛੇ ਕਿਉਂ ਹੈ?

ਭਾਰਤ ਨੇ 1900 (ਪੈਰਿਸ) ਤੋਂ 2012 (ਲੰਡਨ) ਦੇ 112 ਸਾਲਾਂ ਦੇ ਓਲੰਪਿਕ ਸਫ਼ਰ ਵਿਚ ਕੁੱਲ 26 ਮੈਡਲ ਜਿੱਤੇ ਜਿਨ੍ਹਾਂ 'ਚ 9 ਸੋਨੇ, 6 ਚਾਂਦੀ ਅਤੇ 11 ਤਾਂਬੇ ਦੇ ਹਨ। ਸੋਨੇ ਦੇ 9 ਮੈਡਲਾਂ ਵਿਚੋਂ 8 ਇਕੱਲੀ ਹਾਕੀ ਟੀਮ ਨੇ ਜਿੱਤੇ ਹਨ ਅਤੇ ਸੋਨੇ ਦਾ ਇਕ ਮੈਡਲ ਅਭਿਨਵ ਬਿੰਦਰਾ ਨੇ ਸ਼ੂਟਿੰਗ 'ਚ ਹਾਸਿਲ ਕੀਤਾ। 2012 ਦੀਆਂ ਓਲੰਪਿਕ ਖੇਡਾਂ ਵਿਚ ਭਾਰਤ ਆਪਣੀ ਜਿੱਤ 55ਵੇਂ ਨੰਬਰ 'ਤੇ ਹੀ ਦਰਜ ਕਰਵਾ ਸਕਿਆ।

ਦਰਅਸਲ, ਆਜ਼ਾਦੀ ਤੋਂ ਬਾਅਦ ਭਾਰਤ ਦੀ ਵੰਡ ਦੇ ਨਾਲ ਹੀ, ਇਕ ਹੋਰ ਵੰਡ ਵੀ ਹੋਈ। ਭਾਰਤ ਦੀ ਆਬਾਦੀ ਦੋ ਹਿੱਸਿਆਂ 'ਚ ਵੰਡੀ ਗਈ। ਇਕ ਹਿੱਸਾ 'ਸ਼ਾਇਨਿੰਗ' ਜਾਂ 'ਸੁਪਰ-ਸ਼ਾਇਨਿੰਗ' ਇੰਡੀਆ ਵਿਚ ਰਹਿ ਕੇ ਸੋਹਣੀ ਜ਼ਿੰਦਗੀ ਬਸਰ ਕਰਨ ਲੱਗ ਪਿਆ ਅਤੇ ਦੂਜਾ ਹਿੱਸਾ 'ਸਲੱਮ ਇੰਡੀਆ' ਵਿਚ ਰਹਿ ਹਰ ਰੋਜ਼ ਰੋਟੀ, ਕੱਪੜੇ ਅਤੇ ਮਕਾਨ ਵਰਗੀਆਂ ਬੁਨਿਆਦੀ ਸਹੂਲਤਾਂ ਦੀ ਲੜਾਈ 'ਚ ਆਪਣਾ ਜੀਵਨ ਜੀਣ ਲੱਗ ਪਿਆ। 65 ਸਾਲਾਂ ਵਿਚ ਆਰਥਿਕ ਪੱਖੋਂ ਉਨਤੀ ਕਰ ਕੇ ਭਾਰਤ ਨੂੰ ਦੁਨੀਆਂ ਭਰ ਵਿਚ ਵੀ 'ਸ਼ਾਇਨਿੰਗ ਇੰਡੀਆ' ਦੇ ਨਾਮ ਨਾਲ ਜਾਣਿਆਂ ਜਾਣ ਲੱਗ ਪਿਆ ਅਤੇ ਸਾਲ 2002 ਤੋਂ ਬਾਅਦ ਸਿਆਸੀ ਪਾਰਟੀਆਂ ਵੀ 'ਸ਼ਾਇਨਿੰਗ ਇੰਡੀਆ' ਦੇ ਨਾਅਰੇ ਥੱਲੇ ਸਿਆਸਤ ਕਰਨ ਲੱਗ ਪਈਆਂ; ਪਰ ਹਕੀਕਤ ਵਿਚ 70% ਭਾਰਤੀਆਂ ਦੀ ਆਮਦਨ 100 ਰੁਪਏ ਪ੍ਰਤੀ ਦਿਨ ਤੋਂ ਵੀ ਘੱਟ ਹੋਣ ਕਾਰਨ ਇਨ੍ਹਾਂ ਨੂੰ ਆਪਣੇ ਬੱਚੇ 'ਸਲੱਮ ਇੰਡੀਆ' ਵਿਚ ਰਹਿ ਕੇ ਪਾਲਣੇ ਪੈ ਰਹੇ ਹਨ। ਇਹ ਲੋਕ ਆਪਣੇ ਜੀਵਨ ਵਿਚ ਬਹੁਤ ਸਾਰੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਉਲਟ ਲਗਭਗ 20% ਭਾਰਤੀ 'ਸ਼ਾਇਨਿੰਗ ਇੰਡੀਆ' ਦੀਆਂ ਪੰਜ-ਤਾਰਾ ਸਹੂਲਤਾਂ ਦਾ ਪੂਰਾ ਅਨੰਦ ਮਾਣਦੇ ਹਨ ਅਤੇ ਬਾਕੀ ਬਚੇ ਤਕਰੀਬਨ 10% ਸਰਮਾਏਦਾਰ ਭਾਰਤੀ (ਅਪਰ ਕਲਾਸ) 'ਸੁਪਰ-ਸ਼ਾਇਨਿੰਗ' ਇੰਡੀਆ ਵਿਚ ਪੈਸੇ ਦੇ ਜ਼ੋਰ 90% ਭਾਰਤੀਆਂ ਨੂੰ ਆਪਣੀ ਉਂਗਲੀ ਦੇ ਇਸ਼ਾਰੇ 'ਤੇ ਨਚਾਉਂਦੇ ਹਨ। ਵਰਲਡ ਬੈਂਕ ਦੀ ਰਿਪੋਰਟ ਮੁਤਾਬਿਕ ਭਾਰਤ ਵਿਚ 32.7% ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ।

ਕਿਸੇ ਵੀ ਦੇਸ਼ ਦਾ ਅਸਲ ਸਰਮਾਇਆ, ਧਨ, ਦੌਲਤ ਹੁੰਦੀ ਹੈ, ਉਥੋਂ ਦੇ ਲੋਕਾਂ ਦੀ ਸਿਹਤ। ਭਾਰਤ ਦੁਨੀਆਂ ਭਰ ਦੀ ਦੌਲਤ ਹਥਿਆਉਣ 'ਚ ਲੱਗਿਆ ਹੋਇਆ ਹੈ, ਪਰ ਵੱਡੀ ਗਿਣਤੀ ਲੋਕ ਬੇਰੁਜ਼ਗਾਰੀ, ਗਰੀਬੀ, ਮਾੜੀਆਂ ਸਿਹਤ ਸਹੂਲਤਾਂ ਅਤੇ ਅਨਪੜ੍ਹਤਾ ਆਦਿ ਦਾ ਸ਼ਿਕਾਰ ਹਨ। ਸਿਹਤ ਦੇ ਖੇਤਰ ਦਾ ਨਿਘਾਰ ਰੁਕ ਨਹੀਂ ਰਿਹਾ। ਅੱਜ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਖੇਡਾਂ ਪ੍ਰਤੀ ਆਪਣੇ ਫਰਜ਼ ਨਿਭਾਉਣ ਵਿਚ ਅਸਮਰਥ ਕਿਉਂ ਹਨ? ਪੰਜਾਬ ਸਰਕਾਰ ਨੇ ਆਪਣੇ 2012-13 ਦੇ ਬਜਟ ਦਾ ਸਿਰਫ 0.23 ਫ਼ੀਸਦੀ ਹਿੱਸਾ ਹੀ ਖੇਡਾਂ ਲਈ ਰੱਖਿਆ ਹੈ। ਕੀ ਇਸ ਪੈਸੇ ਨਾਲ ਪੰਜਾਬ ਵਿਚ ਖੇਡਾਂ ਦੇ ਖੇਤਰ 'ਚ ਕੋਈ ਵੱਡੀ ਤਬਦੀਲੀ ਆਉਣ ਦੇ ਅਸਾਰ ਬਣ ਸਕਦੇ ਹਨ? ਕੀ ਇਸ ਪੈਸੇ ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਸਰਕਾਰੀ ਸਕੂਲਾਂ ਤੇ ਕਾਲਜਾਂ 'ਚ ਕੌਮੀ ਜਾਂ ਕੌਮਾਂਤਰੀ ਪੱਧਰ ਦੀਆਂ ਖੇਡ ਸਹੂਲਤਾਂ ਮੁਹੱਈਆ ਕੀਤੀਆਂ ਜਾ ਸਕਦੀਆਂ ਹਨ? ਜੇ ਨਹੀਂ, ਤਾਂ ਅੱਜ ਦੇ ਮਹਿੰਗਾਈ ਦੇ ਸਮੇਂ ਵਿਚ ਗਰੀਬ ਮਾਂ-ਬਾਪ ਆਪਣੇ ਬੱਚਿਆਂ ਦੀਆਂ ਖੇਡ ਰੁਚੀਆਂ ਕਿਵੇਂ ਪੂਰੀਆਂ ਕਰਨ ਤਾਂ ਜੋ ਉਹ ਆਪਣੇ ਸੂਬੇ ਅਤੇ ਦੇਸ਼ ਦਾ ਨਾਮ ਦੁਨੀਆਂ ਭਰ ਵਿਚ ਰੌਸ਼ਨ ਕਰ ਸਕਣ। ਹਰ ਕਿਸੇ ਖਿਡਾਰੀ ਦਾ ਬਾਪ ਅਭਿਨਵ ਬਿੰਦਰਾ ਦੇ ਬਾਪ ਵਾਂਗ ਅਮੀਰ ਨਹੀਂ ਹੋ ਸਕਦਾ ਜੋ ਆਪਣੇ ਬੱਚੇ ਲਈ ਘਰ ਵਿਚ ਹੀ ਸਾਰੀਆਂ ਸਹੂਲਤਾਂ ਮੁਹੱਈਆ ਕਰਵਾ ਸਕਦਾ ਹੋਵੇ। ਅੱਜ ਕ੍ਰਿਕਟ ਭਾਰਤ ਵਿਚ ਕਰੋੜਾਂ ਰੁਪਏ ਦਾ ਵਪਾਰ ਕਰ ਰਹੀ ਹੈ। ਇਸ ਖੇਡ ਵਿਚ ਵਪਾਰੀ ਅਤੇ ਫਿਲਮੀ ਦੁਨੀਆਂ ਦੇ ਸਿਤਾਰੇ ਹਰ ਸਾਲ ਖੁੱਲ੍ਹੇ ਬਾਜ਼ਾਰ 'ਚ ਖਿਡਾਰੀਆਂ ਦੀ ਬੋਲੀ ਲਾਉਂਦੇ ਹਨ ਅਤੇ ਅਰਬਾਂ ਰੁਪਏ ਕਮਾਉਂਦੇ ਹਨ; ਹੋਰ ਖੇਡਾਂ ਦਾ ਕਿਸੇ ਨੂੰ ਫਿਕਰ ਹੀ ਨਹੀਂ ਜਾਪਦਾ।

ਭਾਰਤ ਦੇ ਖੇਡ ਮੰਤਰੀ ਨੇ ਇਕ ਇੰਟਰਵਿਊ 'ਚ ਦੱਸਿਆ ਸੀ ਕਿ ਖੇਡ ਵਿਭਾਗ ਜਿੱਤ ਕੇ ਆਏ ਹਰ ਖਿਡਾਰੀ ਨੂੰ ਸਰਕਾਰੀ ਨੌਕਰੀ ਤਾਂ ਦੇਵੇਗਾ ਹੀ, ਸੋਨੇ ਦਾ ਤਮਗਾ ਜਿੱਤਣ ਵਾਲੇ ਨੂੰ 50 ਲੱਖ ਰੁਪਏ, ਚਾਂਦੀ ਦਾ ਤਮਗਾ ਜਿੱਤਣ ਵਾਲੇ ਨੂੰ 30 ਲੱਖ ਅਤੇ ਤਾਂਬੇ ਦਾ ਤਮਗਾ ਜਿੱਤਣ ਵਾਲੇ ਖਿਡਾਰੀ ਨੂੰ 20 ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ, ਪਰ ਕੇਂਦਰੀ ਖੇਡ ਮੰਤਰੀ ਨੇ ਇਨ੍ਹਾਂ ਇਨਾਮਾਂ ਤੱਕ ਪਹੁੰਚਣ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਖੇਡ ਬਜਟ ਵਧਾਉਣ ਦੀ ਕੋਈ ਗੱਲ ਨਹੀਂ ਕੀਤੀ।

ਸਾਰੇ ਤੱਥਾਂ ਦੀ ਤਹਿ ਤੱਕ ਪੜਤਾਲ ਕਰਨ ਤੋਂ ਬਾਅਦ ਪੰਜ ਮੁੱਖ ਕਾਰਨ ਸਾਹਮਣੇ ਆਉਂਦੇ ਹਨ। ਪਹਿਲਾ, ਬਹੁਤ ਸਾਰੇ ਲੋਕਾਂ ਕੋਲ ਆਪਣੇ ਬੱਚਿਆਂ ਨੂੰ ਤਿੰਨ ਵਕਤ ਦਾ ਪੌਸ਼ਟਿਕ ਭੋਜਨ ਦੇਣ ਜੋਗੀ ਆਮਦਨ ਨਹੀਂ ਹੈ ਤੇ ਉਹ ਆਪਣੇ ਬੱਚਿਆਂ ਦੀ ਰੁਚੀ ਖੇਡਾਂ 'ਚ ਕਿਵੇਂ ਵਧਾਉਣ। ਦੂਜਾ, ਖਾਣੇ ਵਿਚ ਭਾਰੀ ਮਿਲਾਵਟ ਹੋਣ ਕਰ ਕੇ ਤੇ ਕਣਕ, ਸਬਜ਼ੀਆਂ, ਦਾਲਾਂ ਉਤੇ ਜ਼ਹਿਰੀਲੀਆਂ ਦਵਾਈਆਂ ਦੀ ਸਪਰੇਅ ਹੋਣ ਕਰ ਕੇ ਬੱਚੇ ਸਿਹਤ ਪੱਖੋਂ ਕਮਜ਼ੋਰ ਜਾਂ ਵੱਖ-ਵੱਖ ਬਿਮਾਰੀਆਂ ਦੇ ਸ਼ਿਕਾਰ ਹੋ ਗਏ ਹਨ। ਤੀਜਾ, ਦੇਸ਼ ਵਿਚ ਅਤਿ ਦੀ ਗਰੀਬੀ ਕਰ ਕੇ 47 ਫ਼ੀਸਦੀ ਬੱਚੇ ਭਾਰ ਘੱਟ ਹੋਣ ਕਰ ਕੇ ਦੇਸ਼ ਦੀ ਤਰੱਕੀ ਵਿਚ ਬਹੁਤ ਵੱਡਾ ਯੋਗਦਾਨ ਨਹੀਂ ਪਾ ਰਹੇ। ਚੌਥਾ, ਸਕੂਲਾਂ ਅਤੇ ਸੂਬਿਆਂ ਵਿਚ ਮਾੜੀਆਂ ਖੇਡ ਸਹੂਲਤਾਂ, ਪੰਜਵਾਂ, ਪਿਛਲੇ ਕੁੱਝ ਸਮੇਂ ਵਿਚ ਨੌਜਵਾਨ ਬੇਰੁਜ਼ਗਾਰੀ ਕਰ ਕੇ ਵੱਖ-ਵੱਖ ਨਸ਼ਿਆਂ ਦਾ ਸ਼ਿਕਾਰ ਹੋ ਗਏ ਹਨ ਅਤੇ ਉਨ੍ਹਾਂ ਦੀ ਸਿਹਤ ਤੰਦਰੁਸਤ ਨਹੀਂ ਰਹੀ।

ਜੇ ਆਉਣ ਵਾਲੇ ਸਮੇਂ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਨੇ ਖਾਣੇ ਦੀ ਮਿਲਾਵਟ, ਜ਼ਹਿਰੀਲੀਆਂ ਦਵਾਈਆਂ ਦੀਆਂ ਫ਼ਸਲਾਂ 'ਤੇ ਸਪਰੇਅ, ਨੌਜਵਾਨਾਂ ਨੂੰ ਨਸ਼ਿਆਂ 'ਚੋਂ ਬਾਹਰ ਕੱਢ ਕੇ ਖੇਡਾਂ ਵਾਲੇ ਪਾਸੇ ਨਾ ਲਗਾਇਆ ਤਾਂ ਭਾਰਤ ਦੀ ਵਧਦੀ ਆਬਾਦੀ ਭਾਰਤ ਉਤੇ ਹੋਰ ਬੋਝ ਬਣੇਗੀ। ਇਸੇ ਕਰ ਕੇ ਹੁਣ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਜਾਗਣਾ ਚਾਹੀਦਾ ਹੈ।

# ਕਿਹੜੇ ਰਾਹ ਪੈ ਤੁਰਿਐ ਭਾਰਤੀ ਮੀਡੀਆ?

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਸਵੇਰੇ ਚਾਹ ਦੀਆਂ ਚੁਸਕੀਆਂ ਨਾਲ ਖ਼ਬਰਾਂ ਵਾਲਾ ਕੋਈ ਵੀ ਚੈਨਲ ਲਾ ਲਵੋ, ਮਸਾਲਾ ਖ਼ਬਰਾਂ ਅਜਿਹੇ ਤੁੜਕੇ ਨਾਲ ਦਿਸਦੀਆਂ ਨੇ ਕਿ ਘਟਨਾ ਦੇ ਕਰੂਰ ਪਹਿਲੂ ਲੁਕੇ ਹੁੰਦੇ ਨੇ ਤੇ ਦੁੱਖ ਜਾਂ ਹਮਦਰਦੀ ਦੀ ਥਾਂ ਖ਼ਬਰਾਂ ਨੂੰ 'ਜ਼ਾਇਕੇਦਾਰ' ਬਣਾਉਣ 'ਤੇ ਵੱਧ ਜ਼ੋਰ ਲੱਗਾ ਹੁੰਦੈ। ਬਲਾਤਕਾਰ, ਧੋਖਾਧੜੀ, ਕਤਲ, ਲੁੱਟ-ਖੋਹ ਅਤੇ ਪ੍ਰੇਮ ਆਧਾਰਤ ਘਟਨਾਵਾਂ ਨੂੰ ਅਜਿਹਾ ਰੰਗ ਚਾੜ੍ਹਿਆ ਜਾਂਦੈ ਕਿ ਖ਼ਬਰ ਜਾਣਕਾਰੀ ਦਾ ਮਾਧਿਅਮ ਘੱਟ ਤੇ ਮਨੋਰੰਜਨ ਸਮੱਗਰੀ ਵੱਧ ਲੱਗਦੀ ਹੈ। ਚਟਕਾਰੇ ਦੇ ਚਾਹਵਾਨਾਂ ਨੂੰ ਚੈਨਲਾਂ ਦੀ ਇਹ ਪੇਸ਼ਕਾਰੀ ਚੰਗੀ ਲੱਗਦੀ ਹੈ ਪਰ ਸੰਜੀਦਾ ਲੋਕਾਂ ਨੂੰ ਇਹ ਰੜਕਦੈ ਕਿ ਮੀਡੀਆ ਆਪਣੇ ਅਸੂਲ ਤੋਂ ਕਿਉਂ ਭਟਕਦਾ ਜਾ ਰਿਹੈ।

ਹਰ ਖ਼ਬਰ ਨੂੰ ਸਨਸਨੀਖੇਜ ਬਣਾ ਕੇ ਪੇਸ਼ ਕਰਨ ਵਾਲੇ ਚੈਨਲਾਂ ਨੇ ਉਨ੍ਹਾਂ ਸਿਰਫਿਰੇ ਲੋਕਾਂ ਨੂੰ ਨਵੀਂਆਂ-ਨਵੀਂਆਂ ਤਰਕੀਬਾਂ ਲਈ ਮਜਬੂਰ ਕੀਤਾ ਏ, ਜਿਹੜੇ ਲੋਕਾਂ ਦੀਆਂ ਨਜ਼ਰਾਂ 'ਚ ਆਉਣ ਲਈ ਜਾਣ ਬੁੱਝ ਕੇ ਅਜਿਹੀਆਂ ਕਰਤੂਤਾਂ ਕਰਦੇ ਨੇ, ਜਿਨ੍ਹਾਂ ਦੀ ਖ਼ਬਰ ਬਣ ਸਕਦੀ ਹੋਵੇ। ਕਦੇ ਸੋਚਿਆ ਨਹੀਂ ਸੀ ਕਿ ਨੀਲੀਆਂ ਫ਼ਿਲਮਾਂ ਨੂੰ ਭਾਰਤੀ ਮੀਡੀਆ ਅੱਜ ਵਾਲੀ ਮਾਨਤਾ ਦੇਵੇਗਾ। ਕੱਲ੍ਹ ਤੱਕ ਜਿਨ੍ਹਾਂ 'ਪੋਰਨ ਫ਼ਿਲਮਾਂ' ਬਾਰੇ ਭਾਰਤ ਦੇ ਵੱਡੇ ਹਿੱਸੇ ਨੂੰ ਪਤਾ ਨਹੀਂ ਸੀ ਤੇ ਜੇ ਪਤਾ ਸੀ ਤਾਂ ਇਨ੍ਹਾਂ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਜਾਣਕਾਰੀ ਨਹੀਂ ਸੀ, ਉਨ੍ਹਾਂ ਬਾਰੇ ਮੀਡੀਆ ਨੇ ਏਨਾ ਪ੍ਰਚਾਰ ਕਰ ਦਿੱਤੈ ਕਿ ਥਾਂ-ਥਾਂ ਸੰਨੀ ਲਿਓਨ ਦੀ ਗੱਲ ਹੁੰਦੀ ਹੈ।

ਆਪਣੀ ਜ਼ਿੰਮੇਵਾਰੀ ਤੋਂ ਭੱਜੇ ਬਿਜਲਈ ਮੀਡੀਏ ਨੂੰ ਅੱਜ ਸਿਰਫ਼ ਟੀ.ਆਰ.ਪੀ. ਦੀ ਚਿੰਤਾ ਹੈ, ਗੰਧਲੇ ਹੋ ਰਹੇ ਸਮਾਜ ਦੀ ਨਹੀਂ। ਮੀਡੀਆ ਇਸ ਸੋਚ 'ਤੇ ਚੱਲਣ ਲੱਗੈ ਕਿ ਨੰਗੇ ਰਹਿਣ ਦੇ ਦਾਅਵੇ ਕਰਨ, ਲੁੱਚਤਾ ਨੂੰ ਹਿੱਕ ਥਾਪੜ ਕੇ ਕਬੂਲਣ ਅਤੇ ਮਰਿਆਦਾ ਤੋਂ ਭੱਜੇ ਲੋਕਾਂ ਦੀ ਗੱਲ ਇੰਜ ਕਰੋ ਕਿ ਦਰਸ਼ਕ ਹਕੀਕਤ ਸਮਝਣ ਦੇ ਨਾਲ-ਨਾਲ ਉਸ ਨੂੰ ਸਮਾਜ 'ਚ ਹੋ-ਵਾਪਰ ਰਹੇ ਰਸੀਲੇ ਘਟਨਾਕ੍ਰਮ ਦਾ ਹਿੱਸਾ ਸਮਝੇ।

ਸਾਲ-ਡੇਢ ਸਾਲ ਪਹਿਲਾਂ ਤੱਕ ਪੂਨਮ ਪਾਂਡੇ ਨੂੰ ਕੋਈ ਨਹੀਂ ਸੀ ਜਾਣਦਾ, ਪਰ ਉਸ ਨੇ ਮੀਡੀਏ ਅੱਗੇ ਸਨਸਨੀ ਪੇਸ਼ ਕੀਤੀ ਤੇ ਅੱਗੋਂ ਮੀਡੀਆ ਨੇ ਸੂਤਰਧਾਰ ਵਾਲਾ ਰੋਲ ਨਿਭਾਇਆ ਤੇ ਅੱਜ ਉਹੀ ਪੂਨਮ ਬਾਲੀਵੁੱਡ ਦੇ ਨਾਲ-ਨਾਲ ਆਮ ਲੋਕਾਂ ਵੱਲੋਂ ਪਛਾਣੀ ਜਾਣ ਵਾਲੀ ਹੈ। ਪ੍ਰਾਪਤੀ ਉਸ ਦੀ ਬੱਸ ਏਨੀ ਕੁ ਹੈ ਕਿ ਉਸ ਨੇ ਐਲਾਨ ਕੀਤਾ, ਜੇ ਭਾਰਤੀ ਕ੍ਰਿਕਟ ਟੀਮ ਵਿਸ਼ਵ ਕੱਪ ਜਿੱਤ ਗਈ ਤਾਂ ਉਹ ਕੱਪੜੇ ਉਤਾਰ ਕੇ ਮੈਦਾਨ ਵਿਚ ਆਵੇਗੀ।

ਏਨਾ ਕਹਿਣ ਨਾਲ ਚੈਨਲਾਂ ਨੂੰ ਇਹ ਦੁਨੀਆਂ ਦਾ ਸਭ ਤੋਂ ਵੱਡਾ ਮੁੱਦਾ ਜਾਪਣ ਲੱਗਾ ਤੇ ਪੂਨਮ ਦੀਆਂ ਵੱਡੀਆਂ-ਵੱਡੀਆਂ ਫੋਟੋਆਂ ਸਕਰੀਨ 'ਤੇ ਦਿਖਾ ਤੀਰ ਛੱਡੇ ਜਾਣ ਲੱਗੇ। ਜਦੋਂ ਟੀਮ ਜਿੱਤ ਗਈ ਤਾਂ ਕਈ ਚੈਨਲਾਂ ਨੇ ਵਿਸ਼ੇਸ਼ ਬੁਲੇਟਿਨ ਤਿਆਰ



ਕੀਤੇ ਕਿ ਕੱਪੜੇ ਲਾਹੁਣ ਵਾਲੀ ਆਪਣੇ ਵਾਅਦੇ ਤੋਂ ਮੁੱਕਰ ਗਈ ਹੈ ਤੇ ਹੁਣ ਵਾਅਦਾ ਪੂਰਾ ਕਦੋਂ ਕਰੇਗੀ, ਇਹ ਦੇਖਣਾ ਬਾਕੀ ਹੈ। ਸਿਵਾਏ ਇੱਕ-ਦੋ ਟੀ.ਵੀ. ਚੈਨਲਾਂ ਦੇ ਕਿਸੇ ਨੇ ਇਹ ਨਹੀਂ ਸੋਚਿਆ ਕਿ ਸਿਰਫਿਰੀ ਦੀ ਇਹ ਗੱਲ ਆਮ ਲੋਕਾਂ ਤੱਕ ਪਹੁੰਚਦੀ ਨਾ ਕੀਤੀ ਜਾਵੇ, ਕਿਉਂਕਿ ਉਸ ਦੇ ਨਿੱਜੀ ਫ਼ੈਸਲੇ ਨੂੰ ਆਮ ਲੋਕਾਂ ਨਾਲ ਸਾਂਝਾ ਕਰਨ ਦੀ ਕੀ ਤੁਕ? ਪੂਨਮ ਨੇ ਇਹ ਐਲਾਨ ਪ੍ਰਚਾਰ ਲਈ ਕੀਤਾ ਸੀ ਤੇ ਉਹ ਸਫ਼ਲ ਵੀ ਹੋਈ।

ਚੈਨਲਾਂ ਨੇ ਬੇਸ਼ਰਮੀ ਦੀ ਹੱਦ ਪਾਰ ਕਰਦਿਆਂ ਸੰਨੀ ਲਿਓਨ ਨੂੰ ਆਧੁਨਿਕ ਸਮਾਜ ਦੀ ਅਜਿਹੀ ਔਰਤ ਵਜੋਂ ਪੇਸ਼ ਕੀਤਾ, ਜਿਹੜੀ ਮਰਜ਼ੀ ਨਾਲ ਮਨਚਾਹੇ ਮਰਦ ਨਾਲ ਸਬੰਧ ਬਣਾਉਂਦੀ ਹੈ ਤੇ ਇਹ ਕਬੂਲ ਕਰਨ ਮਾਣ ਮਹਿਸੂਸਦੀ ਹੈ ਕਿ ਹਾਂ, ਉਸ ਨੇ ਇਹ ਸਭ ਕੀਤਾ ਹੈ। ਉਹ ਔਰਤ, ਜਿਹੜੀ ਨੀਲੀਆਂ ਫ਼ਿਲਮਾਂ ਦੀ ਹੀਰੋਇਨ ਹੈ ਤੇ ਕੱਲ੍ਹ ਤੱਕ ਜੀਹਦੇ ਨਾਂ ਬਾਰੇ ਭਾਰਤ ਦੇ 80% ਲੋਕਾਂ ਨੂੰ ਨਹੀਂ ਸੀ ਪਤਾ, ਅੱਜ ਵਪਾਰੀ ਮੀਡੀਏ ਕਾਰਨ 80% ਲੋਕਾਂ ਵੱਲੋਂ ਪਛਾਣੀ ਜਾਂਦੀ ਹੈ। ਪਹਿਲਾਂ ਖ਼ਬਰਾਂ ਆਈਆਂ ਕਿ 'ਅਸ਼ਲੀਲ ਫ਼ਿਲਮਾਂ ਦੀ ਰਾਣੀ' ਬਾਲੀਵੁੱਡ 'ਚ ਦਾਖ਼ਲਾ ਕਰ ਰਹੀ ਹੈ, ਫੇਰ ਆਈਆਂ ਕਿ ਉਹਨੇ ਦਾਖ਼ਲਾ ਕਰ ਲਿਆ ਹੈ, ਫੇਰ ਉਹਦੇ ਮਹੇਸ਼ ਭੱਟ ਕੈਂਪ 'ਚ ਸ਼ਾਮਲ ਹੋਣ ਨੂੰ ਉਭਾਰਿਆ ਗਿਆ, ਫੇਰ 'ਜਿਸਮ 2' ਦੀ ਹੀਰੋਇਨ ਬਣਨ ਦਾ ਪ੍ਰਚਾਰ ਹੋਇਆ, ਫੇਰ ਪੋਸਟਰਾਂ ਦੀ ਅਸ਼ਲੀਲਤਾ ਨੂੰ ਰੱਜਵਾਂ ਪ੍ਰਚਾਰ ਦਿੱਤਾ ਤੇ ਹੁਣ ਸੰਨੀ ਲਿਓਨ ਦੇ ਕਸੀਦੇ ਕੱਢਦਿਆਂ ਕਿਹਾ ਜਾ ਰਿਹੈ ਕਿ ਉਹ ਭਾਰਤ ਦੀਆਂ ਰੂੜ੍ਹੀਵਾਦੀ ਪਰੰਪਰਾਵਾਂ ਨੂੰ ਸੱਟ ਮਾਰਨ ਵਾਲੀ ਮੁਟਿਆਰ ਹੈ, ਜੋ ਮਰਜ਼ੀ ਮੁਤਾਬਕ ਕੱਪੜੇ ਲਾਹੁਣ, ਸਬੰਧ ਬਣਾਉਣ ਅਤੇ ਖੁੱਲ੍ਹ ਕੇ ਬਿਆਨ ਕਰਨ ਦਾ ਮਾਦਾ ਰੱਖਦੀ ਹੈ।

ਅੱਜ ਭਾਰਤੀ ਮੀਡੀਆ ਬਾਲੀਵੁੱਡ ਦੀਆਂ ਉਨ੍ਹਾਂ ਸਾਰੀਆਂ ਮਾਡਲਾਂ ਨੂੰ ਪੇਸ਼ ਕਰ ਰਿਹੈ, ਜਿਹੜੀਆਂ ਕੱਪੜੇ ਲਾਹੁਣ ਦਾ ਬਿਆਨ ਦੇਣ ਲੱਗੀਆਂ ਝੱਟ ਲਾਉਂਦੀਆਂ ਨੇ। ਕਦੇ 'ਪਲੇਅ ਬੁਆਏ' ਮੈਗਜ਼ੀਨ ਦੇ ਕਵਰ ਪੇਜ ਦੀ ਗੱਲ ਹੁੰਦੀ ਏ, ਕਦੇ ਓਲੰਪਿਕ 'ਚ ਭਾਰਤੀ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਕਿਸੇ ਵੱਲੋਂ ਨਿਰਵਸਤਰ ਹੋਣ ਦੀ ਗੱਲ ਉਭਾਰੀ ਜਾਂਦੀ ਏ, ਕਦੇ ਕਿਸੇ ਬੀਚ ਦੇ ਦ੍ਰਿਸ਼ ਬਾਬਤ ਦੱਸਿਆ ਜਾਂਦੈ ਤੇ ਕਦੇ ਕੋਈ ਹੋਰ ਵਿਸ਼ਾ ਬਣਾ ਕੇ ਦਰਸ਼ਕਾਂ ਨੂੰ ਲੁਭਾਇਆ ਜਾਂਦੈ।

ਸਮਝ ਨਹੀਂ ਪੈਂਦੀ ਕਿ ਜਿਹੜਾ ਭਾਰਤੀ ਮੀਡੀਆ ਪਲ-ਪਲ 'ਤੇ 'ਤੁਹਾਨੂੰ ਰੱਖੇ ਸਦਾ ਅੱਗੇ', 'ਖ਼ਬਰ ਤੋਂ ਪਹਿਲਾਂ ਤੁਹਾਡੇ ਤੱਕ', 'ਸੱਚ ਦੀ ਅਵਾਜ਼' ਦੇ ਨਾਅਰੇ ਦਿੰਦੈ, ਉਹ ਆਪਣੀਆਂ ਜ਼ਿੰਮੇਵਾਰੀਆਂ ਤੋਂ ਏਨਾ ਕਿਉਂ ਭੱਜ ਖਲੋਤਾ ਕਿ ਪੂਰੇ ਦਿਨ ਦਾ ਅੱਧਾ ਹਿੱਸਾ ਬਲਾਤਕਾਰ, ਪਿਆਰ 'ਚ ਧੋਖੇ ਅਤੇ ਇੱਕੋ ਵੇਲ਼ੇ ਕਈਆਂ-ਕਈਆਂ ਨਾਲ ਸਬੰਧ ਰੱਖਣ ਵਾਲੀਆਂ ਕਹਾਣੀਆਂ ਨੂੰ ਮਸਾਲਾ ਲਾ-ਲਾ ਬਿਆਨ ਕਰਨ ਦਾ ਸ਼ੌਕ ਪਾਲ ਰਿਹੈ। ਜੇ ਇਨ੍ਹਾਂ ਖ਼ਬਰਾਂ ਜ਼ਰੀਏ ਦੁਨੀਆਂ ਨੂੰ ਅੱਗੇ ਰੱਖਣ ਦਾ ਦਾਅਵਾ ਕੀਤਾ ਜਾ ਰਿਹੈ ਤਾਂ ਇਨ੍ਹਾਂ ਚੈਨਲਾਂ ਅਤੇ ਫ਼ਿਲਮੀ, ਗ਼ੈਰ ਫ਼ਿਲਮੀ ਤੇ ਫੈਸ਼ਨ ਨਾਲ ਸਬੰਧਤ ਚੈਨਲਾਂ ਵਿਚ ਭਲਾ ਫ਼ਰਕ ਕੀ ਹੋਇਆ? ਫ਼ਰਕ ਸਿਰਫ਼ ਏਨਾ ਹੋਇਆ ਕਿ ਉਹ ਸਪੱਸ਼ਟ ਆਖਦੇ ਨੇ ਕਿ ਅਸੀਂ ਮਨੋਰੰਜਕ ਚੈਨਲ ਹਾਂ ਤੇ ਖ਼ਬਰਾਂ ਵਾਲੇ ਖ਼ਬਰ ਜ਼ਰੀਏ ਚਸਕਾ ਪੇਸ਼ ਕਰਦੇ ਨੇ।

ਭਾਰਤ ਵਿਚ ਬਲਾਤਕਾਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਏ। ਮਹਾਂਨਗਰਾਂ ਵਿਚ ਸਭ ਤੋਂ ਜ਼ਿਆਦਾ ਘਟਨਾਵਾਂ ਵਾਪਰਦੀਆਂ ਨੇ ਤੇ ਹਰ ਚੈਨਲ ਵੱਲੋਂ ਰਾਤੀਂ ਦਸ ਤੋਂ ਗਿਆਰਾਂ ਵਜੇ ਅਪਰਾਧ ਆਧਾਰਤ ਕਹਾਣੀਆਂ ਵਾਲੇ ਬੁਲੇਟਿਨਾਂ ਵਿਚ ਇਨ੍ਹਾਂ ਨੂੰ ਇੰਜ ਪੇਸ਼ ਕੀਤਾ ਜਾਂਦੈ, ਜਿਵੇਂ ਮੁਟਿਆਰਾਂ ਨਾਲ ਧੱਕੇਸ਼ਾਹੀ ਨਹੀਂ, ਸਗੋਂ ਬਹੁਤ ਸਨਮਾਨ ਵਾਲਾ ਕੰਮ ਹੋ ਰਿਹਾ ਹੋਵੇ। ਸਕਰੀਨ 'ਤੇ ਬਰੀਕ ਅੱਖਰਾਂ 'ਚ 'ਨਾਟ ਰੁਪਾਂਤਰਨ' ਭਾਵ 'ਨਾਟਕੀ ਫ਼ਿਲਮਾਂਕਣ' ਲਿਖਿਆ ਜਾਂਦੈ ਤੇ ਕਹਾਣੀ ਫ਼ਿਲਮ ਵਾਂਗ ਪੇਸ਼ ਕੀਤੀ ਜਾਂਦੀ ਏ, ਜਿਸ ਵਿਚ ਸਬੰਧਤ ਘਟਨਾ ਦੇ ਅੰਦਾਜ਼ੇ ਪੇਸ਼ ਕੀਤੇ ਜਾਂਦੇ ਨੇ ਕਿ ਬਲਾਤਕਾਰ ਹੋਇਆ ਕਿਵੇਂ ਹੋਵੇਗਾ, ਚੀਕਾਂ ਕਿੱਥੋਂ ਤੱਕ ਗਈਆਂ ਹੋਣਗੀਆਂ?

ਕਿੰਨੀ ਸ਼ਰਮ ਆਉਂਦੀ ਹੈ ਇਹ ਸਭ ਦੇਖ ਕੇ। ਪਹਿਲਾਂ ਲੋਕ ਮੀਡੀਏ 'ਤੇ ਯਕੀਨ ਕਰਦੇ ਸਨ ਕਿ ਮੀਡੀਆ ਆਪਣੇ ਫ਼ਰਜ਼ਾਂ ਤੋਂ ਦੌੜ ਨਹੀਂ ਸਕਦਾ, ਪਰ ਹੁਣ ਸਾਬਤ ਹੋ ਰਿਹੈ ਕਿ ਸਭ ਤੋਂ ਪਹਿਲਾਂ ਮੀਡੀਆ ਹੀ ਆਪਣੇ ਫ਼ਰਜ਼ਾਂ ਤੋਂ ਦੌੜਦੈ। ਬਹੁਤੇ ਚੈਨਲ ਤਾਂ 'ਐਕਸਕਲੂਸਿਵ' ਦੇ ਨਾਂ 'ਤੇ ਸਿਰਫ਼ ਆਪਣਾ ਜੁਗਾੜ ਫਿੱਟ ਕਰਦੇ ਨੇ, ਮਾੜਾ ਕਾਰਨਾਮਾ ਹੋ ਰਿਹੈ ਤਾਂ ਕੈਮਰਾਮੈਨ ਜਾਂ ਰਿਪੋਰਟਰ ਉਸ ਨੂੰ ਰੋਕਣ ਦੀ ਥਾਂ ਫ਼ਿਲਮਾਂਕਣ ਕਰਨ ਨੂੰ ਤਰਜ਼ੀਹ ਦਿੰਦੇ ਨੇ ਤੇ ਫੇਰ ਸਕਰੀਨ 'ਤੇ ਮੋਟੇ ਅੱਖਰਾਂ 'ਚ ਆਉਂਦੈ, 'ਸਿਰਫ਼ ਏਸ ਚੈਨਲ 'ਤੇ।'

ਇਸ ਤੋਂ ਵੀ ਵੱਧ ਖ਼ਤਰਨਾਕ ਗੱਲ ਇਹ ਕਿ ਸਾਇੰਸ ਦੀਆਂ ਪ੍ਰਾਪਤੀਆਂ ਗਿਣਾਉਂਦਾ, ਮੰਗਲ ਗ੍ਰਹਿ ਦੀਆਂ ਤਸਵੀਰਾਂ ਪੇਸ਼ ਕਰਦਾ ਅਤੇ ਚੰਦ-ਤਾਰਿਆਂ ਨੂੰ ਛੂਹਣ ਵਾਲੀਆਂ ਦੀਆਂ ਬਾਤਾਂ ਪਾਉਂਦਾ ਬਿਜਲਈ ਮੀਡੀਆ ਸਵੇਰੇ ਦਸ ਵਜੇ ਤੱਕ ਭਿਅੰਕਰ ਚਿਹਰੇ ਵਾਲੇ ਪੰਡਤਾਂ ਦੀਆਂ ਭਵਿੱਖਬਾਣੀਆਂ ਪੇਸ਼ ਕਰਦਾ ਹੈ। ਦੱਸਿਆ ਜਾਂਦੈ ਕਿ ਤੁਹਾਡਾ ਪੂਰਾ ਦਿਨ ਕਿਹੋ ਜਿਹਾ ਲੰਘੇਗਾ, ਕਿਹੜੀ ਰਾਸ਼ੀ ਵਾਲਿਆਂ ਨੂੰ ਅੱਜ ਕੀ ਕਰਨਾ ਚਾਹੀਦੈ ਤੇ ਕੀ ਨਹੀਂ? ਇਹ ਵੀ ਕਿਹਾ ਜਾਂਦੈ ਕਿ ਫ਼ਲਾਣੇ ਪੰਡਤ ਜੀ ਮਹਾਰਾਜ ਤੁਹਾਨੂੰ ਸਿਰਫ਼ ਏਸ ਚੈਨਲ 'ਤੇ ਮਿਲ ਸਕਦੇ ਨੇ ਤੇ ਇਨ੍ਹਾਂ ਨਾਲ ਈਮੇਲ ਜਾਂ ਫੋਨ ਜ਼ਰੀਏ ਵੀ ਸੰਪਰਕ ਕੀਤਾ ਜਾ ਸਕਦੈ।

ਕੇਹਾ ਦੋਗਲਾ ਚਿਹਰਾ ਹੋ ਚੁੱਕੈ ਮੀਡੀਏ ਦਾ, ਬੁਰਕਾ ਪਹਿਨ ਕੀ ਕੁਝ ਕੀਤਾ ਜਾ ਰਿਹੈ ਅੱਗੇ ਰਹਿਣ ਦੇ ਚੱਕਰ 'ਚ, ਦਰਸ਼ਕਾਂ ਦੇ ਵਾਧੇ ਲਈ ਸੱਚ-ਝੂਠ ਦਾ ਰੂਪ ਕਿਵੇਂ ਬਦਲਿਆ ਜਾਂਦੈ, ਸਭ ਕੁਝ ਇਸ ਦੀ ਸਾਰਥਿਕਤਾ 'ਤੇ ਸਵਾਲੀਆ ਨਿਸ਼ਾਨ ਲਗਾ ਛੱਡਦੈ। ਅੱਗੇ ਰਹਿਣਾ, ਦੂਜਿਆਂ ਨੂੰ ਪਛਾੜਨਾ, ਇਸ਼ਤਿਹਾਰਬਾਜ਼ੀ 'ਕੱਠੀ ਕਰਨਾ ਕੋਈ ਮਾੜੀ ਗੱਲ ਨਹੀਂ, ਪਰ ਇਸ ਗੱਲ ਨੂੰ ਕੌਣ ਚੰਗੀ ਮੰਨੀ ਕਿ ਲੋਕਤੰਤਰ ਦਾ ਇਹ ਥੰਮ ਪ੍ਰਚਾਰ 'ਚੋਂ ਵਪਾਰ ਲੱਭਦਾ ਆਪਣੀ ਭੂਮਿਕਾ ਨਾਂਹ ਪੱਖੀ ਬਣਾਉਂਦਾ-ਬਣਾਉਂਦਾ ਉਸ ਥਾਂ ਪਹੁੰਚਦਾ ਜਾ ਰਿਹੈ, ਜਿੱਥੇ ਲੋਕ ਇਹਦੀ ਕਹੀ 'ਤੇ ਅਮਲ ਕਰਨ ਦੀ ਥਾਂ, ਇਹਦਾ ਮਜ਼ਾਕ ਉਡਾਉਣਾ ਠੀਕ ਸਮਝਦੇ ਨੇ।

# ਕਿਸੇ ਨੇ ਮੇਰੀ ਗੱਲ ਨਾ ਸੁਣੀ...

ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਇਕ ਦਿਨ ਘਰੇ 'ਕੱਲੇ ਉਦਾਸ ਬੈਠੇ ਨਾਲ ਮੇਰਾ ਹੀ ਦਿਲ ਬਹਿਸ ਕਰਨ ਲੱਗਾ। ਲੱਗਿਆ ਜਿਵੇਂ ਮੇਰਾ ਦਿਲ ਕੋਈ ਇਨਸਾਨ ਹੋਵੇ ਤੇ ਮੇਰੇ ਮਨ ਦਾ ਮਹਿਰਮ ਬਣ ਬਾਹੋਂ ਫੜ ਖੜ੍ਹਾ ਕਰ ਕਹਿ ਰਿਹਾ ਹੋਵੇ, 'ਚੱਲ ਉਠ, ਘਰੋਂ ਬਾਹਰ ਕਿਸੇ ਨਾਲ ਆਪਣੇ ਦਰਦ ਫੋਲ ਕੇ ਮਨ ਹੌਲਾ ਕਰ। ਕੋਈ ਤਾਂ ਐਸਾ ਜ਼ਰੂਰ ਮਿਲ ਜਾਵੇਗਾ ਜਿਸ ਦੀਆਂ ਅੱਖਾਂ ਤੇਰੀਆਂ ਅੱਖਾਂ 'ਚੋਂ ਡੁੱਲ੍ਹਦਾ ਦਰਦ ਦੇਖ ਨਮ ਹੋ ਜਾਣਗੀਆਂ।' ਮੈਂ ਬੜਾ ਸਮਝਾਇਆ ਕਿ 'ਇਸ ਜੁੱਗ 'ਚ ਕਿਸੇ ਦੇ ਦਿਲ ਦੀਆਂ ਗੱਲਾਂ ਸੁਣਨ ਲਈ ਕਿਸ ਕੋਲ ਵਕਤ ਹੈ? ਨਾਲੇ ਜੇ ਘਰੋਂ ਬਾਹਰ ਕਿਸੇ ਨੂੰ ਲੱਭਣ ਜਾਵਾਂਗਾ ਤਾਂ ਹੋਰ ਦੁੱਖ ਦੇਣ ਵਾਲੇ ਤਾਂ ਕਈ ਟੱਕਰ ਜਾਣਗੇ ਪਰ ਦਰਦ ਵੰਡਾਉਣ ਵਾਲਾ ਕੋਈ ਨਹੀਂ ਮਿਲੇਗਾ। ਦਿਲ ਨੂੰ ਬੜਾ ਆਖਿਆ,

ਕਿਥੋਂ ਭਾਲਦਾ ਤੂੰ ਜ਼ਖ਼ਮਾਂ 'ਤੇ ਮੱਲ੍ਹਮਾਂ,
ਸਭਨਾਂ ਨੇ ਲੂਣ ਭੁੱਕਣੇ।
ਮੇਰੇ ਗਮਾਂ ਦੀ ਸਲ੍ਹਾਬ ਨਈਓਂ ਜਾਣੀ,
ਭਾਵੇਂ ਲੱਖ ਪਾਵਾਂ ਸੁੱਕਣੇ।
ਨੈਣਾਂ ਪਿਛਲੇ ਇਹ ਹੰਝੂਆਂ ਦੇ ਝਰਨੇ,
ਬੰਨ੍ਹ ਲਾਇਆਂ ਨਈਓਂ ਰੁਕਣੇ।
ਲੱਖ ਮਾਰ ਲਵਾਂ ਖੇਸਾਂ ਦੀਆਂ ਬੁੱਕਲਾਂ,
ਦੁੱਖ ਨਾ ਨਿੰਮੇ ਦੇ ਲੁਕਣੇ।
ਦੋ ਜਾਣ ਚਾਰ ਆਉਣ ਦਿਲਾ ਮੇਰਿਆ,
ਗਮ ਨਾ ਕਦੇ ਵੀ ਮੁੱਕਣੇ।

ਦਿਲ ਨਾ ਮੰਨਿਆ, ਮੈਂ ਤੁਰ ਪਿਆ ਦੁੱਖਾਂ ਦੀ ਗਠੜੀ ਲੈ ਪਿੰਡੋਂ ਦੂਰ ਵਗਦੀ ਨਦੀ ਵੱਲ। ਕੁਝ ਦੂਰ ਗਿਆ ਤਾਂ ਇਕ ਇਨਸਾਨ ਟੱਕਰਿਆ ਜਿਸ ਨੂੰ ਰੋਕ ਕੇ ਮੈਂ ਆਪਣੇ ਦੁੱਖਾਂ ਦੀ ਗਠੜੀ ਖੋਲ੍ਹਣ ਹੀ ਲੱਗਾ ਸੀ ਕਿ ਉਹਨੇ ਆਪਣੇ ਦਰਦਾਂ ਦੀ ਪੰਡ ਖੋਲ੍ਹ ਲਈ ਜੋ ਮੇਰੀ ਗਠੜੀ ਨਾਲੋਂ ਵੀ ਭਾਰੀ ਸੀ। ਉਥੋਂ ਤੁਰਨ ਲੱਗਾ ਤਾਂ ਤੇਜ਼ ਹਵਾ ਦਾ ਬੁੱਲ੍ਹਾ ਆਇਆ। ਮੈਂ ਸੋਚਿਆ, ਇਨਸਾਨ ਨਹੀਂ ਸੁਣਦਾ ਤਾਂ ਕੁਦਰਤ ਨੂੰ ਦਰਦ ਸੁਣਾ ਕੇ ਵੇਖ ਲਵਾਂ। ਤੇਜ਼ ਹਵਾ ਦੇ ਬੁੱਲ੍ਹੇ ਨੇ ਰੁਕ ਕੇ ਦੁੱਖਾਂ ਤਾਂ ਕੀ ਸੁਣਨੇ ਸਨ, ਸਗੋਂ ਸਾਰੇ ਖਿਲਾਰ ਗਿਆ।

ਤੁਰਿਆ ਗਿਆ ਤਾਂ ਅੱਗੇ ਚਿੜੀਆਂ ਦਾ ਟੋਲਾ ਟੱਕਰਿਆ। ਚੀਂ-ਚੀਂ ਸੁਣ ਕੇ ਲੱਗਿਆ ਜਿਵੇਂ ਇਹ ਜਾਂ ਤਾਂ ਬਹੁਤ ਖ਼ੁਸ਼ ਹਨ ਜਾਂ ਇਹ ਵੀ ਇੱਕ-ਦੂਜੀ ਨੂੰ ਆਪਣੇ ਦੁੱਖ ਦੱਸ ਰਹੀਆਂ ਹਨ। ਮੈਂ ਦੁੱਖਾਂ ਦੀ ਗਠੜੀ ਲੈ ਬੈਠਾ ਤਾਂ ਸਭ ਕੋਲ ਜਿਹੇ ਹੋ ਗਈਆਂ। ਥੋੜ੍ਹਾ ਮਨ ਭਰਿਆ, ਇਹ ਸੋਚ ਕੇ ਕਿ ਸ਼ਾਇਦ ਇਨ੍ਹਾਂ ਅੱਗੇ ਦਰਦ ਫਰੋਲ ਸਕਦਾ ਹਾਂ ਪਰ ਅੱਖਾਂ ਵਿਚੋਂ ਡੁੱਲ੍ਹਿਆ ਹੰਝੂ ਵੇਖ ਉਹ ਵੀ ਇਹ ਕਹਿ ਦੂਰ ਹੋ ਗਈਆਂ ਕਿ 'ਅਸੀਂ ਤਾਂ ਨੇੜੇ ਇਸ ਕਰ ਕੇ ਆਈਆਂ ਸੀ ਕਿ ਸ਼ਾਇਦ ਤੂੰ ਸਾਡੇ ਲਈ ਚੋਗਾ ਲਿਆਇਆ ਹੋਵੇਂਗਾ।' ਘਰ ਮੁੜਨ ਲੱਗਾ ਤਾਂ ਦਿਲ ਨੇ ਨਾ ਮੁੜਨ ਦਿੱਤਾ। ਕਹਿੰਦਾ, 'ਤੁਰਿਆ ਰਹਿ, ਕੋਈ ਤਾਂ ਜ਼ਰੂਰ ਮਿਲੇਗਾ।' ਮੈਂ ਥੱਕਿਆ ਜਾ ਬੈਠਾ ਦਰਖ਼ਤ ਦੇ ਥੱਲੇ ਜਿਸ ਦੀ ਠੰਢੀ ਛਾਂ ਨੇ ਧੁੱਪ ਦੀ ਤਪਸ਼ ਤੋਂ ਬੜਾ ਸਕੂਨ ਦਿੱਤਾ। ਸੋਚਿਆ, ਅਗਰ ਦਰਖ਼ਤ ਦੀ ਛਾਂ ਸਰੀਰ ਨੂੰ ਆਨੰਦ ਦੇ ਸਕਦੀ ਹੈ ਤਾਂ ਹੋ ਸਕਦਾ ਹੈ ਇਹ ਮੇਰੇ ਦਰਦਾਂ ਨੂੰ ਸੁਣ ਲਏ, ਪਰ ਉਹ ਰੁੱਖ ਤਾਂ ਜਿਵੇਂ ਪਹਿਲਾਂ ਹੀ ਭਰਿਆ-ਪੀਤਾ ਬੈਠਾ ਸੀ। ਕਹਿਣ ਲੱਗਾ,

ਦੁੱਖ ਮੈਨੂੰ ਵੀ ਬੜੇ,
ਮੈਂ ਵੀ ਦੁੱਖਾਂ ਦਾ ਬਿਮਾਰ।
'ਕੱਲਾ ਵੇਖ ਲਾ ਖੜ੍ਹਾ ਹਾਂ,
ਇਸ ਬੇਲੇ ਵਿਚਕਾਰ।
ਕਿਹਨੂੰ ਦਿਲ ਦੀ ਸੁਣਾਵਾਂ,
ਮੇਰਾ ਹੈ ਨਾ ਪਰਿਵਾਰ।
ਹਵਾ ਮੇਰੀ ਏ ਸ਼ਰੀਕ,
ਰਹਿੰਦੀ ਘੋੜੇ 'ਤੇ ਸਵਾਰ।
ਉਹ ਵੀ ਆਉਂਦੀ ਜਾਂਦੀ ਲੰਘਦੀ,
ਚਪੇੜਾਂ ਮੇਰੇ ਮਾਰ।
ਪੰਛੀ ਹੱਗਣ ਮੇਰੇ 'ਤੇ,
ਬੰਦਾ ਫੇਰੇ ਹਥਿਆਰ।
ਟਾਹਣੇ ਮੇਰੀਆਂ ਜੋ ਬਾਹਾਂ,
ਵੱਢ ਲੈ ਗੇ ਕਈ ਵਾਰ।
ਪੱਤਝੜ ਤੋਂ ਵੀ ਭੈੜੀ,
ਮੇਰੇ ਲਈ ਤਾਂ ਬਹਾਰ।
ਧੁੱਪੇ ਤਪਦੇ ਨੂੰ ਮੇਰੀ,
ਛਾਂ ਤਾਂ ਸਕਦੀ ਹੈ ਠਾਰ।
ਔਖਾ ਨਿੰਮਿਆ ਵੰਡਾਉਣਾ,
ਤੇਰੇ ਦਰਦਾਂ ਦਾ ਭਾਰ।

ਰੁੱਖ ਦੇ ਪਰਬਤ ਵਰਗੇ ਦੁੱਖ ਸੁਣ ਕੇ ਉਥੋਂ ਵੀ ਤੁਰ ਪਿਆ। ਪੈਰ ਥੱਲੇ ਆਇਆ ਕਾਨਾ ਬੋਲ ਪਿਆ, 'ਮੈਨੂੰ ਮਿੱਧ ਕੇ ਕਿੱਧਰ ਤੁਰਿਆ ਜਾਨੈਂ। ਮੈਂ ਉਹੀ ਕਾਨਾ ਹਾਂ ਜਿਸ ਦੀ ਕਲਮ ਬਣਾ ਕੇ ਤੂੰ ਫੱਟੀ ਉਤੇ ਲਿਖਦਾ ਸੀ।' ਸੁੱਕੇ ਕਾਨੇ ਦੀਆਂ ਗੱਲਾਂ ਦਿਲ ਦੇ ਕੰਨੀਂ ਵੀ ਪਈਆਂ ਤੇ ਮੇਰੇ ਵੀ। ਮੇਰੇ ਕੰਨਾਂ ਵਿਚ ਤਾਂ ਇਹ ਉਦੋਂ ਤੱਕ ਗੂੰਜਦੀਆਂ ਰਹੀਆਂ ਜਦੋਂ ਤੱਕ ਮੈਂ ਨਦੀ ਦੇ ਕਿਨਾਰੇ ਜਾ ਕੇ ਨਹੀਂ ਬੈਠ ਗਿਆ। ਸੀਨੇ ਵਿਚ ਪਿਆ ਦਿਲ ਹੁੱਝਾਂ ਮਾਰ ਰਿਹਾ ਸੀ ਕਿ 'ਕੋਈ ਗੱਲ ਤੋਰ, ਇਹ ਪਾਣੀ ਤੇਰੇ ਨੈਣਾਂ ਵਿਚੋਂ ਵਗਦੇ ਪਾਣੀ ਦਾ ਦਰਦ ਸੁਣ ਕੇ ਮਹਿਸੂਸ ਕਰੇਗਾ।' ਮੈਂ ਕੁਝ ਚਿਰ ਲਈ ਪਾਣੀ ਵੱਲ ਟਿਕ-ਟਿਕੀ ਲਾ ਕੇ ਵੇਖੀ ਗਿਆ। ਕੋਈ ਝਿੰਗ ਪਾਣੀ ਉਤੇ ਤੈਰਦੀ ਆਉਂਦੀ ਕੋਲੋਂ ਲੰਘ ਜਾਂਦੀ। ਕੋਈ ਕਾਗਜ਼, ਕੱਪੜਾ ਤੈਰਦਾ ਆਉਂਦਾ ਲੰਘਦਾ ਵੇਖ ਖਿਆਲ ਆਇਆ ਕਿ ਸ਼ਾਇਦ ਇਹ ਵੀ ਆਪਣੇ ਦਰਦ ਸੁਣਾਉਣ ਆਏ ਹੋਣ, ਤੇ ਪਾਣੀ ਇਨ੍ਹਾਂ ਨੂੰ ਨਾਲ ਹੀ ਵਹਾ ਕੇ ਲੈ ਤੁਰਿਆ ਹੋਵੇ।... ਇੰਨੇ ਨੂੰ ਦੂਰੋਂ ਉਠੀ ਛੱਲ ਆਉਂਦੀ ਨਜ਼ਰ ਪਈ। ਸੋਚਿਆ ਇਹ ਛੱਲ ਜ਼ਰੂਰ ਮੇਰੀ ਗੱਲ ਸੁਣੇਗੀ ਪਰ ਉਹ ਵੀ ਕੋਲੋਂ ਲੰਘ ਗਈ। ਮੈਨੂੰ ਉਹ ਵਗਦੀ ਨਦੀ ਵੀ ਤੇਜ਼ ਹਵਾ ਦੀ ਭੈਣ ਲੱਗੀ। ਪਾਣੀ ਦੀਆਂ ਲਹਿਰਾਂ ਜਿਵੇਂ ਮੈਨੂੰ ਕਹਿੰਦੀਆਂ ਹੋਣ,

ਪਾਣੀ ਲੈ ਜਾ ਜੇ ਲਿਜਾਣਾ,
ਰਾਤੀਂ ਰੋਣ ਵਾਸਤੇ।
ਪਾਣੀ ਲੈ ਜਾ ਜੇ ਲਿਜਾਣਾ,
ਲੀੜੇ ਧੋਣ ਵਾਸਤੇ।
ਦੁੱਖ ਭੋਲਿਆ ਵੇ ਤੇਰੇ,
ਮੈਥੋਂ ਸੁਣੇ ਨਹੀਂ ਜਾਣੇ...
ਮੇਰੇ ਕੋਲ ਸਮਾਂ ਨਾ ਖਲੋਣ ਵਾਸਤੇ।

ਉੱਠਣ ਲੱਗਾ ਤਾਂ ਬਾਹੋਂ ਫੜ ਕਿਨਾਰੇ ਨੇ ਬਿਠਾ ਲਿਆ ਤੇ ਕਹਿਣ ਲੱਗਾ, 'ਨਿਰਾਸ਼ ਹੋ ਕੇ ਚੱਲਿਆਂ, ਮੈਂ ਤਾਂ ਕਿਤੇ ਜਾ ਵੀ ਨਹੀਂ ਸਕਦਾ। ਮੈਂ ਇਸ ਪਾਸੇ ਤੇ ਮੇਰਾ ਜੌੜਾ ਭਰਾ ਉਸ ਪਾਸੇ। ਸਾਡਾ ਮਿਲਣ ਨੂੰ ਦਿਲ ਕਰਦਾ ਪਰ ਮਿਲ ਵੀ ਨਹੀਂ ਸਕਦੇ। ਅਗਰ ਪਾਣੀ ਦੀਆਂ ਛੱਲਾਂ ਦੁੱਖ ਵੰਡਾ ਸਕਦੀਆਂ ਹੁੰਦੀਆਂ ਤਾਂ ਸਾਡੇ ਨਾਲੋਂ ਵੱਧ ਕੌਣ ਦੁਖੀ ਹੈ ਤੇ ਸਾਡੇ ਨਾਲੋਂ ਵੱਧ ਕੌਣ ਇਨ੍ਹਾਂ ਛੱਲਾਂ ਦੇ ਨੇੜੇ ਹੈ? ਸਾਡੇ ਦਰਦਾਂ ਦੀ ਸੁਣਵਾਈ ਤਾਂ ਅੱਜ ਤੱਕ ਨਹੀਂ ਹੋਈ,

ਦੁੱਖ ਸੁਣਾਉਣ ਆਏ ਸੀ,
ਕਿਨਾਰੇ ਬਣ ਕੇ ਰਹਿ ਗਏ।
ਲਾਚਾਰ ਜਿਹੇ ਹੋਗੇ ਹਾਂ,
ਵਿਚਾਰੇ ਬਣ ਕੇ ਰਹਿ ਗਏ।
ਸਾਡਾ ਨਾ ਭਰਾਵਾਂ ਦਾ,
ਸਹਾਰਾ ਯਾਰਾ ਕੋਈ।
ਬੇਸਹਾਰਾ ਨਦੀ ਦੇ,
ਸਹਾਰੇ ਬਣ ਕੇ ਰਹਿ ਗਏ।

ਕਿਨਾਰੇ ਦੇ ਦਰਦਾਂ ਦੀ ਕਥਾ ਸੁਣ ਮੈਂ ਘਰ ਮੁੜ ਪਿਆ। ਸੋਚਾਂ ਵਿਚ ਇੰਨਾ ਗੁਆਚ ਗਿਆ ਕਿ ਪਤਾ ਨਹੀਂ ਲੱਗਾ, ਕਦੋਂ ਰਾਹ ਵਿਚ ਪਏ ਪੱਥਰ ਦਾ ਠੇਡਾ ਲੱਗ ਕੇ ਮੂਧੇ ਮੂੰਹ ਡਿੱਗ ਪਿਆ। ਅੰਦਰੋਂ ਦਿਲ ਦੀ ਆਵਾਜ਼ ਆਈ, 'ਸੱਟ ਤਾਂ ਨਹੀਂ ਲੱਗੀ?' ਪੈਰ ਦੇ ਅੰਗੂਠੇ ਵਿਚੋਂ ਖ਼ੂਨ ਤੇ ਥੋੜ੍ਹੀ ਪੀੜ ਨਾਲ ਨੈਣਾਂ ਵਿਚੋਂ ਕੁਝ ਬੂੰਦਾਂ ਪਾਣੀ ਛਲਕ ਪਿਆ। ਪੱਥਰ ਵੱਲ ਵੇਖਿਆ ਤਾਂ ਲੱਗਿਆ ਜਿਵੇਂ ਹੱਸਦਾ ਹੋਵੇ। ਕਾਰਨ ਪੁੱਛਿਆ ਤਾਂ ਹੋਰ ਵੀ ਜ਼ਿਆਦਾ ਹੱਸ ਪਿਆ। ਮੈਂ ਕਿਹਾ ਕਿ ਮੇਰੇ ਸੱਟ ਲੱਗੀ ਦਾ ਤੈਨੂੰ ਕੋਈ ਦੁੱਖ ਨਹੀਂ, ਤਾਂ ਅੱਗਿਓਂ ਆਖਦਾ ਕਿ 'ਕਿਹੜੇ ਯੁੱਗ ਦੀ ਉਮੀਦ ਰੱਖੀ ਬੈਠਾ ਏਂ ਕਿ ਕੋਈ ਤੇਰੇ ਦਰਦ ਦਾ ਦਰਦ ਮਨਾਵੇ। ਕਿਸੇ ਨੇ ਦਰਦ ਦਾ ਭਾਰ ਨਹੀਂ ਵੰਡਾਉਣਾ, ਸਗੋਂ ਜਿਹੜਾ ਵੀ ਟੱਕਰੇਗਾ, ਇਸ ਭਾਰ ਵਿਚ ਵਾਧਾ ਹੀ ਕਰੇਗਾ।

ਮੈਂ ਘਰ ਆ ਗਿਆ ਤੇ ਆਪਣੇ ਦਿਲ ਨੂੰ ਆਖਿਆ, 'ਵੇਖ ਲਿਆ, ਇੱਥੇ ਕੋਈ ਕਿਸੇ ਦੇ ਦੁੱਖ ਨਹੀਂ ਸੁਣਦਾ।' ਇਸ ਗੱਲ ਨਾਲ ਦਿਲ ਵੀ ਸਹਿਮਤ ਹੋ ਗਿਆ ਤੇ ਅਸੀਂ ਇਕ-ਦੂਜੇ ਦੇ ਦੁੱਖ-ਸੁੱਖ ਦੇ ਸਾਥੀ ਬਣ ਗਏ। ਹੁਣ ਮੈਂ ਤੇ ਮੇਰਾ ਦਿਲ ਕਦੇ ਬਹਿਸ ਨਹੀਂ ਕਰਦੇ।

# ਨਾਈਜੀਰੀਆ ਦਾ ਜਾਦੂ ਚੱਲਿਆ



ਨਾਈਜੀਰੀਆ ਦੀ ਫ਼ਿਲਮੀ ਸੁੰਦਰੀ ਸਿਲਵੀਆ ਨਦੂਕਾ

ਅੱਜ ਤਕ ਸਾਰੇ ਲੋਕ ਹਾਲੀਵੁੱਡ ਤੇ ਬਾਲੀਵੁੱਡ ਨੂੰ ਹੀ ਸਭ ਤੋਂ ਵੱਡੀਆਂ ਫ਼ਿਲਮ ਨਿਰਮਾਣ ਇੰਡਸਟਰੀਆਂ ਮੰਨਦੇ ਆ ਰਹੇ ਹਨ ਪਰ ਹੁਣ ਉਨ੍ਹਾਂ ਨੂੰ ਆਪਣੀ ਇਸ ਧਾਰਨਾ ਨੂੰ ਬਦਲਣਾ ਪਏਗਾ। ਨਾਈਜੀਰੀਆ ਦੀ ਫ਼ਿਲਮ ਇੰਡਸਟਰੀ ਨੇ ਗਿਣਤੀ ਪੱਖੋਂ ਫ਼ਿਲਮ ਨਿਰਮਾਣ ਦੇ ਮਾਮਲੇ ਵਿਚ ਇਨ੍ਹਾਂ ਦੋਹਾਂ ਇੰਡਸਟਰੀਆਂ ਨੂੰ ਪਛਾੜ ਦਿੱਤਾ ਹੈ। 'ਨਾਲੀਵੁੱਡ' ਦੇ ਨਾਂ ਨਾਲ ਪ੍ਰਸਿੱਧ ਇਸ ਫ਼ਿਲਮ ਇੰਡਸਟਰੀ ਵੱਲੋਂ ਬਣੀਆਂ ਫ਼ਿਲਮਾਂ ਨਾ ਸਿਰਫ ਪੂਰੇ ਅਫਰੀਕਾ ਵਿਚ ਸਗੋਂ ਅਫਰੀਕੀ ਬਹੁਤਾਤ ਵਾਲੇ ਯੂਰਪੀ ਤੇ ਅਮਰੀਕੀ ਸ਼ਹਿਰਾਂ ਵਿਚ ਦਿਖਾਈਆਂ ਜਾਂਦੀਆਂ ਹਨ।

ਨਾਲੀਵੁੱਡ ਵਿਚ ਹਰ ਸਾਲ 1000 ਤੋਂ ਦੋ ਹਜ਼ਾਰ ਦੇ ਕਰੀਬ ਫ਼ਿਲਮਾਂ ਬਣਦੀਆਂ ਹਨ ਜੋ ਹਾਲੀਵੁੱਡ ਤੇ ਬਾਲੀਵੁੱਡ ਦੀ ਗਿਣਤੀ ਨਾਲੋਂ ਕਿਤੇ ਜ਼ਿਆਦਾ ਹਨ। ਤ੍ਰਾਸਦੀ ਇਹ ਹੈ ਕਿ ਇਨ੍ਹਾਂ ਫ਼ਿਲਮਾਂ ਦਾ ਸਾਲਾਨਾ ਵਪਾਰ ਸਿਰਫ 250 ਮਿਲੀਅਨ ਡਾਲਰ ਦੇ ਕਰੀਬ ਹੈ। ਇਹ ਰਕਮ 'ਹੈਰੀ ਪਾਟਰ' ਜਾਂ 'ਸਪਾਈਡਰਮੈਨ' ਸੀਰੀਜ਼ ਦੀ ਇਕ ਫ਼ਿਲਮ ਦੇ ਬਜਟ ਦੇ ਬਰਾਬਰ ਹੈ। ਭਾਵੇਂਕਿ ਇਸ ਇੰਡਸਟਰੀ ਦੀ ਸਥਾਪਨਾ ਲਈ ਨਾਈਜੀਰੀਆ ਦੇ ਰਾਸ਼ਟਰਪਤੀ ਗੁਡਲਕ ਜੋਨਾਥਨ ਨੇ 200 ਮਿਲੀਅਨ ਡਾਲਰ ਦੀ ਰਕਮ ਮੁਹੱਈਆ ਕਰਵਾਈ ਸੀ।

ਨਾਈਜੀਰੀਆ ਵਿਚ ਭਾਵੇਂ ਵਿਸ਼ਵ ਦੀਆਂ ਸਭ ਤੋਂ ਵਧੇਰੇ ਫ਼ਿਲਮਾਂ ਬਣਦੀਆਂ ਹਨ ਪਰ ਉਥੇ ਸਿਰਫ ਦੋ ਦਰਜਨ ਦੇ ਕਰੀਬ ਹੀ ਸਿਨੇਮਾਘਰ ਹਨ। ਦੂਜੇ ਪਾਸੇ ਅਫਰੀਕੀ ਦੇਸ਼ਾਂ ਵਿਚ ਤਾਂ ਇਹ ਗਿਣਤੀ ਉਸ ਤੋਂ ਵੀ ਘੱਟ ਹੈ। ਇਸ ਦੇਸ਼ ਵਿਚ ਕੋਈ ਫ਼ਿਲਮ ਸਟੂਡੀਓ ਵੀ

**ਅੱਜਕੱਲ੍ਹ ਨਾਈਜੀਰੀਆ ਵਿਚ ਬਣਦੀਆਂ ਨੇ ਵਿਸ਼ਵ ਦੀਆਂ ਸਭ ਤੋਂ ਵਧੇਰੇ ਫ਼ਿਲਮਾਂ**

ਨਹੀਂ ਹੈ। ਹਰ ਫ਼ਿਲਮ ਦਾ ਬਜਟ 10 ਹਜ਼ਾਰ ਤੋਂ 30 ਹਜ਼ਾਰ ਡਾਲਰ ਵਿਚਕਾਰ ਆਉਂਦਾ ਹੈ ਜਿਸ ਵਿਚ ਕਾਸਟ ਤੇ ਕਰੂ, ਕਲਾਕਾਰਾਂ ਦਾ ਮਿਹਨਤਾਨਾ, ਕਾਸਟਿਊਮਸ, ਟ੍ਰਾਂਸਪੋਰਟਸ ਦਾ ਖਰਚਾ ਸ਼ਾਮਲ ਹੁੰਦਾ ਹੈ। ਨਾਲੀਵੁੱਡ ਵਿਚ ਬਣਨ ਵਾਲੀਆਂ ਫ਼ਿਲਮਾਂ ਵਿਚ ਜ਼ਿਆਦਾਤਰ ਜਾਦੂ-ਟੂਣਿਆਂ, ਸਾਜ਼ਿਸ਼ਾਂ, ਭ੍ਰਿਸ਼ਟਾਚਾਰ ਤੇ ਘਪਲਿਆਂ ਦੇ ਵਿਸ਼ਿਆਂ ਵਾਲੀਆਂ ਫ਼ਿਲਮਾਂ ਸ਼ਾਮਲ ਹੁੰਦੀਆਂ ਹਨ। ਇਥੋਂ ਦੇ ਪ੍ਰਸਿੱਧ ਕਲਾਕਾਰਾਂ ਦਾ ਵੱਧ ਤੋਂ ਵੱਧ ਮਿਹਨਤਾਨਾ ਪ੍ਰਤੀ ਫ਼ਿਲਮ 10 ਹਜ਼ਾਰ ਡਾਲਰ ਤਕ ਹੈ। ਨਕਲੀ ਖ਼ੂਨ ਦੀਆਂ ਧਾਰਾਂ ਤੇ ਘਟੀਆ ਕੁਆਲਿਟੀ ਦੇ ਕੰਪਿਊਟਰ ਐਨੀਮੇਸ਼ਨਸ ਕਾਰਨ ਇਹ ਫ਼ਿਲਮਾਂ ਅੰਤਰਰਾਸ਼ਟਰੀ ਦਰਸ਼ਕਾਂ ਵਿਚ ਇੰਨੀਆਂ ਲੋਕਪ੍ਰਿਯ ਨਹੀਂ ਹੁੰਦੀਆਂ। ਦੱਖਣੀ ਅਫਰੀਕੀ ਸਿਨੇਮਾ ਨੂੰ ਵਿਸ਼ਵ ਪੱਧਰ 'ਤੇ ਉਭਾਰਨ ਲਈ ਕਾਰਜਸ਼ੀਲ ਡਰਬਨ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ ਦੇ ਡਾਇਰੈਕਟਰ ਪੀਟਰ ਰੋਰਵਿਕ ਦਾ ਕਹਿਣਾ ਹੈ ਕਿ ਨਾਲੀਵੁੱਡ ਦੀਆਂ ਫ਼ਿਲਮਾਂ 'ਮਾਤਰਾ ਤੋਂ ਗੁਣਵੱਤਾ' ਵੱਲ ਵਧ ਰਹੀਆਂ ਹਨ। ਉਥੇ ਬਾਲੀਵੁੱਡ ਦੀ ਫ਼ਿਲਮ ਇੰਡਸਟਰੀ ਅਫਰੀਕਾ ਲਈ ਸ਼ਾਨਦਾਰ ਉਦਾਹਰਨ ਹੈ।

# ਮੀਰਾ ਨਾਇਰ ਦੀ ਫ਼ਿਲਮ 'ਚ ਕੰਮ ਕਰੇਗੀ ਰਿਚਾ ਚੱਢਾ



ਫ਼ਿਲਮ 'ਗੈਂਗਸ ਆਫ਼ ਵਾਸੇਪੁਰ' ਰਾਹੀਂ ਦਰਸ਼ਕਾਂ ਦਾ ਧਿਆਨ ਖਿੱਚਣ ਵਿਚ ਸਫ਼ਲ ਰਹੀ ਰਿਚਾ ਚੱਢਾ ਹੁਣ ਕਾਮਯਾਬੀ ਦੀਆਂ ਪੌੜੀਆਂ ਚੜ੍ਹਦੀ ਜਾ ਰਹੀ ਹੈ। ਨਾਮੀ ਨਿਰਦੇਸ਼ਕਾ ਮੀਰਾ ਨਾਇਰ ਨੇ ਆਪਣੀ ਫ਼ਿਲਮ ਲਈ ਰਿਚਾ ਨੂੰ ਹਾਲ ਹੀ ਵਿਚ ਸਾਈਨ ਕੀਤਾ ਹੈ। ਰਿਚਾ ਲਈ ਮਾਣ ਵਾਲੀ ਗੱਲ ਇਹ ਵੀ ਹੈ ਕਿ ਇਸ ਵਿਚ ਫ਼ਿਲਮ 'ਗਾਂਧੀ' ਦੇ ਗਾਂਧੀ ਯਾਨੀ ਬੈਨ ਕਿੰਗਜ਼ਲੇ ਵੀ ਅਭਿਨੈ ਕਰਨਗੇ। ਫ਼ਿਲਮ 'ਓਏ ਲੱਕੀ ਲੱਕੀ ਓਏ' ਵਿਚ ਡੌਲੀ ਦਾ ਕਿਰਦਾਰ ਨਿਭਾਅ ਕੇ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ ਕਰਨ ਵਾਲੀ ਰਿਚਾ ਇਨ੍ਹੀਂ ਦਿਨੀਂ ਫ਼ਿਲਮ 'ਤਮੰਚੇ' ਵਿਚ ਕੰਮ ਕਰ ਰਹੀ ਹੈ। 'ਗੈਂਗਸ ਆਫ਼ ਵਾਸੇਪੁਰ' ਵਿਚ ਪਿੰਡ ਦੀ ਅਨਪੜ੍ਹ ਔਰਤ ਦੀ ਭੂਮਿਕਾ ਨਿਭਾਉਣ ਵਾਲੀ ਰਿਚਾ ਹੁਣ ਮੀਰਾ ਨਾਇਰ ਦੀ ਫ਼ਿਲਮ ਵਿਚ ਮੁੰਬਈ ਵਿਚ ਰਹਿ ਰਹੀ ਫੈਸ਼ਨਏਬਲ ਕੁੜੀ ਦੀ ਭੂਮਿਕਾ ਨਿਭਾਏਗੀ। ਆਪਣੀ ਇਸ ਫ਼ਿਲਮ ਵਿਚ ਰਿਚਾ ਨੂੰ ਲੈਣ ਤੋਂ ਪਹਿਲਾਂ ਮੀਰਾ ਨਾਇਰ ਨੇ ਇਸ ਦੀਆਂ ਦੋਵੇਂ ਫ਼ਿਲਮਾਂ 'ਓਏ ਲੱਕੀ...' ਤੇ 'ਗੈਂਗਸ ਆਫ ਵਾਸੇਪੁਰ' ਦੇਖੀਆਂ ਤੇ ਬਾਅਦ ਵਿਚ ਉਸ ਨੂੰ ਆਪਣੀ ਫ਼ਿਲਮ ਵਿਚ ਕਾਸਟ ਕਰਨ ਦਾ ਫ਼ੈਸਲਾ ਲੈ ਲਿਆ। ਮੀਰਾ ਨਾਇਰ ਕੌਮਾਂਤਰੀ ਫ਼ਿਲਮ ਸਮਾਰੋਹਾਂ ਨੂੰ ਧਿਆਨ ਵਿਚ ਰੱਖ ਕੇ ਇਹ ਫ਼ਿਲਮ ਬਣਾ ਰਹੀ ਹੈ। ਰਿਚਾ ਖ਼ੁਸ਼ ਹੈ ਕਿ ਉਸ ਨੂੰ ਕੌਮਾਂਤਰੀ ਪੱਧਰ ਦੀ ਫਿਲਮਕਾਰ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ।

# ਸੁਸ਼ਮਿਤਾ ਸੇਨ ਛੇਤੀ ਹੀ ਪਰਤੇਗੀ ਪਰਦੇ 'ਤੇ



ਪਿਛਲੇ ਦੋ ਸਾਲਾਂ ਤੋਂ ਵੱਡੇ ਪਰਦੇ ਤੋਂ ਗਾਇਬ ਰਹਿਣ ਵਾਲੀ ਸੁਸ਼ਮਿਤਾ ਸੇਨ ਨੇ ਕਿਹਾ ਕਿ ਉਹ ਛੇਤੀ ਹੀ ਫ਼ਿਲਮਾਂ ਵਿਚ ਪਰਤੇਗੀ। ਛੱਤੀ ਸਾਲਾ ਇਸ ਸਾਬਕਾ ਮਿਸ ਯੂਨੀਵਰਸ ਨੂੰ ਆਖਰੀ ਵਾਰ ਸਾਲ 2010 ਵਿਚ ਫ਼ਿਲਮ 'ਨੋ ਪ੍ਰਾਬਲਮ' ਵਿਚ ਦੇਖਿਆ ਗਿਆ। ਉਸ ਦਾ ਕਹਿਣਾ ਹੈ ਕਿ ਇਸ ਪਿੱਛੋਂ ਉਸ ਨੇ ਫ਼ਿਲਮਾਂ ਇਸ ਲਈ ਨਹੀਂ ਕੀਤੀਆਂ ਕਿਉਂਕਿ ਉਹ ਸੁੰਦਰਤਾ ਮੁਕਾਬਲੇ ਨਾਲ ਸੰਬੰਧਤ ਆਪਣੀ ਕੰਪਨੀ 'ਆਈ ਐਮ ਸ਼ੀ' ਵਿਚ ਰੁੱਝੀ ਹੋਈ ਸੀ ਜਿਸ ਨੂੰ ਉਸ ਨੇ ਸਾਲ 2010 ਵਿਚ ਸ਼ੁਰੂ ਕੀਤਾ ਸੀ।

ਉਸ ਨੇ ਕਿਹਾ ਕਿ ਉਨ੍ਹਾਂ ਦੇ ਸੰਗਠਨ ਦੀ ਹਿਮਾਂਗਨੀ ਸਿੰਘ ਯਦੂ ਨੇ ਹੁਣੇ ਜਿਹੇ ਮਿਸ ਏਸ਼ੀਆ ਪੈਸੀਫਿਕ ਅਵਾਰਡ ਜਿੱਤਿਆ ਹੈ ਤੇ ਉਹ ਥੋੜ੍ਹੀ ਰਾਹਤ ਮਹਿਸੂਸ ਕਰ ਰਹੀ ਹੈ। ਹੁਣ ਉਹ ਫ਼ਿਲਮਾਂ ਵਿਚ ਪਰਤ ਸਕਦੀ ਹੈ। ਉਸ ਨੇ ਕੁਝ ਪ੍ਰਾਜੈਕਟ ਸਾਈਨ ਕੀਤੇ ਹਨ। ਇਸ ਲਈ ਇਸ ਸਾਲ ਦੇ ਅਖੀਰ ਤਕ ਜਾਂ ਅਗਲੇ ਸਾਲ ਉਸ ਨੂੰ ਫ਼ਿਲਮਾਂ ਵਿਚ ਮੁੜ ਵੇਖਿਆ ਜਾ ਸਕੇਗਾ। ਸੁਸ਼ਮਿਤਾ ਨੇ ਆਪਣੇ ਪ੍ਰਾਜੈਕਟ 'ਝਾਂਸੀ ਕੀ ਰਾਣੀ' ਬਾਰੇ ਕਿਹਾ ਕਿ ਇਹ ਫ਼ਿਲਮ ਫਿਲਹਾਲ ਰੋਕ ਦਿੱਤੀ ਗਈ ਹੈ। ਇਹ ਉਸ ਦਾ ਪਸੰਦੀਦਾ ਪ੍ਰਾਜੈਕਟ ਹੈ। ਇਸ ਪ੍ਰਾਜੈਕਟ ਨੂੰ ਉਹ ਹਰ ਹਾਲ ਪੂਰਾ ਕਰੇਗੀ। ਜਦੋਂ ਉਸ ਨੂੰ ਸਹੀ ਬਜਟ ਮਿਲ ਜਾਏਗਾ ਤਾਂ ਉਹ ਇਹ ਫ਼ਿਲਮ ਬਣਾਏਗੀ। ਫਿਲਹਾਲ ਉਹ ਆਪਣੀਆਂ ਹੋਰ ਯੋਜਨਾਵਾਂ 'ਤੇ ਧਿਆਨ ਕੇਂਦਰਤ ਕਰੇਗੀ।

# ਦਾਰਾ ਸਿੰਘ ਦੀ ਆਖ਼ਰੀ ਫਿਲਮ 'ਅਤਾ ਪਤਾ ਲਾਪਤਾ'



ਖਰਾਬ ਸਿਹਤ ਕਾਰਨ ਸਵਰਗੀ ਦਾਰਾ ਸਿੰਘ ਨੇ ਕੁਝ ਸਮੇਂ ਤੋਂ ਅਭਿਨੈ ਨਾਲੋਂ ਦੂਰੀ ਬਣਾ ਰੱਖੀ ਸੀ। ਜਦੋਂ ਦਾਰਾ ਸਿੰਘ ਦੀ ਮੌਤ ਹੋਈ ਤਾਂ ਤਕਰੀਬਨ ਹਰੇਕ ਮੈਗਜ਼ੀਨ, ਅਖ਼ਬਾਰ ਵਿਚ ਇਹ ਛਪਿਆ ਸੀ ਕਿ 'ਜਬ ਵੀ ਮੈਟ' ਉਨ੍ਹਾਂ ਦੀ ਆਖਰੀ ਫ਼ਿਲਮ ਸੀ। ਹੁਣ ਦਾਰਾ ਸਿੰਘ ਦੇ ਲੱਖਾਂ ਚਾਹੁਣ ਵਾਲਿਆਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਉਹ ਫ਼ਿਲਮ 'ਅਤਾ ਪਤਾ ਲਾਪਤਾ' ਰਾਹੀਂ ਵੱਡੇ ਪਰਦੇ 'ਤੇ ਨਜ਼ਰ ਆਉਣਗੇ। ਇਹ ਫ਼ਿਲਮ 7 ਸਤੰਬਰ ਨੂੰ ਰਿਲੀਜ਼ ਹੋ ਰਹੀ ਹੈ ਤੇ ਇਸ ਦਾ ਨਿਰਮਾਣ ਤੇ ਨਿਰਦੇਸ਼ਨ ਰਾਜਪਾਲ ਯਾਦਵ ਵੱਲੋਂ ਕੀਤਾ ਗਿਆ ਹੈ।

ਰਾਜਪਾਲ ਯਾਦਵ ਦਾ ਕਹਿਣਾ ਹੈ ਕਿ ਉਹ ਅਭਿਨੈ ਨੂੰ ਪੂਰੀ ਤਰ੍ਹਾਂ ਸਮਰਪਿਤ ਸਨ। ਸੈੱਟ 'ਤੇ

**'ਅਤਾ ਪਤਾ ਲਾਪਤਾ' 7 ਸਤੰਬਰ ਨੂੰ ਰਿਲੀਜ਼ ਹੋ ਰਹੀ ਹੈ ਤੇ ਇਸ ਦਾ ਨਿਰਮਾਣ ਤੇ ਨਿਰਦੇਸ਼ਨ ਰਾਜਪਾਲ ਯਾਦਵ ਵੱਲੋਂ ਕੀਤਾ ਗਿਆ ਹੈ।**

ਉਹ ਨਾ ਤਾਂ ਕਿਸੇ ਤਰ੍ਹਾਂ ਦੇ ਨਖਰੇ ਦਿਖਾਇਆ ਕਰਦੇ ਸਨ ਤੇ ਨਾ ਹੀ ਆਪਣੇ ਸੀਨੀਅਰ ਹੋਣ ਦਾ ਰੋਹਬ ਝਾੜਦੇ ਸਨ। ਉਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ ਪਰ ਫਿਰ ਵੀ ਉਨ੍ਹਾਂ ਨੇ ਸੈੱਟ 'ਤੇ ਕਦੀ ਕੋਈ ਸ਼ਿਕਾਇਤ ਨਹੀਂ ਕੀਤੀ ਸੀ। ਰਾਜਪਾਲ ਯਾਦਵ ਨੂੰ ਫ਼ਖਰ ਹੈ ਕਿ ਉਸ ਦੀ ਫ਼ਿਲਮ ਨੂੰ ਦਾਰਾ ਸਿੰਘ ਦੀ ਆਖਰੀ ਫ਼ਿਲਮ ਦੇ ਤੌਰ 'ਤੇ ਯਾਦ ਕੀਤਾ ਜਾਵੇਗਾ।

ਦਾਰਾ ਸਿੰਘ ਇਸ ਫ਼ਿਲਮ ਵਿਚ ਥੀਏਟਰ ਕੰਪਨੀ ਦੇ ਮਾਲਕ ਬਣੇ ਹਨ। ਦਾਰਾ ਸਿੰਘ ਤੋਂ ਪਹਿਲਾਂ 25 ਦਸੰਬਰ, 2011 ਨੂੰ ਰੰਗਮੰਚ ਦੀ ਦੁਨੀਆ ਦੇ ਮਹਾਨ ਅਭਿਨੇਤਾ ਸੱਤਿਆਦੇਵ ਦੂਬੇ ਦੀ ਮੌਤ ਹੋਈ ਸੀ। ਉਹ ਵੀ ਇਸ ਫ਼ਿਲਮ ਵਿਚ ਅਭਿਨੈ ਕਰ ਰਹੇ ਹਨ ਤੇ ਇਸ ਵਿਚ ਉਨ੍ਹਾਂ ਦੀ ਭੂਮਿਕਾ ਨਾਟਕ ਦੇ ਕਲਾਕਾਰ ਦੀ ਹੈ। ਦਾਰਾ ਸਿੰਘ ਨੇ ਇਸ ਫ਼ਿਲਮ ਦੀ ਸ਼ੂਟਿੰਗ ਕੁਝ ਸਮਾਂ ਪਹਿਲਾਂ ਕੀਤੀ ਸੀ। ਜਦੋਂ ਡਬਿੰਗ ਦਾ ਸਮਾਂ ਆਇਆ ਤਾਂ ਉਨ੍ਹਾਂ ਦੀ ਹਾਲਤ ਨਾਜ਼ੁਕ ਹੋ ਗਈ। ਉਹ ਡਬਿੰਗ ਥੀਏਟਰ ਜਾ ਕੇ ਡਬਿੰਗ ਕਰਨ ਦੀ ਹਾਲਤ ਵਿਚ ਨਹੀਂ ਸਨ।

ਉਦੋਂ ਰਾਜਪਾਲ ਨੇ ਕਿਸੇ ਮਿਮਿਕ੍ਰੀ ਕਲਾਕਾਰ ਤੋਂ ਉਨ੍ਹਾਂ ਦੀ ਡਬਿੰਗ ਕਰਵਾਉਣ ਦੀ ਸੋਚੀ ਪਰ ਕੋਈ ਵੀ ਕਲਾਕਾਰ ਉਨ੍ਹਾਂ ਦੀ ਆਵਾਜ਼ ਦੀ ਹੂਬਹੂ ਨਕਲ ਨਹੀਂ ਕਰ ਸਕਿਆ। ਅਖੀਰ ਡਬਿੰਗ ਦੇ ਉਪਕਰਨਾਂ ਨੂੰ ਦਾਰਾ ਸਿੰਘ ਦੇ ਘਰ ਲਿਜਾਇਆ ਗਿਆ ਤੇ ਆਪਣੇ ਘਰ ਵਿਚ ਬੈਠ ਕੇ ਉਨ੍ਹਾਂ ਨੇ ਇਸ ਦੀ ਡਬਿੰਗ ਕੀਤੀ ਤੇ ਇਕ ਕਲਾਕਾਰ ਦੇ ਤੌਰ 'ਤੇ ਇਸ ਫ਼ਿਲਮ ਪ੍ਰਤੀ ਆਪਣੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਾਲ ਨਿਭਾਈ। ਰਾਜਪਾਲ ਨੇ ਆਪਣੀ ਇਹ ਫ਼ਿਲਮ ਇਨ੍ਹਾਂ ਦੋਵਾਂ ਮਹਾਨ ਕਲਾਕਾਰਾਂ ਨੂੰ ਸਮਰਪਿਤ ਕੀਤੀ ਹੈ।

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776



SECURE YOUR HOME & BUSINESS

PARTNER WITH PIXIM EVERY PIXEL TELLS A STORY
WDR TECHNOLOGY

# Vista
CCTV TECHNOLOGY



Why Vista

- HIGH QUALITY PRODUCT WITH 2 YEARS WARRANTY
- HIGH BRAND REPUTATION
- 16 YEARS HISTORY IN CCTV
- ADVANCE PRODUCT DESIGN
- TRAINED TECHNICAL STAFF
- PROFESSIONAL INSTALLATION

QUALITY & RESOLUTION BUILD BY TECHNOLOGY NOT BY THE PRICE

High End HD Series

SPECIAL OFFER
4 CAMERAS
WITH 4 CH DVR
LED MONITOR INCLUDED
$1449 +Tax

SPECIAL OFFER
8 CAMERAS
INSTALLATION INCLUDED
LED MONITOR INCLUDED
$2849 +Tax

SPECIAL OFFER
12 CAMERAS
INSTALLATION INCLUDED
LED MONITOR INCLUDED
$4249 +Tax

24/7 HIGH END SECURITY SOLUTIOIN
WE INSTALL ANYWHERE IN USA
14 YEARS EXPERIENCE IN CCTV BUSINESS

Call Sukhpal 661-586-5080

Email : sales@ezchase.com Customer Service: 1-800-235-1391



WRONGFUL DEATH | AUTO | PEDESTRIAN | BICYCLE | DOG BITES | TRUCK ACCIDENTS




LAW OFFICES OF **MARK COHEN**

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

## "I take your accident personally"

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information

**www. markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਵਿਆਹ ਪੁਰਬ ਪ੍ਰਥਮ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ



ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਿਹ॥

ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਬਟਾਲਾ ਨਿਵਾਸੀ ਸਾਧ ਸੰਗਤ ਵਲੋਂ ਕੁਲ ਜਗਤ ਦੇ ਰਾਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ 9 ਸਤੰਬਰ 2012 ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਪੂਰੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਹੈ ਜੀ।

### ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

**7 ਸਤੰਬਰ 2012:** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
**9 ਸਤੰਬਰ 2012:** ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ
ਉਪਰੰਤ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਢਾਡੀ ਵਾਰਾਂ

*ਛੋਲੇ ਭਠੂਰਿਆਂ ਅਤੇ ਗਰਮਾ ਗਰਮ ਜਲੇਬੀਆਂ ਦਾ ਵਿਸ਼ੇਸ਼ ਲੰਗਰ ਅਤੁੱਟ ਵਰਤੇਗਾ।*

ਡਾ. ਦਲਬੀਰ ਸਿੰਘ ਪੰਨੂ ਦੰਦਾਂ ਦਾ ਮੁਫਤ ਮੁਆਇਨਾ ਕਰਨਗੇ
ਸਮਾਂ ਹੋਵੇਗਾ 12 ਵਜੇ ਤੋਂ ਸ਼ਾਮ 4 ਵਜੇ ਤੱਕ



ਫੋਟੋ:ਮੀਕਾ ਸਟੂਡੀਓ

ਭਾਈ ਗੁਰਮੇਲ ਸਿੰਘ ਬਾਠ, ਭਾਈ ਗੁਰਮੀਤ ਸਿੰਘ ਖਾਲਸਾ, ਰਾਣਾ ਕਾਹਲੋਂ, ਅਵਤਾਰ ਸਿੰਘ ਸਰਪੰਚ, ਰਣਜੀਤ ਸਿੰਘ ਧਿਆਨਪੁਰ, ਰਵੀਇੰਦਰ ਸਿੰਘ ਰੰਧਾਵਾ, ਹਰਕੰਵਲ ਸਿੰਘ ਕਾਹਲੋਂ, ਗੁਰਦੇਵ ਸਿੰਘ ਕਾਹਲੋਂ, ਗੁਰਮੇਜ ਸਿੰਘ, ਦਵਿੰਦਰ ਸਿੰਘ, ਭੁਪਿੰਦਰ ਸਿੰਘ ਬੋਪਾਰਾਏ, ਸੁਖਵਿੰਦਰ ਸਿੰਘ ਬੋਪਾਰਾਏ, ਜਸਵਿੰਦਰ ਸਿੰਘ ਬੋਪਾਰਾਏ, ਬਾਲੀ ਸਿੰਘ ਬੋਪਾਰਾਏ, ਸਤਵੀਰ ਸਿੰਘ, ਵਿਕਰਮ ਸਿੰਘ, ਗੁਰਪ੍ਰੀਤ ਸਿੰਘ ਚੀਮਾ, ਬਲਜੀਤ ਸਿੰਘ (ਸਾਰੇ ਪਿੰਡ ਕਾਲਾ ਅਫਗਾਨਾ), ਮਨਦੀਪ ਸਿੰਘ ਰੂਪੋਵਾਲੀ, ਗੁਰਿੰਦਰ ਸਿੰਘ ਬਸਰਾ, ਨਰਿੰਦਰ ਸਿੰਘ ਢਿੱਲੋਂ, ਸੁਖਬੀਰ ਸਿੰਘ ਨੰਗਲ ਕਾਦੀਆਂ, ਮੇਜਰ ਸਿੰਘ, ਤਰਲੋਕ ਸਿੰਘ, ਨਿਰਮਲ ਸਿੰਘ ਸਰਪੰਚ, ਹਰਿੰਦਰ ਸਿੰਘ ਕਾਹਲੋਂ, ਅਮਰਵੀਰ ਸਿੰਘ ਕਾਹਲੋਂ, ਅਮਰੀਕ ਸਿੰਘ ਕਾਹਲੋਂ (ਸਾਰੇ ਪਿੰਡ ਸਾਰਚੂਰ), ਮਲਵਿੰਦਰ ਸਿੰਘ ਪਠਾਨਕੋਟ, ਇੰਦਰਜੀਤ ਸਿੰਘ ਖਾਲਸਾ, ਅਮਰਜੀਤ ਸਿੰਘ ਗਿੱਲ, ਸਰਬਜੀਤ ਸਿੰਘ ਨਾਥਪੁਰ, ਅਜੀਤ ਸਿੰਘ ਸ਼ੰਕਰਪੁਰਾ, ਹਰਜੀਤ ਸਿੰਘ ਖੋਖਰ, ਬਲਜਿੰਦਰ ਸਿੰਘ ਸਾਰਚੂਰ, ਰਾਜਵੰਤ ਸਿੰਘ ਸਰਫਕੋਟ, ਜੋਗਿੰਦਰ ਸਿੰਘ ਕਾਹਲੋਂ, ਨਿਰਵੈਰ ਸਿੰਘ ਭਾਗੋਵਾਲ, ਸੂਬਾ ਸਿੰਘ ਜੱਫਰਵਾਲ, ਨੀਟਾ ਸਿੰਘ ਦਿਆਲਗੜ੍ਹ, ਜਗੀਰ ਸਿੰਘ, ਮਨਜੀਤ ਸਿੰਘ, ਸਾਧਾ ਸਿੰਘ, ਕਮਲ ਸਿੰਘ ਗੋਲਡੀ, ਗੁਰਵਿੰਦਰ ਸਿੰਘ ਖੋਖਰ, ਸਤਨਾਮ ਸਿੰਘ ਵਾਵਦਪੁਰ, ਸੁਖਵਿੰਦਰ ਸਿੰਘ ਨਬੀਪੁਰ, ਭਾਈ ਦਲਜੀਤ ਸਿੰਘ ਸਟਾਕਟਨ, ਬਲਜੀਤ ਸਿੰਘ ਚਾਹਲਕਲਾਂ, ਬਲਜੀਤ ਸਿੰਘ ਰਾਜਾ, ਪ੍ਰਿੰ. ਪ੍ਰੀਤਮ ਸਿੰਘ ਨਾਹਲ, ਪਰਮਿੰਦਰ ਸਿੰਘ (ਰਣਸੀਂਹਕੇ), ਓ ਪੀ ਕਾਦੀਆਂ, ਜਤਿੰਦਰ ਸਿੰਘ ਸਾਹਬਾਜ, ਸਤਿੰਦਰ ਸਿੰਘ ਖੁਸ਼ਹਾਲਪੁਰ, ਲਖਬੀਰ ਸਿੰਘ ਢਕੋਹਾ, ਜਸਮੇਲ ਸਿੰਘ ਕਾਸ਼ਤੀਵਾਲ, ਜਸਪ੍ਰੀਤ ਸਿੰਘ ਵਿਰਕ, ਸੁਖਵਿੰਦਰ ਸਿੰਘ ਥਾਣਾ, ਅੰਮ੍ਰਿਤ ਸਿੰਘ ਬਟਾਲਾ, ਬਲਵੰਤ ਸਿੰਘ ਕਾਹਲਵਾਂ, ਸਵਿੰਦਰ ਸਿੰਘ ਛੀਨਾ, ਬਿਕਰਮਜੀਤ ਸਿੰਘ ਦਾਦੂਬੋਧ, ਸੁਰਿੰਦਰ ਸਿੰਘ ਖੱਤੀਬਾ, ਡਾ. ਭੰਡਾਰੀ ਬਟਾਲਾ।

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਭੁਪਿੰਦਰ ਸਿੰਘ ਚੀਮਾ ਫੋਨ 408-203-8054
ਨੀਟੂ ਸਿੰਘ ਕਾਹਲੋਂ ਫੋਨ 408-398-1474
ਹਰਪਾਲ ਸਿੰਘ ਚਾਹਲ ਫੋਨ 408-981-2842
ਡਾ. ਸਰੂਪ ਸਿੰਘ ਮਾਂਗਟ ਫੋਨ 510-566-7070
ਕੁਲਵਿੰਦਰ ਸਿੰਘ ਰੂਪੋਵਾਲੀ ਫੋਨ 408-892-8147

ਬੀਬੀ ਦਿਲਰਾਜ ਕੌਰ ਫੋਨ 510-776-7268
ਬਾਬੀ ਬਾਜਵਾ ਬਟਾਲਾ ਫੋਨ 510-377-8488
ਮਨਜੀਤ ਸਿੰਘ ਬਟਾਲਾ ਫੋਨ 408-234-0209
ਮੁੱਖ ਗ੍ਰੰਥੀ ਭਾਈ ਮਹਿੰਦਰ ਸਿੰਘ ਬਾਜਵਾ
ਫੋਨ 408-274-9373

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

# United Sports Club of California

33272 Palomino Common, Fremont, CA, 94555
Phone: 510-468-9381
Website: http://usportsca.org/

ਨਸ਼ੇ ਛੱਡੋ। ## ਨਸ਼ਾ ਵਿਰੋਧੀ ਮੁਹਿੰਮ ਕੋਹੜ ਵੱਢੋ।

ਆਉ ਪ੍ਰਵਾਸੀ ਭਰਾਵੋ ਸਾਰੇ ਜਾਣੇ ਇਕੱਠੇ ਹੋ ਕੇ ਪੰਜਾਬ ਦੀ ਨਸ਼ਿਆਂ ਵਿੱਚ ਡੁੱਬ ਚੁੱਕੀ ਜਵਾਨੀ ਨੂੰ ਬਾਹਰ ਕੱਢਣ ਲਈ ਰਲ ਕੇ ਹੰਬਲਾ ਮਾਰੀਏ।






Drug Addiction Is a Growing Problem in Punjab - NYTimes.com. Heroin horror stalks India's most remote villages - CNN
Drug use in Punjab polls extremely serious matter' - Hindustan Times. Misuse of Prescription Drugs: a South Asia Perspective
73% ਤੋਂ ਵੱਧ ਨਸ਼ਿਆਂ ਦੇ ਆਦੀ 25% ਤੋਂ ਵੱਧ ਨਿਪੁੰਸਕ- Dr. Harshinder Kaur
ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ **Every Sunday 8:15pm-10:00pm CA Time (832-551-5038)**

| ਅਮੋਲਕ ਸਿੰਘ ਗਾਖਲ | ਰੇਡੀਉ ਚੜਦੀ ਕਲਾ | ਗੁਰਦਾਵਰ ਸਿੰਘ ਮਹੇੜੂ |
|---|---|---|
| 831-247-4637 | www.radiock.com | 2gsmann@gmail.com |

Balbir S. Bhatia, Makhan S. Bains, Iqbal S. Gakhal, Parmjit S. Sandhu, Jugraj S. Sahota, Palwinder S. Gakhal, Sadhu S. Khalour, Narinder S. Sahota, Kuldip S. Mann, Dalvinder S. Padda

**Promotes Healthy Environment**





# ਅਸੀਂ ਹਾਂ ਬੌਲੀਵੁੱਡ

ਤਾਜ਼ੀਆਂ ਸੁਪਰਹਿੱਟ ਫਿਲਮਾਂ ਅਤੇ ਤੁਹਾਡੀਆਂ ਪਸੰਦੀਦਾ ਪੁਰਾਣੀਆਂ ਫਿਲਮਾਂ

B4U movies — ਚੋਣਵੇਂ ਪੈਕੇਜਾਂ ਵਿੱਚ ਉਪਲਬਧ

1.888.242.2276
DISHPUNJABITV.COM
FACEBOOK.COM/DISHPUNJABITV

BLOCKBUSTER @HOME 3 ਮਹੀਨਿਆਂ ਵਾਸਤੇ ਸ਼ਾਮਲ + ਪ੍ਰਤੀ ਸ਼ੋਅ ਭੁਗਤਾਨ 'ਤੇ 3 ਫਿਲਮਾਂ ਮੁਫ਼ਤ ਹਾਸਲ ਕਰੋ + $75 ਦਾ AMERICAN EXPRESS ਇਨਾਮੀ ਕਾਰਡ! ਇਸ ਕੋਡ ਦੀ ਵਰਤੋਂ ਕਰੋ : 02INTLDM1 + 3 ਮਹੀਨਿਆਂ ਵਾਸਤੇ ਮੁਫ਼ਤ ਪ੍ਰੀਮੀਅਮ ਮੂਵੀ ਚੈਨਲ HBO MAX SHOWTIME starz

ਜੀਵਨ ਭਰ ਵਾਸਤੇ ਮੁਫ਼ਤ HD®
ਮੁਫ਼ਤ HD DVR
($0 ਸਥਾਪਨ ਖ਼ਰਚ)

Punjabi, gPunjab, JUS one, jus punjabi, MH ONE, PTC PUNJABI, ETC Punjabi
ਚੈਨਲ ਚੋਣ ਪੈਕੇਜ ਅਨੁਸਾਰ ਭਿੰਨ ਭਿੰਨ ਹੋ ਸਕਦੀ ਹੈ

ਦੱਖਣ ਏਸ਼ੀਆਈ ਮਨੋਰੰਜਨ ਦਾ ਘਰ
ਪੈਕੇਜ $24.99/ਮਹੀਨਾ ਤੋਂ ਸ਼ੁਰੂ ਹੁੰਦੇ ਹਨ

dish